Tanya's Beauty Salon
• THREADING / WAXING
• FACIAL (MEN & WOMEN)
• ANTI-AGING FACIAL - BLEACH
• HAIR CUT - COLOR AND STYLE
WE SPECIALIZE IN BRIDAL & HENNA
85-03 ROOSEVELT AVE. JACKSON HEIGHTS, NY 11373
Tel: 718-205-7832

Real Estate Services
BUY, SELL or RENT
Queens, Long Island & Manhattan
Sunny Singh
Ph: 917-679-0029
E-mail: sunny.singhre@gmail.com

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Nineteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 13, March 31, 2018
20451 N. Plum Grove Rd., Palatine, IL 60074
Ph:847-359-0746, Fax:847-705-9388

## ਪੰਜਾਬ ਬਜਟ: ਕੈਪਟਨ ਸਰਕਾਰ ਨੇ ਪੱਲਾ ਝਾੜਿਆ



**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਦੂਜਾ ਬਜਟ ਇਹ ਦੱਸਣ ਲਈ ਕਾਫੀ ਹੈ ਕਿ ਇਕ ਸਾਲ ਦੇ ਸਾਸ਼ਨ ਪਿੱਛੋਂ ਸਰਕਾਰ ਨਾ ਤਾਂ ਸੂਬੇ ਦੀ ਵਿੱਤੀ ਸਥਿਤੀ ਨੂੰ ਪੈਰਾਂ ਸਿਰ ਕਰ ਸਕੀ ਅਤੇ ਨਾ ਭਵਿਖ ਵਿਚ ਅਜਿਹੀ ਉਮੀਦ ਹੈ। ਚੋਣ ਵਾਅਦੇ ਸਿਰੇ ਲਾਉਣ ਬਾਰੇ ਵੀ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਹ ਕਹਿ ਕੇ ਗੱਲ ਨਿਬੇੜ ਦਿੱਤੀ ਕਿ ਸਰਕਾਰ ਤੋਂ ਬਾਹਲੀਆਂ ਉਮੀਦਾਂ ਨਾ ਰੱਖੀਆਂ ਜਾਣ।

ਪੰਜਾਬ ਸਰਕਾਰ ਦਾ ਦੂਜਾ ਬਜਟ 12539 ਕਰੋੜ ਰੁਪਏ ਦੇ ਘਾਟੇ ਵਾਲਾ ਹੈ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਸਰਕਾਰ ਭਵਿਖ ਵਿਚ ਖਜ਼ਾਨਾ ਭਰਨ ਲਈ ਕੋਈ ਰਣਨੀਤੀ ਪੇਸ਼ ਨਹੀਂ ਕਰ ਸਕੀ। ਸਰਕਾਰ ਨੇ ਪੇਸ਼ੇਵਰ ਤੇ ਨੌਕਰੀਪੇਸ਼ਾ ਵਿਅਕਤੀਆਂ ਉਤੇ 200 ਰੁਪਏ ਪ੍ਰਤੀ ਮਹੀਨਾ ਵਿਕਾਸ ਟੈਕਸ ਲਾ ਕੇ ਨੁਕਤਾਚੀਨੀ ਜ਼ਰੂਰ ਸਹੇੜ ਲਈ ਹੈ। ਇਹ ਟੈਕਸ ਉਨ੍ਹਾਂ ਵਰਗਾਂ 'ਤੇ ਲਾਇਆ ਗਿਆ ਹੈ ਜਿਹੜੇ ਪਹਿਲਾਂ ਹੀ 18 ਫੀਸਦੀ ਜੀ.ਐਸ.ਟੀ. ਤੇ 5 ਤੋਂ 30 ਫੀਸਦੀ ਆਮਦਨ ਕਰ ਤੋਂ ਇਲਾਵਾ ਸਰਚਾਰਜ ਦੇ ਰਹੇ ਹਨ।

ਸਰਕਾਰ ਦੀਆਂ ਭਵਿੱਖੀ ਯੋਜਨਾਵਾਂ 'ਤੇ ਵੀ ਸਵਾਲ ਉਠ ਰਹੇ ਹਨ। ਸਰਕਾਰ ਨੂੰ ਇਸ ਨਵੇਂ ਕਰ (ਵਿਕਾਸ ਟੈਕਸ) ਤੋਂ ਸਾਲਾਨਾ 150 ਕਰੋੜ ਰੁਪਏ ਮਾਲੀਆ ਆਉਣ ਦੀ ਉਮੀਦ ਹੈ ਜਦੋਂ ਕਿ ਵਿੱਤ ਮੰਤਰੀ ਨੇ ਆਗਾਮੀ ਵਿੱਤੀ ਵਰ੍ਹੇ ਦੌਰਾਨ 1500 ਕਰੋੜ ਰੁਪਏ ਦਾ ਵਾਧੂ ਮਾਲੀਆ ਜੁਟਾਉਣ ਦਾ ਟੀਚਾ ਮਿਥਿਆ ਹੈ। ਸਰਕਾਰ ਵੱਲੋਂ ਆਗਾਮੀ ਵਿਤੀ ਵਰ੍ਹੇ ਦੌਰਾਨ ਖਰਚਿਆਂ ਅਤੇ ਆਮਦਨ ਦਾ ਪਾੜਾ ਪੂਰਨ ਲਈ 15545 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਜਾਣਾ ਹੈ ਤੇ ਕਰਜ਼ਾ ਚੁਕ ਕੇ ਵੀ ਮਾਲੀ ਘਾਟੇ ਦਾ ਖੱਪਾ ਪੂਰਿਆ ਨਹੀਂ ਜਾ ਰਿਹਾ। ਸਰਕਾਰ ਸਿਰ 31 ਮਾਰਚ 2019 ਤੱਕ ਕਰਜ਼ੇ ਦੀ ਪੰਡ ਦਾ ਭਾਰ 2 ਲੱਖ 11 ਹਜ਼ਾਰ 523 ਕਰੋੜ ਰੁਪਏ ਹੋਣਾ ਸੂਬੇ ਦੀ ਆਰਥਿਕਤਾ ਲਈ ਮਾਰੂ ਸੰਕੇਤ ਵੀ ਮੰਨਿਆ ਜਾ ਰਿਹਾ ਹੈ।

ਆਗਾਮੀ ਵਿਤੀ ਵਰ੍ਹੇ ਦੌਰਾਨ ਵੀ ਤਨਖਾਹਾਂ, ਪੈਨਸ਼ਨਾਂ, ਵਿਆਜ, ਕਰਜ਼ੇ ਦੀਆਂ ਕਿਸ਼ਤਾਂ ਅਤੇ ਸਬਸਿਡੀਆਂ ਉਤੇ ਕੁਲ ਆਮਦਨ ਦਾ 88 ਫੀਸਦੀ ਖਰਚ ਹੋਣ ਦਾ ਅਨੁਮਾਨ ਹੈ। ਵਿਤ ਮੰਤਰੀ ਨੇ ਕੈਪਟਨ ਸਰਕਾਰ ਦੀ ਕਰਜ਼ਾ ਮੁਆਫੀ ਸਕੀਮ ਨੂੰ ਜਾਰੀ ਰੱਖਣ ਦਾ ਸੰਕੇਤ ਦਿੰਦਿਆਂ 4250 ਕਰੋੜ ਰੁਪਏ ਦਾ ਬਜਟ ਇਸ ਕਾਰਜ ਲਈ ਰੱਖਿਆ ਹੈ, ਪਰ ਇਸ ਨੂੰ ਸਰਕਾਰ ਦੀ ਚਲਾਕੀ ਹੀ ਮੰਨਿਆ ਜਾ ਰਿਹਾ ਹੈ ਕਿਉਂਕਿ ਪਿਛਲੇ ਬਜਟ ਵਿਚ ਕਿਸਾਨਾਂ ਦਾ ਕਰਜ਼ਾ ਮੁਆਫ ਲਈ 1500 ਕਰੋੜ ਰੁਪਏ ਰੱਖੇ ਸਨ ਪਰ ਇਸ ਰਕਮ ਵਿਚੋਂ ਸਰਕਾਰ 370 ਕਰੋੜ ਰੁਪਏ ਹੀ ਜਾਰੀ ਕਰ ਸਕੀ। ਹਕੀਕਤ ਇਹ ਹੈ ਕਿ ਸਰਕਾਰ ਨੇ ਮੰਡੀ ਬੋਰਡ ਦੀ ਅਗਲੇ 10 ਸਾਲ ਲਈ ਆਮਦਨ ਗਹਿਣੇ ਧਰ ਕੇ ਬੈਂਕ ਕੋਲੋਂ 4650 ਰੁਪਏ ਕਰਜ਼ਾ ਲਿਆ ਹੈ ਤੇ ਇਸ ਕਰਜ਼ੇ ਨਾਲ ਹੀ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਜਾ ਰਿਹਾ ਹੈ। ਸਿੱਖਿਆ ਤੇ ਸਿਹਤ ਦੇ ਖੇਤਰ 'ਚ ਮੁਢਲੇ ਪੱਧਰ ਉਤੇ ਸੁਧਾਰਾਂ ਦੀ ਵੱਡੀ ਲੋੜ ਹੈ, ਪਰ ਬਜਟ ਵਿਚ ਇਨ੍ਹਾਂ ਕਾਰਜਾਂ ਨੂੰ ਕੋਈ ਖਾਸ ਅਹਿਮੀਅਤ ਨਹੀਂ ਦਿੱਤੀ ਗਈ। ਪੰਜਾਬ ਦਾ ਨੌਜਵਾਨ ਇਸ ਵੇਲੇ ਬਾਹਰਲੇ ਮੁਲਕਾਂ ਨੂੰ ਜਾਣ ਲਈ ਉਜਾੜੇ ਦੇ ਰਾਹ ਪਿਆ ਹੋਇਆ ਹੈ, ਪਰ ਬਜਟ ਅਜਿਹੇ ਨੌਜਵਾਨਾਂ ਨੂੰ ਚਾਨਣ ਦੀ ਝਲਕ ਦਿਖਾਉਣੀ ਤਾਂ ਦੂਰ, ਕੁਝ ਚੰਗਾ ਹੋਣ ਦਾ ਧਰਵਾਸ ਦੇਣ ਜੋਗਾ ਵੀ ਨਹੀਂ ਹੈ। ਉਜਾੜੇ ਦੇ ਮੂੰਹ ਜਾ ਪਈ ਸਨਅਤ ਦੀ ਮੁੜ ਉਸਾਰੀ ਲਈ ਵੀ ਕੋਈ ਯੋਜਨਾਬੰਦੀ ਨਹੀਂ ਹੈ। ਉਦਯੋਗਾਂ ਲਈ ਬਿਜਲੀ ਸਬਸਿਡੀ ਤੋਂ ਇਲਾਵਾ ਬਜਟ ਵਿਚ ਕੋਈ ਮਦ ਨਹੀਂ ਹੈ।


ਬਜਟ 'ਤੇ ਪਹਿਲੀ ਝਾਤ ਮਾਰਦਿਆਂ ਇਹ ਸਮਝ ਆ ਜਾਂਦਾ ਹੈ ਕਿ ਇਸ ਦਾ ਬਹੁਤਾ ਅਸਾਸਾ ਸੱਤਾਧਾਰੀ ਪਾਰਟੀ ਵੱਲੋਂ ਕੀਤੇ ਗਏ ਵਾਅਦਿਆਂ ਅਤੇ ਪਿਛਲੀਆਂ ਸਰਕਾਰਾਂ ਵੱਲੋਂ ਕਰਜ਼ੇ ਦੇ ਰੂਪ ਵਿਚ ਸਹੇੜੀਆਂ ਦੇਣਦਾਰੀਆਂ ਉਤੇ ਹੀ ਲੱਗਣਾ ਸੀ; ਭਾਵ ਬਜਟ ਦਾ 87 ਫੀਸਦੀ ਹਿੱਸਾ ਇਨ੍ਹਾਂ ਉਤੇ ਲਗਾਏ ਜਾਣ ਦੀ ਸੰਭਾਵਨਾ ਹੈ ਅਤੇ ਸਿਰਫ 13 ਫੀਸਦੀ ਹਿੱਸਾ ਵਿਕਾਸ ਕਾਰਜਾਂ ਲਈ

(ਬਾਕੀ ਸਫਾ 6 ਉਤੇ)

### ਵਿਆਜ਼ ਤਾਰਨ ਜੋਗੀ ਵੀ ਨਹੀਂ ਸਰਕਾਰ

ਬਜਟ ਵਿਚ ਅਨੁਮਾਨ ਹੈ ਕਿ ਪੰਜਾਬ ਸਿਰ ਕਰਜ਼ਾ ਅਗਲੇ ਵਿਤੀ ਵਰ੍ਹੇ 15 ਹਜ਼ਾਰ ਕਰੋੜ ਰੁਪਏ ਦੇ ਕਰੀਬ ਵਧ ਕੇ 2.11 ਲੱਖ ਕਰੋੜ ਰੁਪਏ ਹੋ ਜਾਵੇਗਾ। ਭਾਰਤ ਸਰਕਾਰ ਦੇ 15ਵੇਂ ਵਿੱਤ ਕਮਿਸ਼ਨ ਨੇ ਅਗਲੇ ਵਿੱਤੀ ਵਰ੍ਹੇ ਦੌਰਾਨ ਰਾਜ ਸਰਕਾਰ ਨੂੰ 15545 ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਪ੍ਰਵਾਨਗੀ ਦਿੱਤੀ ਹੈ, ਪਰ ਸਰਕਾਰ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਲਏ ਗਏ ਕਰਜ਼ੇ ਦੇ ਮੂਲ ਤੇ ਕਰਜ਼ੇ ਦੀ ਕਿਸ਼ਤ 24870 ਕਰੋੜ ਰੁਪਏ ਦੇ ਕਰੀਬ ਬਣਦੀ ਹੈ ਅਤੇ ਇਸ ਰਕਮ ਵਿਚ ਸਿਰਫ ਵਿਆਜ ਦੀ ਰਕਮ ਹੀ 16220 ਕਰੋੜ ਰੁਪਏ ਹੈ, ਜਦਕਿ ਕਰਜ਼ਾ 15545 ਕਰੋੜ ਰੁਪਏ ਲੈਣ ਦੀ ਪ੍ਰਵਾਨਗੀ ਹੈ। ਇਸ ਹਿਸਾਬ ਲਏ ਜਾ ਰਹੇ ਨਵੇਂ ਕਰਜ਼ੇ ਨਾਲ ਤਾਂ ਵਿਆਜ ਵੀ ਪੂਰਾ ਨਹੀਂ ਤਾਰਿਆ ਜਾਣਾ।

## ਚੋਣ ਕਮਿਸ਼ਨ ਮੁੜ ਸਵਾਲਾਂ ਦੇ ਘੇਰੇ ਵਿਚ




**ਨਵੀਂ ਦਿੱਲੀ:** ਚੋਣ ਕਮਿਸ਼ਨ ਤੋਂ ਪਹਿਲਾਂ ਹੀ ਭਾਜਪਾ ਆਗੂ ਵੱਲੋਂ ਟਵਿਟਰ ਉਤੇ ਕਰਨਾਟਕ ਦੀਆਂ ਚੋਣ ਤਰੀਕਾਂ ਦਾ ਐਲਾਨ ਕਰਨ ਨਾਲ ਵੱਡਾ ਵਿਵਾਦ ਖੜ੍ਹ ਹੋ ਗਿਆ ਹੈ। ਕਮਿਸ਼ਨ ਦਾ ਫੈਸਲਾ 'ਲੀਕ' ਹੋਣ ਉਤੇ ਵੱਡੇ ਸਵਾਲ ਉਠ ਰਹੇ ਹਨ। ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਮੋਦੀ ਸਰਕਾਰ ਨੇ ਕਾਂਗਰਸ ਨੂੰ ਫੇਸਬੁੱਕ 'ਤੇ ਡਾਟਾ ਲੀਕ ਕਰਨ ਦੇ ਮਾਮਲੇ 'ਤੇ ਘੇਰਿਆ ਹੋਇਆ ਹੈ। ਕਮਿਸ਼ਨ ਨੇ ਭਾਵੇਂ ਇਸ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ, ਪਰ ਇਸ ਤਰ੍ਹਾਂ ਦੀ ਅਹਿਮ ਜਾਣਕਾਰੀ ਇੰਜ ਬਾਹਰ ਆਉਣੀ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਉਤੇ ਸਵਾਲ ਖੜ੍ਹ ਕਰ ਰਹੀ ਹੈ। ਕਾਂਗਰਸ ਨੇ ਇਸ

(ਬਾਕੀ ਸਫਾ 6 ਉਤੇ)

ਜੁਲਾਈ - ਅਗਸਤ 2018
High Season Sale
ਦਿੱਲੀ $855
ਟੈਕਸ ਸਮੇਤ
Harpreet Singh
WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੰਸੀ
Fares shown are for July 10th to Dec 7th 2018 departure from Detroit and may change without notice. please call for more details. Other conditions apply.

ATLANTIC TAX SOLUTIONS INC.
Income Tax Preparation
By Certified Public Accountant
ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।
Free Consultancy ❖ Best Services ❖ Best Prices
Rahul Singh, CPA
Experience and Specialty
Corporate Tax
Personal Income Tax
Financial Statement Audit
New Business Setup
Year Round Service
Accounting
Bookkeeping
Payroll Services
Immigration Forms
Insurance
Auto
Home
Life
Business
Worker Comp.
Get the most from your tax return!
AUTHORIZED e-file PROVIDER
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com

# ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

## Gurdwara Shri Guru HarGobind Sahib Ji

1050 S. Graham Road, Greenwood, IN 46143

# ਖਾਲਸਾ ਸਾਜਨਾ ਦਿਵਸ ਸਮਾਗਮ

# Khalsa Sajna Diwas Samagam

## 20 ਅਪਰੈਲ ਤੋਂ 22 ਅਪਰੈਲ ਤੱਕ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵਿਖੇ ਤਿੰਨ ਰੋਜ਼ਾ ਖਾਲਸਾ ਸਾਜਨਾ ਦਿਵਸ ਸਮਾਗਮ 20 ਅਪਰੈਲ ਤੋਂ 22 ਅਪਰੈਲ ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ। ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


*ਭਾਈ ਹਰਚਰਨ ਸਿੰਘ (ਹਜ਼ੂਰੀ ਰਾਗੀ)*


*ਭਾਈ ਗੁਰਮੇਲ ਸਿੰਘ (ਹਜ਼ੂਰੀ ਰਾਗੀ)*


*ਗਿਆਨੀ ਸ਼ੇਰ ਸਿੰਘ*


*ਭਾਈ ਮਹਿਲ ਸਿੰਘ ਚੰਡੀਗੜ੍ਹ (ਕਵੀਸ਼ਰੀ ਜਥਾ)*


*ਭਾਈ ਸੁੱਖਾ ਸਿੰਘ*


*ਗਿਆਨੀ ਭੁਪਿੰਦਰ ਸਿੰਘ*


*ਭਾਈ ਸਾਹਿਬ ਸਿੰਘ*

## ਪ੍ਰੋਗਰਾਮ ਦਾ ਵੇਰਵਾ

**20 ਅਪਰੈਲ 2018, ਸ਼ੁੱਕਰਵਾਰ**

*ਸ਼ਾਮ ਦਾ ਦੀਵਾਨ 6 ਵਜੇ ਤੋਂ 9 ਵਜੇ ਤੱਕ*

**21 ਅਪਰੈਲ 2018, ਸਨਿਚਰਵਾਰ**

*ਸਵੇਰੇ 6:30 ਵਜੇ ਤੋਂ 9 ਵਜੇ ਤੱਕ ਆਸਾ ਦੀ ਵਾਰ*

*ਸ਼ਾਮ ਦਾ ਦੀਵਾਨ 6 ਵਜੇ ਤੋਂ 9 ਵਜੇ ਤੱਕ*

**22 ਅਪਰੈਲ 2018, ਐਤਵਾਰ**

*ਸਵੇਰੇ 6:30 ਵਜੇ ਤੋਂ 9 ਵਜੇ ਤੱਕ ਆਸਾ ਦੀ ਵਾਰ*

*ਦੁਪਹਿਰ ਦਾ ਦੀਵਾਨ: ਸਵੇਰੇ 11:30 ਤੋਂ 3 ਵਜੇ ਤੱਕ*




**21 ਅਪਰੈਲ 2018**

*ਸਨਿਚਰਵਾਰ*

*ਸਵੇਰੇ 11 ਵਜੇ*

**April 20th, 2018 Friday**

*Evening Diwan 6PM to 9PM*

**April 21st, 2018 Saturday**

*Morning 6:30AM to 9AM Asa Dee Vaar*

*Evening Diwan: 6PM to 9PM*

**April 22nd, 2018 Sunday**

*Morning 6:30Am to 9AM Asa Dee Vaar*

*Afternoon Diwan: 11:30AM to 3PM*

## ਹੋਰ ਜਾਣਕਾਰੀ ਲਈ ਸੰਪਰਕ ਕਰੋ:

ਭਾਈ ਗੁਰਪ੍ਰੀਤ ਸਿੰਘ
ਫੋਨ: 317-476-4038

ਭਾਈ ਜਸਦੀਪ ਸਿੰਘ
ਫੋਨ: 317-560-0019

ਭਾਈ ਸਤਨਾਮ ਸਿੰਘ
ਫੋਨ: 317-403-8344

# ਪੰਜਾਬੀ ਲਿਟਰੇਰੀ ਐਂਡ ਕਲਚਰਲ ਸੁਸਾਇਟੀ ਦੀ ਮੀਟਿੰਗ

**ਨਿਊ ਯਾਰਕ (ਬਿਊਰੋ):** ਪੰਜਾਬੀ ਲਿਟਰੇਰੀ ਐਂਡ ਕਲਚਰਲ ਸੁਸਾਇਟੀ ਦੀ ਮਹੀਨੇਵਾਰ ਮੀਟਿੰਗ ਇਥੇ ਸੰਤੂਰ ਰੈਸਟੋਰੈਂਟ ਵਿਚ



ਹੋਈ ਜਿਸ ਦੀ ਪ੍ਰਧਾਨਗੀ ਮਰਹੂਮ ਸ਼ਾਇਰ ਦਲਜੀਤ ਮੋਖਾ ਦੀ ਪਤਨੀ ਰਾਜ ਮੋਖਾ ਨੇ ਕੀਤੀ। ਕਮਲਜੀਤ ਕੌਰ ਇਸ ਮੀਟਿੰਗ ਵਿਚ ਮੁੱਖ ਮਹਿਮਾਨ ਸਨ। ਵਿਛੜੇ ਸਾਹਿਤਕਾਰਾਂ ਅਵਤਾਰ ਸਿੰਘ ਸਾਦਿਕ ਅਤੇ ਗੁਰਪਾਲ ਸਿੰਘ ਲਿੱਟ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਹਾਜ਼ਿਰ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ ਜਿਨ੍ਹਾਂ 'ਤੇ ਭਰਵੀਂ ਬਹਿਸ ਹੋਈ।

ਰਾਣੀ ਨਗਿੰਦਰ ਨੇ ਕਹਾਣੀ 'ਗੰਢ-ਤਰੁੱਪ' ਪੜ੍ਹੀ। ਰਿਸ਼ਤਿਆਂ ਦੀ ਪੇਚੀਦਗੀ ਨੂੰ ਪੇਸ਼ ਕਰਦੀ ਕਹਾਣੀ ਬਾਰੇ ਰਾਜਾ ਅਵੈਸ ਨੇ ਕਿਹਾ ਕਿ ਕਹਾਣੀ ਵਿਚ ਮੰਜ਼ਰ-ਕਸ਼ੀ ਕਮਾਲ ਦੀ ਕੀਤੀ ਗਈ ਹੈ। ਕਿਤੇ ਕਿਤੇ ਬੇਲੋੜਾ ਵਿਸਥਾਰ ਹੈ, ਜਿਸ ਨੂੰ ਛਾਂਗਿਆ ਜਾ ਸਕਦਾ ਹੈ। ਡਾ. ਸੰਦੀਪ ਸਿੰਘ ਦਾ ਖਿਆਲ ਸੀ ਕਿ ਕਹਾਣੀ ਕਿਤੇ ਕਿਤੇ ਗਲਪ ਦਾ ਪੱਲ ਛੱਡ ਕੇ ਵਾਰਤਕ ਦਾ ਰੂਪ ਧਾਰ ਗਈ ਹੈ, ਉਸ ਨੂੰ ਗਾਲਪਨਿਕ ਬਣਾਇਆਂ ਕਹਾਣੀ ਦੀ ਖੂਬਸੂਰਤੀ ਵੱਧ ਸਕਦੀ ਹੈ।

ਸੁਰਿੰਦਰ ਸੋਹਲ ਨੇ ਕਿਹਾ ਕਿ ਕੁਝ ਇਕ ਥਾਂ 'ਤੇ ਕਹਾਣੀਕਾਰਾ ਪੱਖਪਾਤੀ ਹੋ ਗਈ ਹੈ। ਉਸ ਹਾਲਾਤ ਨੂੰ ਪਾਤਰਾਂ ਦੇ ਵਾਰਤਾਲਾਪ ਰਾਹੀਂ ਤਵਾਜ਼ਨ ਰੱਖ ਕੇ ਪੇਸ਼ ਕੀਤਾ ਜਾ ਸਕਦਾ ਹੈ। ਇਜਾਜ਼ ਭੱਟੀ ਦਾ ਵਿਚਾਰ ਸੀ ਕਿ ਅਫਸਾਨੇ ਵਿਚ ਜ਼ਰੂਰੀ ਵੇਰਵਿਆਂ ਤੋਂ ਬਿਨਾ ਪੇਸ਼ ਕੀਤਾ ਇਕ ਵੀ ਵੇਰਵਾ ਅੱਖਰਦਾ ਰਹਿੰਦਾ ਹੈ।

ਨਿਊ ਯਾਰਕ ਵਸਦੇ ਉਰਦੂ ਦੇ ਪ੍ਰਸਿੱਧ ਸ਼ਾਇਰ ਮਨਮੋਹਨ ਆਲਮ ਦੀ ਗੁਰਮੁਖੀ ਵਿਚ ਛਪ ਰਹੀ ਕਿਤਾਬ 'ਚਿਰਾਗੋਂ ਕਾ ਕਾਰਵਾਂ' ਦੇ ਸੰਪਾਦਕ ਸੁਰਿੰਦਰ ਸੋਹਲ ਨੇ ਮਨਮੋਹਨ ਆਲਮ ਬਾਰੇ ਲਿਖਿਆ ਸ਼ਬਦ-ਚਿੱਤਰ 'ਖਾਮੋਸ਼ੀ ਦੀ ਜ਼ਬਾਨ-ਮਨਮੋਹਨ ਆਲਮ' ਪੜ੍ਹਿਆ। ਇਸ ਬਾਰੇ ਵਿਚਾਰ ਪੇਸ਼ ਕਰਦਿਆਂ ਉਰਦੂ, ਪੰਜਾਬੀ, ਪੋਠੋਹਾਰੀ ਦੇ ਸ਼ਾਇਰ ਰਾਜਾ ਅਵੈਸ ਨੇ ਕਿਹਾ ਕਿ ਇਸ ਵਿਚ ਜਨਾਬ ਆਲਮ ਦੀ ਸ਼ਖਸੀਅਤ ਦੀ ਪੇਸ਼ਕਾਰੀ ਤਾਂ ਭਰਪੂਰ ਹੈ, ਅਗਰ ਉਸ ਦੇ ਸ਼ਖਸੀ ਗੁਣਾਂ ਨਾਲ ਸਬੰਧਿਤ ਸ਼ਿਅਰ ਵੀ ਦਰਜ ਕਰ ਦਿੱਤੇ ਜਾਣ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਕੋਲੰਬੀਆ ਯੂਨੀਵਰਸਿਟੀ ਦੇ ਪੰਜਾਬੀ ਪ੍ਰੋਫੈਸਰ ਡਾ. ਸੰਦੀਪ ਸਿੰਘ ਦਾ ਕਹਿਣਾ ਸੀ ਕਿ ਇਸ ਵਿਚ ਸ਼ਾਇਰੀ ਦਾ ਵਿਸ਼ਲੇਸ਼ਣ ਵੀ ਸ਼ਾਮਿਲ ਕੀਤਾ ਜਾ ਸਕਦਾ ਹੈ।

ਮਨਮੋਹਨ ਪੂਨੀ ਨੇ ਆਪਣੀਆਂ ਕਵਿਤਾਵਾਂ ਸੁਣਾਉਣ ਪਿਛੋਂ ਹਾਜ਼ਰ ਲੇਖਕਾਂ ਨੂੰ ਪੰਜਾਬੀ ਜ਼ਬਾਨ, ਪੰਜਾਬੀ ਸਭਿਆਚਾਰ ਨਾਲ ਪ੍ਰਤੀਬੱਧ ਹੋਣ ਦੀ ਬਾਤ ਪਾਈ। ਉਸ ਨੇ ਗਦਰੀ ਬਾਬਿਆਂ ਦੇ ਹਵਾਲਿਆਂ ਨਾਲ ਕੁਝ ਸਾਰਥਕ ਕਰਨ ਦਾ ਸੰਦੇਸ਼ ਵੀ ਦਿੱਤਾ ਅਤੇ ਸੋਚ ਦੇ ਨਿੱਕੇ-ਨਿੱਕੇ ਦਾਇਰਿਆਂ 'ਚੋਂ ਬਾਹਰ ਨਿਕਲਣ ਦੀ ਗੱਲ ਵੀ ਛੋਹੀ।

ਅਗਲੇ ਦੌਰ ਵਿਚ ਡਾ. ਸੰਦੀਪ ਸਿੰਘ, ਸੁਰਿੰਦਰ ਸੋਹਲ, ਰਾਜਾ ਅਵੈਸ, ਇਜਾਜ਼ ਭੱਟੀ, ਰਾਣੀ ਨਗਿੰਦਰ, ਮਨਮੋਹਨ ਪੂਨੀ ਆਦਿ ਨੇ ਤਾਜ਼ਾ-ਤਰੀਨ ਕਵਿਤਾਵਾਂ ਤੇ ਗਜ਼ਲਾਂ ਸਾਂਝੀਆਂ ਕੀਤੀਆਂ।

# ਪੰਜਾਬੀ ਫਿਲਮ 'ਸੂਬੇਦਾਰ ਜੋਗਿੰਦਰ ਸਿੰਘ' ਦਾ ਸੰਗੀਤ ਰਿਲੀਜ਼



**ਨਿਊ ਯਾਰਕ:** ਨਿਊ ਯਾਰਕ ਦੇ ਸਿੱਖਾਂ ਅਤੇ ਸਾਗਾ ਮਿਊਜ਼ਿਕ ਨੇ ਸਾਂਝੇ ਤੌਰ ਉਤੇ ਨਵੀਂ ਪੰਜਾਬੀ ਫਿਲਮ 'ਸੂਬੇਦਾਰ ਜੋਗਿੰਦਰ ਸਿੰਘ' ਦਾ ਸੰਗੀਤ ਰਿਲੀਜ਼ ਕੀਤਾ ਅਤੇ ਸੱਤ ਅਪਰੈਲ ਨੂੰ ਟਾਈਮਜ਼ ਸਕੁਏਅਰ ਵਿਚ ਮਨਾਏ ਜਾ ਰਹੇ ਦਸਤਾਰ ਦਿਵਸ (ਟਰਬਨ ਡੇਅ) ਦੀ ਹਮਾਇਤ ਕੀਤੀ ਗਈ। ਇਸ ਮੌਕੇ ਪੰਜਾਬੀ ਗਾਇਕ ਤੇ ਅਦਾਕਾਰ ਗਿੱਪੀ ਗਰੇਵਾਲ ਤੇ ਰੋਸ਼ਨ ਪ੍ਰਿੰਸ ਨੇ ਰੂਟਸ ਅਕੈਡਮੀ ਅਤੇ ਏਯੂ ਸਪਨਾ ਦੇ ਕਲਾਕਾਰਾਂ ਨਾਲ ਮਿਲ ਕੇ ਟਾਈਮਜ਼ ਸਕੁਏਅਰ ਵਿਚ ਖੂਬ ਰੌਣਕਾਂ ਲਾਈਆਂ।

'ਸੂਬੇਦਾਰ ਜੋਗਿੰਦਰ ਸਿੰਘ' ਪਹਿਲੀ ਭਾਰਤੀ ਫਿਲਮ ਹੈ ਜਿਸ ਦਾ ਮਿਊਜ਼ਿਕ ਨਿਊ ਯਾਰਕ ਦੇ ਟਾਈਮਜ਼ ਸਕੁਏਅਰ ਵਿਚ ਜਾਰੀ ਕੀਤਾ ਗਿਆ। ਇਸ ਮੌਕੇ ਫੰਡ ਇਕੱਠਾ ਕਰਨ ਲਈ ਰਾਤ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ 250 ਲੋਕਾਂ ਨੇ ਹਿੱਸਾ ਲਿਆ। ਗਿੱਪੀ ਗਰੇਵਾਲ ਅਤੇ ਰੋਸ਼ਨ ਪ੍ਰਿੰਸ ਸਮੇਤ ਸਾਗਾ ਮਿਊਜ਼ਿਕ ਦੀ ਟੀਮ ਵੀ ਪੁੱਜੀ।

ਇਸ ਮੌਕੇ ਗਿੱਪੀ ਗਰੇਵਾਲ ਨੇ ਆਖਿਆ ਕਿ ਇਸ ਤਰ੍ਹਾਂ ਦੇ ਯਤਨ ਸ਼ਲਾਘਾਯੋਗ ਹਨ। ਉਨ੍ਹਾਂ ਕਿਹਾ ਕਿ ਇਸ ਫਿਲਮ ਦੀ ਕਹਾਣੀ ਪਦਮਸ੍ਰੀ ਸੂਬੇਦਾਰ ਜੋਗਿੰਦਰ ਸਿੰਘ 'ਤੇ ਆਧਾਰਤ ਹੈ ਤੇ ਸਾਡੀ ਨਵੀਂ ਪਨੀਰੀ ਨੂੰ ਇਸ ਬਾਰੇ ਦੱਸਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਟਾਈਮਜ਼ ਸਕੁਏਅਰ ਵਿਚ ਪੰਜਾਬੀ ਬੀਟ 'ਤੇ ਅਮਰੀਕਨ ਡਾਂਸ ਵੇਖ ਕੇ ਉਨ੍ਹਾਂ ਨੂੰ ਮਾਣ ਮਹਿਸੂਸ ਹੋਇਆ ਹੈ।

## Matrimonials

### ਲੜਕੀ ਦੀ ਲੋੜ ਹੈ

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 8-11

Saini Sikh clean shave boy, 28, 6', M.Sc. Bio Technology doing BDS in Chandigarh, seeks suitable well educated Saini/Jatt Sikh girl. Family well settled in the USA. Pl contact, Ph: 516-503-9541 or email: mohan1w34@gmail.com 4-11

Ramgariah family looking for a suitable Ramgariah match for their U. S. born son, Sr. Financial Analyst 34 years, 5'-10". Pl contact: jsnov1973@aol.com 12/4

### ਵਰ ਦੀ ਲੋੜ

Match for Jatt Sikh Gill girl, 28 yrs, 5'-5", engineer in MNC, H1B Visa, Green Card in procesing, Lives in Bay Area, California. Preferance to doctor/ engeneer in Bay Area. Contact: hsgill.ado@gmail.com 11-14

Wanted US/Canadian citizen/green card holder boy for Jatt Sikh girl, fair complexion, 23 yrs, 5'-4" from Chandigarh, Bachelor of Dental Surgery, doing internship, only daughter, father retired sub inspector Chandigarh police. Contact, Ph: 765-760-0581 or 765-702-8255 10-13

**Punjab Times**
*Ph: 847-359-0746*
*punjabtimesusa.com*

Punjab Times E-mail: Punjabtimes1@gmail.com
www.punjabtimesusa.com

**ਤੰਦੂਰੀਏ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ**

*ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਡਿਸ਼ ਵਾਸ਼ਰ ਅਤੇ ਹੈਲਪਰ ਦੀ ਲੋੜ ਹੈ*

ਸੰਪਰਕ ਕਰੋ, ਫੋਨ: 262-391-7666 12-13

**ਕੱਰੀ ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ**

ਲੌਰਸ, ਕੈਨਸਸ ਵਿਚ ਇੰਡੀਅਨ ਰੈਸਟੋਰੈਂਟ ਲਈ ਕੱਰੀ ਸ਼ੈਫ, ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ।

*ਰਿਹਾਇਸ਼ ਤੇ ਖਾਣਾ ਫਰੀ; ਚੰਗੀ ਤਨਖਾਹ*

ਫੋਨ:316-305-1818, 918-576-1899 10-13

**House for Sale in Chandigarh**

**HIG Independent duplex house around 9 marla in Sector 28 West, Chandigarh for sale.**

***Please contact: Sunny 618-513-7645***

**ਹਲਵਾਈ ਤੇ ਹੈਲਪਰਾਂ ਦੀ ਲੋੜ ਹੈ**

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635 8-

***ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ***

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਡਾ. ਸੰਤੋਖ ਸਿੰਘ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਬਣੇ

**ਅੰਮ੍ਰਿਤਸਰ:** ਸਿੱਖਾਂ ਦੀ ਸਦੀ ਪੁਰਾਣੀ ਧਾਰਮਿਕ ਅਤੇ ਵਿਦਿਅਕ ਸੰਸਥਾ ਚੀਫ ਖਾਲਸਾ ਦੀਵਾਨ ਦਾ ਪ੍ਰਧਾਨ ਡਾ. ਸੰਤੋਖ ਸਿੰਘ ਨੂੰ ਚੁਣ ਲਿਆ ਗਿਆ ਹੈ। ਮੁੜ ਹੋਈਆਂ ਚੋਣਾਂ ਦੌਰਾਨ ਸਰਬਜੀਤ ਸਿੰਘ ਨੂੰ ਮੀਤ ਪ੍ਰਧਾਨ ਅਤੇ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਨੂੰ ਆਨਰੇਰੀ ਸਕੱਤਰ ਚੁਣਿਆ ਗਿਆ ਹੈ। ਚੋਣਾਂ ਵਿਚ ਨਿੱਤਰੇ ਧਨਰਾਜ ਸਿੰਘ ਧੜੇ ਨੂੰ ਕਰਾਰੀ ਹਾਰ ਮਿਲੀ ਹੈ ਅਤੇ ਉਨ੍ਹਾਂ ਦਾ ਕੋਈ ਵੀ ਉਮੀਦਵਾਰ ਚੀਫ ਖਾਲਸਾ ਦੀਵਾਨ ਦਾ ਅਹੁਦੇਦਾਰ ਨਹੀਂ ਬਣ ਸਕਿਆ। ਰਾਜ ਮਹਿੰਦਰ ਸਿੰਘ ਮਜੀਠਾ ਧੜੇ ਦਾ ਉਮੀਦਵਾਰ ਸੁਰਿੰਦਰ ਸਿੰਘ ਰੁਮਾਲਿਆਂ ਵਾਲਾ ਆਨਰੇਰੀ ਸਕੱਤਰ ਦੇ ਅਹੁਦੇ ਵਾਸਤੇ ਚੁਣਿਆ ਗਿਆ ਹੈ। ਪ੍ਰਧਾਨ ਦੀ ਚੋਣ ਲੜਨ ਵਾਲੇ ਡਾ. ਸੰਤੋਖ ਸਿੰਘ ਨੂੰ 152 ਵੋਟਾਂ, ਰਾਜ ਮਹਿੰਦਰ ਸਿੰਘ ਮਜੀਠਾ ਨੂੰ 142 ਅਤੇ ਧਨਰਾਜ ਸਿੰਘ ਨੂੰ 65 ਵੋਟਾਂ ਮਿਲੀਆਂ।

ਮੀਤ ਪ੍ਰਧਾਨ ਦੇ ਅਹੁਦੇ ਲਈ ਚੋਣ ਲੜਨ ਵਾਲੇ ਸਰਬਜੀਤ ਸਿੰਘ ਨੂੰ ਸਭ ਤੋਂ ਵੱਧ 160 ਵੋਟਾਂ, ਨਿਰਮਲ ਸਿੰਘ ਨੂੰ 157 ਅਤੇ ਬਲਦੇਵ ਸਿੰਘ ਚੌਹਾਨ ਨੂੰ ਸਿਰਫ 41 ਵੋਟਾਂ ਮਿਲੀਆਂ। ਆਨਰੇਰੀ ਸਕੱਤਰ ਦੇ ਅਹੁਦੇ ਉਤੇ ਸੁਰਿੰਦਰ ਸਿੰਘ ਰੁਮਾਲਿਆਂ ਵਾਲਿਆਂ ਅਤੇ ਸੰਤੋਖ ਸਿੰਘ ਸੇਠੀ ਦਰਮਿਆਨ ਫਸਵਾਂ ਮੁਕਾਬਲਾ ਸੀ। ਸ੍ਰੀ ਸੁਰਿੰਦਰ ਸਿੰਘ ਨੂੰ 158 ਅਤੇ ਸੰਤੋਖ ਸਿੰਘ ਸੇਠੀ ਨੂੰ 155 ਵੋਟਾਂ ਮਿਲੀਆਂ ਜਦਕਿ ਗੁਰਿੰਦਰ ਸਿੰਘ ਚਾਵਲਾ ਸਿਰਫ 46 ਵੋਟਾਂ ਹੀ ਲੈ ਸਕੇ। ਚੀਫ ਖਾਲਸਾ ਦੀਵਾਨ ਦੇ 511 ਮੈਂਬਰਾਂ ਵਿਚੋਂ 363 ਨੇ ਵੋਟਾਂ ਪਾਈਆਂ। ਤਕਰੀਬਨ 5-6 ਪਤਿਤ ਮੈਂਬਰਾਂ ਨੂੰ ਵੋਟ ਪਾਉਣ ਤੋਂ ਰੋਕਿਆ ਗਿਆ। ਵੋਟਾਂ ਪਾਉਣ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਇਥੇ ਚੀਫ ਖਾਲਸਾ ਦੀਵਾਨ ਦੇ ਗੁਰਦੁਆਰਾ ਹਾਲ ਵਿਚ ਸਮੂਹ ਮੈਂਬਰਾਂ ਦੀ ਮੀਟਿੰਗ ਹੋਈ, ਜਿਸ ਵਿਚ ਪਿਛਲੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ। ਅਰਦਾਸ ਮਗਰੋਂ ਵੋਟਾਂ ਪਾਉਣ ਦੀ ਪ੍ਰਕਿਰਿਆ ਅਰੰਭ ਹੋਈ, ਜੋ 1.30 ਵਜੇ ਤੋਂ 5.30 ਵਜੇ ਤੱਕ ਜਾਰੀ ਰਹੀ।

ਵੋਟਾਂ ਦੀ ਗਿਣਤੀ ਮਗਰੋਂ ਗੁਰਦੁਆਰੇ ਦੇ ਹਾਲ ਵਿਚ ਰਿਟਰਨਿੰਗ ਅਧਿਕਾਰੀਆਂ ਡਾ. ਐਸ.ਪੀ. ਸਿੰਘ, ਇਕਬਾਲ ਸਿੰਘ ਲਾਲਪੁਰਾ ਅਤੇ ਪ੍ਰਿੰਸੀਪਲ ਡਾ. ਬਲਜਿੰਦਰ ਸਿੰਘ ਵੱਲੋਂ ਨਤੀਜਿਆਂ ਦਾ ਐਲਾਨ ਕੀਤਾ ਗਿਆ। ਵੋਟਾਂ ਪਾਉਣ ਅਤੇ ਗਿਣਤੀ ਦੀ ਪ੍ਰਕਿਰਿਆ ਨਾਇਬ ਤਹਿਸੀਲਦਾਰ ਲਖਵਿੰਦਰ ਸਿੰਘ ਗਿੱਲ ਦੀ ਨਿਗਰਾਨੀ ਹੇਠ ਮੁਕੰਮਲ ਹੋਈ। ਉਨ੍ਹਾਂ ਵੱਲੋਂ ਹੀ ਜੇਤੂ ਮੈਂਬਰਾਂ ਦੇ ਨਾਂਵਾਂ ਦਾ ਐਲਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪਿਛਲੇ ਵਰ੍ਹੇ ਦਸੰਬਰ ਵਿਚ ਚੀਫ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੀ ਵਾਇਰਲ ਹੋਈ ਇਤਰਾਜ਼ਯੋਗ ਵੀਡਿਓ ਕਾਰਨ ਸਿੱਖ ਸੰਸਥਾ ਵਿਚ ਇਹ ਸੰਕਟ ਪੈਦਾ ਹੋਇਆ ਸੀ, ਜੋ ਇਸ ਚੋਣ ਨਾਲ ਸਮਾਪਤ ਹੋ ਗਿਆ ਹੈ।



### ਵਿਦਿਆ ਦੇ ਘੇਰੇ ਦਾ ਹੋਵੇਗਾ ਪਸਾਰ: ਡਾ. ਸੰਤੋਖ ਸਿੰਘ

ਨਵੇਂ ਚੁਣੇ ਪ੍ਰਧਾਨ ਨੇ ਕਿਹਾ ਕਿ ਦੀਵਾਨ ਵੱਲੋਂ ਵਿਦਿਆ ਦੇ ਘੇਰੇ ਦੇ ਹੋਰ ਪਸਾਰ ਲਈ ਯਤਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਛੇਤੀ ਹੀ ਇਕ ਮੀਟਿੰਗ ਸੱਦ ਕੇ ਵਿਦਿਆਰਥੀਆਂ ਨੂੰ ਮੁਫਤ ਕਿਤਾਬਾਂ ਦੇਣ ਅਤੇ ਮੁੜ ਦਾਖਲਾ ਫੀਸ ਨਾ ਲੈਣ ਸਬੰਧੀ ਫੈਸਲਿਆਂ ਉਤੇ ਵਿਚਾਰ ਕੀਤਾ ਜਾਵੇਗਾ। ਪਤਿਤ ਮੈਂਬਰਾਂ ਸਬੰਧੀ ਵੀ ਵਿਦਵਾਨਾਂ ਨਾਲ ਵਿਚਾਰ ਕਰ ਕੇ ਅਗਲੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੰਸਥਾ ਵਿਚ ਮੁੜ ਕਿਸੇ ਔਰਤ ਨਾਲ ਛੇੜਖਾਨੀ ਦੀ ਘਟਨਾ ਨਾ ਵਾਪਰੇ, ਉਸ ਨੂੰ ਰੋਕਣ ਲਈ ਵਿਸ਼ੇਸ਼ ਕਮੇਟੀ ਬਣਾਈ ਜਾਵੇਗੀ। ਚਰਨਜੀਤ ਸਿੰਘ ਚੱਢਾ ਨੂੰ ਮੁੜ ਮੈਂਬਰ ਵਜੋਂ ਸ਼ਾਮਲ ਕਰਨ ਸਬੰਧੀ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਇਸ ਮਾਮਲੇ ਉਤੇ ਸੰਵਿਧਾਨ ਮੁਤਾਬਕ ਕਾਰਵਾਈ ਹੋਵੇਗੀ।

## ਪੰਜਾਬ 'ਚ ਜ਼ਮੀਨਦੋਜ਼ ਪਾਣੀ ਦਾ ਡਿੱਗਦਾ ਪੱਧਰ ਵੱਡੀ ਸਮੱਸਿਆ

**ਪਟਿਆਲਾ:** ਪੰਜਾਬ ਦੀ 72 ਫੀਸਦੀ ਖੇਤੀ ਇਸ ਵੇਲੇ ਟਿਊਬਵੈੱਲਾਂ ਉਤੇ ਨਿਰਭਰ ਹੋ ਗਈ ਹੈ, ਜਿਨ੍ਹਾਂ ਦੀ ਗਿਣਤੀ 14.5 ਲੱਖ ਉਤੇ ਪਹੁੰਚ ਗਈ ਹੈ। ਪਿਛਲੀ ਸਰਕਾਰ ਨੇ ਬਿਨਾਂ ਕਿਸੇ ਠੋਸ ਨੀਤੀ ਉਤੇ 70 ਹਜ਼ਾਰ ਤੋਂ ਵੱਧ ਟਿਊਬਵੈੱਲ ਲਗਵਾ ਦਿੱਤੇ, ਹਾਲਾਂਕਿ ਟੀਚਾ ਇਕ ਲੱਖ ਤੋਂ ਵੱਧ ਰੱਖਿਆ ਗਿਆ ਸੀ।

ਕਈ ਟਿਊਬਵੈਲ ਤਾਂ ਉਥੇ ਲੱਗ ਗਏ, ਜਿਥੇ ਪਹਿਲਾ ਟਿਊਬਵੈੱਲ ਮਸਾਂ 10-15 ਫੁੱਟ ਦੂਰੀ 'ਤੇ ਲੱਗਿਆ ਹੋਇਆ ਹੈ। ਸਿੱਟਾ ਇਹ ਨਿਕਲਿਆ ਕਿ ਪੰਜਾਬ ਦੀ ਧਰਤੀ ਹੇਠਲਾ ਪਾਣੀ ਨਿਰੰਤਰ ਹੇਠਾਂ ਜਾ ਰਿਹਾ ਹੈ। ਪੰਜਾਬ 'ਚ ਝੋਨੇ ਕਾਰਨ ਹੀ ਪਾਣੀ ਦਾ ਪੱਧਰ ਨਿਰੰਤਰ ਹੇਠਾਂ ਡਿਗਣਾ ਜਾਰੀ ਹੈ। ਸਭ ਤੋਂ ਖਤਰਨਾਕ ਅੰਕੜਾ ਜਿਲ੍ਹਾ ਹੁਸ਼ਿਆਰਪੁਰ ਦਾ ਹੈ, ਇਥੇ ਮੁਕੇਰੀਆਂ, ਹਾਜੀਪੁਰ, ਦਸੂਹਾ ਤੇ ਟਾਂਡਾ ਨੂੰ ਛੱਡ ਕੇ ਇਕ ਦਹਾਕੇ ਅੰਦਰ ਪਾਣੀ ਦਾ ਪੱਧਰ 59.25 ਮੀਟਰ ਤੇ ਇਕ ਸਾਲ ਅੰਦਰ ਭਾਵ ਜੂਨ 2016 ਤੋਂ ਜੂਨ 2017 ਤੱਕ ਪਾਣੀ ਦਾ ਪੱਧਰ 1.88 ਮੀਟਰ ਹੇਠਾਂ ਜਾ ਡਿੱਗਿਆ ਹੈ। ਇਸੇ ਤਰ੍ਹਾਂ ਰੋਪੜ ਦੇ ਆਨੰਦਪੁਰ ਸਾਹਿਬ ਤੇ ਨੂਰਪੁਰ ਬੇਦੀ 'ਚ ਪਾਣੀ ਦਾ ਪੱਧਰ 32.59 ਅਤੇ ਇਕ ਸਾਲ 'ਚ 1.14 ਮੀਟਰ ਹੇਠਾਂ ਡਿੱਗ ਗਿਆ ਹੈ।

# ਹਰਿਮੰਦਰ ਸਾਹਿਬ ਨਤਮਸਤਕ ਹੋਏ ਡਾ. ਮਨਮੋਹਨ ਸਿੰਘ

**ਅੰਮ੍ਰਿਤਸਰ:** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਪਣੇ ਅੰਮ੍ਰਿਤਸਰ ਦੌਰੇ ਦੌਰਾਨ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਮਗਰੋਂ ਦੇਸ਼ ਵੰਡ ਸਬੰਧੀ ਬਣੇ ਪਾਰਟੀਸ਼ਨ ਮਿਊਜ਼ੀਅਮ ਦਾ ਦੌਰਾ ਕੀਤਾ। ਆਪਣੀ ਪਤਨੀ ਬੀਬੀ ਗੁਰਸ਼ਰਨ ਕੌਰ ਨਾਲ ਸ੍ਰੀ ਹਰਿਮੰਦਰ ਸਾਹਿਬ



ਮੱਥਾ ਟੇਕਣ ਪੁੱਜੇ ਸਾਬਕਾ ਪ੍ਰਧਾਨ ਮੰਤਰੀ ਨੇ ਇਥੇ ਯਾਤਰੂ ਬੁੱਕ ਵਿਚ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਲਿਖਿਆ ਕਿ ਉਨ੍ਹਾਂ ਉਤੇ ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਹੈ ਕਿ ਉਹ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ ਹਨ।

ਉਨ੍ਹਾਂ ਨੇ ਪਰਿਕਰਮਾ ਕੀਤੀ ਅਤੇ ਹਰਿਮੰਦਰ ਸਾਹਿਬ ਮੱਥਾ ਟੇਕਿਆ, ਜਿਥੇ ਉਨ੍ਹਾਂ ਨੂੰ ਗੁਰੂ ਘਰ ਵੱਲੋਂ ਸਿਰੋਪਾ ਭੇਟ ਕੀਤਾ ਗਿਆ। ਉਨ੍ਹਾਂ ਕੁਝ ਪਲ ਗੁਰਬਾਣੀ ਦਾ ਕੀਰਤਨ ਸੁਣਿਆ। ਉਪਰੰਤ ਸੂਚਨਾ ਕੇਂਦਰ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਸੁਨਹਿਰੀ ਤਸਵੀਰ, ਸਿਰੋਪਾਉ ਤੇ ਲੋਈ ਅਤੇ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਤ ਕੀਤਾ ਗਿਆ।

# ਗੁਰਬਖਸ਼ ਸਿੰਘ ਦੇ ਆਖਰੀ ਪੱਤਰ ਵਿਚ ਸਿੱਖਾਂ ਨਾਲ ਵਿਤਕਰਿਆਂ ਬਾਰੇ ਗਿਲੇ

**ਅੰਮ੍ਰਿਤਸਰ:** ਗੁਰਬਖਸ਼ ਸਿੰਘ ਖਾਲਸਾ ਵੱਲੋਂ ਟੈਂਕੀ ਤੋਂ ਛਾਲ ਮਾਰਨ ਤੋਂ ਪਹਿਲਾਂ ਲਿਖਿਆ ਇਕ ਪੱਤਰ ਅਕਾਲ ਤਖਤ ਸਾਹਿਬ ਸਕੱਤਰੇਤ ਨੂੰ ਡਾਕ ਰਾਹੀਂ ਮਿਲਿਆ ਹੈ। ਇਸ ਪੱਤਰ ਵਿਚ ਉਨ੍ਹਾਂ ਸਮੇਂ ਦੀਆਂ ਸਰਕਾਰਾਂ ਵੱਲੋਂ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰਿਆਂ ਦਾ ਜ਼ਿਕਰ ਕਰਦਿਆਂ ਆਖਿਆ ਹੈ ਕਿ ਲੰਮੇ ਸਮੇਂ ਤੋਂ ਜੇਲ੍ਹਾਂ 'ਚ ਬੰਦ ਸਿੱਖ, ਜਿਨ੍ਹਾਂ ਨੇ ਆਪਣੀਆਂ ਬਣਦੀਆਂ ਸਜ਼ਾਵਾਂ ਵੀ ਪੂਰੀਆਂ ਕਰ ਲਈਆਂ ਹਨ, ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ।



ਵੇਰਵਿਆਂ ਅਨੁਸਾਰ ਉਨ੍ਹਾਂ ਪੱਤਰ ਦੇ ਅਖੀਰ 'ਚ ਜਥੇਦਾਰ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ ਕਿ ਇਕ ਧਾਰਮਿਕ ਆਗੂ ਹੋਣ ਦੇ ਨਾਤੇ ਸਿੱਖਾਂ 'ਤੇ ਆਪਣਾ ਭਰੋਸਾ ਬਣਾਉ ਅਤੇ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਉਨ੍ਹਾਂ ਨੂੰ ਇਨਸਾਫ ਦਿਵਾਓ। ਜੇਕਰ ਆਪ ਨੇ ਹੁਣ ਵੀ ਸਿੱਖਾਂ ਨੂੰ ਇਨਸਾਫ ਨਾ ਦਿੱਤਾ ਤਾਂ ਦਾਸ ਨੂੰ ਫਿਰ ਤੋਂ ਸ਼ਾਂਤਮਈ ਸੰਘਰਸ਼ ਕਰਨ ਵਾਸਤੇ ਮਜਬੂਰ ਹੋਣਾ ਪਵੇਗਾ। ਇਥੇ ਜ਼ਿਕਰਯੋਗ ਹੈ ਕਿ 17 ਮਾਰਚ 2018 ਨੂੰ ਲਿਖੇ ਗਏ ਇਸ ਪੱਤਰ ਵਿਚ ਗੁਰਬਖਸ਼ ਸਿੰਘ ਵੱਲੋਂ ਆਪਣੀਆਂ ਮੰਗਾਂ ਦੀ ਪੂਰਤੀ ਸਬੰਧੀ ਕੋਈ ਸਖਤ ਕਦਮ ਚੁੱਕਣ ਦਾ ਜ਼ਿਕਰ ਨਹੀਂ ਕੀਤਾ ਗਿਆ, ਪਰ ਪੱਤਰ ਲਿਖਣ ਤੋਂ ਤਿੰਨ ਦਿਨ ਬਾਅਦ ਹੀ 20 ਮਾਰਚ ਨੂੰ ਉਨ੍ਹਾਂ ਵੱਲੋਂ ਟੈਂਕੀ ਤੋਂ ਛਾਲ ਮਾਰ ਕੇ ਜਾਨ ਦੇ ਦਿੱਤੀ ਗਈ।


ਦੱਸ ਦਈਏ ਕਿ ਸਮੇਂ-ਸਮੇਂ ਭਾਈ ਗੁਰਬਖਸ਼ ਸਿੰਘ ਨੇ ਭੁੱਖ ਹੜਤਾਲਾਂ ਕਰ ਕੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਆਵਾਜ਼ ਉਠਾਈ ਅਤੇ ਲੰਮੇ ਸੰਘਰਸ਼ ਵਿੱਢੇ, ਜਿਸ ਨਾਲ ਲੰਮੇ ਸਮੇਂ ਤੋਂ ਜੇਲ੍ਹਾਂ 'ਚ ਬੰਦ, ਬੰਦੀ ਸਿੰਘਾਂ ਨੂੰ ਪੈਰੋਲ 'ਤੇ ਰਿਹਾ ਹੋ ਕੇ ਪਰਿਵਾਰਾਂ ਵਿਚ ਬੈਠਣਾ ਨਸੀਬ ਹੋਇਆ, ਪਰ ਕੇਂਦਰ ਸਰਕਾਰ ਦੇ ਕੰਨਾਂ 'ਤੇ ਜੂੰ ਨਾ ਸਰਕੀ। ਹੁਣ ਵੀ ਉਹ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਆਪਣਾ ਰੋਸ ਜ਼ਾਹਰ ਕਰਨ ਵਾਸਤੇ ਹੀ ਪਾਣੀ ਦੀ ਟੈਂਕੀ 'ਤੇ ਚੜ੍ਹਿਆ ਸੀ।

### ਖਾਲਸਾ ਦੀ ਮੌਤ ਅਜਾਈਂ ਨਹੀਂ ਜਾਵੇਗੀ: ਜਥੇਦਾਰ

**ਅੰਮ੍ਰਿਤਸਰ:** ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਜ਼ਾਵਾਂ ਭੁਗਤ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਯਤਨਸ਼ੀਲ ਰਹੇ ਗੁਰਬਖਸ਼ ਸਿੰਘ ਖਾਲਸਾ ਦੇ ਬੇਵਕਤ ਚਲਾਣੇ ਉਤੇ ਅਫਸੋਸ ਜ਼ਾਹਰ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਹੈ ਕਿ ਭਾਈ ਖਾਲਸਾ ਦੀ ਮੌਤ ਅਜਾਈਂ ਨਹੀਂ ਜਾਣ ਦਿੱਤੀ ਜਾਵੇਗੀ। ਉਨ੍ਹਾਂ ਤਾੜਨਾ ਕੀਤੀ ਕਿ ਜੇਕਰ ਅੰਨੀ-ਬੋਲੀ ਕੇਂਦਰ ਤੇ ਸਥਾਨਕ ਸਰਕਾਰਾਂ ਸਾਨੂੰ ਇਨਸਾਫ ਨਹੀਂ ਦੇਣਗੀਆਂ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਰਹਿਨੁਮਾਈ ਹੇਠ ਤਿੱਖਾ ਸੰਘਰਸ਼ ਆਰੰਭਿਆ ਜਾਵੇਗਾ।

## ਸਿੱਖ ਕਤਲੇਆਮ ਬਾਰੇ 'ਕਬੂਲਨਾਮੇ' ਉਤੇ ਘਿਰਿਆ ਸੱਜਣ ਕੁਮਾਰ

**ਨਵੀਂ ਦਿੱਲੀ:** ਕਾਂਗਰਸੀ ਆਗੂ ਸੱਜਣ ਕੁਮਾਰ ਖਿਲਾਫ਼ ਲਿਖੇ ਪੱਤਰ ਅਤੇ ਸੀਡੀ ਦੇ ਆਧਾਰ ਉਤੇ ਦਿੱਲੀ ਹਾਈ ਕੋਰਟ ਨੇ ਉਸ ਤੋਂ



ਜਵਾਬ ਮੰਗ ਲਿਆ ਹੈ। ਪੱਤਰ 'ਚ ਕਿਹਾ ਗਿਆ ਹੈ ਕਿ ਸਿੱਖ ਕਤਲੇਆਮ ਦੇ ਮੁਲਜ਼ਮ ਸੱਜਣ ਕੁਮਾਰ ਨੇ ਹਿੰਸਕ ਘਟਨਾਵਾਂ ਦੌਰਾਨ ਮੌਕੇ ਉਤੇ ਹਾਜ਼ਰ ਰਹਿਣ ਦੀ ਗੱਲ ਕਬੂਲੀ ਹੈ।

ਕਾਰਜਕਾਰੀ ਚੀਫ ਜਸਟਿਸ ਗੀਤਾ ਮਿੱਤਲ ਤੇ ਜਸਟਿਸ ਅਨੂ ਮਲਹੋਤਰਾ ਦੀ ਬੈਂਚ ਨੇ ਮਾਮਲੇ ਨੂੰ ਜਨਹਿੱਤ ਪਟੀਸ਼ਨ 'ਚ ਤਬਦੀਲ ਕਰਦਿਆਂ ਸੀ.ਬੀ.ਆਈ. ਨੂੰ ਨਿਰਦੇਸ਼ ਦਿੱਤੇ ਕਿ ਉਹ ਪੱਤਰ ਬਾਰੇ ਆਪਣਾ ਸਟੈਂਡ ਸਪੱਸ਼ਟ ਕਰੇ। ਦੋਹਾਂ ਤੋਂ ਕੇਸ ਦੀ ਅਗਲੀ ਸੁਣਵਾਈ 12 ਅਪਰੈਲ ਤੋਂ ਪਹਿਲਾਂ ਜਵਾਬ ਮੰਗੇ ਗਏ ਹਨ। ਇਹ ਪੱਤਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਿਖਿਆ ਸੀ ਅਤੇ ਮੁਲਜ਼ਮ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਦਿੱਲੀ ਛਾਉਣੀ ਦੇ ਰਾਜ ਨਗਰ ਇਲਾਕੇ 'ਚ ਪਹਿਲੀ ਨਵੰਬਰ 1984 ਨੂੰ ਮਾਰੇ ਗਏ ਪਰਿਵਾਰ ਦੇ 5 ਮੈਂਬਰਾਂ ਨਾਲ ਸਬੰਧਤ ਕੇਸ 'ਚ ਪੱਤਰ ਦੇ ਨਾਲ ਸੀਡੀ ਵੀ ਭੇਜੀ ਹੈ ਜਿਸ ਨੂੰ ਸੱਜਣ ਕੁਮਾਰ ਦਾ ਕਬੂਲਨਾਮਾ ਮੰਨਿਆ ਜਾ ਰਿਹਾ ਹੈ।

# ਪੰਜਾਬ ਸਰਕਾਰ ਵੱਲੋਂ ਲੰਗਰ 'ਤੇ ਜੀ.ਐਸ.ਟੀ. ਮੁਆਫ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਦੁਰਗਿਆਣਾ ਮੰਦਿਰ ਸਮੇਤ 5 ਧਾਰਮਿਕ ਅਸਥਾਨਾਂ ਦੀ ਰਸਦ ਤੋਂ ਸੂਬਾਈ ਹਿੱਸੇ ਦੇ ਜੀ.ਐਸ.ਟੀ. ਦੀ ਵਸੂਲੀ ਮੁਆਫ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਵਿਧਾਨ ਸਭਾ 'ਚ ਰਾਜਪਾਲ ਦੇ ਭਾਸ਼ਨ ਉਤੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਪੇਸ਼ ਕੀਤੇ ਧੰਨਵਾਦ ਦੇ ਮਤੇ ਉਤੇ ਚੱਲਦੀ ਬਹਿਸ ਵਿਚ ਦਖਲ ਦਿੰਦਿਆਂ ਮੁੱਖ ਮੰਤਰੀ ਨੇ ਇਹ ਐਲਾਨ ਕੀਤਾ।

ਇਸ ਮੁੱਦੇ ਉਤੇ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਘੇਰਿਆ ਤੇ ਚੁਣੌਤੀ ਦਿੱਤੀ ਕਿ ਜੇ ਕੇਂਦਰ ਸਰਕਾਰ ਨੇ ਆਪਣੇ ਹਿੱਸੇ ਦਾ ਟੈਕਸ ਮੁਆਫ ਨਾ ਕੀਤਾ ਤਾਂ ਕੀ ਹਰਸਿਮਰਤ ਕੌਰ ਬਾਦਲ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਵੇਗੀ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀਆਂ ਨੇ ਕਦੇ ਵੀ ਜੀ.ਐਸ.ਟੀ. ਕੌਂਸਲ ਅੱਗੇ ਲੰਗਰ ਵਸਤਾਂ 'ਤੇ ਟੈਕਸ ਲਾਉਣ ਦਾ ਵਿਰੋਧ ਨਹੀਂ ਕੀਤਾ ਤੇ ਨਾ ਹੀ ਉਨ੍ਹਾਂ ਲੰਗਰ ਉਤੇ ਜੀ.ਐਸ.ਟੀ. ਮੁਆਫ ਕਰਵਾਉਣ ਲਈ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਉਤੇ ਦਬਾਅ ਬਣਾਉਣ ਲਈ ਕੋਈ ਚਾਰਾਜੋਈ ਕੀਤੀ।

ਵਿਰੋਧੀ ਧਿਰ ਦੇ ਨੇਤਾ ਅਤੇ ਆਪ ਵਿਧਾਇਕ ਸੁਖਪਾਲ ਸਿੰਘ ਖਹਿਰਾ, ਭਾਜਪਾ ਵਿਧਾਇਕ ਸੋਮ ਪ੍ਰਕਾਸ਼ ਅਤੇ ਅਕਾਲੀ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਵੀ ਇਸ ਫੈਸਲੇ ਦੀ ਸ਼ਲਾਘਾ ਕੀਤੀ। ਇਸ ਦੌਰਾਨ ਸਦਨ ਵਿਚ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਤੋਂ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਦੁਰਗਿਆਣਾ ਮੰਦਰ ਵਿਖੇ ਲੰਗਰ ਵਸਤਾਂ 'ਤੇ ਆਪਣੇ ਹਿੱਸੇ ਦਾ ਜੀ.ਐਸ.ਟੀ. ਤੁਰਤ ਮੁਆਫ ਕਰਨ ਦੀ ਮੰਗ ਕੀਤੀ ਗਈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਸ ਸਬੰਧੀ ਮਤਾ ਪੇਸ਼ ਕੀਤਾ ਜਿਸ ਨੂੰ ਜਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ। ਧੰਨਵਾਦ ਮਤਾ ਪੇਸ਼ ਕਰਦਿਆਂ ਸ੍ਰੀ ਰੰਧਾਵਾ ਨੇ ਕਿਹਾ ਕਿ ਅਕਾਲੀਆਂ ਦੇ ਸ਼ਾਸਨ ਦੌਰਾਨ ਗੁਰੂ ਗ੍ਰੰਥ ਸਾਹਿਬ ਸਮੇਤ ਹੋਰਨਾਂ ਪਵਿੱਤਰ ਗ੍ਰੰਥਾਂ ਦੀਆਂ ਬੇਅਦਬੀਆਂ ਹੋਈਆਂ।

### ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਵਿੱਤ ਮੰਤਰੀ ਨੂੰ ਪੱਤਰ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਹਰਿਮੰਦਰ ਸਾਹਿਬ ਵਿਚ ਲੰਗਰ ਤੋਂ ਆਪਣੇ ਹਿੱਸੇ ਦਾ ਜੀ.ਐਸ.ਟੀ. ਖਤਮ ਕਰਨ ਦੇ ਫੈਸਲੇ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਪੱਤਰ ਭੇਜ ਕੇ ਕੇਂਦਰੀ ਜੀ.ਐਸ.ਟੀ. ਖਤਮ ਕਰਨ ਦੀ ਅਪੀਲ ਕੀਤੀ ਗਈ ਹੈ। ਜੀ.ਐਸ.ਟੀ. ਲਾਗੂ ਹੋਣ ਤੋਂ ਬਾਅਦ ਜੁਲਾਈ ਤੋਂ ਜਨਵਰੀ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਲਗਭਗ 2 ਕਰੋੜ ਰੁਪਏ ਜੀ.ਐਸ.ਟੀ. ਟੈਕਸ ਵਜੋਂ ਅਦਾ ਕੀਤੇ ਜਾ ਚੁੱਕੇ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੇਂਦਰੀ ਵਿੱਤ ਮੰਤਰੀ ਨੂੰ ਪੱਤਰ ਭੇਜ ਕੇ ਸਾਰੇ ਗੁਰਦੁਆਰਿਆਂ ਦੇ ਲੰਗਰ ਦੀ ਰਸਦ ਨੂੰ ਜੀ.ਐਸ.ਟੀ. ਦੇ ਘੇਰੇ ਤੋਂ ਬਾਹਰ ਕਰਨ ਦੀ ਮੰਗ ਕੀਤੀ ਹੈ। ਇਸ ਪੱਤਰ ਵਿਚ ਉਨ੍ਹਾਂ ਲਿਖਿਆ ਕਿ ਸਿੱਖ ਧਰਮ ਵਿਚ ਲੰਗਰ ਦੀ ਵਿਸ਼ੇਸ਼ ਮਹੱਤਤਾ ਹੈ। ਗੁਰੂ ਘਰਾਂ 'ਚ ਬਿਨਾ ਭੇਦ ਭਾਵ ਸੰਗਤ ਨੂੰ ਲੰਗਰ ਛਕਾਇਆ ਜਾਂਦਾ ਹੈ। ਇਸੇ ਕਾਰਨ ਹੀ ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਦੀ ਰਸਦ ਨੂੰ ਜੀ.ਐਸ.ਟੀ. ਤੋਂ ਮੁਕਤ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

# ਪੰਜਾਬ ਵਿਧਾਨ ਸਭਾ ਵਿਚ ਰਿਹਾ ਟਕਰਾਅ ਵਾਲਾ ਮਾਹੌਲ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਅਕਾਲੀਆਂ ਤੇ ਕਾਂਗਰਸੀਆਂ ਦਰਮਿਆਨ ਟਕਰਾਅ ਵਾਲਾ ਮਾਹੌਲ ਰਿਹਾ। ਅਕਾਲੀਆਂ ਤੇ ਕਾਂਗਰਸੀਆਂ ਦਰਮਿਆਨ ਕਈ ਵਾਰੀ ਝੜਪਾਂ ਹੋਈਆਂ ਜਿਸ ਕਾਰਨ ਕਈ ਵਾਰੀ ਟਕਰਾਅ ਦਾ




ਮਾਹੌਲ ਬਣਿਆ।

ਅਕਾਲੀ ਦਲ ਦੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਰਾਜਪਾਲ ਦੇ ਭਾਸ਼ਨ ਉਤੇ ਚੱਲ ਰਹੀ ਬਹਿਸ ਵਿਚ ਹਿੱਸਾ ਲੈਂਦਿਆਂ ਜਿਵੇਂ ਹੀ ਕੈਪਟਨ ਸਰਕਾਰ ਉਤੇ ਪੰਜਾਬੀ ਬੋਲਦੇ ਖੇਤਰਾਂ ਅਤੇ ਚੰਡੀਗੜ੍ਹ ਦੇ ਮੁੱਦਿਆਂ ਉਪਰ ਮੂੰਹ ਫੇਰਨ ਦੇ ਦੋਸ਼ ਲਾਏ ਤਾਂ ਕਾਂਗਰਸੀ ਵਿਧਾਇਕਾਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਅਕਾਲੀਆਂ ਤੇ ਕਾਂਗਸੀਆਂ ਦਰਮਿਆਨ ਇਸ ਮੌਕੇ 1984 ਦੇ ਸਿੱਖ ਕਤਲੇਆਮ ਦੇ ਮੁੱਦੇ ਉਤੇ ਵੀ ਤਿੱਖੀ ਬਹਿਸ ਤੇ ਝੜਪਾਂ ਹੋਈਆਂ।

ਅਕਾਲੀ ਵਿਧਾਇਕ ਨੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਲਿਖਤੀ ਹਲਫੀਆ ਬਿਆਨ ਦੇ ਕੇ 90 ਹਜ਼ਾਰ ਕਰੋੜ ਰੁਪਏ ਦੇ ਖੇਤੀ ਕਰਜ਼ੇ ਮਾਫ ਕਰਨ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਸਰਕਾਰ 329 ਕਰੋੜ ਰੁਪਏ ਦੀ ਕਰਜ਼ਾ ਮੁਆਫੀ ਦੀਆਂ ਫੜ੍ਹਾਂ ਮਾਰ ਰਹੀ ਹੈ ਜਦਕਿ ਮੁੱਖ ਮੰਤਰੀ ਨੇ ਰਾਸ਼ਟਰੀ, ਸਹਿਕਾਰੀ ਬੈਂਕਾਂ ਅਤੇ ਆੜ੍ਹਤੀਆਂ ਕੋਲੋਂ ਲਏ 90 ਹਜ਼ਾਰ ਕਰੋੜ ਰੁਪਏ ਦੇ ਸਾਰੇ ਕਰਜ਼ੇ ਮੁਆਫ ਕਰਨ ਦਾ ਵਾਅਦਾ ਕੀਤਾ ਸੀ। ਕਾਂਗਰਸ ਦੀ ਕਰਜ਼ਾ ਮੁਆਫੀ ਸਕੀਮ ਦੇ ਮੁੱਖ ਚਿਹਰੇ ਬੁੱਧ ਸਿੰਘ, ਜਿਸ ਦੀ ਕੈਪਟਨ ਅਮਰਿੰਦਰ ਨਾਲ ਕਾਂਗਰਸ ਦੇ ਇਸ਼ਤਿਹਾਰਾਂ ਵਿਚ ਫੋਟੋ ਛਾਪੀ ਗਈ ਸੀ, ਨੂੰ ਵੀ ਕਰਜ਼ਾ ਮੁਆਫੀ ਦਾ ਲਾਭ ਨਹੀਂ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਕੁਰਕੀ ਖਤਮ ਕਰਨ ਦਾ ਵਾਅਦਾ ਵੀ ਝੂਠਾ ਹੈ, ਕਿਉਂਕਿ ਮੁੱਖ ਮੰਤਰੀ ਸਦਨ ਵਿਚ ਇਹ ਗੱਲ ਸਵੀਕਾਰ ਕਰ ਚੁੱਕੇ ਹਨ ਕਿ 1986 ਤੋਂ ਬਾਅਦ ਪੰਜਾਬ ਵਿਚ ਕੋਈ ਕੁਰਕੀ ਨਹੀਂ ਹੋਈ। ਪਰ ਸਰਕਾਰ ਵੱਲੋਂ ਹਾਈ ਕੋਰਟ ਵਿਚ ਇਹ ਬਿਆਨ ਦੇਣ ਨਾਲ ਕਿ ਉਹ ਇਸ ਦੇ ਖਿਲਾਫ ਨਹੀਂ ਹੈ, ਇਸ ਨੇ ਸੱਚ ਹੋ ਜਾਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਸਰਕਾਰ ਦੇ ਹੋਂਦ ਵਿਚ ਆਉਣ ਮਗਰੋਂ 400 ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ। ਉਨ੍ਹਾਂ ਸਰਕਾਰ ਦੀ ਹਰ ਘਰ ਵਿਚ ਨੌਕਰੀ ਦੇਣ ਦੇ ਵਾਅਦੇ ਤੋਂ ਮੁਕਰਨ ਲਈ ਵੀ ਨਿਖੇਧੀ ਕੀਤੀ।

## ਅਕਾਲੀਆਂ ਤੇ ਕਾਂਗਰਸੀਆਂ 'ਤੇ ਰਲੇ ਹੋਣ ਦੇ ਦੋਸ਼

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਕ ਬਿਰਧ, ਬਿਮਾਰ ਤੇ ਕੰਮ ਨਾ ਕਰਨ ਵਾਲਾ ਵਿਅਕਤੀ ਕਰਾਰ ਦਿੰਦਿਆਂ ਅਕਾਲੀ-ਭਾਜਪਾ ਸਰਕਾਰ ਦੇ ਦਸ ਸਾਲਾਂ ਦੇ ਭ੍ਰਿਸ਼ਟ ਕਾਰਨਾਮਿਆਂ ਉਤੇ ਪਰਦਾ ਪਾਉਣ ਦੇ ਦੋਸ਼ ਲਾਏ ਹਨ।




ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਸਿੰਜਾਈ ਵਿਭਾਗ ਵਿਚ ਚੰਮ ਦੀਆਂ ਚਲਾਉਣ ਵਾਲੇ ਤੇ ਇਕ ਹਜ਼ਾਰ ਕਰੋੜ ਰੁਪਏ ਦਾ ਘਪਲਾ ਕਰਨ ਵਾਲੇ ਗੁਰਿੰਦਰ 'ਭਾਪਾ' ਤੇ ਪੁੱਡਾ, ਗਮਾਡਾ ਵਿਚ 1200 ਕਰੋੜ ਰੁਪਏ ਦਾ ਘਪਲਾ ਕਰਨ ਵਾਲੇ ਸੁਰਿੰਦਰ ਸਿੰਘ ਪਹਿਲਵਾਨ ਨੂੰ ਤਾਂ ਹੱਥ ਪਾ ਲਿਆ ਜਾਂਦਾ ਹੈ ਪਰ ਇਨ੍ਹਾਂ ਦੋਹਾਂ ਘਪਲੇਬਾਜ਼ਾਂ ਦੀ ਪੁਸ਼ਤਪਨਾਹੀ ਕਰਨ ਵਾਲਿਆਂ ਨੂੰ ਪੁੱਛਿਆ ਤੱਕ ਨਹੀਂ ਜਾ ਰਿਹਾ

## ਸਿੱਧੂ ਤੇ ਮਜੀਠੀਆ ਦੇ ਕੁਬੋਲਾਂ ਦੀ ਚਰਚਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸਥਾਨਕ ਸਰਕਾਰਾਂ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਇਕ-ਦੂਸਰੇ ਵਿਰੁੱਧ ਮਾੜੀ ਭਾਸ਼ਾ ਵਰਤ ਕੇ ਸਦਨ ਦੀ ਪਵਿੱਤਰਤਾ ਨੂੰ ਸ਼ਰਮਸਾਰ ਕੀਤਾ। ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨੇ ਦੋਵਾਂ ਵੱਲੋਂ ਨਿਰੰਤਰ ਸਦਨ ਵਿਚ ਬੋਲੇ ਜਾ ਰਹੇ ਨਾ-ਸੁਣਨਯੋਗ ਸ਼ਬਦਾਂ ਦਾ ਮੁੱਦਾ ਸਪੀਕਰ ਕੋਲ ਉਠਾਇਆ ਪਰ ਦੂਜੇ ਪਾਸੇ ਹਾਊਸ ਵਿਚ ਮੌਜੂਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੋਹਾਂ ਦੇ ਕੁਬੋਲਾਂ ਨੂੰ ਚੁੱਪ ਕਰ ਕੇ ਸੁਣਦੇ ਰਹੇ।

ਜਦੋਂ ਸ੍ਰੀ ਸਿੱਧੂ ਪ੍ਰਸ਼ਨ ਕਾਲ ਦੌਰਾਨ ਵਿਧਾਇਕ ਪਵਨ ਕੁਮਾਰ ਆਦੀਆ ਦੇ ਸ਼ਾਮ ਚੁਰਾਸੀ ਦੇ ਕਸਬੇ ਹਰਿਆਣਾ ਵਿਚਲੇ ਬੱਸ ਅੱਡੇ ਨੂੰ ਬਣਾਉਣ ਬਾਰੇ ਜਵਾਬ ਦੇ ਰਹੇ ਸਨ ਤਾਂ ਉਸ ਵੇਲੇ ਸ੍ਰੀ ਮਜੀਠੀਆ ਵੱਲੋਂ ਟੋਕਣ ਕਾਰਨ ਤਕਰਾਰ ਪੈਦਾ ਹੋ ਗਿਆ। ਸਪੀਕਰ ਨੇ ਦੋਵਾਂ ਨੂੰ ਚੁੱਪ ਕਰਵਾਉਣ ਦਾ ਯਤਨ ਕੀਤਾ ਅਤੇ ਦੋਵਾਂ ਵੱਲੋਂ ਵਰਤੇ ਇਤਰਾਜ਼ਯੋਗ ਸ਼ਬਦ ਕਾਰਵਾਈ ਵਿਚੋਂ ਕਟਵਾ ਦਿੱਤੇ।

# ਪੰਜਾਬ ਪੁਲਿਸ ਨੇ ਹੀ ਨਾ ਲੱਗਣ ਦਿੱਤੇ ਨਸ਼ਿਆਂ ਖਿਲਾਫ ਮੁਹਿੰਮ ਦੇ ਪੈਰ

## ਕੈਗ ਦੀ ਰਿਪੋਰਟ ਵਿਚ ਪੁਲਿਸ ਦੀ ਕਾਰਗੁਜ਼ਾਰੀ 'ਤੇ ਉਠੇ ਸਵਾਲ

**ਚੰਡੀਗੜ੍ਹ:** ਇਹ ਗੱਲ ਹੁਣ ਖੁੱਲ੍ਹ ਕੇ ਸਾਹਮਣੇ ਆਉਣ ਲੱਗੀ ਹੈ ਕਿ ਪੰਜਾਬ ਵਿਚ ਨਸ਼ਿਆਂ ਖਿਲਾਫ ਮੁਹਿੰਮਾਂ ਦੇ ਪੰਜਾਬ ਪੁਲਿਸ ਨੇ ਹੀ ਪੈਰ ਨਹੀਂ ਲੱਗਣ ਦਿੱਤੇ। ਕੰਪਟਰੋਲਰ ਤੇ ਆਡੀਟਰ ਜਨਰਲ (ਕੈਗ) ਦੀ ਸਾਲ 2016-17 ਦੀ ਆਡਿਟ ਰਿਪੋਰਟ ਵਿਚ ਪੁਲਿਸ ਦੀ ਨਾਲਾਇਕ ਬਾਰੇ ਵੱਡੇ ਖੁਲਾਸਾ ਕੀਤੇ ਹਨ। ਰਿਪੋਰਟ ਅਨੁਸਾਰ ਪਿਛਲੇ ਵਰ੍ਹੇ ਨਸ਼ਾ ਤਸਕਰੀ ਨਾਲ ਸਬੰਧਤ ਕੇਸਾਂ ਵਿਚੋਂ ਜਿਹੜੇ 756 ਮੁਲਜ਼ਮ ਬਰੀ ਹੋਏ, ਉਨ੍ਹਾਂ ਵਿਚੋਂ 532 ਭਾਵ 70 ਫੀਸਦੀ ਪੁਲਿਸ ਮੁਲਾਜ਼ਮਾਂ ਦੀਆਂ ਨੁਕਸਦਾਰ ਗਵਾਹੀਆਂ ਕਾਰਨ ਦੋਸ਼ ਮੁਕਤ ਕਰਾਰ ਦਿੱਤੇ ਗਏ। ਇਹ ਰਿਪੋਰਟ ਦੱਸਦੀ ਹੈ ਕਿ ਨਸ਼ਾ ਤਸਕਰਾਂ ਤੇ ਪੁਲਿਸ ਮੁਲਾਜ਼ਮਾਂ ਦਰਮਿਆਨ ਜਾਂ ਤਾਂ ਵੱਡੀ ਹੱਦ ਤੱਕ ਮਿਲੀਭੁਗਤ ਸੀ ਅਤੇ ਜਾਂ ਫਿਰ ਪੁਲਿਸ ਨੇ ਨਿਰਦੋਸ਼ ਬੰਦੇ ਫੜ ਕੇ ਮੁਕੱਦਮੇ ਬਣਾ ਦਿੱਤੇ। ਇਨ੍ਹਾਂ ਕਾਰਨਾਂ ਕਰ ਕੇ ਹੀ ਪੰਜਾਬ ਵਿਚ ਨਸ਼ਾਖੋਰੀ ਅਤੇ ਨਸ਼ਿਆਂ ਦਾ ਕਾਰੋਬਾਰ ਘਟਣ ਦਾ ਨਾਂ ਨਹੀਂ ਲੈ ਰਿਹਾ।

ਇਹ ਰਿਪੋਰਟ ਅਕਾਲੀ-ਭਾਜਪਾ ਸਰਕਾਰ ਦੇ ਆਖਰੀ ਸਾਲ ਸੀ। ਇਹ ਵੀ ਦੱਸਿਆ ਗਿਆ ਹੈ ਹਾਲਾਤ ਹੁਣ ਵੀ ਉਸੇ ਤਰ੍ਹਾਂ ਹਨ। ਦਰਅਸਲ, ਨਵੀਂ ਸਰਕਾਰ ਦੀ ਆਮਦ ਦੇ ਬਾਵਜੂਦ ਪੁਲਿਸ ਦੇ ਕੰਮ-ਢੰਗ ਵਿਚ ਵੀ ਕੋਈ ਤਬਦੀਲੀ ਨਹੀਂ ਆਈ। 'ਕੈਗ' ਰਿਪੋਰਟ ਅਨੁਸਾਰ ਸਾਲ 2016-17 ਦੌਰਾਨ ਐਨ.ਡੀ.ਪੀ.ਐਸ. ਐਕਟ ਦੇ ਤਹਿਤ ਦਰਜ ਕੇਸਾਂ ਨਾਲ ਸਬੰਧਤ ਨਸ਼ਿਆਂ ਦੇ ਨਮੂਨੇ 23 ਤੋਂ 476 ਦਿਨ ਬਾਅਦ ਪ੍ਰਯੋਗਸ਼ਾਲਾਵਾਂ ਵਿਚ ਪਰਖ ਲਈ ਭੇਜੇ ਗਏ। ਜਦੋਂ ਸੈਂਪਲ ਇੰਨੇ ਦਿਨਾਂ ਤੱਕ ਥਾਣਿਆਂ ਅੰਦਰ ਪਏ ਰਹਿਣਗੇ ਤਾਂ ਉਨ੍ਹਾਂ ਨਾਲ ਛੇੜਛਾੜ ਹੋਣ ਦੀ ਗੁੰਜਾਇਸ਼ ਹਰ ਸਮੇਂ ਬਣੀ ਰਹੇਗੀ। ਇਹ ਦੇਰੀ 33 ਫੀਸਦੀ ਮੁਲਜ਼ਮਾਂ ਦੇ ਬਰੀ ਹੋਣ ਵਿਚ ਸਹਾਈ ਹੋਈ। 'ਕੈਗ' ਰਿਪੋਰਟ ਇਹ ਵੀ ਖੁਲਾਸਾ ਕਰਦੀ ਹੈ ਕਿ ਨਸ਼ਿਆਂ ਦੇ ਕਾਰੋਬਾਰ ਨੂੰ ਠੱਲ੍ਹਣ ਵਿਚ ਰਾਜਾਂ ਦੀ ਸਹਾਇਤਾ ਕਰਨ ਦੀ ਸਕੀਮ ਦਾ ਪੰਜਾਬ ਸਰਕਾਰ ਨੇ 2014 ਵਿਚ ਲਾਹਾ ਲੈਣਾ ਸ਼ੁਰੂ ਕੀਤਾ ਜਦੋਂ ਕਿ ਸਕੀਮ 2009 ਵਿਚ ਸ਼ੁਰੂ ਹੋ ਗਈ ਸੀ। ਜ਼ਿਕਰਯੋਗ ਹੈ ਕਿ 2014 ਵਿਚ ਜਦੋਂ ਇਸ ਸਕੀਮ ਅਧੀਨ ਮਾਇਕ ਸਹਾਇਤਾ ਲਈ ਕੇਂਦਰ ਨੂੰ ਬੇਨਤੀ ਕੀਤੀ ਗਈ, ਉਦੋਂ ਤੱਕ ਪੰਜਾਬ ਦੇ ਹੁਕਮਰਾਨ ਗੱਠਜੋੜ ਨੂੰ ਸਭ ਪਾਸੇ 'ਚਿੱਟਾ ਚਿੱਟਾ' ਕਰਨ ਬਦਲੇ ਵੋਟਰਾਂ ਹੱਥੋਂ ਲੋਕ ਸਭਾ ਚੋਣਾਂ ਵਿਚ ਕਰਾਰੀ ਮਾਰ ਪੈ ਚੁੱਕੀ ਸੀ।

ਦੱਸ ਦਈਏ ਕਿ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਰੈਲੀਆਂ ਵਿਚ ਗੁਟਕਾ ਸਾਹਿਬ ਹੱਥ ਵਿਚ ਲੈ ਕੇ ਤਿੰਨ ਮਹੀਨਿਆਂ ਅੰਦਰ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਸਹੁੰ ਖਾਧੀ ਸੀ।

## ਪੁਲਿਸ ਦੇ ਹੱਕ ਵਿਚ ਨਿੱਤਰੇ ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਆਡਿਟ ਵਿਭਾਗ ਵੱਲੋਂ ਪੇਸ਼ ਕੀਤੀ ਰਿਪੋਰਟ ਵਿਚ ਨਸ਼ੇ ਖਿਲਾਫ ਲੜਨ ਲਈ ਪੰਜਾਬ ਪੁਲਿਸ ਦੀ ਤਿਆਰੀ 'ਚ ਘਾਟ ਦੱਸੇ ਜਾਣ ਉਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਰਿਪੋਰਟ ਪੁਰਾਣੇ ਤੱਥਾਂ ਉਤੇ ਅਧਾਰਤ ਹੈ, ਜਦਕਿ ਪੰਜਾਬ ਪੁਲਿਸ ਕੋਲ ਨਸ਼ੇ ਖਿਲਾਫ ਲੜਾਈ ਲੜਨ ਲਈ ਹਰ ਸਹੂਲਤ ਮੌਜੂਦ ਹੈ। ਮੁੱਖ ਮੰਤਰੀ ਨੇ ਸਫਾਈ ਦਿੰਦਿਆਂ ਕਿਹਾ ਕਿ"ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਅਸੀਂ ਸਪੈਸ਼ਲ ਟਾਸਕ ਫੋਰਸ ਬਣਾਈ ਹੈ, ਜੋ ਕਿ ਆਪਣਾ ਕੰਮ ਠੀਕ ਕਰ ਰਹੀ ਹੈ।






## ਸਾਬਕਾ ਡੀ.ਐਸ.ਪੀ. 15 ਕਿਲੋ ਅਫੀਮ ਸਣੇ ਗ੍ਰਿਫਤਾਰ

**ਮੁਹਾਲੀ:** ਪੰਜਾਬ ਪੁਲਿਸ ਦੀ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਵੱਲੋਂ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪਿੰਡ ਤਾਣਾ ਵਿਚ ਨਾਕਾ ਲਾ ਕੇ ਪੰਜਾਬ ਪੁਲਿਸ ਦੇ ਸਾਬਕਾ ਡੀ.ਐਸ.ਪੀ., ਡੇਰੇ ਦੇ ਮੁਖੀ ਅਤੇ ਇਕ ਹੋਰ ਵਿਅਕਤੀ ਨੂੰ 15 ਕਿੱਲੋ ਅਫੀਮ (ਤਰਲ) ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਮੁਲਜ਼ਮਾਂ ਦੀ ਪਛਾਣ ਸਾਬਕਾ ਡੀ.ਐਸ.ਪੀ. ਹਕੀਕਤ ਰਾਏ, ਡੇਰਾ ਮੁਖੀ ਬਿਕਰਮ ਨਾਥ ਅਤੇ ਸਵਰਨ ਸਿੰਘ ਵਜੋਂ ਹੋਈ ਹੈ।

# ਭਾਰਤ 'ਚ ਨਸ਼ਿਆਂ ਦੀ ਬਰਾਮਦਗੀ ਹੱਦਾਂ ਟੱਪੀ

**ਨਵੀਂ ਦਿੱਲੀ:** ਕੌਮੀ ਅਪਰਾਧ ਬਿਊਰੋ (ਐਨ.ਸੀ.ਬੀ.) ਦੀ ਤਾਜ਼ਾ ਰਿਪੋਰਟ ਮੁਤਾਬਕ ਦੇਸ਼ ਵਿਚ ਅਫੀਮ, ਹੈਰੋਇਨ ਤੇ ਕੈਨਾਬੀਜ਼ ਜਿਹੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਪਿਛਲੇ ਪੰਜ ਸਾਲਾਂ ਵਿਚ 300 ਫੀਸਦੀ ਤੋਂ ਜ਼ਿਆਦਾ ਵਧੀ ਗਈ ਹੈ। ਪਿਛਲੇ ਪੰਜ ਸਾਲਾਂ ਵਿਚੋਂ 2017 ਵਿਚ ਨਸ਼ੀਲੇ ਪਦਾਰਥਾਂ ਦੀ ਸਭ ਤੋਂ ਵੱਧ ਬਰਾਮਦਗੀ ਹੋਈ ਜੋ 3.6 ਲੱਖ ਕਿਲੋਗ੍ਰਾਮ ਹੈ।

ਐਨ.ਸੀ.ਬੀ. ਦੀ ਰਿਪੋਰਟ ਮੁਤਾਬਕ ਪਿਛਲੇ ਪੰਜ ਸਾਲਾਂ ਵਿਚ ਦੇਸ਼ ਦੀਆਂ ਵੱਖ-ਵੱਖ ਏਜੰਸੀਆਂ ਨੇ 2,551 ਕਿਲੋ ਅਫੀਮ (ਹੈਰੋਇਨ ਬਣਾਉਣ ਲਈ ਵਰਤੋਂ), 2,146 ਕਿਲੋ ਹੈਰੋਇਨ, 3,52,379 ਕਿਲੋਗ੍ਰਾਮ ਕੈਨਬੀਜ (ਭੰਗ ਦੀ ਬੂਟੀ), 3,218 ਕਿਲੋਗ੍ਰਾਮ ਹਸ਼ੀਸ਼ (ਕੈਨਾਬੀਜ਼ ਰਾਈਨ) ਤੇ 69 ਕਿਲੋਗ੍ਰਾਮ ਕੋਕੀਨ (ਇਸ ਨਸ਼ੀਲੇ ਪਦਾਰਥਾਂ ਦੀ ਭਾਰਤ ਵਿਚ ਮੁੱਖ ਤੌਰ 'ਤੇ ਤਸਕਰੀ ਪਾਰਟੀਆਂ ਵਿਚ ਹੁੰਦੀ ਹੈ) ਜ਼ਬਤ ਕੀਤੀ ਸੀ।

ਪਿਛਲੇ ਸਾਲ 3.60 ਲੱਖ ਕਿਲੋਗ੍ਰਾਮ ਤੋਂ ਵੱਧ ਨਸ਼ੀਲੇ ਪਦਾਰਥ ਬਰਾਮਦ ਹੋਏ, ਜਦਕਿ 2016 ਵਿਚ ਇਹ 3.01 ਲੱਖ ਕਿਲੋਗ੍ਰਾਮ ਸੀ, 2015 ਵਿਚ 1 ਲੱਖ ਕਿਲੋਗ੍ਰਾਮ, 2014 ਵਿਚ 1.1 ਲੱਖ ਕਿਲੋਗ੍ਰਾਮ ਤੇ 2013 ਵਿਚ ਇਕ ਲੱਖ ਕਿਲੋਗ੍ਰਾਮ ਸੀ। ਪਿਛਲੇ 5 ਸਾਲਾਂ ਵਿਚ ਇਨ੍ਹਾਂ ਗੈਰ ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਮਾਮਲਿਆਂ ਦੀ ਗਿਣਤੀ ਸਭ ਤੋਂ ਵੱਧ ਹੈ। ਸਭ ਰਾਜਾਂ ਤੇ ਏਜੰਸੀਆਂ ਦੇ ਅੰਕੜਿਆਂ ਨੂੰ ਇਕੱਠਾ ਕਰਨ ਤੋਂ ਬਾਅਦ ਤਾਜ਼ਾ ਰਿਪੋਰਟ ਪੇਸ਼ ਕੀਤੀ ਗਈ ਹੈ। ਇਸ ਦਾ ਖੁਲਾਸਾ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕੀਤਾ। ਹਸ਼ੀਸ਼ ਤੇ ਕੋਕੀਨ ਨੂੰ ਛੱਡ ਕੇ, ਬਾਕੀ ਸਾਰੇ ਨਸ਼ੀਲੇ ਪਦਾਰਥਾਂ ਨੂੰ ਪਿਛਲੇ 5 ਸਾਲਾਂ ਦੌਰਾਨ, 2017 ਵਿਚ ਸਭ ਤੋਂ ਵੱਧ ਬਰਾਮਦਗੀ ਕੀਤੀ ਗਈ। ਸੀਨੀਅਰ ਅਧਿਕਾਰੀ ਨੇ ਕਿਹਾ, ਪਿਛਲੇ ਪੰਜ ਸਾਲਾਂ ਵਿਚ ਹੋਈਆਂ ਬਰਾਮਦਗੀਆਂ ਦਾ 2017 ਵਿਚ ਹੋਈ ਰਿਕਵਰੀ ਨਾਲ ਕੋਈ ਮੇਲ ਨਹੀਂ।"

ਪਿਛਲੇ ਸਾਲ ਸੂਬਿਆਂ ਵਿਚ ਪੰਜਾਬ ਤੋਂ 505.86 ਕਿਲੋਗ੍ਰਾਮ ਅਫੀਮ ਜਬਤ ਕੀਤੀ ਗਈ। ਇਸ ਤੋਂ ਬਾਅਦ ਰਾਜਸਥਾਨ 426.95 ਕਿਲੋਗ੍ਰਾਮ ਸੀ, ਜਦੋਂਕਿ ਗੁਜਰਾਤ ਵਿਚ 1,017 ਕਿਲੋਗ੍ਰਾਮ ਹੈਰੋਇਨ ਜਬਤ ਕੀਤੀ ਗਈ। ਪੰਜਾਬ ਵਿਚ 406 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ। ਆਂਧਰਾ ਪ੍ਰਦੇਸ਼ ਵਿਚ 78,767 ਕਿਲੋਗ੍ਰਾਮ ਕੈਨਾਬਿਸ ਬਰਾਮਦ ਹੋਇਆ, ਜਦਕਿ 2017 ਵਿਚ ਉੜੀਸਾ 55,875 ਕਿਲੋਗ੍ਰਾਮ ਹੋਇਆ।

ਉਤਰ ਪ੍ਰਦੇਸ਼ ਵਿਚ ਸਭ ਤੋਂ ਵੱਧ ਹਸ਼ੀਸ਼ (ਜੋ ਚਰਸ ਵਜੋਂ ਵੀ ਜਾਣਿਆ ਜਾਂਦਾ ਹੈ) 702 ਕਿਲੋਗ੍ਰਾਮ ਫੜਿਆ ਗਿਆ, ਜਦੋਂਕਿ ਮੱਧ ਪ੍ਰਦੇਸ਼ 625 ਕਿਲੋਗ੍ਰਾਮ ਹੈ। ਦਿੱਲੀ ਵਿਚ 30 ਕਿਲੋ ਕੋਕੀਨ ਸਭ ਤੋਂ ਵੱਧ ਜ਼ਬਤ ਕੀਤੀ ਮਹਾਰਾਸ਼ਟਰ ਵਿਚ 21.83 ਕਿਲੋਗ੍ਰਾਮ ਜ਼ਬਤ ਹੋਈ। ਰਿਪੋਰਟ ਵਿਚ ਇਹ ਵੀ ਗੱਲ ਦੱਸੀ ਗਈ ਹੈ ਕਿ 2017 ਕਿਸ ਤਰੀਕੇ ਨਾਲ ਨਸ਼ੇ ਦੀ ਤਸਕਰੀ ਕੀਤੀ ਜਾਂਦੀ ਸੀ।

ਅਫੀਮ ਮਨੀਪੁਰ, ਝਾਰਖੰਡ, ਬਿਹਾਰ, ਰਾਜਸਥਾਨ, ਉਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਤੋਂ ਦੇਸ਼ ਦੇ ਹੋਰ ਹਿੱਸਿਆਂ ਵਿਚ ਫੈਲਾਈ ਜਾਂਦੀ ਹੈ, ਜਦੋਂਕਿ ਭਾਰਤ ਵਿਚ ਹੈਰੋਇਨ ਦੀ ਵੱਡੀ ਖੇਪ ਪੰਜਾਬ ਤੇ ਜੰਮੂ-ਕਸ਼ਮੀਰ ਵਿਚ ਭਾਰਤ-ਪਾਕਿਸਤਾਨ ਸਰਹੱਦ ਰਾਹੀਂ ਦੇਸ਼ ਵਿਚ ਪਹੁੰਚਾਈ ਜਾਂਦੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਜੰਮੂ-ਕਸ਼ਮੀਰ ਤੋਂ ਮਹਾਰਾਸ਼ਟਰ, ਰਾਜਸਥਾਨ, ਗੋਆ ਤੇ ਗੁਜਰਾਤ ਵਿਚ ਚਰਸ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੋਕੀਨ ਜ਼ਿਆਦਾਤਰ ਹਵਾਈ ਅੱਡੇ ਬਰਾਮਦ ਹੋਈ ਹੈ।

# ਅਕਾਲੀ ਆਗੂ ਨੂੰ ਭੁਲੇਖੇ ਨਾਲ ਮਾਰਨ ਵਾਲੇ ਮੁਲਾਜ਼ਮ ਦੋਸ਼ੀ ਕਰਾਰ

**ਅੰਮ੍ਰਿਤਸਰ:** ਜੂਨ 2015 ਵਿਚ ਭੁਲੇਖੇ ਨਾਲ ਗੋਲੀਆਂ ਮਾਰ ਕੇ ਹਲਾਕ ਕੀਤੇ ਅਕਾਲੀ ਆਗੂ ਮੁਖਜੀਤ ਸਿੰਘ ਮੁੱਖਾ ਮਾਮਲੇ ਵਿਚ ਅਦਾਲਤ ਵੱਲੋਂ 9 ਪੁਲਿਸ ਕਰਮਚਾਰੀਆਂ ਖਿਲਾਫ ਦੋਸ਼ ਆਇਦ ਕੀਤੇ ਗਏ ਹਨ।

ਇਨ੍ਹਾਂ ਪੁਲਿਸ ਕਰਮਚਾਰੀਆਂ ਵਿਚ ਸਬ ਇੰਸਪੈਕਟਰ ਰਮੇਸ਼ ਕੁਮਾਰ, ਏ.ਐਸ.ਆਈ. ਜੋਗਿੰਦਰ ਸਿੰਘ, ਹੈੱਡ ਕਾਂਸਟੇਬਲ ਰਜੇਸ਼ ਕੁਮਾਰ, ਜਸਬੀਰ ਸਿੰਘ, ਸੰਦੀਪ ਕੁਮਾਰ, ਰਣਬੀਰ ਸਿੰਘ, ਰਾਜ ਕੁਮਾਰ ਅਤੇ ਕਾਂਸਟੇਬਲ ਨਵਜੋਤ ਸਿੰਘ ਤੇ ਸਤਿੰਦਰ ਸਿੰਘ ਸ਼ਾਮਲ ਹਨ। ਅਦਾਲਤ ਵੱਲੋਂ ਕੇਸ ਸਬੰਧੀ ਅਗਲੀ ਸੁਣਵਾਈ 12 ਅਪਰੈਲ ਨੂੰ ਕੀਤੀ ਜਾਵੇਗੀ। ਇਸ ਕੇਸ ਵਿਚ ਕਾਰਵਾਈ ਕਰਦਿਆਂ ਪੁਲਿਸ ਵੱਲੋਂ 2016 ਵਿਚ 9 ਪੁਲਿਸ ਕਰਮਚਾਰੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਪੁਲਿਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਇਹ ਕਾਰਵਾਈ ਗਲਤ ਸ਼ਨਾਖਤ ਕਾਰਨ ਹੋਈ ਹੈ। ਪੁਲਿਸ ਵੱਲੋਂ ਕਿਸੇ ਗੈਂਗਸਟਰ 'ਤੇ ਗੋਲੀ ਚਲਾਈ ਗਈ ਸੀ, ਨਾ ਕਿ ਅਕਾਲੀ ਆਗੂ ਉਤੇ। ਪੀੜਤ ਪਰਿਵਾਰ ਵੱਲੋਂ ਪੁਲਿਸ ਦੇ ਇਸ ਪੱਖ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਸਥਾਨਕ ਅਦਾਲਤ ਵਿਚ ਅਰਜ਼ੀ ਦਾਇਰ ਕਰ ਕੇ ਪੁਲਿਸ ਕਰਮਚਾਰੀਆਂ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ ਸੀ। ਪਰਿਵਾਰ ਨੇ ਦੋਸ਼ ਲਾਇਆ ਸੀ ਕਿ ਇਹ ਯੋਜਨਾਬੱਧ ਢੰਗ ਨਾਲ ਕੀਤਾ ਕਤਲ ਹੈ।

ਮਾਮਲੇ ਦੀ ਜਾਂਚ ਲਈ ਸਰਕਾਰ ਵੱਲੋਂ ਉਸ ਵੇਲੇ ਦੇ ਆਈ.ਜੀ. ਨਾਗੇਸ਼ਵਰ ਰਾਓ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਬਣਾਈ ਸੀ, ਜਿਸ ਨੇ ਆਪਣੀ ਜਾਂਚ ਵਿਚ ਇਨ੍ਹਾਂ ਪੁਲਿਸ ਕਰਮਚਾਰੀਆਂ ਖਿਲਾਫ ਕਾਰਵਾਈ ਦੀ ਸਿਫਾਰਸ਼ ਕੀਤੀ ਸੀ। ਮਗਰੋਂ ਅਗਸਤ 2017 ਵਿਚ ਸਥਾਨਕ ਅਦਾਲਤ ਵੱਲੋਂ ਇਨ੍ਹਾਂ ਕਰਮਚਾਰੀਆਂ ਨੂੰ ਸੰਮਨ ਜਾਰੀ ਕੀਤੇ ਗਏ ਸਨ। ਦੱਸਣਯੋਗ ਹੈ ਕਿ ਪੁਲਿਸ ਦੇ ਨਾਰਕੋਟਿਕਸ ਵਿੰਗ ਦੀ ਟੀਮ ਵੱਲੋਂ ਜੂਨ 2015 ਦੀ ਸ਼ਾਮ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਮੁਖਜੀਤ ਸਿੰਘ ਮੁੱਖਾ ਨੂੰ ਪਿੰਡ ਮੁਧਲ ਨੇੜੇ ਗੋਲੀਆਂ ਮਾਰੀਆਂ ਗਈਆਂ ਸਨ। ਪੁਲਿਸ ਨੇ ਦਾਅਵਾ ਕੀਤਾ ਸੀ ਕਿ ਇਹ ਹਮਲਾ ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਕਾਰ 'ਤੇ ਕੀਤਾ ਸੀ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਪੀ.ਐਨ.ਬੀ. ਨੂੰ ਘਪਲੇ ਕਾਰਨ 14500 ਕਰੋੜ ਦਾ ਨੁਕਸਾਨ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸੰਸਦ ਵਿਚ ਕਿਹਾ ਹੈ ਕਿ ਚਾਲੂ ਮਾਲੀ ਸਾਲ ਦੌਰਾਨ ਹੁਣ ਤੱਕ ਕੌਮੀਕ੍ਰਿਤ ਪੰਜਾਬ ਨੈਸ਼ਨਲ ਬੈਂਕ (ਪੀ.ਐਨ.ਬੀ.) ਨੂੰ ਘਪਲੇ ਕਾਰਨ 14500 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਵਿੱਤ ਰਾਜ ਮੰਤਰੀ ਸ਼ਿਵ ਪ੍ਰਤਾਪ ਸ਼ੁਕਲਾ ਨੇ ਰਾਜ ਸਭਾ ਵਿਚ ਕਿਹਾ ਕਿ ਇਸ ਨੂੰ ਘਪਲੇਬਾਜ਼ੀਆਂ ਕਾਰਨ ਮਾਲੀ ਸਾਲ 2015-16 ਵਿਚ 341.03 ਕਰੋੜ, 2016-17 'ਚ 2633.82 ਕਰੋੜ ਰੁਪਏ ਅਤੇ ਮਾਲੀ ਸਾਲ 2017-18 ਵਿਚ (ਹੁਣ ਤੱਕ) 14506.39 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਵਰਣਨਯੋਗ ਹੈ ਕਿ ਇਸ ਘਪਲੇ ਕਾਰਨ ਕੇਂਦਰ ਸਰਕਾਰ ਕਸੂਤੀ ਫਸੀ ਹੋਈ ਹੈ।

## ਜ਼ੈਨਬ ਦੇ ਹਥਿਆਰੇ ਦੀ ਸਜ਼ਾ-ਏ-ਮੌਤ ਬਰਕਰਾਰ

**ਲਾਹੌਰ:** ਸੱਤ ਸਾਲਾਂ ਦੀ ਬੱਚੀ ਜ਼ੈਨਬ ਨਾਲ ਜਬਰ ਜਨਾਹ ਮਗਰੋਂ ਉਸ ਦੀ ਹੱਤਿਆ ਕਰਨ ਦੇ ਦੋਸ਼ੀ ਇਮਰਾਨ ਅਲੀ (23) ਨੂੰ ਅਤਿਵਾਦ ਵਿਰੋਧੀ ਅਦਾਲਤ ਵੱਲੋਂ ਦਿੱਤੀ ਗਈ ਸਜ਼ਾ-ਏ-ਮੌਤ ਨੂੰ ਲਾਹੌਰ ਹਾਈ ਕੋਰਟ ਨੇ ਬਹਾਲ ਰੱਖਿਆ ਹੈ। ਅਲੀ ਨੂੰ ਘਟਨਾ ਦੇ ਦੋ ਹਫਤਿਆਂ ਮਗਰੋਂ ਜਨਵਰੀ 'ਚ ਗ੍ਰਿਫਤਾਰ ਕੀਤਾ ਗਿਆ ਸੀ।

# ਭਾਰਤ ਅਜੇ ਵੀ ਸਾਫ ਪਾਣੀ ਮੁਹੱਈਆ ਕਰਵਾਉਣ ਵਿਚ ਨਾਕਾਮ

**ਚੰਡੀਗੜ੍ਹ:** ਆਜ਼ਾਦੀ ਦੇ ਸੱਤ ਦਹਾਕਿਆਂ ਮਗਰੋਂ ਵੀ ਭਾਰਤ ਦੇਸ਼ ਦੇ ਨਾਗਰਿਕਾਂ ਨੂੰ ਸਾਫ



ਪਾਣੀ ਮੁਹੱਈਆ ਨਹੀਂ ਕਰਵਾ ਸਕਿਆ। ਵਿਸ਼ਵ ਜਲ ਦਿਵਸ ਮੌਕੇ ਜਾਰੀ ਰਿਪੋਰਟ ਵਿਚ ਇਹ ਖੁਲਾਸਾ ਹੋਇਆ ਹੈ। ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਯੂਗਾਂਡਾ, ਨਾਈਜਰ, ਮੋਜ਼ੰਬੀਕ, ਭਾਰਤ ਤੇ ਪਾਕਿਸਤਾਨ ਅਜਿਹੇ ਮੁਲਕਾਂ ਵਿਚ ਸ਼ੁਮਾਰ ਹਨ ਜਿਥੇ ਵੱਡੀ ਗਿਣਤੀ ਵਿਚ ਲੋਕਾਂ ਨੂੰ ਅੱਧੇ ਘੰਟੇ ਦੇ ਸਫਰ ਮਗਰੋਂ ਵੀ ਸਾਫ ਪਾਣੀ ਮਿਲਣਾ ਮੁਸ਼ਕਲ ਹੈ।

ਵਾਟਰਏਡਸ ਦੀ ਰਿਪੋਰਟ ਮੁਤਾਬਕ 16.3 ਕਰੋੜ ਲੋਕਾਂ ਕੋਲ ਸਾਫ ਪੀਣ ਵਾਲੇ ਪਾਣੀ ਦੀ ਪਹੁੰਚ ਨਹੀਂ ਹੈ ਤੇ ਇਹ ਗਿਣਤੀ ਪਿਛਲੇ ਸਾਲ ਵਧੀ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਨੂੰ 2022 ਤੱਕ ਹਰ ਘਰ ਸਾਫ ਪੀਣ ਵਾਲਾ ਪਾਣੀ ਮੁਹੱਈਆ ਕਰਾਉਣ ਦੇ ਆਪਣੇ ਟੀਚੇ ਲਈ ਵਾਤਾਵਰਨ ਬਦਲਾਅ, ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਤੇ ਪ੍ਰਦੂਸ਼ਣ ਸਮੇਤ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਵਾਤਾਵਰਨ ਤਬਦੀਲੀ ਕਰ ਕੇ ਮੌਸਮ ਹੋਰ ਖਰਾਬ ਹੋਵੇਗਾ ਜਿਸ ਨਾਲ ਨਵੀਆਂ ਚੁਣੌਤੀਆਂ ਖੜ੍ਹੀਆਂ ਹੋਣਗੀਆਂ। ਪਿਛਲੇ ਸਾਲ ਨਵੰਬਰ ਵਿਚ ਭਾਰਤ ਨੇ ਆਪਣੇ ਦਿਹਾਤੀ ਜਲ ਪ੍ਰੋਗਰਾਮ 'ਚ ਬਦਲਾਅ ਕੀਤਾ ਸੀ ਤਾਂ ਜੋ ਹਰ ਪਿੰਡ ਦੇ 90 ਫੀਸਦੀ ਘਰਾਂ 'ਚ 2022 ਤੱਕ ਪਾਈਪਾਂ ਰਾਹੀਂ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾ ਸਕੇ।

ਰਿਪੋਰਟ 'ਚ ਇਹ ਵੀ ਦਰਸਾਇਆ ਗਿਆ ਹੈ ਕਿ ਦੁਨੀਆਂ ਦੇ ਸਭ ਤੋਂ ਵੱਧ ਆਬਾਦੀ ਵਾਲੇ ਮੁਲਕਾਂ- ਚੀਨ ਤੇ ਭਾਰਤ ਵਿਚ ਸਾਲ 2000 ਤੋਂ ਲੋਕਾਂ ਨੂੰ ਸਾਫ ਪਾਣੀ ਮੁਹੱਈਆ ਕਰਾਉਣ ਦੀ ਗਿਣਤੀ 'ਚ ਵਾਧਾ ਹੋਇਆ ਹੈ। ਭਾਰਤ 'ਚ 30 ਕਰੋੜ ਲੋਕਾਂ ਨੂੰ ਪਾਣੀ ਮੁਹੱਈਆ ਕਰਵਾਇਆ ਗਿਆ ਹੈ ਜਿਸ ਦੀ ਗਿਣਤੀ ਅਮਰੀਕਾ ਦੀ ਆਬਾਦੀ ਦੇ ਬਰਾਬਰ ਹੈ।

# ਚੀਫ ਖਾਲਸਾ ਦੀਵਾਨ ਚੋਣਾਂ 'ਚ ਪਤਿਤ ਵੋਟਾਂ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਦੀ ਚੋਣ ਪਿੱਛੋਂ ਪਤਿਤ ਸਿੱਖਾਂ ਨੂੰ ਵੋਟ ਪਾਉਣ ਦੀ ਛੋਟ ਦੇਣ ਦੇ ਦੋਸ਼ ਨਾਲ ਨਵਾਂ ਵਿਵਾਦ ਸ਼ੁਰੂ ਹੋ ਗਿਆ ਹੈ। ਦੀਵਾਨ ਦੇ ਲਗਭਗ 12 ਮੈਂਬਰਾਂ ਨੇ ਸੰਸਥਾ ਦੇ ਆਨਰੇਰੀ ਸਕੱਤਰ ਦੇ ਨਾਂ ਮੰਗ ਪੱਤਰ ਦੇ ਕੇ ਮੰਗ ਕੀਤੀ ਹੈ ਕਿ ਦੀਵਾਨ ਦੇ ਸੰਵਿਧਾਨ ਦੀ ਧਾਰਾ 23-ਅ ਤਹਿਤ ਮੀਟਿੰਗ ਸੱਦੀ ਜਾਵੇ। ਇਨ੍ਹਾਂ ਮੈਂਬਰਾਂ ਨੇ ਦੋਸ਼ ਲਾਇਆ ਕਿ 25 ਮਾਰਚ ਨੂੰ ਪਈਆਂ ਵੋਟਾਂ ਦੌਰਾਨ ਪਤਿਤ ਸਿੱਖਾਂ ਦੀਆਂ ਵੋਟਾਂ ਪੁਆਈਆਂ ਗਈਆਂ ਹਨ ਜਦੋਂਕਿ ਇਸ ਤੋਂ ਪਹਿਲਾਂ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਸੀ ਕਿ ਕਿਸੇ ਵੀ ਪਤਿਤ ਸਿੱਖ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੋਵੇਗਾ।

ਇਸ ਮਾਮਲੇ ਵਿਚ ਅਕਾਲ ਤਖਤ ਵੱਲੋਂ ਵੀ ਆਦੇਸ਼ ਕੀਤੇ ਗਏ ਸਨ ਕਿ ਸਿੱਖ ਰਹਿਤ ਮਰਿਆਦਾ ਅਤੇ ਦੀਵਾਨ ਦੇ ਸੰਵਿਧਾਨ ਅਨੁਸਾਰ ਹੀ ਵੋਟਾਂ ਪਾਈਆਂ ਜਾਣ। ਇਸ ਦੇ ਬਾਵਜੂਦ ਵੋਟਾਂ ਵਾਲੇ ਦਿਨ ਇਸ ਫੈਸਲੇ ਦੀ ਉਲੰਘਣਾ ਹੋਈ ਹੈ ਅਤੇ ਚੋਣ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ।

ਦੀਵਾਨ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਪੁਸ਼ਟੀ ਕਰਦਿਆਂ ਆਖਿਆ ਕਿ ਇਹ ਮੰਗ ਪੱਤਰ ਅਗਲੀ ਕਾਰਵਾਈ ਲਈ ਪ੍ਰਧਾਨ ਕੋਲ ਭੇਜ ਦਿੱਤਾ ਗਿਆ ਹੈ।

## ਬਾਲਗ ਪ੍ਰੇਮੀ ਜੋੜਿਆਂ ਦੇ ਹੱਕ ਵਿਚ ਵੱਡਾ ਫੈਸਲਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਅੰਤਰ-ਜਾਤੀ, ਅੰਤਰ-ਧਾਰਮਿਕ ਜਾਂ ਕਿਸੇ ਵੀ ਤਰ੍ਹਾਂ ਵਿਆਹੁਤਾ ਬੰਧਨ ਵਿਚ ਬੱਝਣ ਵਾਲੇ ਬਾਲਗਾਂ ਦੇ ਵਿਆਹ ਵਿਚ ਖਾਪ ਪੰਚਾਇਤਾਂ ਵਰਗੇ ਸਮੂਹਾਂ ਦੇ ਦਖਲ ਨੂੰ 'ਬਿਲਕੁਲ ਗੈਰਕਾਨੂੰਨੀ' ਕਰਾਰ ਦਿੱਤਾ ਹੈ।

ਆਪਣੇ ਵਿਆਹੁਤਾ ਰਿਸ਼ਤੇ ਕਾਰਨ ਖਤਰੇ ਦਾ ਸਾਹਮਣਾ ਕਰਨ ਵਾਲੇ ਅਜਿਹੇ ਜੋੜਿਆਂ ਨੂੰ ਭਾਰੀ ਰਾਹਤ ਦਿੰਦਿਆਂ ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ ਅਜਿਹੀਆਂ ਦਖਲਅੰਦਾਜ਼ੀਆਂ ਰੋਕਣ ਲਈ ਕੁਝ ਸੇਧਾਂ ਵੀ ਤੈਅ ਕੀਤੀਆਂ ਹਨ। ਬੈਂਚ ਨੇ ਆਪਣੇ ਹੁਕਮਾਂ ਵਿਚ ਕਿਹਾ ਕਿ ਇਸ ਵੱਲੋਂ ਤੈਅ ਸੇਧਾਂ ਇਸ ਸਬੰਧੀ ਅਦਾਲਤ ਵੱਲੋਂ ਢੁਕਵਾਂ ਕਾਨੂੰਨ ਬਣਾਏ ਜਾਣ ਤੱਕ ਅਮਲ ਵਿਚ ਰਹਿਣਗੀਆਂ। ਸੁਪਰੀਮ ਕੋਰਟ ਦਾ ਇਹ ਫੈਸਲਾ ਐਨ.ਜੀ.ਓ. ਸ਼ਕਤੀ ਵਾਹਿਨੀ ਵੱਲੋਂ ਦਾਇਰ ਲੋਕ ਹਿੱਤ ਪਟੀਸ਼ਨ ਉਤੇ ਆਇਆ ਹੈ, ਜਿਸ ਨੇ 2010 ਵਿਚ ਜੋੜਿਆਂ ਦੇ ਅਣਖ ਲਈ ਕਤਲਾਂ ਖਿਲਾਫ ਅਦਾਲਤ ਦੀ ਬੂਹਾ ਖੜਕਾਇਆ ਸੀ।

## ਬੰਦੂਕ ਨੀਤੀ ਖਿਲਾਫ ਜ਼ੋਰਦਾਰ ਮੁਹਿੰਮ

**ਵਾਸ਼ਿੰਗਟਨ:** ਅਮਰੀਕਾ ਵਿਚ ਬੰਦੂਕਾਂ ਉਤੇ ਕੰਟਰੋਲ ਦੀ ਮੰਗ ਸਬੰਧੀ ਸ਼ੁਰੂ ਹੋਏ ਪ੍ਰਦਰਸ਼ਨ ਇਤਿਹਾਸਕ ਮਾਰਚ ਵਿਚ ਬਦਲ ਗਏ। ਪਿਛਲੇ ਮਹੀਨੇ ਫਲੋਰੀਡਾ ਦੇ ਸਕੂਲ 'ਚ ਹੋਈ ਗੋਲੀਬਾਰੀ ਵਿਚ 17 ਬੱਚਿਆਂ ਦੀ ਮੌਤ ਤੋਂ ਬਾਅਦ ਵਾਸ਼ਿੰਗਟਨ ਵਿਚ ਇਹ ਹੁਣ ਤੱਕ ਦਾ ਦੁਨੀਆਂ ਦਾ ਸਭ ਤੋਂ ਵੱਡਾ ਮਾਰਚ ਨਿਕਲਿਆ। ਲੱਖਾਂ ਲੋਕਾਂ ਨੇ ਇਸ ਵਿਚ ਸ਼ਿਰਕਤ ਕੀਤੀ। ਇਸ ਮੌਕੇ ਵਾਸ਼ਿੰਗਟਨ ਡੀ.ਸੀ. ਵਿਚ ਵਿਦਿਆਰਥੀ ਆਗੂ ਐਮਾ ਗੋਂਜ਼ਾਲੇਜ਼ ਨੇ ਭਾਸ਼ਣ ਦਿੱਤਾ। ਵਾਸ਼ਿੰਗਟਨ ਤੋਂ ਇਲਾਵਾ ਪੂਰੇ ਅਮਰੀਕਾ ਵਿਚ 700 ਥਾਵਾਂ ਉਤੇ ਪ੍ਰਦਰਸ਼ਨ ਹੋਏ, ਇਸ ਤੋਂ ਇਲਾਵਾ ਏਡਨਬਰਗ, ਲੰਡਨ, ਜਨੇਵਾ, ਸਿਡਨੀ, ਟੋਕੀਓ, ਮੁੰਬਈ ਸਮੇਤ ਦੁਨੀਆਂ ਦੇ 100 ਸ਼ਹਿਰਾਂ ਵਿਚ ਬੰਦੂਕ ਕੰਟਰੋਲ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਹੋਏ।

ਰੋਸ ਪ੍ਰਦਰਸ਼ਨਾਂ 'ਚ ਵੱਡੀ ਗਿਣਤੀ ਵਿਚ ਸ਼ਾਮਲ ਨੌਜਵਾਨਾਂ ਤੇ ਬੱਚਿਆਂ ਨੇ ਹੱਥਾਂ ਵਿਚ 'ਬੱਚਿਆਂ ਦੀ ਸੁਰੱਖਿਆ ਕਰੋ ਨਾ ਕਿ ਬੰਦੂਕਾਂ ਦੀ' ਆਦਿ ਸ਼ਬਦਾਂ ਵਾਲੀਆਂ ਤਖਤੀਆਂ ਫੜੀਆਂ ਹੋਈਆਂ ਸਨ। ਵ੍ਹਾਈਟ ਹਾਊਸ ਦੇ ਬੁਲਾਰੇ ਜੈਕ ਪਾਰਕਿਨਸਨ ਨੇ ਵਿਦਿਆਰਥੀਆਂ ਦੀ ਤਾਰੀਫ ਕਰਦਿਆਂ ਕਿਹਾ ਕਿ ਅਸੀਂ ਉਨ੍ਹਾਂ ਹਿੰਮਤ ਵਾਲੇ ਅਮਰੀਕੀਆਂ ਦੀ ਤਾਰੀਫ ਕਰਦੇ ਹਾਂ ਜੋ ਆਪਣੇ ਪ੍ਰਗਟਾਵੇ ਦੀ ਆਜ਼ਾਦੀ ਦਾ ਇਸਤੇਮਾਲ ਕਰ ਰਹੇ ਹਨ।

## ਲੰਡਨ ਪੁੱਜੀ ਵਿਸ਼ਵ ਦੀ ਪਹਿਲੀ ਲੰਮੀ ਉਡਾਣ

**ਲੰਡਨ:** ਆਸਟਰੇਲੀਆ ਤੋਂ ਯੂ.ਕੇ. ਵਿਚਾਲੇ ਬਿਨਾਂ ਰੁਕੇ ਚੱਲਣ ਵਾਲੀ ਪਹਿਲੀ ਉਡਾਣ ਸਫਲਤਾ ਪੂਰਵਕ ਹੀਥਰੋ ਹਵਾਈ ਅੱਡੇ ਉਤੇ ਉਤਰੀ। ਕਾਂਟਸ 9 (ਕਿਊ. ਐਫ. 9) ਆਪਣੇ ਤੈਅ ਸਮੇਂ ਤੋਂ 8 ਮਿੰਟ ਪਹਿਲਾਂ 5.02 ਵਜੇ 17 ਘੰਟਿਆਂ ਦਾ ਸਫਰ ਤੈਅ ਕਰਦਿਆਂ ਪਹੁੰਚਿਆ। ਇਹ ਉਡਾਣ ਆਸਟਰੇਲੀਆ ਦੇ ਪਰਥ ਸ਼ਹਿਰ ਤੋਂ ਚੱਲੀ ਸੀ। ਬੋਇੰਗ 787-9 ਡਰੀਮਲਾਈਨਰ ਜਹਾਜ਼ ਰਾਹੀਂ 9226 ਮੀਲ ਦਾ ਇਹ ਸਫਰ 17 ਘੰਟਿਆਂ ਵਿਚ ਤੈਅ ਕੀਤਾ ਗਿਆ।

ਯੂ.ਕੇ. ਵਿਚ ਆਉਣ ਵਾਲੀ ਲੰਮੀ ਉਡਾਣ ਜੋ ਗਰੂਡਾ ਇੰਡੋਨੇਸ਼ੀਅਨ ਰਾਹੀਂ ਹੀਥਰੋ ਤੋਂ ਜਕਾਰਤਾ ਵਿਚਾਲੇ ਚਲਦੀ ਹੈ, ਤੋਂ 24 ਫੀਸਦੀ ਲੰਮਾ ਰੂਟ ਹੈ। ਇਹ ਰੂਟ 7225 ਮੀਲ ਦਾ ਹੈ। ਪਰਥ ਤੋਂ ਲੰਡਨ ਦਾ ਇਹ ਸਫਰ ਪਹਿਲਾਂ ਵਾਲੇ ਰੂਟਾਂ ਤੋਂ 3 ਘੰਟੇ ਘੱਟ ਸਮੇਂ ਦਾ ਹੈ, ਕਿਉਂਕਿ ਸਿਡਨੀ ਅਤੇ ਮੈਲਬੋਰਨ ਤੋਂ ਦੁਬਈ ਰਾਹੀਂ ਆਉਣ ਵਾਲੀਆਂ ਉਡਾਣਾਂ ਤੋਂ ਵੀ ਤੇਜ਼ ਹੈ। ਜ਼ਿਕਰਯੋਗ ਹੈ ਕਿ ਸਿੰਗਾਪੁਰ ਏਅਰਲਾਈਨ ਵੱਲੋਂ ਸਿੰਗਾਪੁਰ ਤੋਂ ਨਿਊ ਯਾਰਕ 10315 ਮੀਲ ਦਾ ਵਿਸ਼ਵ ਦਾ ਸਭ ਤੋਂ ਲੰਮਾ ਸਫਰ ਏ 350-900 ਯੂ.ਐਲ.ਆਰ. ਨਵੇਂ ਜਹਾਜ਼ ਰਾਹੀਂ ਜਲਦੀ ਹੀ ਸ਼ੁਰੂ ਕੀਤਾ ਜਾ ਰਿਹਾ ਹੈ, ਜੋ 19 ਘੰਟਿਆਂ ਵਿਚ ਤੈਅ ਕਰਨ ਦਾ ਟੀਚਾ ਹੈ।

## ਚੋਣ ਕਮਿਸ਼ਨ ਮੁੜ ਸਵਾਲਾਂ ਦੇ ਘੇਰੇ ਵਿਚ

(ਸਫਾ ਇਕ ਦੀ ਬਾਕੀ)

ਮੁੱਦੇ 'ਤੇ ਸਰਕਾਰ ਨੂੰ ਘੇਰਦਿਆਂ ਹਾਕਮ ਪਾਰਟੀ ਨੂੰ 'ਸੁਪਰ ਚੋਣ ਕਮਿਸ਼ਨ' ਕਰਾਰ ਦਿੱਤਾ ਹੈ।

ਦੱਸ ਦਈਏ ਕਿ ਕੇਂਦਰ ਵਿਚ ਮੋਦੀ ਸਰਕਾਰ ਸਮੇਂ ਇਹ ਪਹਿਲੀ ਵਾਰ ਨਹੀਂ ਜਦੋਂ ਚੋਣ ਕਮਿਸ਼ਨ 'ਤੇ ਭਾਜਪਾ ਦੇ ਪੱਖ ਵਿਚ ਭੁਗਤਣ ਬਾਰੇ ਸਵਾਲ ਉਠੇ ਹੋਣ। ਪਿਛਲੇ ਸਾਲ ਗੁਜਰਾਤ ਵਿਧਾਨ ਸਭਾ ਚੋਣ ਤਰੀਕਾਂ ਤੈਅ ਕਰਨ ਵਿਚ ਦੇਰੀ ਨੇ ਚੋਣ ਕਮਿਸ਼ਨ ਦੀ ਨਿਰਪੱਖਤਾ ਬਾਰੇ ਸਵਾਲ ਖੜ੍ਹੇ ਕੀਤੇ ਸਨ। ਦਿੱਲੀ ਦੇ 'ਆਪ' ਵਿਧਾਇਕਾਂ ਨੂੰ ਅਯੋਗ ਕਰਾਰ ਦੇਣ ਦੇ ਫੈਸਲੇ ਨੇ ਕਮਿਸ਼ਨ ਨੂੰ ਕਟਹਿਰੇ ਵਿਚ ਲਿਆ ਖੜ੍ਹਾ ਕੀਤਾ ਸੀ। ਹੁਣ ਤੈਅਸ਼ੁਦਾ ਚੋਣ ਪ੍ਰੋਗਰਾਮ ਲੀਕ ਹੋਣਾ ਇਸ ਦੇ ਅਕਸ ਉਤੇ ਇਕ ਹੋਰ ਧੱਬਾ ਹੈ। ਕਰਨਾਟਕ ਵਿਚ 12 ਮਈ ਨੂੰ ਵੋਟਾਂ ਪੈਣੀਆਂ ਹਨ। ਇਹ ਸੂਬਾ ਭਾਜਪਾ ਲਈ ਦੱਖਣੀ ਭਾਰਤ ਵਿਚ ਪੈਰ ਪੱਕੇ ਤੌਰ 'ਤੇ ਪਸਾਰਨ ਲਈ ਅਹਿਮ ਹਨ। ਇਸ ਲਈ ਵਿਰੋਧੀ ਧਿਰਾਂ ਦੋਸ਼ ਲਾ ਰਹੀਆਂ ਹਨ ਕਿ ਇਹ ਚੋਣ ਜਿੱਤਣ ਲਈ ਭਗਵਾ ਧਿਰ ਕਿਸੇ ਹੱਦ ਤੱਕ ਜਾ ਸਕਦੀ ਹੈ।

## ਪੰਜਾਬ ਬਜਟ: ਕੈਪਟਨ ਸਰਕਾਰ ਨੇ ਪੱਲਾ ਝਾੜਿਆ

(ਸਫਾ ਇਕ ਦੀ ਬਾਕੀ)

ਵਰਤਿਆ ਜਾ ਸਕੇਗਾ। ਇਸ ਦੇ ਨਾਲ ਸਰਕਾਰ ਨੇ ਆਪਣੇ ਵਸੀਲਿਆਂ ਤੋਂ 9 ਹਜ਼ਾਰ ਕਰੋੜ ਰੁਪਿਆ ਇਕੱਤਰ ਕਰਨ ਦੀ ਗੱਲ ਕੀਤੀ ਹੈ। ਅਜਿਹਾ ਉਹ ਕਿਵੇਂ ਕਰੇਗੀ ਤੇ ਇਸ ਲਈ ਕਿਸ ਤਰ੍ਹਾਂ ਦੇ ਟੈਕਸ ਲਗਾਏਗੀ, ਇਸ ਬਾਰੇ ਕੋਈ ਸਪਸ਼ਟ ਨਹੀਂ ਕੀਤਾ ਗਿਆ, ਕਿਉਂਕਿ ਬਹੁਤਾ ਪੈਸਾ ਤਾਂ ਕਰਜ਼ੇ ਦਾ ਵਿਆਜ ਦੇਣ, ਤਨਖਾਹਾਂ, ਪੈਨਸ਼ਨਾਂ ਅਤੇ ਹੋਰ ਭੱਤੇ ਦੇਣ ਉਤੇ ਹੀ ਖਰਚ ਹੋ ਜਾਏਗਾ।

## ਐਨ.ਆਰ.ਆਈ. ਉਦਮੀ ਨੇ ਜਿੱਤਿਆ ਐਵਾਰਡ

**ਲੰਡਨ:** ਉਘੇ ਐਨ.ਆਰ.ਆਈ. ਉਦਮੀ ਜੋਗਿੰਦਰ ਸੇਂਗਰ ਨੇ ਯੂਕੇ ਵਿਚ 'ਕਾਰੋਬਾਰੀ ਹਸਤੀ 2018' ਦਾ ਖਿਤਾਬ ਜਿੱਤਿਆ ਹੈ। ਕਾਰੋਬਾਰ 'ਚ ਵਚਨਬੱਧਤਾ ਅਤੇ ਉਤਸ਼ਾਹ ਦਿਖਾਉਣ ਬਦਲੇ ਉਨ੍ਹਾਂ ਨੂੰ ਇਹ ਪੁਰਸਕਾਰ ਮਿਲਿਆ ਹੈ।

ਸ੍ਰੀ ਸੇਂਗਰ ਮਾਸਟਰਕ੍ਰਾਫਟ ਗਰੁੱਪ ਅਤੇ ਭਾਰਤੀ ਵਿਦਿਆ ਭਵਨ ਦੇ ਚੇਅਰਮੈਨ ਹਨ। ਉਨ੍ਹਾਂ ਨੂੰ ਈਸਟਰਨ ਆਈ ਏਸ਼ੀਅਨ ਬਿਜ਼ਨਸ ਐਵਾਰਡਜ਼ ਸਮਾਗਮ ਦੌਰਾਨ ਇਹ ਪੁਰਸਕਾਰ ਮਿਲਿਆ। ਸਮਾਗਮ 'ਚ ਸ੍ਰੀ ਸੇਂਗਰ ਨੇ ਕਿਹਾ ਕਿ ਜੀਵਨ 'ਚ ਉਨ੍ਹਾਂ ਦੀ ਪ੍ਰਾਥਮਿਕਤਾ ਭਾਰਤ ਅਤੇ ਉਥੋਂ ਦੇ ਲੋਕਾਂ ਲਈ ਕੰਮ ਕਰਨਾ ਹੈ। ਯੂਕੇ ਦੇ ਚੋਟੀ ਦੇ ਹੋਟਲ ਕਾਰੋਬਾਰੀਆਂ 'ਚ ਸ਼ਾਮਲ ਸ੍ਰੀ ਸੇਂਗਰ ਨੇ ਕਿਹਾ ਕਿ ਆਪਣੇ ਬੱਚਿਆਂ ਦੀ ਪ੍ਰੇਰਨਾ ਸਦਕਾ ਉਹ ਇਹ ਕੰਮ ਕਰ ਰਹੇ ਹਨ।

## ਨਾਟਕਕਾਰ ਔਲਖ ਦੀ ਧੀ ਦੀ ਭੇਤਭਰੀ ਹਾਲਤ 'ਚ ਮੌਤ

**ਬਠਿੰਡਾ:** ਪੰਜਾਬ ਦੇ ਮਰਹੂਮ ਨਾਟਕਕਾਰ ਅਜਮੇਰ ਔਲਖ ਦੀ ਧੀ ਅਤੇ ਲੋਕ ਗਾਇਕ ਗੁਰਵਿੰਦਰ ਬਰਾੜ ਦੀ ਪਤਨੀ ਸੋਹਜਪ੍ਰੀਤ ਦੀ ਭੇਤਭਰੀ ਹਾਲਤ ਵਿਚ ਮੌਤ ਹੋ ਗਈ। ਸੂਤਰਾਂ ਮੁਤਾਬਕ ਸੋਹਜਪ੍ਰੀਤ ਨੇ ਖੁਦ ਹੀ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਪਰ ਪਰਿਵਾਰਕ ਮੈਂਬਰਾਂ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ।

ਘਟਨਾ ਤੋਂ ਫੌਰੀ ਮਗਰੋਂ ਸੋਹਜਪ੍ਰੀਤ ਨੂੰ ਇਥੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਔਲਖ ਪਰਿਵਾਰ ਨੂੰ ਅਜਮੇਰ ਔਲਖ ਦੀ ਮੌਤ ਦੇ ਥੋੜ੍ਹੇ ਅਰਸੇ ਬਾਅਦ ਇਹ ਦੂਸਰਾ ਵੱਡਾ ਸਦਮਾ ਲੱਗਾ ਹੈ। ਸੋਹਜਪ੍ਰੀਤ ਖੁਦ ਵੀ ਥੀਏਟਰ ਦੀ ਚੰਗੀ ਅਦਾਕਾਰਾ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਆਮ ਆਦਮੀ ਪਾਰਟੀ ਦੇ ਵੀਹ ਵਿਧਾਇਕ ਬਹਾਲ

**ਨਵੀਂ ਦਿੱਲੀ:** ਅੰਦਰੂਨੀ ਖਾਨਾਜੰਗੀ ਤੇ ਕੇਂਦਰ ਸਰਕਾਰ ਦੀ ਬੇਰੁਖੀ ਦੀ ਮਾਰ ਝੱਲ ਰਹੀ ਆਮ ਆਦਮੀ ਪਾਰਟੀ ਲਈ ਖੁਸ਼ੀ ਵਾਲੀ ਖਬਰ ਹੈ। ਦਿੱਲੀ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਦੇ 20 ਵਿਧਾਇਕਾਂ ਨੂੰ ਦਿੱਲੀ ਹਾਈ ਕੋਰਟ ਨੇ ਲਾਭ ਦੇ ਦੋਹਰੇ ਅਹੁਦਿਆਂ ਦੇ ਮਾਮਲੇ ਵਿਚ ਰਾਹਤ ਦਿੰਦਿਆਂ ਚੋਣ ਕਮਿਸ਼ਨ ਵੱਲੋਂ ਉਨ੍ਹਾਂ ਨੂੰ ਵਿਧਾਨ ਸਭਾ ਤੋਂ ਬਰਖਾਸਤ ਕਰਨ ਦੇ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਤੇ ਭਾਰਤੀ ਚੋਣ ਕਮਿਸ਼ਨ ਨੂੰ ਮੁੜ ਤੋਂ ਇਸ ਮਾਮਲੇ ਦੀ ਸੁਣਵਾਈ ਕਰਨ ਦੇ ਆਦੇਸ਼ ਦਿੱਤੇ ਹਨ। ਅਦਾਲਤ ਨੇ ਕਿਹਾ ਹੈ ਕਿ ਵਿਧਾਇਕਾਂ ਦਾ ਪੱਖ ਨਾ ਸੁਣ ਕੇ ਕੁਦਰਤੀ ਨਿਆਂ ਨਹੀਂ ਦਿੱਤਾ ਗਿਆ। ਬੈਂਚ ਨੇ 79 ਸਫੇ ਦੇ ਫੈਸਲੇ ਵਿੱਚ ਕਿਹਾ ਕਿ 19 ਜਨਵਰੀ 2018 ਦਾ ਚੋਣ ਕਮਿਸ਼ਨ ਦਾ ਫੈਸਲਾ ਵਿਗਾੜ ਵਾਲਾ ਹੈ ਤੇ ਚੋਣ ਕਮਿਸ਼ਨ ਕੁਦਰਤੀ ਨਿਆਂ ਦੇ ਸਿਧਾਂਤ ਦੀ ਪਾਲਣਾ ਕਰਨ ਵਿਚ ਨਾਕਾਮ ਰਿਹਾ ਜੋ ਕਿ ਕਾਨੂੰਨ ਦੀ ਗੜਬੜੀ ਸੀ ਕਿਉਂਕਿ ਵਿਧਾਇਕਾਂ ਦੀ ਜ਼ਬਾਨੀ ਸੁਣਵਾਈ ਨਹੀਂ ਕੀਤੀ ਗਈ ਸੀ।

ਖਚਾਖਚ ਭਰੀ ਅਦਾਲਤ ਵਿਚ ਫੈਸਲਾ ਸੁਣਾਏ ਜਾਂਦਿਆਂ ਹੀ 'ਆਪ' ਦੇ ਵੀਹ ਵਿਧਾਇਕ ਖੁਸ਼ੀ ਨਾਲ ਖੀਵੇ ਹੋ ਉਠੇ। ਇਨ੍ਹਾਂ ਵਿਧਾਇਕਾਂ ਨੂੰ ਚੋਣ ਕਮਿਸ਼ਨ ਨੇ ਕੇਜਰੀਵਾਲ ਸਰਕਾਰ ਵੱਲੋਂ ਸੰਸਦੀ ਸਕੱਤਰ ਬਣਾਏ ਜਾਣ ਕਰ ਕੇ ਲਾਭ ਦਾ ਦੋਹਰਾ ਅਹੁਦਾ ਮੰਨਦਿਆਂ ਬਰਖਾਸਤ ਕਰ ਦਿੱਤਾ ਸੀ। ਚੋਣ ਕਮਿਸ਼ਨ ਕੋਲ ਤਤਕਾਲੀ ਰਾਸ਼ਟਰਪਤੀ ਨੇ ਮਾਮਲਾ ਭੇਜਿਆ ਸੀ ਤੇ ਚੋਣ ਕਮਿਸ਼ਨ ਨੇ ਉਸ ਦੇ ਅਨੁਸਾਰ ਵਿਧਾਨ ਸਭਾ ਤੋਂ ਮੈਂਬਰੀ ਰੱਦ ਕਰ ਦਿੱਤੀ ਸੀ। ਵਿਧਾਇਕਾਂ ਨੇ ਕਮਿਸ਼ਨ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਸੀ।

'ਆਪ' ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਉਸ ਦੇ ਵੀਹ ਵਿਧਾਇਕਾਂ ਨੂੰ ਅਯੋਗ ਠਹਿਰਾਏ ਜਾਣਾ ਚੁਣੀ ਹੋਈ ਸਰਕਾਰ ਨੂੰ ਅਸਥਿਰ ਕਰਨ ਦੀ ਗੰਭੀਰ ਕੋਸ਼ਿਸ਼ ਸੀ ਅਤੇ ਚੋਣ ਕਮਿਸ਼ਨਰ ਇਸ ਕਾਰਵਾਈ ਲਈ ਅਸਤੀਫਾ ਦੇਣ ਜਾਂ ਫਿਰ ਮੁਆਫੀ ਮੰਗਣ। 'ਆਪ' ਦੀ ਦਿੱਲੀ ਇਕਾਈ ਦੇ ਮੁੱਖ ਬੁਲਾਰੇ ਸੌਰਵ ਭਾਰਦਵਾਜ ਨੇ ਸਾਬਕਾ ਮੁੱਖ ਚੋਣ ਕਮਿਸ਼ਨਰ ਏ ਕੇ ਜਿਓਤੀ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਉਸ ਨੇ ਇਹ ਫੈਸਲਾ ਕੇਂਦਰ ਸਰਕਾਰ ਨੂੰ ਖੁਸ਼ ਕਰਨ ਲਈ ਕੀਤਾ ਸੀ।



## ਸੱਚ ਦੀ ਜਿੱਤ ਹੋਈ: ਕੇਜਰੀਵਾਲ

ਅਰਵਿੰਦ ਕੇਜਰੀਵਾਲ ਨੇ ਦਿੱਲੀ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸੱਚ ਦੀ ਜਿੱਤ ਹੈ ਤੇ ਦਿੱਲੀ ਦੇ ਲੋਕਾਂ ਵੱਲੋਂ ਚੁਣੇ ਨੁਮਾਇੰਦਿਆਂ ਨੂੰ ਗਲਤ ਤਰੀਕੇ ਨਾਲ ਬਰਖਾਸਤ ਕੀਤਾ ਗਿਆ ਸੀ। ਤਿਲਕ ਨਗਰ ਦੇ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਕਿ ਹੁਣ ਦਿੱਲੀ ਵਿਚ ਉਪ ਚੋਣਾਂ ਨਹੀਂ ਹੋਣਗੀਆਂ ਤੇ ਵਿਧਾਇਕ ਲੋਕਾਂ ਦੇ ਕੰਮ ਕਰ ਸਕਣਗੇ।

'ਆਪ' ਦੇ ਬੁਲਾਰੇ ਵਿਧਾਇਕ ਸੌਰਭ ਭਾਰਦਵਾਜ ਨੇ ਫੈਸਲੇ ਮਗਰੋਂ ਕਿਹਾ ਕਿ ਤਤਕਾਲੀ ਚੋਣ ਕਮਿਸ਼ਨ ਨੇ ਕੇਂਦਰ ਨੂੰ ਖੁਸ਼ ਕਰਨ ਲਈ 'ਆਪ' ਵਿਧਾਇਕਾਂ ਨੂੰ ਬਰਖਾਸਤ ਕਰ ਕੇ ਲੋਕਤੰਤਰੀ ਰਵਾਇਤਾਂ ਦਾ ਘਾਣ ਕੀਤਾ ਸੀ। ਦਿੱਲੀ ਵਿਧਾਨ ਸਭਾ ਦੇ ਸਪੀਕਰ ਰਾਮ ਨਿਵਾਸ ਗੋਇਲ ਨੇ ਕਿਹਾ ਕਿ ਅਦਾਲਤੀ ਫੈਸਲੇ ਮਗਰੋਂ ਮੌਜੂਦਾ ਚੱਲ ਰਹੇ ਬਜਟ ਸੈਸ਼ਨ ਦੌਰਾਨ ਸਦਨ ਦੀ ਕਾਰਵਾਈ ਵਿਚ ਉਹ ਵੀਹ ਵਿਧਾਇਕਾਂ ਨੂੰ ਸ਼ਾਮਲ ਹੋਣ ਦੇਣਗੇ।

## ਵਿਧਾਇਕਾਂ ਨੂੰ ਸਿਰਫ ਫੌਰੀ ਰਾਹਤ: ਕਾਂਗਰਸ

ਇਹ ਮੁੱਦਾ ਉਠਾਉਣ ਵਾਲੇ ਕਾਂਗਰਸ ਦੇ ਸੂਬਾ ਪ੍ਰਧਾਨ ਅਜੈ ਮਾਕਨ ਨੇ ਕਿਹਾ ਕਿ ਉਹ ਵਿਧਾਇਕਾਂ ਵੱਲੋਂ ਦੋਹਰੇ ਲਾਭ ਦਾ ਮਾਮਲਾ ਮੁੜ ਚੋਣ ਕਮਿਸ਼ਨ ਕੋਲ ਲੈ ਕੇ ਜਾਣਗੇ।

ਉਨ੍ਹਾਂ ਕਿਹਾ ਕਿ ਹਾਈ ਕੋਰਟ ਨੇ ਚੋਣ ਕਮਿਸ਼ਨ ਨੂੰ ਕੁਦਰਤੀ ਨਿਆਂ ਤਹਿਤ ਵਿਧਾਇਕਾਂ ਦਾ ਪੱਖ ਮੁੜ ਸੁਣਨ ਲਈ ਕਿਹਾ ਹੈ ਪਰ ਹਾਈ ਕੋਰਟ ਨੇ ਰਾਸ਼ਟਰਪਤੀ ਦੇ ਫੈਸਲੇ ਮਗਰੋਂ ਚੋਣ ਕਮਿਸ਼ਨ ਦੇ ਫੈਸਲੇ ਨੂੰ ਗਲਤ ਕਰਾਰ ਨਹੀਂ ਦਿੱਤਾ, ਇਹ ਫੌਰੀ ਰਾਹਤ ਹੀ ਹੈ।

## ਲੋਕਾਯੁਕਤ ਦੀ ਨਿਯੁਕਤੀ ਬਾਰੇ ਢਿੱਲ ਤੋਂ ਸੁਪਰੀਮ ਕੋਰਟ ਖਫਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਲੋਕਾਯੁਕਤ ਦੀ ਨਿਯੁਕਤੀ ਨਾਲ ਜੁੜੇ ਇਕ ਮਾਮਲੇ ਵਿਚ ਦੇਸ਼ ਦੇ 12 ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਫਟਕਾਰ ਲਗਾਉਂਦੇ ਹੋਏ ਪੁੱਛਿਆ ਹੈ ਕਿ ਹਾਲੇ ਤੱਕ ਇਨ੍ਹਾਂ ਸੂਬਿਆਂ ਵਿਚ ਲੋਕਾਯੁਕਤ ਦੀ ਨਿਯੁਕਤੀ ਕਿਉਂ ਨਹੀਂ ਹੋਈ। ਬੈਂਚ ਨੇ ਉੜੀਸਾ ਦੇ ਮੁੱਖ ਸਕੱਤਰ ਤੋਂ ਸੂਬੇ ਵਿਚ ਲੋਕਾਯੁਕਤ ਦੀ ਸਥਿਤੀ ਬਾਰੇ ਸਵਾਲ ਕੀਤੇ ਤੇ ਕਿਹਾ ਕਿ ਉਹ ਲੋਕਪਾਲ ਦੀ ਸਥਿਤੀ ਬਾਰੇ ਕੋਰਟ ਨੂੰ ਜਾਣੂ ਕਰਵਾਏ। ਅਦਾਲਤ ਨੇ ਜਿਹੜੇ ਸੂਬਿਆਂ 'ਚ ਲੋਕਾਯੁਕਤ ਨਿਯੁਕਤ ਨਾ ਕੀਤੇ ਜਾਣ ਦਾ ਕਾਰਨ ਪੁੱਛਿਆ ਹੈ, ਉਨ੍ਹਾਂ ਵਿਚ ਦਿੱਲੀ, ਜੰਮੂ-ਕਸ਼ਮੀਰ, ਮਣੀਪੁਰ, ਮੇਘਾਲਿਆ ਤੇ ਨਾਗਾਲੈਂਡ ਸਮੇਤ 12 ਸੂਬਿਆਂ ਦੇ ਨਾਂ ਸ਼ਾਮਲ ਹਨ। ਅਦਾਲਤ ਨੇ ਕਿਹਾ ਕਿ ਇਹ ਸਾਰੇ ਸੂਬੇ ਦੱਸਣ ਕਿ ਉਹ ਲੋਕਾਯੁਕਤ ਦੀ ਨਿਯੁਕਤੀ ਕਦੋਂ ਕਰਨਗੇ। ਲੋਕਪਾਲ ਅਤੇ ਲੋਕਾਯੁਕਤ ਅਧਿਨਿਯਮ ਦੀ ਧਾਰਾ 63 ਮੁਤਾਬਕ ਹਰ ਸੂਬਾ ਇਕ ਸੰਸਥਾ ਦੀ ਸਥਾਪਨਾ ਕਰੇਗਾ ਜਿਸ ਨੂੰ ਲੋਕਾਯੁਕਤ ਦੇ ਨਾਂ ਤੋਂ ਜਾਣਿਆ ਜਾਵੇਗਾ।

# ਛੋਟੇਪੁਰ ਨੇ 'ਆਪ' ਦੇ ਬਾਗੀਆਂ ਨੂੰ ਕੀਤਾ ਤੀਜੇ ਮੋਰਚੇ ਲਈ ਰਾਜ਼ੀ

**ਬਠਿੰਡਾ:** ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਮੁਆਫੀਨਾਮੇ ਤੋਂ ਬਾਅਦ ਪੰਜਾਬ ਦੀ ਸਿਆਸਤ ਗਰਮਾਈ ਹੋਈ ਹੈ। ਪਾਰਟੀ ਦੀ ਪੰਜਾਬ ਇਕਾਈ ਬੇਸ਼ੱਕ ਟੁੱਟਣ ਤੋਂ ਬਚ ਗਈ, ਪਰ 'ਆਪ' ਦੇ ਸੰਸਦ ਮੈਂਬਰ ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਨਾਲ ਮਿਲ ਕੇ ਸੁੱਚਾ ਸਿੰਘ ਛੋਟੇਪੁਰ ਤੀਜੇ ਮੋਰਚੇ ਦਾ ਗਠਨ ਕਰਨ ਦੀ ਤਿਆਰੀ ਵਿਚ ਹਨ।



ਆਮ ਆਦਮੀ ਪਾਰਟੀ ਦੇ ਸਾਬਕਾ ਪ੍ਰਧਾਨ ਤੇ 'ਆਪਣਾ ਪੰਜਾਬ ਪਾਰਟੀ' ਦੇ ਮੁਖੀ ਸੁੱਚਾ ਸਿੰਘ ਛੋਟੇਪੁਰ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪੰਜਾਬ ਹਿਤੈਸ਼ੀ ਹੋਰ ਪਾਰਟੀਆਂ ਤੇ 'ਆਪ' ਦੇ ਵਿਧਾਇਕਾਂ ਨਾਲ ਵੀ ਗੱਲਬਾਤ ਕੀਤੀ ਜਾਏਗੀ। ਕੇਜਰੀਵਾਲ ਦੇ ਮੁਆਫੀਨਾਮਿਆਂ ਬਾਰੇ ਛੋਟੇਪੁਰ ਨੇ ਕਿਹਾ ਕਿ ਉਹ ਡਰ ਗਏ ਹਨ। ਕੇਜਰੀਵਾਲ ਜਾਂ ਤਾਂ ਕਿਸੇ ਦੇ ਸਟਿੰਗ ਦਾ ਸ਼ਿਕਾਰ ਹੋਏ ਹਨ ਜਾਂ ਫਿਰ ਫਿਰ ਅਕਾਲੀ ਦਲ ਨਾਲ ਵੱਡੀ ਸੌਦੇਬਾਜ਼ੀ ਹੋਈ ਹੈ। ਉਨ੍ਹਾਂ ਨੇ ਮਜੀਠੀਆ ਵੱਲੋਂ ਵਿਧਾਨ ਸਭਾ ਵਿਚ 'ਆਪ' ਪ੍ਰਤੀ ਦਿਖਾਈ ਹਮਦਰਦੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਹੁਣ ਸਭ ਕੁਝ ਸਪਸ਼ਟ ਹੈ। ਛੋਟੇਪੁਰ ਨੇ ਕਿਹਾ ਕਿ ਕੇਜਰੀਵਾਲ ਪੰਜਾਬ ਹਿਤੈਸ਼ੀ ਬਿਲਕੁਲ ਨਹੀਂ। ਉਨ੍ਹਾਂ ਦੇ ਭਾਸ਼ਣਾਂ ਨੇ ਗਰੀਬ ਲੋਕਾਂ ਦਾ ਅਕਾਲੀਆਂ ਨਾਲ ਵੈਰ ਪਾਇਆ ਹੈ।

ਤੀਜੇ ਮੋਰਚੇ ਬਾਰੇ ਛੋਟੇਪੁਰ ਨੇ ਕਿਹਾ ਕਿ ਪੰਜਾਬ ਵਿਚ ਤੀਜੇ ਮੋਰਚੇ ਦੀ ਲੋੜ ਹੈ। ਉਹ ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖਾਲਸਾ ਨਾਲ ਮਿਲ ਕੇ ਤੀਜੇ ਮੋਰਚੇ ਦਾ ਗਠਨ ਕਰ ਰਹੇ ਹਨ। ਪੰਜਾਬ ਹਿਤੈਸ਼ੀ ਪਾਰਟੀਆਂ ਨਾਲ ਮਿਲ ਕੇ ਇਸ ਮੋਰਚੇ ਦਾ ਵਿਸਥਾਰ ਕੀਤਾ ਜਾਵੇਗਾ।

# ਰਾਜ ਸਭਾ 'ਚ ਵੀ ਪੱਕੇ ਪੈਰੀਂ ਹੋਈ ਭਾਜਪਾ

**ਨਵੀਂ ਦਿੱਲੀ:** ਭਾਰਤ ਦੀ ਸੰਸਦ ਦੇ ਉਪਰਲੇ ਸਦਨ ਰਾਜ ਸਭਾ ਦੀਆਂ 59 ਸੀਟਾਂ ਲਈ ਹੋਈਆਂ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਰਾਜ ਸਭਾ ਵਿਚ ਸਥਿਤੀ ਬਦਲ ਕੇ ਭਾਰਤੀ ਜਨਤਾ ਪਾਰਟੀ ਦੇ ਪੱਖ ਵਿਚ ਹੋ ਗਈ ਹੈ। ਭਾਜਪਾ ਨੇ ਇਨ੍ਹਾਂ ਵਿਚੋਂ 28 ਸੀਟਾਂ ਉਤੇ ਜਿੱਤ ਹਾਸਲ ਕੀਤੀ ਹੈ। ਪਿਛਲੇ ਦਿਨੀਂ ਬਿਹਾਰ ਅਤੇ ਉਤਰ ਪ੍ਰਦੇਸ਼ ਵਿਚ ਲੋਕ ਸਭਾ ਲਈ ਹੋਈ ਉਪ-ਚੋਣ ਵਿਚ ਭਾਜਪਾ ਉਮੀਦਵਾਰਾਂ ਦੀ ਹਾਰ ਤੋਂ ਬਾਅਦ ਪਾਰਟੀ ਲਈ ਰਾਜ ਸਭਾ ਦੀ ਇਹ ਜਿੱਤ ਬਹੁਤ ਮਾਇਨੇ ਰੱਖਦੀ ਹੈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਤਿਹਾਸ ਵਿਚ ਅਜਿਹਾ ਦੂਜੀ ਵਾਰ ਹੋਇਆ ਹੈ ਕਿ ਰਾਜ ਸਭਾ ਵਿਚ ਕਾਂਗਰਸ ਘੱਟ ਗਿਣਤੀ ਵਿਚ ਆ ਗਈ ਹੈ ਅਤੇ ਭਾਜਪਾ ਬਹੁਮਤ ਵਿਚ ਹੈ। ਹਾਲ ਹੀ ਵਿਚ ਹੋਈਆਂ ਚੋਣਾਂ ਵਿਚ ਭਾਜਪਾ ਨੂੰ 11 ਨਵੇਂ ਮੈਂਬਰਾਂ ਦਾ ਸਾਥ ਮਿਲਿਆ ਹੈ। ਇਸ ਜਿੱਤ ਤੋਂ ਬਾਅਦ ਰਾਜ ਸਭਾ ਵਿਚ ਭਾਜਪਾ ਦੇ ਮੈਂਬਰਾਂ ਦੀ ਗਿਣਤੀ 69 ਹੋ ਗਈ ਹੈ, ਜਦ ਕਿ ਕਾਂਗਰਸ ਦੇ ਮੈਂਬਰਾਂ ਦੀ ਗਿਣਤੀ 54 ਤੋਂ ਘਟ ਕੇ 52 ਰਹਿ ਗਈ ਹੈ। ਰਾਜ ਸਭਾ ਲਈ ਹੋਣ ਵਾਲੀਆਂ ਚੋਣਾਂ ਵਿਚ ਵੋਟਰ ਸਿਰਫ ਸਬੰਧਤ ਸੂਬੇ ਦੇ ਵਿਧਾਇਕ ਹੀ ਹੁੰਦੇ ਹਨ ਅਤੇ ਜਿਸ ਪਾਰਟੀ ਦੇ ਜ਼ਿਆਦਾ ਵਿਧਾਇਕ ਹੁੰਦੇ ਹਨ, ਉਸ ਦੇ ਉਮੀਦਵਾਰ ਹੀ ਜਿੱਤ ਪ੍ਰਾਪਤ ਕਰਦੇ ਹਨ। ਮੌਜੂਦਾ ਚੋਣ ਵਿਚ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੇ ਇਕ-ਇਕ ਵੋਟਰ ਦੀ ਕ੍ਰਾਸ-ਵੋਟਿੰਗ ਨਾਲ ਬਸਪਾ ਦੇ ਉਮੀਦਵਾਰ ਭੀਮ ਰਾਓ ਅੰਬੇਡਕਰ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

ਉਤਰ ਪ੍ਰਦੇਸ਼ ਵਿਚ ਸਪਾ ਅਤੇ ਬਸਪਾ ਵਿਚਕਾਰ 25 ਸਾਲ ਬਾਅਦ ਇਕ ਸਮਝੌਤੇ ਦੀ ਸਥਿਤੀ ਵੀ ਬਣੀ ਸੀ ਪਰ ਇਸ ਦੇ ਬਾਵਜੂਦ ਦੋਵਾਂ ਦਾ ਸਾਂਝਾ ਉਮੀਦਵਾਰ ਹਾਰ ਗਿਆ ਅਤੇ ਭਾਜਪਾ ਦਾ ਅਨਿਲ ਅਗਰਵਾਲ ਜਿੱਤ ਗਿਆ। ਉਤਰ ਪ੍ਰਦੇਸ਼ ਵਿਚ ਸਪਾ ਅਤੇ ਬਸਪਾ ਗੱਠਜੋੜ ਨੇ ਬਿਨਾਂ ਸ਼ੱਕ ਉਪ-ਚੋਣਾਂ ਵਿਚ ਗੋਰਖਪੁਰ ਅਤੇ ਫੂਲਪੁਰ ਦੀਆਂ ਦੋਵੇਂ ਸੀਟਾਂ ਉਤੇ ਜਿੱਤ ਹਾਸਲ ਕਰ ਕੇ ਇਕ ਵਾਰ ਤਾਂ ਸੋਚਣ ਲਈ ਮਜਬੂਰ ਕਰ ਦਿੱਤਾ



ਸੀ ਪਰ ਰਾਜ ਸਭਾ ਦੀ ਚੋਣ ਵਿਚ ਸਪਾ ਦੀਆਂ 5 ਅਤੇ ਕਾਂਗਰਸ ਦੀਆਂ 2 ਸੀਟਾਂ ਚਲੇ ਜਾਣ ਨਾਲ ਇਨ੍ਹਾਂ ਪਾਰਟੀਆਂ ਨੂੰ ਬਿਨਾਂ ਸ਼ੱਕ ਧੱਕਾ ਲੱਗਿਆ ਹੈ। 17 ਸੂਬਿਆਂ 'ਚ ਰਾਜ ਸਭਾ ਲਈ ਚੋਣਾਂ ਹੋਈਆਂ ਹਨ, ਪਰ ਸਭ ਤੋਂ ਵੱਧ ਮੈਂਬਰਾਂ ਵਾਲਾ ਸੂਬਾ ਉਤਰ ਪ੍ਰਦੇਸ਼ ਹੈ, ਜਿਥੋਂ ਭਾਜਪਾ ਨੇ ਆਪਣੇ ਸਾਰੇ 9 ਉਮੀਦਵਾਰਾਂ ਨੂੰ ਕਾਮਯਾਬ ਬਣਾਇਆ।

23 ਮਾਰਚ ਨੂੰ ਦੇਸ਼ ਦੇ 7 ਸੂਬਿਆਂ ਦੀਆਂ 26 ਸੀਟਾਂ ਲਈ ਵੋਟਾਂ ਹੋਈਆਂ ਸਨ, ਜਦਕਿ 10 ਸੂਬਿਆਂ ਦੀਆਂ 33 ਸੀਟਾਂ ਉਤੇ ਪਹਿਲਾਂ ਹੀ ਨਿਰਵਿਰੋਧ ਮੈਂਬਰ ਚੁਣੇ ਜਾ ਚੁੱਕੇ ਸਨ। ਦੇਸ਼ ਦੀ ਸੰਸਦੀ ਪ੍ਰਣਾਲੀ ਵਿਚ ਕਈ ਵਾਰ ਲੋਕ ਸਭਾ ਵਿਚ ਕਈ ਬਿੱਲ ਪਾਸ ਹੋ ਜਾਣ ਦੇ ਬਾਵਜੂਦ ਰਾਜ ਸਭਾ ਵਿਚ ਬਹੁਮਤ ਨਾ ਮਿਲਣ ਕਾਰਨ ਪਛੜ ਕੇ ਰਹਿ ਜਾਂਦੇ ਹਨ। ਇਨ੍ਹਾਂ ਚੋਣਾਂ ਵਿਚ ਭਾਜਪਾ ਦੇ 7 ਕੇਂਦਰੀ ਮੰਤਰੀ ਵੀ ਰਾਜ ਸਭਾ ਦੀ ਚੋਣ ਜਿੱਤ ਗਏ ਹਨ।

## ਮਾਇਆਵਤੀ ਨੇ ਸੰਘ ਨੂੰ ਕੀਤਾ ਖਬਰਦਾਰ

**ਲਖਨਊ:** ਬਸਪਾ ਸੁਪਰੀਮੋ ਮਾਇਆਵਤੀ ਨੇ ਭਾਜਪਾ ਅਤੇ ਆਰ.ਐਸ.ਐਸ. ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਸਮਾਜਵਾਦੀ ਪਾਰਟੀ ਨਾਲ ਬਣੀ ਉਨ੍ਹਾਂ ਦੀ ਸਾਂਝ ਨੂੰ ਤੋੜਨ ਦੀ ਸਾਜ਼ਿਸ਼ ਨੂੰ ਕਾਮਯਾਬ ਨਹੀਂ ਹੋਣ ਦੇਣਗੇ। ਉਨ੍ਹਾਂ ਦ੍ਰਿੜ੍ਹਤਾ ਨਾਲ ਇਹ ਗੱਲ ਆਖੀ ਕਿ ਸਮਾਜਵਾਦੀ ਪਾਰਟੀ ਦੇ ਨਾਲ ਉਨ੍ਹਾਂ ਦੀ ਸਾਂਝ ਰਾਜ ਸਭਾ ਚੋਣਾਂ ਵਿਚ ਉਨ੍ਹਾਂ ਦਾ ਉਮੀਦਵਾਰ ਹਾਰਨ ਨਾਲ ਪ੍ਰਭਾਵਿਤ ਨਹੀਂ ਹੋਵੇਗੀ।



ਮਾਇਆਵਤੀ ਦਾ ਇਹ ਬਿਆਨ ਉਦੋਂ ਆਇਆ ਹੈ ਜਦੋਂ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਆਪਣੇ ਉਮੀਦਵਾਰ ਜਯਾ ਬੱਚਨ ਦੀ ਜਿੱਤ ਦੀ ਖੁਸ਼ੀ ਮਨਾਉਣ ਲਈ ਰੱਖੇ ਸਮਾਗਮ ਨੂੰ ਰੱਦ ਕਰ ਦਿੱਤਾ ਕਿਉਂਕਿ ਭਾਈਵਾਲ ਬਸਪਾ ਦਾ ਉਮੀਦਵਾਰ ਹਾਰ ਗਿਆ ਸੀ। ਮਾਇਆਵਤੀ ਨੇ ਕਿਹਾ ਕਿ ਬਸਪਾ ਅਤੇ ਸਮਾਜਵਾਦੀ ਪਾਰਟੀ ਵਿਚਕਾਰ ਬਣੀ 'ਸਮਝ' ਉਤੇ ਇਸ ਹਾਰ ਦਾ ਕੋਈ ਅਸਰ ਨਹੀਂ ਪਿਆ। ਬਸਪਾ ਇਸ ਸਾਂਝ ਨੂੰ ਹੋਰ ਵਧਾਉਣਾ ਚਾਹੁੰਦੀ ਹੈ ਜਿਸ ਸਦਕਾ ਫੂਲਪੁਰ ਅਤੇ ਗੋਰਖਪੁਰ ਦੀਆਂ ਦੋ ਲੋਕ ਸਭਾ ਸੀਟਾਂ ਉਤੇ ਭਾਜਪਾ ਨੂੰ ਹਾਰ ਦਿੱਤੀ ਜਾ ਸਕੀ ਹੈ।

# ਫਿਲਮ 'ਦ ਬਲੈਕ ਪ੍ਰਿੰਸ' ਦੀ ਡੀ. ਵੀ. ਡੀ. 10 ਅਪਰੈਲ ਨੂੰ ਹੋਵੇਗੀ ਰਿਲੀਜ਼

**ਲਾਸ ਏਂਜਲਸ (ਬਿਊਰੋ):** ਹਾਲੀਵੁੱਡ ਦੀ ਉਘੀ ਕੰਪਨੀ ਯੂਨੀਗਲੋਬ ਐਂਟਰਟੇਨਮੈਂਟ ਨੇ ਮਹਾਰਾਜਾ ਦਲੀਪ ਸਿੰਘ ਦੀ ਜੀਵਨ ਕਹਾਣੀ 'ਤੇ ਬਣੀ ਫਿਲਮ 'ਦ ਬਲੈਕ ਪ੍ਰਿੰਸ' ਦੀ ਵਿਸ਼ਵ ਪੱਧਰ ਉਤੇ ਆਨ ਲਾਈਨ ਡਿਸਟ੍ਰੀਬਿਊਸ਼ਨ ਦਾ ਸਾਰਾ ਕੰਮ ਆਪਣੇ ਜ਼ਿੰਮੇ ਲੈ ਲਿਆ ਹੈ। ਯੂਨੀਗਲੋਬ ਐਂਟਰਟੇਨਮੈਂਟ ਇਸ ਖੇਤਰ ਵਿਚ ਮੋਹਰੀ ਸਥਾਨ ਰਖਦੀ ਹੈ ਅਤੇ ਇਸ ਵਲੋਂ 'ਦ ਬਲੈਕ ਪ੍ਰਿੰਸ' ਦੇ ਪ੍ਰੋਡਿਊਸਰਾਂ ਨਾਲ ਕੀਤੇ ਲਿਖਤੀ ਸਮਝੌਤੇ ਅਧੀਨ ਫਿਲਮ ਦੇ ਡਿਜੀਟਲ ਅਤੇ ਡੀ. ਵੀ. ਡੀ. ਰੂਪ 10 ਅਪਰੈਲ 2018 ਨੂੰ ਵੱਡੇ ਪੱਧਰ ਉਤੇ ਰਿਲੀਜ਼ ਕੀਤੇ ਜਾਣਗੇ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਰਿਲੀਜ਼ ਹੋਈ 'ਦ ਬਲੈਕ ਪ੍ਰਿੰਸ' ਨੂੰ ਜਿਥੇ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਸੀ, ਉਥੇ ਅਮਰੀਕਾ, ਯੂਰਪ ਅਤੇ ਏਸ਼ੀਆ ਦੇ ਉਘੇ ਅਖਬਾਰਾਂ ਅਤੇ ਟੀ. ਵੀ. ਚੈਨਲਾਂ ਦੇ ਫਿਲਮ ਸਮੀਖਿਅਕਾਂ ਨੇ ਇਸ ਫਿਲਮ ਦੀ ਬੇਹੱਦ ਸਰਾਹਨਾ ਕੀਤੀ ਸੀ। ਯੂਰਪ ਵਿਚ ਇਸ ਨੇ ਬਾਕਸ ਆਫਿਸ ਉਤੇ ਚੋਟੀ ਦੀਆਂ 10 ਫਿਲਮਾਂ ਵਿਚ ਆਪਣਾ ਸਥਾਨ ਬਣਾਇਆ ਸੀ। ਫਿਲਮ ਵਿਚ ਉਘੀ ਅਦਾਕਾਰਾ ਸ਼ਬਾਨਾ ਆਜ਼ਮੀ ਅਤੇ ਗਾਇਕ ਸਤਿੰਦਰ ਸਰਤਾਜ ਦੀ ਅਦਾਕਾਰੀ ਨੂੰ ਬੇਹੱਦ ਸਰਾਹਿਆ ਗਿਆ ਸੀ।

'ਦਿ ਬਲੈਕ ਪ੍ਰਿੰਸ' ਦੇ ਨਿਰਦੇਸ਼ਕ ਕਵੀ ਰਾਜ਼ ਨੇ ਯੂਨੀਗਲੋਬ ਐਂਟਰਟੇਨਮੈਂਟ ਨਾਲ ਸਹਿਯੋਗ ਉਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਿੱਖ ਵਿਰਸੇ ਨੂੰ ਦਰਸਾਉਂਦੀ ਇਸ ਫਿਲਮ ਨੂੰ ਵਿਸਾਖੀ ਮੌਕੇ ਆਨ ਲਾਈਨ ਤੇ ਡੀ. ਵੀ. ਡੀ. ਰਿਲੀਜ਼ ਕਰਨਾ ਬੜਾ ਢੁਕਵਾਂ ਸਮਾਂ ਹੈ।

ਐਗਜੀਕਿਊਟਿਵ ਪ੍ਰੋਡਿਊਸਰ ਜਸਜੀਤ ਸਿੰਘ ਦਾ ਕਹਿਣਾ ਹੈ ਕਿ ਮੇਰਾ ਯਤਨ ਇਸ ਇਤਿਹਾਸਕ ਕਹਾਣੀ ਨੂੰ ਸਾਡੇ ਬੱਚਿਆਂ ਤੱਕ ਵੱਡੀ ਪੱਧਰ ਉਤੇ ਪਹੁੰਚਾਉਣ, ਦੱਸਣ ਅਤੇ ਸੁਣਾਉਣ ਦਾ ਹੈ ਤਾਂ ਕਿ ਉਹ ਮਹਾਰਾਜਾ ਦਲੀਪ ਸਿੰਘ ਦੇ ਸੰਘਰਸ਼ ਤੋਂ ਪ੍ਰੇਰਣਾ ਲੈ ਸਕਣ।

ਨਿਮਰਤਾ ਗੁਜਰਾਲ ਨੇ ਆਸ ਪ੍ਰਗਟਾਈ ਹੈ ਕਿ ਵਿਸ਼ਵ ਭਰ ਵਿਚ ਸਿੱਖ 10 ਅਪਰੈਲ ਨੂੰ 'ਦਿ ਬਲੈਕ ਪ੍ਰਿੰਸ' ਦੇ ਆਨ ਲਾਈਨ ਤੇ ਡਿਜੀਟਲ ਤੌਰ ਉਤੇ ਰਿਲੀਜ਼ ਕੀਤੇ ਜਾਣ ਨੂੰ ਭਰਵਾਂ ਹੁੰਗਾਰਾ ਦੇਣਗੇ।

'ਦਿ ਬਲੈਕ ਪ੍ਰਿੰਸ' ਡਿਜੀਟਲ ਤੇ ਡੀ. ਵੀ. ਡੀ. ਰੂਪ ਵਿਚ ਐਮਾਜ਼ੋਨ, ਆਈਟਿਊਨ, ਗੂਗਲ ਪਲੇਅ, ਸੋਨੀ ਪਲੇਅ ਸਟੇਸ਼ਨ, ਮਾਈਕਰੋਸਾਫਟ ਐਕਸ ਬਾਕਸ ਜਾਂ ਫਿਲਮ ਦੀ ਵੈਬਸਾਈਟ www.TheBlackPrince.com ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਚਾਰਾ ਘੁਟਾਲਾ: ਲਾਲੂ ਨੂੰ ਚੌਥੇ ਕੇਸ 'ਚ ਵੀ 14 ਸਾਲ ਕੈਦ

**ਪਟਨਾ:** ਵਿਸ਼ੇਸ਼ ਅਦਾਲਤ ਨੇ ਚਾਰਾ ਘੁਟਾਲੇ ਦੇ ਚੌਥੇ ਕੇਸ ਵਿਚ ਰਾਸ਼ਟਰੀ ਜਨਤਾ ਦਲ ਦੇ ਮੁਖੀ ਤੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸ਼ਾਦ ਨੂੰ 14 ਸਾਲ ਦੀ ਕੈਦ ਤੇ 60 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਸੀ.ਬੀ.ਆਈ. ਅਦਾਲਤ ਨੇ ਆਈ.ਪੀ.ਸੀ. ਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਸੱਤ-ਸੱਤ ਸਾਲ ਕੈਦ ਦੀਆਂ ਵੱਖੋ-ਵੱਖਰੀਆਂ ਸਜ਼ਾਵਾਂ ਸੁਣਾਈਆਂ। ਜੱਜ ਨੇ ਕਿਹਾ ਕਿ ਦੋਵੇਂ ਸਜ਼ਾਵਾਂ ਵਾਰੋ-ਵਾਰੀ ਚੱਲਣਗੀਆਂ। ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਤਹਿਤ ਵੀ ਉਸ ਨੂੰ ਸੱਤ ਸਾਲ ਦੀ ਕੈਦ ਤੇ 30 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ।

ਅਦਾਲਤ ਨੇ ਇਸ ਕੇਸ ਵਿਚ 18 ਹੋਰਨਾਂ ਦੋਸ਼ੀਆਂ ਨੂੰ ਵੀ ਸਜ਼ਾ ਸੁਣਾਈ ਹੈ। ਪਸ਼ੂ ਪਾਲਣ ਵਿਭਾਗ ਦੇ ਸਾਬਕਾ ਖੇਤਰੀ ਡਾਇਰੈਕਟਰ ਓ.ਪੀ. ਦਿਵਾਕਰ ਨੂੰ ਵੀ ਇੰਨੀ ਹੀ ਸਜ਼ਾ ਸੁਣਾਈ ਗਈ ਹੈ। ਸਾਬਕਾ ਆਈ.ਏ.ਐਸ. ਅਫਸਰ ਫੂਲਚੰਦ ਸਿੰਘ ਤੇ ਪਸ਼ੂ ਪਾਲਣ ਵਿਭਾਗ ਦੇ ਨੌਂ ਹੋਰ ਅਫਸਰਾਂ



ਨੂੰ ਸੱਤ ਸਾਲ ਦੀ ਕੈਦ ਤੇ 30-30 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਚਾਰਾ ਸਪਲਾਈ ਕਰਨ ਵਾਲੇ ਸੱਤ ਜਣਿਆਂ ਨੂੰ ਸਾਢੇ ਤਿੰਨ ਸਾਲ ਦੀ ਕੈਦ ਤੇ 15-15 ਲੱਖ ਰੁਪਏ ਦੀ ਸਜ਼ਾ ਸੁਣਾਈ ਗਈ ਹੈ।

ਅਦਾਲਤ ਨੇ ਲੰਘੀ 19 ਮਾਰਚ ਨੂੰ ਦੁਮਕਾ ਖਜ਼ਾਨੇ ਦੇ ਕੇਸ ਵਿਚ 69 ਸਾਲਾ ਲਾਲੂ ਪ੍ਰਸਾਦ ਤੇ 18 ਹੋਰਨਾਂ ਨੂੰ ਦੋਸ਼ੀ ਕਰਾਰ ਦਿੱਤਾ ਸੀ। ਬਿਹਾਰ ਦੇ ਸਾਬਕਾ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਤੇ 12 ਹੋਰਨਾਂ ਨੂੰ ਬਰੀ ਕਰ ਦਿੱਤਾ ਗਿਆ ਸੀ। ਲਾਲੂ ਪ੍ਰਸਾਦ ਇਸ ਵੇਲੇ ਰਾਂਚੀ ਦੇ ਰਾਜਿੰਦਰਾ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਵਿਚ ਇਲਾਜ ਅਧੀਨ ਹਨ।

# ਪੰਜਾਬ ਸਰਕਾਰ ਨੇ ਸਿੱਖਿਆ ਤੇ ਸਿਹਤ ਸੇਵਾਵਾਂ ਵੱਲੋਂ ਪਾਸਾ ਵੱਟਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਸਿੱਖਿਆ ਅਤੇ ਸਿਹਤ ਖੇਤਰ ਵਿਚ ਵਿਕਾਸ ਦੇ ਭਾਵੇਂ ਲੱਖ ਦਾਅਵੇ ਕਰੇ, ਪਰ ਤੱਥ ਹੋਰ ਕਹਾਣੀ ਬਿਆਨ ਕਰ ਰਹੇ ਹਨ। ਕਰਜ਼ੇ ਦੇ ਜਾਲ ਵਿਚ ਫਸਦੀ ਜਾ ਰਹੀ ਸਰਕਾਰ ਨੇ ਪੰਜਾਬ ਦੀ ਸਿੱਖਿਆ ਅਤੇ ਸਿਹਤ ਖੇਤਰਾਂ ਵਿਚ ਪੈਸੇ ਦਾ ਕੱਟ ਲਾਉਣਾ ਜਾਰੀ ਰੱਖਿਆ ਹੋਇਆ ਹੈ।



ਪ੍ਰਤੀਬੱਧ ਖਰਚ ਵਧ ਰਹੇ ਹਨ ਤੇ ਵਿਕਾਸ ਲਈ ਮਾਮੂਲੀ ਪੈਸਾ ਬਚਣ ਕਰ ਕੇ ਭਵਿੱਖੀ ਯੋਜਨਾਵਾਂ ਪੂਰਾ ਕਰਨਾ ਸਵਾਲ ਬਣਿਆ ਹੋਇਆ ਹੈ। ਕੰਪਟਰੋਲਰ ਅਤੇ ਆਡਿਟਰ ਜਨਰਲ (ਕੈਗ) ਦੀ ਰਿਪੋਰਟ ਵਿਚ ਕਰਜ਼ ਦੇ ਬੋਝ ਵਧਣ ਦਾ ਕਾਰਨ ਕੈਸ਼ ਕ੍ਰੈਡਿਟ ਲਿਮਿਟ ਅਤੇ ਪਾਵਰਕੌਮ ਲਈ ਉਜਵਲ ਡਿਸਕਾਮ ਐਸ਼ੋਰੈਂਸ ਨੂੰ ਮੰਨਿਆ ਗਿਆ ਹੈ।

ਵਿਧਾਨ ਸਭਾ ਵਿਚ ਪੇਸ਼ ਕੀਤੀ ਕੈਗ ਦੀ ਰਿਪੋਰਟ ਪੰਜਾਬ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲ੍ਹ ਰਹੀ ਹੈ। ਵਿਕਾਸ ਅਜਿਹਾ ਹੋਇਆ ਕਿ ਸਮਾਜਿਕ ਖੇਤਰ ਦੀ ਅਣਦੇਖੀ ਵਧਦੀ ਹੀ ਗਈ ਹੈ। ਰਿਪੋਰਟ ਅਨੁਸਾਰ ਸਮਾਜਿਕ ਖਰਚ ਕੁੱਲ ਮਾਲ ਪ੍ਰਾਪਤੀਆਂ ਦਾ ਸਾਲ 2012-13 ਦੇ 28.64 ਫੀਸਦੀ ਤੋਂ ਘਟ ਕੇ 2016-17 ਦੌਰਾਨ 16.59 ਫੀਸਦੀ ਰਹਿ ਗਿਆ ਸੀ। ਸਿੱਖਿਆ ਖੇਤਰ ਉਤੇ ਚਾਰ ਸਾਲ ਪਹਿਲਾਂ ਕੁੱਲ ਮਾਲੀ ਪ੍ਰਾਪਤੀਆਂ ਦਾ 16.40 ਫੀਸਦੀ ਖਰਚ ਹੁੰਦਾ ਸੀ, ਜੋ ਘਟ ਕੇ 8.94 ਫੀਸਦੀ ਰਹਿ ਗਿਆ। ਸਿਹਤ ਖੇਤਰ ਦਾ ਖਰਚਾ 4.58 ਫੀਸਦੀ ਤੋਂ ਘਟ ਕੇ 2.86 ਫੀਸਦੀ ਰਹਿ ਗਿਆ ਹੈ। ਸੁਭਾਵਿਕ ਹੈ ਕਿ ਪੈਸੇ ਦੀ ਕਮੀ ਨਾਲ ਇਹ ਦੋ ਮਹੱਤਵਪੂਰਨ ਖੇਤਰ ਪ੍ਰਭਾਵਿਤ ਹੋਏ ਹਨ। ਪੰਜਾਬ ਕਰਜ਼ੇ ਵਿਚ ਫਸਿਆ ਹੋਇਆ ਹੈ। ਮਾਰਚ 2017 ਤੱਕ ਪੰਜਾਬ ਸਿਰ ਜਨਤਕ ਕਰਜ਼ਾ 1,53,773 ਕਰੋੜ ਰੁਪਏ ਹੋ ਗਿਆ, ਜਦਕਿ 2012-13 ਦੌਰਾਨ ਇਹ ਸਿਰਫ 71,211 ਕਰੋੜ ਰੁਪਏ ਸੀ।

ਇਨ੍ਹਾਂ ਚਾਰ ਸਾਲਾਂ ਦੌਰਾਨ ਹੀ ਇਹ ਜਨਤਕ ਕਰਜ਼ਾ ਪ੍ਰਾਪਤੀਆਂ 171 ਕਰੋੜ ਰੁਪਏ ਵਧ ਗਈਆਂ। ਇਨ੍ਹਾਂ ਦਾ ਮੁੱਖ ਕਾਰਨ ਅੰਨ ਖਰੀਦ ਅਪਰੇਸ਼ਨ ਲਈ ਵਿਰਾਸਤੀ ਕੈਸ਼ ਕ੍ਰੈਡਿਟ ਦੇ ਮੁੱਦੇ ਨੂੰ ਇਕੋ ਵਾਰ ਨਿਬੇੜਨ ਦਾ ਫੈਸਲਾ ਹੈ। ਅਜਿਹਾ ਕਰਨ ਨਾਲ ਸੂਬੇ ਸਿਰ ਇਕੋ ਝਟਕੇ 29920 ਕਰੋੜ ਰੁਪਏ ਦੇ ਨਵਾਂ ਕਰਜ਼ੇ ਦਾ ਬੋਝ ਚੜ੍ਹ ਗਿਆ। ਇਸ ਮੁੱਦੇ ਉਤੇ ਪਿਛਲੀ ਅਕਾਲੀ-ਭਾਜਪਾ ਸਰਕਾਰ ਕਟਹਿਰੇ ਵਿਚ ਹੈ।

ਇਹ ਇਲਜ਼ਾਮ ਵੀ ਲੱਗਦਾ ਰਿਹਾ ਹੈ ਕਿ ਤਤਕਾਲੀ ਖੁਰਾਕ ਮੰਤਰੀ ਦੀ ਨਾਅਹਿਲੀਅਤ ਜਾਂ ਭ੍ਰਿਸ਼ਟਾਚਾਰ ਦਾ ਨੁਕਸਾਨ ਪੰਜਾਬ ਦੇ ਸਾਧਾਰਨ ਲੋਕ ਕਿਉਂ ਉਠਾਉਣ? ਇਸ ਤੋਂ ਇਲਾਵਾ ਉਜਵਲ ਡਿਸਕਾਮ ਐਸ਼ੋਰੈਂਸ ਲਈ 10.031 ਕਰੋੜ ਰੁਪਏ ਲੈਣ ਨਾਲ ਵੀ ਨਵਾਂ ਕਰਜ਼ਾ ਚੜ੍ਹ ਗਿਆ। ਇਸ ਨੇ ਵਿੱਤੀ ਜ਼ਿੰਮੇਵਾਰੀ ਕਾਨੂੰਨ ਤਹਿਤ ਪੰਜਾਬ ਸਰਕਾਰ ਦੀ ਕਰਜ਼ ਲੈਣ ਦੀ ਸਮਰੱਥਾ ਹੀ ਖਤਮ ਕਰ ਦਿੱਤੀ। 2012-13 ਵਿਚ ਜੋ ਕਰਜ਼ਾ ਕੁੱਲ ਘਰੇਲੂ ਪੈਦਾਵਾਰ ਦਾ 0.95 ਫੀਸਦੀ ਹਿੱਸਾ ਸੀ, ਇਹ 2016-17 ਦੌਰਾਨ ਵਧ ਕੇ 4.49 ਫੀਸਦੀ ਤੱਕ ਜਾ ਪਹੁੰਚਿਆ।

## ਡਿਸਪੈਂਸਰੀਆਂ ਵਿਚੋਂ ਦਵਾਈ ਮੁੱਕੀ

**ਚੰਡੀਗੜ੍ਹ:** ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤਹਿਤ ਚੱਲ ਰਹੀਆਂ ਡਿਸਪੈਂਸਰੀਆਂ ਦੀ ਸਿਹਤ ਦਿਨੋਂ ਦਿਨ ਵਿਗੜਦੀ ਜਾ ਰਹੀ ਹੈ। ਪੇਂਡੂ ਡਿਸਪੈਂਸਰੀਆਂ ਨੂੰ ਚਾਲੂ ਵਿੱਤੀ ਸਾਲ ਦੀ ਦੂਜੀ ਛਿਮਾਹੀ ਦੀਆਂ ਦਵਾਈਆਂ ਦੀ ਸਪਲਾਈ ਹਾਲੇ ਤੱਕ ਨਹੀਂ ਹੋਈ, ਜਿਸ ਕਾਰਨ ਦਵਾਈਆਂ ਮੁੱਕ ਚੁੱਕੀਆਂ ਹਨ। ਡਾਕਟਰਾਂ ਨੂੰ ਨਵੰਬਰ ਤੋਂ ਬਾਅਦ ਤਨਖਾਹ ਨਹੀਂ ਮਿਲੀ ਹੈ। ਨਵੇਂ ਬਜਟ ਵਿਚ ਜਾਰੀ ਰਾਸ਼ੀ ਦਾ ਇੰਤਜ਼ਾਰ ਮਈ-ਜੂਨ ਤੱਕ ਕਰਨਾ ਪਵੇਗਾ ਤੇ ਡਾਕਟਰਾਂ ਨੂੰ ਅਗਲੇ ਮਹੀਨਿਆਂ ਦੀ ਤਨਖਾਹ ਮਿਲਣੀ ਵੀ ਅਜੇ ਮੁਸ਼ਕਲ ਹੈ।



ਪੰਜਾਬ ਸਰਕਾਰ ਵੱਲੋਂ ਸਿਹਤ ਵਿਭਾਗ ਅਧੀਨ ਪੈਂਦੀਆਂ ਡਿਸਪੈਂਸਰੀਆਂ ਨੂੰ 283 ਤਰ੍ਹਾਂ ਦੀਆਂ ਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀਆਂ ਡਿਸਪੈਂਸਰੀਆਂ ਨੂੰ 56 ਪ੍ਰਕਾਰ ਦੀਆਂ ਦਵਾਈਆਂ ਮੁਫਤ ਭੇਜੀਆਂ ਜਾਂਦੀਆਂ ਹਨ, ਪਰ ਪਿਛਲੇ ਛੇ ਮਹੀਨਿਆਂ ਤੋਂ ਦਵਾਈ ਦੀ ਸਪਲਾਈ ਬਿਲਕੁਲ ਠੱਪ ਪਈ ਹੈ। ਇਨ੍ਹੀਂ ਦਿਨੀਂ ਹਾਲਤ ਇਹ ਹੈ ਕਿ ਬੁਖਾਰ, ਦਰਦ, ਐਲਰਜੀ, ਸ਼ੱਕਰ ਰੋਗ, ਟੱਟੀਆਂ-ਉਲਟੀਆਂ ਅਤੇ ਟੀਕਾ ਪੱਟੀ ਵੀ ਖਤਮ ਹੋ ਚੁੱਕੇ ਹਨ। ਮੋਹਾਲੀ ਨੂੰ ਛੱਡ ਕੇ ਬਾਕੀ 21 ਜ਼ਿਲ੍ਹਿਆਂ ਦੀਆਂ ਰੂਰਲ ਡਿਸਪੈਂਸਰੀਆਂ ਵਿਚ ਕੰਮ ਕਰਦੇ ਡਾਕਟਰਾਂ ਨੂੰ ਨਵੰਬਰ ਤੋਂ ਬਾਅਦ ਤਨਖਾਹ ਵੀ ਨਹੀਂ ਮਿਲੀ।

# ਪਾਕਿਸਤਾਨ ਵਿਚ ਸਿੱਖ ਨੌਜਵਾਨਾਂ ਨੂੰ ਸਿਖਲਾਈ ਦੇਣ ਦਾ ਦਾਅਵਾ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਸੰਸਦੀ ਕਮੇਟੀ ਨੂੰ ਦੱਸਿਆ ਹੈ ਕਿ ਪਾਕਿਸਤਾਨ ਅਧਾਰਤ ਖੁਫੀਆ ਏਜੰਸੀ ਆਈ.ਐਸ.ਆਈ. ਵੱਲੋਂ ਸਿੱਖ ਨੌਜਵਾਨਾਂ ਨੂੰ ਭਾਰਤ 'ਚ ਦਹਿਸ਼ਤੀ ਸਰਗਰਮੀਆਂ ਨੂੰ ਅੰਜਾਮ ਦੇਣ ਲਈ ਸਿਖਲਾਈ ਦਿੱਤੀ ਜਾ ਰਹੀ ਹੈ। ਕੈਨੇਡਾ ਅਤੇ ਹੋਰ ਮੁਲਕਾਂ ਵਿਚ ਵਸੇ ਸਿੱਖਾਂ ਨੂੰ ਝੂਠੇ ਅਤੇ ਕੂੜ ਪ੍ਰਚਾਰ ਰਾਹੀਂ ਭੜਕਾਇਆ ਜਾ ਰਿਹਾ ਹੈ।

ਕੇਂਦਰੀ ਗ੍ਰਹਿ ਸਕੱਤਰ ਦੀ ਅਗਵਾਈ ਹੇਠਲੇ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਅਨੁਮਾਨ ਕਮੇਟੀ ਨੂੰ ਦੱਸਿਆ ਕਿ ਦਹਿਸ਼ਤੀ ਗੁੱਟਾਂ ਵੱਲੋਂ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਰਾਹੀਂ ਨੌਜਵਾਨਾਂ ਨੂੰ ਵੱਖਵਾਦ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਕਮੇਟੀ ਦੀ ਰਿਪੋਰਟ 'ਕੇਂਦਰੀ ਹਥਿਆਰਬੰਦ ਪੁਲਿਸ ਬਲ ਅਤੇ ਅੰਦਰੂਨੀ ਸੁਰੱਖਿਆ ਨੂੰ ਚੁਣੌਤੀਆਂ; ਮੁਲਾਂਕਣ ਤੇ ਜਵਾਬੀ ਢਾਂਚਾ' ਨੂੰ ਸੰਸਦ 'ਚ ਰੱਖਿਆ ਗਿਆ। ਭਾਜਪਾ ਦੇ ਸੀਨੀਅਰ ਆਗੂ ਮੁਰਲੀ ਮਨੋਹਰ ਜੋਸ਼ੀ ਦੀ ਅਗਵਾਈ ਹੇਠਲੀ ਕਮੇਟੀ ਦੀ ਰਿਪੋਰਟ ਮੁਤਾਬਕ ਜੇਲ੍ਹ 'ਚ ਬੰਦ ਕਾਡਰ, ਬੇਰੁਜ਼ਗਾਰ ਨੌਜਵਾਨਾਂ, ਅਪਰਾਧੀਆਂ ਅਤੇ ਤਸਕਰਾਂ ਦੀ ਵਰਤੋਂ ਹਮਲਿਆਂ ਲਈ ਪਾਕਿਸਤਾਨ ਆਧਾਰਿਤ ਸਿੱਖ ਦਹਿਸ਼ਤੀ ਗੁੱਟਾਂ ਵੱਲੋਂ ਕੀਤੀ ਜਾ ਰਹੀ ਹੈ।

ਯੂਰਪ, ਅਮਰੀਕਾ ਅਤੇ ਕੈਨੇਡਾ 'ਚ ਵਸੇ ਸਿੱਖ ਨੌਜਵਾਨਾਂ ਨੂੰ ਵੀ ਭਾਰਤ ਖਿਲਾਫ ਗੁਮਰਾਹ ਕੀਤਾ ਜਾ ਰਿਹਾ ਹੈ ਪਰ ਕੇਂਦਰੀ ਅਤੇ ਸੂਬਾ ਏਜੰਸੀਆਂ ਬਾਰੀਕੀ ਨਾਲ ਉਨ੍ਹਾਂ 'ਤੇ ਨਜ਼ਰ ਰੱਖ ਰਹੀਆਂ ਹਨ। ਕਮੇਟੀ ਨੇ ਕਿਹਾ ਕਿ ਜੰਗ ਲੱਗੇ ਮੁਲਕਾਂ 'ਚੋਂ ਪਰਤ ਰਹੇ ਵੱਖਵਾਦੀਆਂ ਦੀਆਂ ਸਰਗਰਮੀਆਂ ਅਤੇ ਘਾਤ ਲਗਾ ਕੇ ਹਮਲੇ ਕਰਨ ਵਾਲੇ ਚੁਣੌਤੀ ਬਣੇ ਹੋਏ ਹਨ। ਮੰਤਰਾਲੇ ਨੇ ਕਮੇਟੀ ਨੂੰ ਦੱਸਿਆ ਕਿ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ, ਇੰਡੀਅਨ ਮੁਜਾਹਿਦੀਨ ਦਾ ਧੜਾ ਅਤੇ ਸਿਮੀ ਤੇ ਅਲ-ਉਮਾਹ ਵਰਗੀਆਂ ਜਥੇਬੰਦੀਆਂ 'ਤੇ ਭਾਰਤ ਦੀ ਨਜ਼ਰ ਹੈ।

## ਸਿੱਖ ਸਮਾਜ ਸੇਵੀ ਉਤੇ ਹਮਲਾ ਕਰਨ ਵਾਲੇ ਦੀ ਫੁਟੇਜ ਜਾਰੀ

**ਲੰਡਨ:** ਬਰਤਾਨੀਆ ਪੁਲਿਸ ਨੇ ਪਿਛਲੇ ਮਹੀਨੇ ਲੰਡਨ ਦੇ ਸੰਸਦ ਭਵਨ ਦੇ ਬਾਹਰ ਸਿੱਖ ਸਮਾਜ ਸੇਵੀ ਉਤੇ ਹੋਏ ਨਸਲੀ ਹਮਲੇ ਸਬੰਧੀ ਸ਼ੱਕੀ ਵਿਅਕਤੀ ਦੀ ਸੀ.ਸੀ.ਟੀ.ਵੀ. ਫੁਟੇਜ ਜਾਰੀ ਕੀਤੀ ਹੈ।

ਇਕੋ ਸਿੱਖ ਦੇ ਦੱਖਣੀ ਏਸ਼ਿਆਈ ਪ੍ਰੋਜੈਕਟ ਮੈਨੇਜਰ ਰਵਨੀਤ ਪਾਲ ਸਿੰਘ ਉਤੇ ਹੋਏ ਨਸਲੀ ਹਮਲੇ ਦੇ ਮਾਮਲੇ 'ਚ ਮੈਟਰੋਪੋਲੀਟਨ ਪੁਲਿਸ ਵੱਲੋਂ ਕੇਸ ਦਰਜ ਕਰ ਕੇ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਘਟਨਾ ਵਾਲੇ ਦਿਨ ਇਕ ਵਿਅਕਤੀ ਨੇ 'ਮੁਸਲਮਾਨੋਂ ਵਾਪਸ ਜਾਓ' ਦੇ ਨਾਅਰੇ ਮਾਰਦੇ ਹੋਏ ਪੀੜਤ ਉਤੇ ਹਮਲਾ ਕਰ ਕੇ ਉਸ ਦੀ ਦੀ ਪੱਗ ਹੇਠਾਂ ਸੁੱਟਣ ਦੀ ਕੋਸ਼ਿਸ਼ ਕੀਤੀ ਸੀ।

## 758 ਸ਼ਰਧਾਲੂਆਂ ਦੇ ਪਾਸਪੋਰਟ ਪਾਕਿ ਦੂਤਘਰ ਨੂੰ ਭੇਜੇ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਮੌਕੇ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨਾਂ ਲਈ 11 ਅਪਰੈਲ ਨੂੰ ਪਾਕਿਸਤਾਨ ਜਾਣ ਵਾਲੇ ਜਥੇ ਲਈ 758 ਸ਼ਰਧਾਲੂਆਂ ਦੇ ਪਾਸਪੋਰਟ ਪਾਕਿਸਤਾਨੀ ਹਾਈ ਕਮਿਸ਼ਨ ਨੂੰ ਵੀਜ਼ੇ ਲਈ ਭੇਜੇ ਹਨ।

ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਅਤੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਗੁਰਦੁਆਰਾ ਪੰਜਾ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਤ ਅਖੰਡ ਪਾਠ 12 ਅਪਰੈਲ ਨੂੰ ਪ੍ਰਕਾਸ਼ ਹੋਣਗੇ ਤੇ 14 ਅਪਰੈਲ ਨੂੰ ਭੋਗ ਪਾਏ ਜਾਣਗੇ। ਇਸ ਸਬੰਧੀ ਪਾਕਿਸਤਾਨ ਜਾਣ ਵਾਲੇ ਜਥੇ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਗੁਰਮੀਤ ਸਿੰਘ ਬੂਹ ਕਰਨਗੇ। ਇਹ ਜਥਾ ਵੱਖ-ਵੱਖ ਗੁਰਦੁਆਰਿਆਂ ਦੇ ਦਰਸ਼ਨ ਕਰਨ ਪਿਛੋਂ 20 ਅਪਰੈਲ ਨੂੰ ਵਾਪਸ ਆਵੇਗਾ।

# ਏਸ਼ੀਆ ਦਾ ਸਭ ਤੋਂ ਵੱਡਾ ਟਿਊਲਿਪ ਗਾਰਡਨ ਲੋਕਾਂ ਲਈ ਖੋਲ੍ਹਿਆ



**ਸ੍ਰੀਨਗਰ:** ਸ੍ਰੀਨਗਰ ਵਿਚ ਇੰਦਰਾ ਗਾਂਧੀ ਯਾਦਗਾਰੀ ਟਿਊਲਿਪ ਗਾਰਡਨ ਆਮ ਲੋਕਾਂ ਲਈ ਖੋਲ੍ਹ ਦਿੱਤਾ ਗਿਆ ਹੈ। ਏਸ਼ੀਆ ਦਾ ਸਭ ਤੋਂ ਵੱਡਾ ਟਿਊਲਿਪ ਗਾਰਡਨ ਡੱਲ ਝੀਲ ਦੇ ਕਿਨਾਰੇ ਜ਼ਬਰਵਾਨ ਪਹਾੜਾਂ ਦੀ ਲੜੀ ਦੇ ਪੈਰਾਂ ਵਿਚ ਸਥਿਤ ਹੈ।

ਫੁੱਲਾਂ ਦੀ ਖੇਤੀ ਨਾਲ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਇਸ ਸਾਲ 12.5 ਲੱਖ ਟਿਊਲਿਪ ਦੇ ਬੂਟੇ ਲਾਏ ਗਏ ਹਨ। ਲੋਕਾਂ ਨੂੰ ਇਥੇ ਟਿਊਲਿਪ ਦੀਆਂ 48 ਕਿਸਮਾਂ ਦੇਖਣ ਨੂੰ ਮਿਲਣਗੀਆਂ।

ਫੁੱਲਾਂ ਦੀ ਖੇਤੀ ਬਾਰੇ ਸੂਬੇ ਦੇ ਮੰਤਰੀ ਜਾਵੇਦ ਮੁਸਤਫਾ ਨੇ ਉਮੀਦ ਜ਼ਾਹਿਰ ਕੀਤੀ ਕਿ ਇਸ ਸਾਲ ਦੁਨੀਆਂ ਭਰ ਤੋਂ ਵੱਡੇ ਪੱਧਰ ਉਤੇ ਸੈਲਾਨੀ ਕਸ਼ਮੀਰ ਆਉਣਗੇ। ਟਿਊਲਿਪ ਦੇ ਫੁੱਲ ਦੀ ਜ਼ਿੰਦਗੀ ਬਹੁਤ ਥੋੜੀ ਹੁੰਦੀ ਹੈ। ਇਹ ਫੁੱਲ ਬਸੰਤ ਦੇ ਮੌਸਮ ਵਿਚ ਖਿੜਦਾ ਹੈ ਤੇ ਕਰੀਬ ਦੋ ਹਫਤਿਆਂ ਅੰਦਰ ਮੁਰਝਾ ਜਾਂਦਾ ਹੈ।

# ਬਲਕਾਰ ਸਿੰਘ ਸੰਧੂ ਸਰਬਸੰਮਤੀ ਨਾਲ ਬਣੇ ਲੁਧਿਆਣਾ ਦੇ ਮੇਅਰ

**ਲੁਧਿਆਣਾ:** ਸੂਬੇ ਦੀ ਸਭ ਤੋਂ ਵੱਡੀ ਨਗਰ ਨਿਗਮ ਲੁਧਿਆਣਾ ਲਈ ਕਾਂਗਰਸੀ ਕੌਂਸਲਰ ਬਲਕਾਰ ਸਿੰਘ ਸੰਧੂ ਨੂੰ ਛੇਵੇਂ ਮੇਅਰ ਵਜੋਂ ਚੁਣ ਲਿਆ ਗਿਆ। ਇਸ ਦੌਰਾਨ ਸੀਨੀਅਰ ਡਿਪਟੀ ਮੇਅਰ ਦੇ ਅਹੁਦੇ ਲਈ ਸ਼ਾਮ ਸੁੰਦਰ ਮਲਹੋਤਰਾ ਅਤੇ ਡਿਪਟੀ ਮੇਅਰ ਲਈ ਸਰਬਜੀਤ ਕੌਰ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ।

ਇਸ ਤੋਂ ਪਹਿਲਾਂ ਡਿਵੀਜ਼ਨਲ ਕਮਿਸ਼ਨਰ ਵੀ.ਕੇ. ਮੀਨਾ ਨੇ ਨਵੇਂ ਚੁਣੇ ਗਏ ਕੌਂਸਲਰਾਂ ਨੂੰ ਅਹੁਦੇ ਦੀ ਸਹੁੰ ਚੁਕਾਈ। ਬਾਅਦ ਵਿਚ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਲਿਫਾਫਾ ਖੋਲ੍ਹ ਕੇ ਉਸ ਵਿਚੋਂ ਬਲਕਾਰ ਸਿੰਘ ਸੰਧੂ, ਸ਼ਾਮ ਸੁੰਦਰ ਮਲਹੋਤਰਾ ਅਤੇ ਸਰਬਜੀਤ ਕੌਰ ਦੇ ਨਾਂ ਦੀ ਪਰਚੀ ਕੱਢੀ। ਪਰਚੀ ਕੱਢਣ ਤੋਂ ਪਹਿਲਾਂ ਮੇਅਰ ਦੇ ਅਹੁਦੇ ਲਈ ਬਲਕਾਰ ਸਿੰਘ ਸੰਧੂ ਦਾ ਨਾਂ ਕੌਂਸਲਰ ਮਮਤਾ ਆਸ਼ੂ ਤੇ ਗੁਰਦੀਪ ਸਿੰਘ ਨੀਟੂ ਨੇ ਪੇਸ਼ ਕੀਤਾ, ਜਿਸ ਨੂੰ ਸਾਰੇ ਹਾਊਸ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ।

ਹਾਊਸ ਦੀ ਕਾਰਵਾਈ ਚਲਾਉਣ ਲਈ ਸਾਰੇ ਕੌਂਸਲਰਾਂ ਨੇ ਰਾਕੇਸ਼ ਪਰਾਸ਼ਰ ਨੂੰ ਸਭਾਪਤੀ ਚੁਣਿਆ। ਮੇਅਰ ਚੁਣੇ ਜਾਣ ਮਗਰੋਂ ਬਲਕਾਰ ਸਿੰਘ ਸੰਧੂ ਨੇ ਕਿਹਾ ਕਿ ਉਹ ਪਾਰਟੀ ਪੱਧਰ ਤੋਂ ਉਪਰ ਉਠ ਕੇ ਸ਼ਹਿਰ ਦੇ ਵਿਕਾਸ ਲਈ ਉਪਰਾਲੇ ਕਰਨਗੇ। ਨਗਰ ਨਿਗਮ ਲੁਧਿਆਣਾ ਦੇ 95 ਵਾਰਡਾਂ ਦੀ ਹੋਈ ਚੋਣ ਦੌਰਾਨ ਕਾਂਗਰਸ ਪਾਰਟੀ ਨੇ 62 ਸੀਟਾਂ 'ਤੇ ਜਿੱਤ ਦਰਜ ਕਰ ਕੇ ਬਹੁਮਤ ਹਾਸਲ ਕੀਤਾ ਸੀ। ਸ਼੍ਰੋਮਣੀ ਅਕਾਲੀ ਦਲ ਨੂੰ 11, ਭਾਰਤੀ ਜਨਤਾ ਪਾਰਟੀ ਨੂੰ 10, ਲੋਕ ਇਨਸਾਫ ਪਾਰਟੀ ਨੂੰ 7, ਆਜ਼ਾਦ 4 ਅਤੇ ਆਮ ਆਦਮੀ ਪਾਰਟੀ ਨੂੰ ਇਕ ਸੀਟ ਮਿਲੀ ਸੀ।



# ਨਾਬਾਲਗ ਨਾਲ ਜਬਰ ਜਨਾਹ ਦੇ 4 ਦੋਸ਼ੀਆਂ ਨੂੰ ਕੈਦ

**ਲੁਧਿਆਣਾ:** ਨਾਬਾਲਗ ਲੜਕੀ ਨਾਲ ਸਮੂਹਿਕ ਜਬਰ ਜਨਾਹ ਕਰਨ ਵਾਲੇ 4 ਨੌਜਵਾਨਾਂ ਨੂੰ 25-25 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀਆਂ ਨੂੰ ਅਦਾਲਤ ਵੱਲੋਂ ਇਕ ਲੱਖ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ। ਪੀੜਤ ਲੜਕੀ ਦੇ ਪਿਤਾ ਦੀ ਸ਼ਿਕਾਇਤ 'ਤੇ ਪੁਲਿਸ ਨੇ ਯੋਗੇਸ਼ ਕੁਮਾਰ, ਰਾਹੁਲ ਕੁਮਾਰ, ਚਰਨਜੀਤ ਸਿੰਘ, ਕੁਲਦੀਪ ਸਿੰਘ ਉਰਫ ਸੋਨੀ, ਪਵਨ ਕੁਮਾਰ ਤੇ ਰਾਹੁਲ ਕੁਮਾਰ ਖਿਲਾਫ 7 ਮਾਰਚ 2015 ਨੂੰ ਕੇਸ ਦਰਜ ਕੀਤਾ ਸੀ।

ਲੜਕੀ ਦੇ ਪਿਤਾ ਨੇ ਦੱਸਿਆ ਕਿ 6 ਮਾਰਚ 2015 ਨੂੰ ਉਸ ਦੀ ਛੋਟੀ ਲੜਕੀ (13) ਸਾਈਕਲ 'ਤੇ ਨੇੜੇ ਸਥਿਤ ਗੁਪਤਾ ਸਵੀਟਸ ਸ਼ਾਪ 'ਤੇ ਦਹੀਂ ਲੈਣ ਲਈ ਗਈ ਸੀ, ਪਰ ਜਦੋਂ ਉਹ ਦੋ ਘੰਟੇ ਤੱਕ ਵਾਪਸ ਨਾ ਆਈ ਤਾਂ ਉਨ੍ਹਾਂ ਨੇ ਉਸ ਦੀ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਮੀਨਾ ਨੂੰ ਦੋਸ਼ੀ ਰਾਹੁਲ ਦੀ ਸਕੂਟਰੀ ਉਤੇ ਜਾਂਦਿਆਂ ਦੇਖਿਆ ਹੈ, ਜਦੋਂ ਉਹ ਡੇਅਰੀ ਕੰਪਲੈਕਸ ਨੇੜੇ ਜਾ ਰਹੇ ਸਨ ਤਾਂ ਉਥੇ ਮੀਨਾ ਵਾਪਸ ਆ ਰਹੀ ਸੀ।

ਮੀਨਾ ਨੇ ਦੱਸਿਆ ਕਿ ਰਾਹੁਲ ਉਸ ਨੂੰ ਬਹਾਨੇ ਨਾਲ ਡੇਅਰੀ ਕੰਪਲੈਕਸ ਨੇੜੇ ਉਸਾਰੀ ਅਧੀਨ ਘਰ ਵਿਚ ਲੈ ਗਿਆ, ਜਿਥੇ ਰਾਹੁਲ ਤੇ ਉਸ ਦੇ ਤਿੰਨ ਹੋਰ ਸਾਥੀਆਂ ਨੇ ਉਸ ਨਾਲ ਵਾਰੋ ਵਾਰੀ ਜਬਰ ਜਨਾਹ ਕੀਤਾ। ਅਦਾਲਤ ਵੱਲੋਂ ਯੋਗੇਸ਼ ਕੁਮਾਰ, ਪਵਨ, ਕੁਲਦੀਪ ਸਿੰਘ ਤੇ ਚਰਨਜੀਤ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ 25-25 ਸਾਲ ਦੀ ਸਜ਼ਾ ਸੁਣਾਈ ਗਈ।

## ਨੀਰਵ ਮੋਦੀ ਦੇ ਬੰਗਲੇ ਵਿਚੋਂ 21 ਕਰੋੜ ਦੇ ਗਹਿਣੇ ਜ਼ਬਤ

**ਮੁੰਬਈ:** ਪੀ.ਐਨ.ਬੀ. ਘੁਟਾਲੇ ਦੇ ਮੁਲਜ਼ਮ ਤੇ ਹੀਰਿਆਂ ਦੇ ਕਰੋੜਪਤੀ ਵਪਾਰੀ ਨੀਰਵ ਮੋਦੀ ਦੇ ਮੁੰਬਈ ਸਥਿਤ ਬੰਗਲੇ ਵਿਚੋਂ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਕੀਮਤੀ ਪੁਰਾਤਨ ਤੇ ਵਿਰਾਸਤੀ ਗਹਿਣੇ, ਘੜੀਆਂ, ਅੰਮ੍ਰਿਤਾ ਸ਼ੇਰਗਿੱਲ ਅਤੇ ਐਮਐਫ ਹੁਸੈਨ ਦੀਆਂ ਮਹਿੰਗੀਆਂ ਪੇਂਟਿੰਗਾਂ ਫੜੀਆਂ ਹਨ। ਇਨ੍ਹਾਂ ਦੀ ਕੀਮਤ 26 ਕਰੋੜ ਰੁਪਏ ਦੇ ਕਰੀਬ ਹੈ।

## ਅੰਬਾਨੀ ਦੇ ਵੱਡੇ ਮੁੰਡੇ ਦਾ ਵਿਆਹ ਦਸੰਬਰ ਵਿਚ

**ਨਵੀਂ ਦਿੱਲੀ:** ਭਾਰਤ ਦੇ ਸਭ ਤੋਂ ਅਮੀਰ ਕਾਰੋਬਾਰੀ ਮੁਕੇਸ਼ ਅੰਬਾਨੀ ਦੇ ਵੱਡੇ ਲੜਕੇ ਆਕਾਸ਼ ਦਾ ਵਿਆਹ ਉਸ ਦੀ ਜਮਾਤਣ ਸ਼ਲੋਕਾ ਮਹਿਤਾ ਨਾਲ ਦਸੰਬਰ ਵਿਚ ਹੋਵੇਗਾ। ਸ਼ਲੋਕਾ ਹੀਰਾ ਕਾਰੋਬਾਰੀ ਰਸਲ ਮਹਿਤਾ ਦੀ ਛੋਟੀ ਧੀ ਹੈ। ਗੋਆ ਵਿਚ ਦੋਵੇਂ ਪਰਿਵਾਰ ਜੁੜੇ ਸਨ ਅਤੇ ਉਥੇ ਵਿਆਹ ਦੀ ਤਰੀਕ ਬਾਰੇ ਫੈਸਲਾ ਹੋਇਆ।

# ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਨਸ਼ਿਆਂ ਖਿਲਾਫ ਮੁਹਿੰਮ ਵਿੱਢੀ

**ਬੰਗਾ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੇਸ਼ ਦੇ ਮਹਾਨ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਨੌਜਵਾਨਾਂ ਦੇ ਸ਼ਕਤੀਕਰਨ ਦਾ ਤਹੱਈਆ ਕੀਤਾ ਤੇ ਪੰਜਾਬ ਵਾਸੀਆਂ ਨੂੰ ਸੂਬੇ ਵਿਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟ ਦੇਣ ਲਈ ਸਹਿਯੋਗ ਕਰਨ ਦਾ ਸੱਦਾ ਦਿੱਤਾ। ਇਹ ਇਤਿਹਾਸਕ ਦਿਹਾੜਾ ਨੌਜਵਾਨਾਂ ਦੇ ਸ਼ਕਤੀਕਰਨ ਨੂੰ ਸਮਰਪਤ ਕਰਦਿਆਂ ਮੁੱਖ ਮੰਤਰੀ ਨੇ ਡੈਪੋ (ਡਰੱਗ ਐਬਿਊਜ਼ ਪ੍ਰੀਵੈਨਸ਼ਨ ਅਫਸਰ) ਮੁਹਿੰਮ ਸ਼ੁਰੂ ਕੀਤੀ ਜਿਸ ਤਹਿਤ ਨਸ਼ਿਆਂ ਵਿਰੁੱਧ ਵਿੱਢੀ ਜੰਗ ਵਿਚ ਪੰਜਾਬ ਦੇ ਨਾਗਰਿਕਾਂ ਤੇ ਸਰਕਾਰੀ ਮੁਲਾਜ਼ਮਾਂ ਨੂੰ ਵੀ ਜੋੜਿਆ ਗਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਡੈਪੋ ਮੁਹਿੰਮ ਤਹਿਤ ਆਪਣੇ ਆਲੇ-ਦੁਆਲੇ, ਮੁਹੱਲਿਆਂ ਜਾਂ ਸਬੰਧਤ ਥਾਵਾਂ ਉਤੇ ਕੰਮ ਕਰਨ ਲਈ ਹੋਰ ਸਮਰਪਤ ਵਾਲੰਟੀਅਰ ਨਾਲ ਜੋੜੇ ਜਾਣਗੇ ਜੋ ਸਥਾਨਕ ਪ੍ਰਸ਼ਾਸਨ, ਪੁਲਿਸ ਤੇ ਐਸ.ਟੀ. ਐਫ. ਨਾਲ ਤਾਲਮੇਲ ਬਿਠਾਉਣਗੇ। ਉਨ੍ਹਾਂ ਦੱਸਿਆ ਕਿ ਸਰਕਾਰ ਦੀ ਮੁਹਿੰਮ ਦੌਰਾਨ ਡੈਪੋ ਦੀ ਵੈਬਸਾਈਟ 'ਤੇ ਹੁਣ ਤੱਕ 4.25 ਲੱਖ ਵਾਲੰਟੀਅਰ ਰਜਿਸਟਰ ਹੋ ਚੁੱਕੇ ਹਨ ਅਤੇ ਇਸ ਸਬੰਧੀ ਹੋਰ ਅਰਜ਼ੀਆਂ ਆਉਣ ਦੀ ਸੰਭਾਵਨਾ ਹੈ।

ਮੁੱਖ ਮੰਤਰੀ ਨੇ ਇਸ ਮੌਕੇ ਸ਼ਹੀਦਾਂ ਦੀ ਯਾਦ ਵਿਚ ਬਣੀ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਯਾਦਗਾਰ ਅਤੇ ਅਜਾਇਬ ਘਰ ਨੂੰ ਰਾਸ਼ਟਰ ਨੂੰ ਸਮਰਪਤ ਕੀਤਾ। ਮੁੱਖ ਮੰਤਰੀ ਨੇ ਸ਼ਹੀਦ ਭਗਤ ਸਿੰਘ ਦੇ ਬੁੱਤ ਉਤੇ ਫੁੱਲ ਮਾਲਾ ਭੇਟ ਕੀਤੀ ਅਤੇ ਸ਼ਹੀਦ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਦੀ ਯਾਦਗਾਰ ਉਤੇ ਸ਼ਰਧਾਂਜਲੀ ਦਿੱਤੀ।




### 'ਮੁਹਾਲੀ ਅੱਡੇ ਦੇ ਨਾਂ ਦਾ ਮਾਮਲਾ ਕੇਂਦਰ ਕੋਲ ਚੁੱਕਾਂਗੇ'

ਕੈਪਟਨ ਮੁਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ ਉਤੇ ਰੱਖਣ ਦੀ ਮੰਗ ਦਾ ਜ਼ਿਕਰ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਇਸ ਮਸਲੇ ਨੂੰ ਭਾਰਤ ਸਰਕਾਰ ਕੋਲ ਉਠਾ ਚੁੱਕੀ ਹੈ ਅਤੇ ਉਹ ਨਿੱਜੀ ਤੌਰ ਉਤੇ ਵੀ ਇਹ ਮਾਮਲਾ ਉਠਾਉਣਗੇ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਨੌਜਵਾਨਾਂ ਨੂੰ ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਆਪਣੇ ਅੰਦਰ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨ ਦਾ ਸੱਦਾ ਦਿੱਤਾ।

## ਸ਼ਹੀਦੀ ਦਿਹਾੜਾ: ਅਕਾਲੀਆਂ ਵੱਲੋਂ ਸ਼ਰਧਾਂਜਲੀਆਂ ਦੀ ਥਾਂ ਸਿਆਸੀ ਤੀਰ

**ਬੰਗਾ:** ਅਕਾਲੀ ਦਲ ਬਾਦਲ ਵੱਲੋਂ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਖਟਕੜ ਕਲਾਂ ਵਿਚ ਕੀਤੀ 'ਪੋਲ ਖੋਲ੍ਹ ਰੈਲੀ' ਵਿਚ ਸਿਆਸੀ ਧਿਰਾਂ ਨੂੰ ਖੁੱਲ੍ਹ ਕੇ ਨਿਸ਼ਾਨਾ ਬਣਾਇਆ। ਮੰਚ ਤੋਂ ਅਕਾਲੀ ਆਗੂਆਂ ਨੇ ਕੈਬਨਿਟ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਨਵਜੋਤ ਸਿੰਘ ਸਿੱਧੂ ਨੂੰ ਨਿਸ਼ਾਨੇ ਉਤੇ ਰੱਖਿਆ। ਬੁਲਾਰਿਆਂ ਨੇ ਇਨ੍ਹਾਂ ਮੰਤਰੀਆਂ ਨੂੰ ਦਲ ਬਦਲੂ ਦੱਸਿਆ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਵੱਲੋਂ ਅਕਾਲੀ-ਭਾਜਪਾ ਸਰਕਾਰ ਦੇ ਕੰਮਾਂ ਉਤੇ ਆਪਣੀ ਮੋਹਰ ਲਾਉਣਾ ਬਹੁਤ ਹਾਸੋਹੀਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਕਾਂਗਰਸ ਦੀ ਨਹੀਂ, ਸਗੋਂ ਝੂਠ ਦੀ ਸਰਕਾਰ ਹੈ। ਕਾਂਗਰਸ ਨੇ ਜਿਵੇਂ ਚੋਣਾਂ ਤੋਂ ਪਹਿਲਾਂ ਕਰਜ਼ੇ ਮੁਆਫ ਕਰਨ ਅਤੇ ਘਰ ਘਰ ਨੌਕਰੀ ਦੇਣ ਦਾ ਝੂਠ ਬੋਲ ਕੇ ਵੋਟਾਂ ਹਾਸਲ ਕੀਤੀਆਂ ਸਨ, ਉਵੇਂ ਹੁਣ ਸਟੇਜਾਂ ਤੋਂ ਪਹਿਲਾਂ ਹੋਏ ਕੰਮਾਂ ਨੂੰ ਆਪਣੇ ਹਿੱਸੇ ਪਾਉਣ ਦੀਆਂ ਝੂਠੀਆਂ ਗੱਲਾਂ ਕਰ ਰਹੇ ਹਨ। ਸ੍ਰੀ ਬਾਦਲ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਆਪਣੇ ਗੌਰਵਮਈ ਵਿਰਸੇ ਅਤੇ ਇਤਿਹਾਸ ਨਾਲ ਜੋੜਨ ਦੀ ਲੋੜ ਹੈ ਤਾਂ ਜੋ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਹੋਰ ਨਿਖਾਰਿਆ ਜਾ ਸਕੇ।

ਇਸ ਤੋਂ ਪਹਿਲਾਂ ਸਾਬਕਾ ਵਜ਼ੀਰ ਬਿਕਰਮ ਸਿੰਘ ਮਜੀਠੀਆ ਨੇ ਵੀ ਕਾਂਗਰਸੀ ਮੰਤਰੀਆਂ ਉਤੇ ਸ਼ਬਦੀ ਵਾਰ ਕਰਦਿਆਂ ਕਿਹਾ ਕਿ ਕਾਂਗਰਸ ਨੂੰ ਰੱਜ ਕੇ ਮੰਦਾ ਬੋਲਣ ਵਾਲੇ ਦੋਵੇਂ ਮੰਤਰੀ ਅੱਜ ਉਸੇ ਪਾਰਟੀ ਦੇ ਦਰਬਾਰੀ ਬਣੇ ਹੋਏ ਹਨ। ਉਨ੍ਹਾਂ ਮਨਪ੍ਰੀਤ ਸਿੰਘ ਬਾਦਲ ਨੂੰ ਸ਼ਹੀਦਾਂ ਦੇ ਨਾਂ ਉਤੇ ਸਹੁੰ ਖਾ ਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣ ਵਾਲਾ ਅਤੇ ਨਵਜੋਤ ਸਿੰਘ ਸਿੱਧੂ ਨੂੰ ਚੁਟਕਲਿਆਂ/ ਟੋਟਕਿਆਂ ਨਾਲ ਡੰਗ ਟਪਾਉਣ ਵਾਲਾ ਦੱਸਿਆ।

ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਵੀ ਮਨਪ੍ਰੀਤ ਸਿੰਘ ਬਾਦਲ ਅਤੇ ਨਵਜੋਤ ਸਿੰਘ ਸਿੱਧੂ ਦੀ ਤੁਲਨਾ 'ਰਾਹੂ' ਤੇ 'ਕੇਤੂ' ਨਾਲ ਕੀਤੀ ਅਤੇ ਕਿਹਾ ਕਿ ਜਿਵੇਂ ਰਾਹੂ ਤੇ ਕੇਤੂ ਦੇ ਵੜਨ ਨਾਲ ਘਰ ਉਜੜ ਜਾਂਦਾ ਹੈ, ਇਵੇਂ ਕਾਂਗਰਸ ਦਾ ਉਜਾੜਾ ਹੋਣੋਂ ਕੋਈ ਨਹੀਂ ਰੋਕ ਸਕਦਾ।

# ਪਾਕਿਸਤਾਨ 'ਚ ਭਗਤ ਸਿੰਘ ਦੇ ਕੇਸ ਸਬੰਧੀ ਦਸਤਾਵੇਜ਼ਾਂ ਦੀ ਪ੍ਰਦਰਸ਼ਨੀ

**ਲਾਹੌਰ:** ਸ਼ਹੀਦ ਭਗਤ ਸਿੰਘ ਨੂੰ ਫਾਂਸੀ ਲਾਏ ਜਾਣ ਤੋਂ 86 ਸਾਲ ਬਾਅਦ ਪਾਕਿਸਤਾਨ ਨੇ ਪਹਿਲੀ ਵਾਰ ਉਸ ਦੇ ਕੇਸ ਨਾਲ ਸਬੰਧਤ ਕੁਝ ਰਿਕਾਰਡ ਪ੍ਰਦਰਸ਼ਿਤ ਕੀਤਾ। ਇਨ੍ਹਾਂ ਵਿਚ ਭਗਤ ਸਿੰਘ ਨੂੰ ਫਾਂਸੀ ਲਾਏ ਜਾਏ ਦਾ ਸਰਟੀਫਿਕੇਟ ਵੀ ਸ਼ਾਮਲ ਹੈ। ਇਸ ਨੁਮਾਇਸ਼ ਵਿਚ ਸ਼ਹੀਦ ਭਗਤ ਸਿੰਘ ਵੱਲੋਂ ਲਾਹੌਰ ਸੈਂਟਰਲ ਜੇਲ੍ਹ ਵਿਚੋਂ ਰਾਜਸੀ ਕੈਦੀ ਐਲਾਨੇ ਜਾਣ ਪਿਛੋਂ ਏ-ਕਲਾਸ ਦੀ ਸਹੂਲਤ ਲੈਣ ਲਈ ਲਿਖੇ ਪੱਤਰ ਵੀ ਸ਼ਾਮਲ ਕੀਤੇ ਗਏ।

ਦਸਤਾਵੇਜ਼ਾਂ ਵਿਚ ਕ੍ਰਾਂਤੀਕਾਰੀਆਂ ਹੱਥੋਂ ਮਾਰੇ ਗਏ ਪੁਲਿਸ ਅਧਿਕਾਰੀ ਜਾਹਨ ਪੀ. ਸਾਂਡਰਸ ਅਤੇ ਸਿਪਾਹੀ ਚਰਨ ਸਿੰਘ ਦੀਆਂ ਪੋਸਟ ਮਾਰਟਮ ਰਿਪੋਰਟਾਂ ਸਣੇ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਨੂੰ ਦੋਸ਼ੀ ਠਹਿਰਾਉਣ ਬਾਰੇ ਅਦਾਲਤ ਦਾ ਹੁਕਮ, ਕਾਲੇ ਵਾਰੰਟ ਅਤੇ ਉਨ੍ਹਾਂ ਨੂੰ ਫਾਂਸੀ ਉਤੇ ਲਟਕਾਉਣ ਦੀ ਪੁਸ਼ਟੀ ਬਾਰੇ ਜੇਲ੍ਹ ਦੇ ਦਰੋਗਾ ਦੀ ਰਿਪੋਰਟ ਵੀ ਸ਼ਾਮਲ ਸਨ। ਨੁਮਾਇਸ਼ ਵਿਚ ਭਗਤ ਸਿੰਘ ਵੱਲੋਂ ਜੇਲ੍ਹ ਦੀ ਸਜ਼ਾ ਦੌਰਾਨ ਮੰਗਵਾਈਆਂ ਕਿਤਾਬਾਂ, ਨਾਵਲ, ਕ੍ਰਾਂਤੀਕਾਰੀ ਸਾਹਿਤ ਸਣੇ ਪੰਜਾਬ ਟਰੈਜਿਡੀ (ਤ੍ਰਾਸਦੀ), ਜ਼ਖਮੀ ਪੰਜਾਬ, ਗੰਗਾ ਦਾਸ ਡਾਕੂ, ਸੁਲਤਾਨਾ ਡਾਕੂ, ਈਵੋਲੂਸ਼ਨ ਆਫ ਸਿਇਨ ਫੈਨ ਅਤੇ ਹਿਸਟਰੀ ਆਫ ਸਿਇਨ ਫੈਨ ਆਦਿ ਕਿਤਾਬਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੀਆਂ ਰਹੀਆਂ।

ਇਸ ਤੋਂ ਇਲਾਵਾ ਲਾਹੌਰ ਦੀ ਰਾਵੀ ਰੋਡ 'ਤੇ ਸਥਿਤ ਫੈਕਟਰੀ, ਗਵਾਲ ਮੰਡੀ ਆਬਾਦੀ ਤੇ ਮੁਜ਼ੰਗ ਚੁੰਗੀ ਦੇ ਕਿਰਾਏ ਦੇ ਘਰ ਅਤੇ ਮਿਕਲਿਓਡ ਰੋਡ ਸਥਿਤ ਕਸ਼ਮੀਰ ਬਿਲਡਿੰਗ ਸਮੇਤ ਉਨ੍ਹਾਂ ਹੋਟਲਾਂ ਦਾ ਰਿਕਾਰਡ ਵੀ ਪ੍ਰਦਰਸ਼ਤ ਕੀਤਾ ਗਿਆ, ਜਿਥੇ ਭਗਤ ਸਿੰਘ ਅਤੇ ਉਸ ਦੇ ਦੂਸਰੇ ਸਾਥੀ ਰੂਪੋਸ਼ ਰਹਿਣ ਸਮੇਂ ਰਹੇ। ਉਕਤ ਦਸਤਾਵੇਜ਼ਾਂ ਦੇ ਇਲਾਵਾ ਨੁਮਾਇਸ਼ ਵਿਚ ਡੀ.ਏ.ਵੀ. ਕਾਲਜ ਲਾਹੌਰ (ਹੁਣ ਇਸਲਾਮੀਆ ਕਾਲਜ, ਸਿਵਲ ਲਾਈਨਜ਼) ਦਾ ਦਾਖਲਾ ਰਜਿਸਟਰ ਵੀ ਸ਼ਾਮਲ ਕੀਤਾ ਗਿਆ, ਜਿਥੇ ਦਾਖਲਾ ਲੈਣ ਸਮੇਂ ਭਗਤ ਸਿੰਘ ਦਾ ਨਾਂ ਦਰਜ ਕੀਤਾ ਗਿਆ ਸੀ। ਦਸਤਾਵੇਜ਼ਾਂ ਵਿਚ ਇਹ ਵੀ ਜਾਣਕਾਰੀ ਦਰਜ ਕੀਤੀ ਗਈ ਹੈ ਕਿ ਸਾਂਡਰਸ ਨੂੰ ਡੀ.ਏ.ਵੀ. ਕਾਲਜ ਅੰਦਰੋਂ 8 ਵਾਰ ਗੋਲੀ ਮਾਰੀ ਗਈ ਸੀ। ਚੰਦਰ ਸ਼ੇਖਰ ਆਜ਼ਾਦ ਨੇ ਇਕ ਗੋਲੀ ਸਿਪਾਹੀ ਚਰਨ ਸਿੰਘ ਨੂੰ ਮਾਰੀ, ਜੋ ਭਗਤ ਸਿੰਘ ਅਤੇ ਰਾਜਗੁਰੂ ਦਾ ਪਿੱਛਾ ਕਰ ਰਿਹਾ ਸੀ। ਇਨ੍ਹਾਂ ਦੇ ਇਲਾਵਾ ਕੇਸ ਫਾਈਲਾਂ ਵਿਚ ਉਹ ਦਸਤਾਵੇਜ਼ ਵੀ ਸ਼ਾਮਲ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਅੰਗਰੇਜ਼ ਪੁਲਿਸ ਅਤੇ ਏਜੰਸੀਆਂ ਨੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਗ੍ਰਿਫਤਾਰ ਕਰਨ ਲਈ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ 24-25 ਵਾਰ ਛਾਪੇਮਾਰੀ ਕੀਤੀ। ਦਸਤਾਵੇਜ਼ਾਂ ਵਿਚ ਹਿੰਦੁਸਤਾਨ ਸੋਸ਼ਲਿਸਟ ਰਿਪਬਲੀਕਨ ਫੌਜ ਅਤੇ ਨੌਜਵਾਨ ਭਾਰਤ ਸਭਾ ਦਾ ਮੈਨੀਫੈਸਟੋ ਅਤੇ ਹੋਰ ਦਸਤਾਵੇਜ਼ ਵੀ ਸ਼ਾਮਲ ਕੀਤੇ ਗਏ। ਦਸਤਾਵੇਜ਼ਾਂ ਵਿਚ ਇਹ ਵੀ ਜਾਣਕਾਰੀ ਦਰਜ ਕੀਤੀ ਗਈ ਹੈ ਕਿ ਲਾਹੌਰ ਸਾਜ਼ਿਸ਼ ਕੇਸ ਅਧੀਨ ਦੋਸ਼ੀ ਕਰਾਰ ਦਿੱਤੇ ਗਏ ਭਗਤ ਸਿੰਘ, ਸੁਖਦੇਵ ਤੇ ਸ਼ਿਵਰਾਮ ਰਾਜਗੁਰੂ ਸਬੰਧੀ ਚੱਲੇ ਕੇਸ ਵਿਚ ਪੁਲਿਸ ਵੱਲੋਂ 457 ਗਵਾਹ ਭੁਗਤਾਏ ਗਏ, ਜਿਨ੍ਹਾਂ ਵਿਚੋਂ ਹੰਸ ਰਾਜ ਵੋਹਰਾ, ਜੈ ਗੋਪਾਲ, ਪੀ.ਐਨ. ਗੋਸ਼ਤੇ ਮਨਮੋਹਨ ਬੈਨਰਜੀ ਦੀ ਜੁੰਡਲੀ ਨੇ ਸਰਕਾਰੀ ਗਵਾਹਾਂ ਵਜੋਂ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਿਰੁੱਧ ਗਵਾਹੀਆਂ ਦਿੱਤੀਆਂ।




ਇਕ ਰਿਪੋਰਟ 'ਚ ਇਹ ਵੀ ਜਾਣਕਾਰੀ ਦਰਜ ਹੈ ਕਿ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਫਾਂਸੀ ਸਮੇਂ ਅੱਥਰੂਆਂ 'ਤੇ ਕਾਬੂ ਨਾ ਰੱਖ ਸਕਣ ਵਾਲੇ ਲਾਹੌਰ ਜੇਲ੍ਹ ਦੇ ਡਿਪਟੀ ਸੁਪਰਡੈਂਟ ਖ਼ਾਨ ਸਾਹਿਬ ਮੁਹੰਮਦ ਅਕਬਰ ਖ਼ਾਂ ਨੂੰ ਇਸ ਹਮਦਰਦੀ ਦਾ ਖ਼ਮਿਆਜ਼ਾ ਆਪਣੀ ਨੌਕਰੀ ਤੋਂ ਬਰਖ਼ਾਸਤ ਹੋਣ ਦੀ ਸੂਰਤ ਵਿਚ ਭੁਗਤਣਾ ਪਿਆ।

# ਗੈਰਕਾਨੂੰਨੀ ਟਰੈਵਲ ਏਜੰਟਾਂ ਦੇ ਪੰਜੇ ਵਿਚ ਆਇਆ ਪੰਜਾਬ

**ਬਠਿੰਡਾ:** ਗੈਰਕਾਨੂੰਨੀ ਟਰੈਵਲ ਏਜੰਟਾਂ ਦੇ ਪੰਜੇ ਵਿਚ ਪੰਜਾਬ ਪੂਰੀ ਤਰ੍ਹਾਂ ਫਸ ਗਿਆ ਹੈ। ਇਰਾਕ ਘਟਨਾ ਵੀ ਇਸ ਗੈਰਕਾਨੂੰਨੀ ਧੰਦੇ ਦੇ ਰਾਹ ਨਹੀਂ ਰੋਕ ਸਕੀ। ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਹੁਣ ਗੈਰਕਾਨੂੰਨੀ ਏਜੰਟਾਂ ਦੇ ਵੇਰਵੇ ਨਸ਼ਰ ਕੀਤੇ ਗਏ ਹਨ, ਜਿਨ੍ਹਾਂ ਵਿਚ ਪੰਜਾਬ ਦੇਸ਼ ਭਰ ਵਿਚੋਂ ਤੀਜੇ ਨੰਬਰ ਉਤੇ ਹੈ। ਮੁਲਕ ਭਰ ਵਿਚ 520 ਗੈਰਕਾਨੂੰਨੀ ਏਜੰਟਾਂ ਦੀ ਸ਼ਨਾਖਤ ਹੋਈ ਹੈ, ਜਿਨ੍ਹਾਂ ਤੋਂ ਲੋਕਾਂ ਨੂੰ ਸੁਚੇਤ ਕੀਤਾ ਗਿਆ ਹੈ। ਇਨ੍ਹਾਂ ਵਿਚ ਸਭ ਤੋਂ ਵੱਧ ਮਹਾਰਾਸ਼ਟਰ ਦੇ 90 ਗੈਰਕਾਨੂੰਨੀ ਏਜੰਟ ਹਨ ਅਤੇ 86 ਗੈਰਕਾਨੂੰਨੀ ਏਜੰਟਾਂ ਨਾਲ ਦਿੱਲੀ ਦੂਸਰੇ ਨੰਬਰ ਉਤੇ ਹੈ। ਪੰਜਾਬ ਵਿਚ 82 ਗੈਰਕਾਨੂੰਨੀ ਏਜੰਟ ਸ਼ਨਾਖਤ ਕੀਤੇ ਗਏ ਹਨ, ਜਿਨ੍ਹਾਂ ਉਤੇ ਉਂਗਲ ਉਠੀ ਹੈ।




ਵਿਦੇਸ਼ ਮੰਤਰਾਲੇ ਵੱਲੋਂ ਨਸ਼ਰ ਕੀਤੇ ਗਏ ਵੇਰਵਿਆਂ ਅਨੁਸਾਰ ਚੰਡੀਗੜ੍ਹ ਦੇ ਵੀ 26 ਗੈਰਕਾਨੂੰਨੀ ਏਜੰਟ ਸ਼ਾਮਲ ਹਨ। ਹਰਿਆਣਾ ਦੇ 13, ਰਾਜਸਥਾਨ ਦੇ 14, ਹਿਮਾਚਲ ਪ੍ਰਦੇਸ਼ ਦਾ ਇਕ, ਮੱਧ ਪ੍ਰਦੇਸ਼ ਦੇ ਅੱਠ, ਬਿਹਾਰ ਦੇ 12, ਯੂ.ਪੀ. ਦੇ 71 ਅਤੇ ਜੰਮੂ ਕਸ਼ਮੀਰ ਦੇ ਦੋ ਗੈਰਕਾਨੂੰਨੀ ਏਜੰਟ ਸ਼ਨਾਖਤ ਹੋਏ ਹਨ। ਪੰਜਾਬ ਸਰਕਾਰ ਵੱਲੋਂ 'ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ 2012' ਤਹਿਤ ਟਰੈਵਲ ਏਜੰਟਾਂ ਲਈ ਰਜਿਸਟ੍ਰੇਸ਼ਨ ਲਾਜ਼ਮੀ ਕੀਤੀ ਗਈ ਹੈ। ਐਕਟ ਦੇ ਬਾਵਜੂਦ ਬਹੁਤੇ ਏਜੰਟਾਂ ਨੇ ਹਾਲੇ ਤੱਕ ਰਜਿਸਟ੍ਰੇਸ਼ਨ ਨਹੀਂ ਕਰਵਾਈ ਹੈ। ਵਿਦੇਸ਼ ਮੰਤਰਾਲੇ ਅਨੁਸਾਰ ਪੰਜਾਬ ਵਿਚ ਸਭ ਤੋਂ ਵੱਧ ਮੁਹਾਲੀ ਵਿਚ 26 ਗੈਰਕਾਨੂੰਨੀ ਏਜੰਟ ਸ਼ਨਾਖ਼ਤ ਹੋਏ ਹਨ ਜਦੋਂ ਕਿ ਲੁਧਿਆਣਾ ਵਿਚ ਡੇਢ ਦਰਜਨ ਗੈਰਕਾਨੂੰਨੀ ਏਜੰਟਾਂ ਦੀ ਸ਼ਨਾਖਤ ਹੋਈ ਹੈ।

ਇਸੇ ਤਰ੍ਹਾਂ ਜਲੰਧਰ, ਹੁਸ਼ਿਆਰਪੁਰ, ਜ਼ੀਰਕਪੁਰ, ਪਟਿਆਲਾ, ਰੋਪੜ, ਬਠਿੰਡਾ ਆਦਿ ਵਿਚ ਵੀ ਗੈਰਕਾਨੂੰਨੀ ਏਜੰਟ ਹਨ। ਮੰਤਰਾਲੇ ਨੇ ਇਨ੍ਹਾਂ ਏਜੰਟਾਂ ਤੋਂ ਬਚਣ ਦੀ ਅਪੀਲ ਕੀਤੀ ਹੈ। ਪੰਜਾਬ ਵਿਚ ਹੁਣ ਤੱਕ ਸਿਰਫ 1180 ਟਰੈਵਲ ਏਜੰਟਾਂ ਨੇ ਰਜਿਸਟ੍ਰੇਸ਼ਨ ਕਰਵਾਈ ਹੈ, ਜਿਨ੍ਹਾਂ ਵਿਚ ਸਭ ਤੋਂ ਵੱਧ ਜਿਲ੍ਹਾ ਜਲੰਧਰ ਵਿਚ 287 ਏਜੰਟਾਂ ਦੀ ਰਜਿਸਟ੍ਰੇਸ਼ਨ ਹੋਈ ਹੈ। ਮਾਨਸਾ ਜਿਲ੍ਹੇ ਵਿਚ ਕੋਈ ਵੀ ਏਜੰਟ ਰਜਿਸਟਰਡ ਨਹੀਂ ਹੈ ਜਦੋਂ ਕਿ ਸੰਗਰੂਰ ਵਿਚ ਇਕ, ਫਾਜ਼ਿਲਕਾ ਤੇ ਫਿਰੋਜ਼ਪੁਰ ਜਿਲ੍ਹੇ ਵਿਚ ਦੋ ਰਜਿਸਟਰਡ ਟਰੈਵਲ ਏਜੰਟ ਹਨ। ਇਵੇਂ ਜਿਲ੍ਹਾ ਲੁਧਿਆਣਾ ਵਿਚ 134, ਅੰਮ੍ਰਿਤਸਰ ਵਿਚ 122, ਪਟਿਆਲਾ ਵਿਚ 84, ਬਰਨਾਲਾ ਵਿਚ 27, ਮੋਗਾ ਵਿਚ 25, ਮੁਕਤਸਰ ਵਿਚ 12, ਬਠਿੰਡਾ ਵਿਚ 5 ਤੇ ਕਪੂਰਥਲਾ ਵਿਚ 68 ਟਰੈਵਲ ਏਜੰਟਾਂ ਨੇ ਰਜਿਸਟ੍ਰੇਸ਼ਨ ਕਰਵਾਈ ਹੋਈ ਹੈ।

ਕੇਂਦਰ ਸਰਕਾਰ ਕੋਲ ਗੈਰਕਾਨੂੰਨੀ ਏਜੰਟਾਂ ਖਿਲਾਫ਼ ਲੰਘੇ ਛੇ ਵਰ੍ਹਿਆਂ ਵਿਚ 1342 ਸ਼ਿਕਾਇਤਾਂ ਪੁੱਜੀਆਂ ਹਨ, ਜਿਨ੍ਹਾਂ ਵਿਚੋਂ ਕੇਂਦਰ ਨੇ 1206 ਸ਼ਿਕਾਇਤਾਂ ਸਬੰਧਤ ਰਾਜ ਸਰਕਾਰਾਂ ਨੂੰ ਕਾਰਵਾਈ ਲਈ ਭੇਜ ਦਿੱਤੀਆਂ ਹਨ। ਕੇਂਦਰ ਸਰਕਾਰ ਨੇ ਰਾਜ ਸਰਕਾਰਾਂ ਨੂੰ ਹਦਾਇਤਾਂ ਵੀ ਦਿੱਤੀਆਂ ਹਨ ਕਿ ਵਿਦੇਸ਼ਾਂ 'ਚ ਰੁਜ਼ਗਾਰ ਦਾ ਲਾਰਾ ਲਾਉਣ ਵਾਲੇ ਏਜੰਟਾਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ।

## ਪੰਜਵੀਂ ਸਾਲਾਨਾ ਵਿਸਾਖੀ 5ਕੇ ਦੌੜ 29 ਅਪਰੈਲ ਨੂੰ

**ਨਿਊ ਯਾਰਕ (ਬਿਊਰੋ):** ਪੰਜਵੀਂ ਸਾਲਾਨਾ ਵਿਸਾਖੀ 5ਕੇ ਦੌੜ ਇਥੇ ਵਿਕਟਰੀ ਫੀਲਡ ਫਾਰੈਸਟ ਪਾਰਕ ਵੁਡਹੈਵਨ ਵਿਚ 29 ਅਪਰੈਲ ਨੂੰ ਹੋਵੇਗੀ। ਇਸ ਵਾਰ ਮੈਰਾਥਨ ਵਿਚ 8 ਵਿਸ਼ਵ ਰਿਕਾਰਡ ਜੇਤੂ 102 ਸਾਲਾ ਬੇਬੇ ਬੀਬੀ ਮਾਨ ਕੌਰ ਸ਼ਮੂਲੀਅਤ ਕਰਨਗੇ।

ਇਹ ਜਾਣਕਾਰੀ ਦਿੰਦਿਆਂ ਡਾ. ਅਵਤਾਰ ਸਿੰਘ ਟੀਨਾ ਨੇ ਦੱਸਿਆ ਕਿ ਹਰੇਕ ਦੌੜਾਕ ਨੂੰ ਇਕ ਟੀ-ਸ਼ਰਟ, ਤਮਗਾ ਤੇ ਥੈਲਾ ਦਿੱਤਾ ਜਾਏਗਾ। ਪਹਿਲੇ 3 ਸਥਾਨਾਂ 'ਤੇ ਆਉਣ ਵਾਲੇ ਮਰਦਾਂ ਤੇ ਔਰਤਾਂ ਅਤੇ ਮੁੰਡਿਆਂ ਤੇ ਕੁੜੀਆਂ ਨੂੰ ਟਰਾਫੀ ਦਿੱਤੀ ਜਾਏਗੀ। ਸਭ ਤੋਂ ਵੱਡੀ ਤੇ ਸਭ ਤੋਂ ਛੋਟੀ ਉਮਰ ਵਾਲੇ ਦੌੜਾਕ ਨੂੰ ਵੀ ਟਰਾਫੀ ਦਿੱਤੀ ਜਾਏਗੀ। ਦੌੜਾਕ ਫੋਨ: 844-824-7254 ਜਾਂ ਵੈਬਸਾਈਟ Vaisakhi5K.com ਰਾਹੀਂ ਰਜਿਸਟਰਸ਼ੇਨ ਕਰ ਸਕਦੇ ਹਨ।

# ਇਰਾਕ ਦੁਖਾਂਤ ਦੇ ਪੀੜਤਾਂ ਉਤੇ ਦੂਹਰੀ ਮਾਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਇਰਾਕ 'ਚ 39 ਭਾਰਤੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਪਿਛੋਂ ਪੀੜਤ ਪਰਿਵਾਰ ਦੂਹਰੀ ਮਾਰ ਝੱਲ ਰਹੇ ਹਨ। ਇਕ ਪਾਸੇ ਉਹ ਆਪਣੇ ਪਿਆਰਿਆਂ ਦੀਆਂ ਲਾਸ਼ਾਂ ਦੀ ਸਪੁਰਦਗੀ ਲਈ ਦਰ-ਬਦਰ ਭਟਕ ਰਹੇ ਹਨ, ਉਥੇ ਉਹ ਮਾਲੀ ਦਿੱਕਤਾਂ ਨਾਲ ਵੀ ਦੋ-ਚਾਰ ਹੋ ਰਹੇ ਹਨ। ਪੰਜਾਬ ਨਾਲ ਸਬੰਧਤ ਪੀੜਤ ਪਰਿਵਾਰ ਰਾਜਧਾਨੀ ਦਿੱਲੀ ਵਿਚ ਡੇਰੇ ਲਾਈ ਬੈਠੇ ਹਨ ਅਤੇ ਕਿਸੇ ਤਰ੍ਹਾਂ ਆਪਣੇ ਪਿਆਰਿਆਂ ਸਬੰਧੀ ਜਾਣਕਾਰੀ ਲੈਣ ਲਈ ਧੱਕੇ ਖਾ ਰਹੇ ਹਨ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਸਾਰੀਆਂ ਰਸਮੀ ਕਾਰਵਾਈਆਂ ਮੁਕੰਮਲ ਹੋਣ ਤੋਂ ਬਾਅਦ ਉਨ੍ਹਾਂ ਦੀਆਂ ਲਾਸ਼ਾਂ ਭਾਰਤ ਵਾਪਸ ਲਿਆਉਣ ਦੀ ਗੱਲ ਕਹੀ ਸੀ, ਪਰ ਇਸ ਸਬੰਧੀ ਹੋਰ ਜਾਣਕਾਰੀ ਨਾ ਮਿਲਣ 'ਤੇ ਉਹ ਦਿੱਲੀ ਵਿਚ ਵਿਦੇਸ਼ ਮੰਤਰਾਲੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਵਿਚ ਹਨ।

ਇਸੇ ਕਵਾਇਦ ਵਿਚ ਪੀੜਤ ਪਰਿਵਾਰਾਂ ਨੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਨੀਲ ਜਾਖੜ ਤੇ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨਾਲ ਮੁਲਾਕਾਤ ਕੀਤੀ। ਪੰਜਾਬ ਭਵਨ ਵਿਚ ਮੁਲਾਕਾਤ ਤੋਂ ਬਾਅਦ ਸੁਨੀਲ ਜਾਖੜ ਨੇ ਕੇਂਦਰ ਦੇ ਅਸੰਵੇਦਨਸ਼ੀਲ ਰਵੱਈਏ ਉਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਕੇਂਦਰ ਵੱਲੋਂ ਇਨ੍ਹਾਂ ਨਾਲ ਮੁਲਾਕਾਤ ਕਰਨ ਦੀ ਥਾਂ ਸਿਰਫ 5 ਵਿਅਕਤੀਆਂ ਨਾਲ ਮੁਲਾਕਾਤ ਦੀ ਸ਼ਰਤ ਲਗਾਉਣੀ ਮੰਦਭਾਗਾ ਹੈ।

ਜਾਖੜ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਕੀਤੀ ਗਈ 'ਮਨ ਕੀ ਬਾਤ' ਵਿਚ ਪੀੜਤ ਪਰਿਵਾਰਾਂ ਲਈ ਹਮਦਰਦੀ ਦਾ ਇਕ ਵੀ ਲਫਜ਼ ਨਾ ਕਹੇ ਜਾਣ ਨੂੰ ਵੀ ਅਫਸੋਸਜਨਕ ਕਰਾਰ ਦਿੱਤਾ। ਪੀੜਤ ਪਰਿਵਾਰ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਵੀ ਮੁਲਾਕਾਤ ਕਰ ਕੇ ਪੂਰੀ ਜਾਣਕਾਰੀ ਲੈਣ ਲਈ ਯਤਨਸ਼ੀਲ ਹਨ।

# ਢੱਡਰੀਆਂ ਵਾਲੇ ਵੱਲੋਂ ਜਥੇਦਾਰ ਨੂੰ ਤਿੱਖੇ ਸਵਾਲ

**ਮਾਛੀਵਾੜਾ:** ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸਮਾਗਮ ਰੱਦ ਕਰਨ ਦੇ ਦਿੱਤੇ ਮਸ਼ਵਰੇ ਤੋਂ ਬਾਅਦ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਵੀ ਜਥੇਦਾਰ ਨੂੰ ਕਈ ਤਿੱਖੇ ਸਵਾਲ ਕਰ ਕੇ ਜਵਾਬ ਮੰਗੇ ਹਨ। ਇਸ ਬਾਰੇ ਵੀਡੀਓ ਵਾਇਰਲ ਹੋਈ ਹੈ। ਢੱਡਰੀਆਂ ਵਾਲੇ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਉਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਤਾਂ ਭਾਈ ਸਾਹਿਬ ਦਾ ਮਸ਼ਵਰਾ ਮੰਨ ਕੇ ਸਿੱਖ ਕੌਮ ਵਿਚਕਾਰ ਵਧ ਰਹੇ ਟਕਰਾਅ ਦੇ ਮੱਦੇਨਜ਼ਰ ਇਹ ਦੀਵਾਨ ਰੱਦ ਕਰ ਦਿੱਤੇ ਹਨ, ਪਰ ਹੁਣ ਉਹ ਵੀ ਸਲਾਹ ਦਿੰਦੇ ਹਨ ਕਿ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਮੁਆਫੀ ਦੀ ਅਸਲੀਅਤ ਲੋਕਾਂ ਸਾਹਮਣੇ ਆਉਣ ਅਤੇ ਸਿੱਖ ਕੌਮ ਵੱਲੋਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਪੂਰੀ ਤਰ੍ਹਾਂ ਨਕਾਰਨ ਦੇ ਸੰਦਰਭ 'ਚ ਉਹ ਵੀ ਹੁਣ ਆਪਣੇ ਅਹੁਦੇ ਨੂੰ ਛੱਡ ਕੇ ਘਰ ਬੈਠਣ।

ਭਾਈ ਰਣਜੀਤ ਸਿੰਘ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਸਵਾਲ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਗੁਰਮਤਿ ਪ੍ਰਚਾਰ ਦੇ ਸਮਾਗਮਾਂ ਨੂੰ ਰੋਕਣ ਲਈ ਸਾਰੀਆਂ ਧਿਰਾਂ ਇਕੱਠੀਆਂ ਹੋ ਜਾਂਦੀਆਂ ਹਨ, ਪਰ ਉਨ੍ਹਾਂ ਦੇ ਇਕ ਸਾਥੀ ਨੂੰ ਮਾਰ ਮੁਕਾਉਣ ਵਾਲਿਆਂ ਬਾਰੇ ਕੁਝ ਨਹੀਂ ਕਿਹਾ ਜਾਂਦਾ। ਉਨ੍ਹਾਂ ਕਿਹਾ ਕਿ ਜੋ ਸੰਪਰਦਾਵਾਂ ਸਿੱਖ ਮਰਿਆਦਾ ਦੇ



ਉਲਟ ਜਾ ਕੇ ਸਿੱਖ ਕੌਮ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ, ਉਨ੍ਹਾਂ ਦੇ ਸਮਾਗਮਾਂ ਵਿਚ ਜਾ ਕੇ ਲਿਫਾਫੇ ਲੈਣ ਦੀ ਬਜਾਏ ਉਨ੍ਹਾਂ ਨੂੰ ਰੋਕਿਆ ਜਾਵੇ।

ਦੱਸ ਦਈਏ ਕਿ ਢੱਡਰੀਆਂ ਵਾਲਿਆਂ ਵੱਲੋਂ ਕਸਬਾ ਚੋਹਲਾ ਸਾਹਿਬ ਵਿਚ ਕੀਤੇ ਜਾਣ ਵਾਲੇ ਤਿੰਨ ਰੋਜ਼ਾ 'ਗੁਰੂ ਮਾਨਿਓ ਗ੍ਰੰਥ ਚੇਤਨਾ ਸਮਾਗਮਾਂ' ਨੂੰ ਕੁਝ ਸਿੱਖ ਜਥੇਬੰਦੀਆਂ ਦੇ ਵਿਰੋਧ ਪਿੱਛੋਂ ਰੱਦ ਕਰ ਦਿੱਤਾ ਗਿਆ ਸੀ। ਇਨ੍ਹਾਂ ਸਮਾਗਮਾਂ ਲਈ ਪ੍ਰਬੰਧ ਕਰਨ ਵਾਲੀ ਸੰਸਥਾ ਗੁਰਦੁਆਰਾ ਪਰਮੇਸ਼ਵਰ ਦਵਾਰ ਗੁਰਮਤਿ ਪ੍ਰਚਾਰ ਸੇਵਾ ਦਲ, ਚੋਹਲਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਅਤੇ ਉਨ੍ਹਾਂ ਦੇ ਕਈ ਹਮਾਇਤੀਆਂ ਨੇ ਸਮਾਗਮ ਰੱਦ ਕਰਨ ਲਈ ਮਜਬੂਰ ਕਰਨ ਪਿੱਛੇ ਖਾਲਿਸਤਾਨੀ ਜਥੇਬੰਦੀਆਂ ਦੇ ਨਾਲ-ਨਾਲ ਅਕਾਲ ਤਖ਼ਤ ਦੇ ਜਥੇਦਾਰ ਨੂੰ ਜ਼ਿੰਮੇਵਾਰ ਦੱਸਿਆ ਹੈ।

ਇਨ੍ਹਾਂ ਸਮਾਗਮਾਂ ਸਬੰਧੀ ਬੀਤੇ ਕਈ ਦਿਨਾਂ ਤੋਂ ਇਲਾਕੇ ਵਿਚ ਤਣਾਅ ਵਾਲੀ ਸਥਿਤੀ ਬਣੀ ਹੋਈ ਸੀ। ਸਿੱਖ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਵਿਰੋਧ ਕਰ ਕੇ ਪ੍ਰਸ਼ਾਸਨ ਨੇ ਸਮਾਗਮ ਲਈ ਤਿੰਨ ਦਿਨਾਂ ਦੀ ਥਾਂ 26 ਅਤੇ 27 ਮਾਰਚ ਲਈ ਦੋ ਦਿਨਾਂ ਲਈ ਇਜਾਜ਼ਤ ਦਿੱਤੀ ਸੀ। ਇਨ੍ਹਾਂ ਸਮਾਗਮਾਂ ਸਬੰਧੀ ਪ੍ਰਸ਼ਾਸਨ ਨੇ ਦੋਹਾਂ ਧਿਰਾਂ ਦੀਆਂ ਮੀਟਿੰਗਾਂ ਵੀ ਬੁਲਾਈਆਂ ਸਨ, ਪਰ ਦੋਵੇਂ ਧਿਰਾਂ ਆਪਸ ਵਿਚ ਸਹਿਮਤ ਨਹੀਂ ਹੋ ਰਹੀਆਂ ਸਨ। ਵਿਰੋਧ ਕਰ ਕੇ ਭਾਈ ਰਣਜੀਤ ਸਿੰਘ ਨੇ ਖੁਦ ਹੀ ਇਨ੍ਹਾਂ ਸਮਾਗਮਾਂ ਨੂੰ ਰੱਦ ਕੀਤੇ ਜਾਣ ਦਾ ਐਲਾਨ ਕਰ ਦਿੱਤਾ।

# ਮੌੜ ਬੰਬ ਧਮਾਕੇ ਦੀ ਜਾਂਚ ਕੱਚੇ ਲਾਹੁਣ ਦੀਆਂ ਤਿਆਰੀਆਂ

**ਬਠਿੰਡਾ:** ਪੰਜਾਬ ਪੁਲਿਸ ਮੁਖੀ ਵੱਲੋਂ ਮੌੜ ਬੰਬ ਧਮਾਕੇ ਦੀ ਜਾਂਚ ਕਰ ਰਹੇ ਤਫਤੀਸ਼ੀ ਅਫਸਰ ਦੇ ਅਚਨਚੇਤੀ ਕੀਤੇ ਤਬਾਦਲੇ ਨੇ ਨਵੀਂ ਚੁੰਝ



ਚਰਚਾ ਛੇੜ ਦਿੱਤੀ ਹੈ। ਪੁਲਿਸ ਦੇ ਮੁਖੀ ਸੁਰੇਸ਼ ਅਰੋੜਾ ਵੱਲੋਂ ਕੁਝ ਅਰਸਾ ਪਹਿਲਾਂ ਇੰਸਪੈਕਟਰ ਦਲਬੀਰ ਸਿੰਘ ਨੂੰ ਮੌੜ ਧਮਾਕੇ ਦੀ ਜਾਂਚ ਦਾ ਤਫਤੀਸ਼ੀ ਅਫਸਰ ਨਿਯੁਕਤ ਕੀਤਾ ਗਿਆ ਸੀ। ਜਾਂਚ ਦਾ ਕੰਮ ਇੰਨੀ ਤੇਜ਼ੀ ਨਾਲ ਚੱਲਿਆ ਕਿ ਪੁਲਿਸ ਤਿੰਨ ਮੁਲਜ਼ਮਾਂ ਨੂੰ ਨਾਮਜ਼ਦ ਕਰਨ ਮਗਰੋਂ ਡੇਰਾ ਸਿਰਸਾ ਦੇ ਗੇਟ ਤੱਕ ਪੁੱਜ ਗਈ, ਪਰ ਫਿਰ ਅਚਨਚੇਤੀ ਜਾਂਚ ਨੂੰ ਬਰੇਕ ਲੱਗ ਗਈ ਅਤੇ ਪੁਲਿਸ ਨੇ ਵਾਪਸ ਮੋੜਾ ਕੱਟ ਲਿਆ।

ਸੂਤਰਾਂ ਮੁਤਾਬਕ ਇਸ ਯੂ-ਟਰਨ ਦੀ ਵਜ੍ਹਾ ਕੋਈ ਵੱਡਾ ਸਿਆਸੀ ਕਾਰਨ ਹੈ। ਪੰਜਾਬ ਪੁਲਿਸ ਦੇ ਮੁਖੀ ਵੱਲੋਂ ਥਾਣਾ ਦਿਆਲਪੁਰਾ ਦੇ ਮੁੱਖ ਥਾਣਾ ਦਲਬੀਰ ਸਿੰਘ ਦਾ ਤਬਾਦਲਾ ਹੁਣ ਜਿਲ੍ਹਾ ਫਤਿਹਗੜ੍ਹ ਸਾਹਿਬ ਵਿਚ ਕਰ ਦਿੱਤਾ ਗਿਆ ਹੈ। ਸੂਤਰਾਂ ਦੀ ਮੰਨੀਏ ਤਾਂ ਸਰਕਾਰ ਹੁਣ ਮੌੜ ਧਮਾਕੇ ਦੀ ਜਾਂਚ ਨੂੰ ਠੰਢੇ ਬਸਤੇ 'ਚ ਰੱਖ ਕੇ, ਆਗਾਮੀ ਚੋਣਾਂ ਮੌਕੇ ਇਸ ਦਾ ਸਿਆਸੀ ਲਾਹਾ ਲੈਣ ਦੇ ਰੌਂਅ ਵਿਚ ਹੈ।

ਦੂਜੇ ਪਾਸੇ ਮੌੜ ਬੰਬ ਧਮਾਕੇ ਦੀ ਜਾਂਚ ਦਾ ਤਫਤੀਸ਼ੀ ਅਫਸਰ ਬਦਲੀ ਦੇ ਬਾਵਜੂਦ ਦਲਬੀਰ ਸਿੰਘ ਨੂੰ ਰੱਖਿਆ ਗਿਆ ਹੈ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇੰਸਪੈਕਟਰ ਦਲਬੀਰ ਸਿੰਘ ਨੂੰ ਨਵਾਂ ਟਾਸਕ ਦਿੱਤਾ ਗਿਆ ਹੈ, ਜਿਸ ਵਾਸਤੇ ਉਨ੍ਹਾਂ ਦਾ ਤਬਾਦਲਾ ਫਤਿਹਗੜ੍ਹ ਸਾਹਿਬ ਦਾ ਕੀਤਾ ਗਿਆ ਹੈ। ਉਂਜ ਇਹ ਚਰਚਾ ਵੀ ਜ਼ੋਰਾਂ 'ਤੇ ਹੈ ਕਿ ਮੌੜ ਧਮਾਕੇ ਦਾ ਮੁੱਖ ਮੁਲਜ਼ਮ ਗੁਰਤੇਜ ਕਾਲਾ ਆਤਮ ਸਮਰਪਣ ਕਰ ਸਕਦਾ ਹੈ।

ਫਰਵਰੀ ਮਹੀਨੇ ਵਿਚ ਤਾਂ ਕਈ ਪੁਲਿਸ ਅਫਸਰਾਂ ਵਿਚ ਮੌੜ ਧਮਾਕੇ ਨੂੰ ਲੈ ਕੇ ਦੌੜ ਵੀ ਲੱਗ ਗਈ ਸੀ। ਉਦੋਂ ਹਰ ਕੋਈ ਇਸ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੇ ਆਹਰ ਵਿਚ ਸੀ। ਉਸ ਮਗਰੋਂ ਸਰਕਾਰ ਨੇ ਇਨ੍ਹਾਂ ਦੌੜਾਕਾਂ ਨੂੰ ਬਰੇਕ ਲਾ ਦਿੱਤੀ। ਯਾਦ ਰਹੇ ਕਿ ਪੁਲਿਸ ਨੇ ਮੌੜ ਧਮਾਕੇ ਦੇ ਮਾਮਲੇ ਵਿਚ ਗੁਰਤੇਜ ਕਾਲਾ, ਅਮਰੀਕ ਸਿੰਘ ਅਤੇ ਅਵਤਾਰ ਸਿੰਘ ਨੂੰ ਨਾਮਜ਼ਦ ਕੀਤਾ ਹੋਇਆ ਹੈ। ਇਨ੍ਹਾਂ ਦੇ ਗ੍ਰਿਫਤਾਰੀ ਵਰੰਟ ਤਲਵੰਡੀ ਸਾਬੋ ਅਦਾਲਤ ਵੱਲੋਂ ਜਾਰੀ ਹੋ ਚੁੱਕੇ ਸਨ।

# ਵਿਦੇਸ਼ੀ ਸ਼ਰਧਾਲੂਆਂ ਨੂੰ ਬਹੁਭਾਸ਼ੀ ਗਾਈਡ ਦੱਸਣਗੇ ਸਿੱਖ ਇਤਿਹਾਸ

**ਅੰਮ੍ਰਿਤਸਰ:** ਦੇਸ਼-ਵਿਦੇਸ਼ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਆਉਣ ਵਾਲੇ ਸ਼ਰਧਾਲੂਆਂ ਨੂੰ ਸਿੱਖ ਇਤਿਹਾਸ ਬਾਰੇ ਦੱਸਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਹੁ ਭਾਸ਼ਾਈ ਗਾਈਡ ਰੱਖੇਗੀ। ਰੋਜ਼ਾਨਾ ਹਰਿਮੰਦਰ



ਸਾਹਿਬ ਨਤਮਸਤਕ ਹੋਣ ਵਾਲੇ ਸ਼ਰਧਾਲੂਆਂ ਦੀ ਗਿਣਤੀ 50 ਤੋਂ 60 ਹਜ਼ਾਰ ਦੇ ਕਰੀਬ ਹੈ।

ਇਸ ਵਿਚ 25 ਤੋਂ 30 ਹਜ਼ਾਰ ਸ਼ਰਧਾਲੂ ਗੈਰ ਪੰਜਾਬੀ ਜਾਂ ਵਿਦੇਸ਼ੀ ਹੁੰਦੇ ਹਨ। ਗੈਰ ਪੰਜਾਬੀ ਜਾਂ ਵਿਦੇਸ਼ੀ ਸ਼ਰਧਾਲੂ ਹਰਿਮੰਦਰ ਸਾਹਿਬ ਵਿਚ ਲਿਖੀ ਹੋਈ ਪੰਜਾਬੀ ਭਾਸ਼ਾ ਦੇ ਸਾਈਨ ਬੋਰਡ ਨਹੀਂ ਪੜ੍ਹ ਸਕਦੇ ਤੇ ਨਾ ਹੀ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਦਾ ਅਨੁਸ਼ਾਸਨ ਪਤਾ ਹੁੰਦਾ ਹੈ। ਇਸ ਕਰ ਕੇ ਅਕਸਰ ਪਰਿਕਰਮਾ ਵਿਚ ਸੇਵਾਦਾਰ ਗੈਰ ਪੰਜਾਬੀ ਸ਼ਰਧਾਲੂਆਂ ਨੂੰ ਸਿਰ ਢੱਕਣ ਜਾਂ ਹੋਰ ਕੁਝ ਸਮਝਾਉਂਦੇ ਹੋਏ ਦੇਖੇ ਜਾਂਦੇ ਹਨ।

ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਸ਼੍ਰੋਮਣੀ ਕਮੇਟੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ 12 ਗਾਈਡ ਰੱਖਣ ਦਾ ਫੈਸਲਾ ਲਿਆ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸ਼ਰਧਾਲੂਆਂ ਦੀ ਸਹੂਲਤ ਨੂੰ ਧਿਆਨ ਵਿਚ ਰੱਖਦੇ ਹੋਏ ਕਮੇਟੀ 12 ਬਹੁ ਭਾਸ਼ਾਈ ਗਾਈਡ ਰੱਖ ਰਹੀ ਹੈ। ਇਨ੍ਹਾਂ ਨੂੰ ਤਿੰਨ ਸ਼ਿਫਟਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਦੇ ਚਾਰੇ ਕੋਨਿਆਂ ਵਿਚ ਇਕ-ਇਕ ਦੀ ਗਿਣਤੀ ਵਿਚ ਤਾਇਨਾਤ ਕੀਤਾ ਜਾਵੇਗਾ।

# ਸਿੱਖ ਕਤਲੇਆਮ: ਨਿਆਂ ਲਈ ਯੋਗੀ ਸਰਕਾਰ ਦੀ ਢਿੱਲ 'ਤੇ ਗਿਲਾ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੇ ਉਤਰ ਪ੍ਰਦੇਸ਼ (ਯੂ.ਪੀ.) ਇੰਚਾਰਜ ਕੁਲਦੀਪ ਸਿੰਘ ਭੋਗਲ ਨੇ ਕਾਨਪੁਰ ਦਾ ਦੌਰਾ ਕਰ ਕੇ ਉਥੋਂ ਦੀਆਂ ਸਿੱਖ ਸ਼ਖਸੀਅਤਾਂ ਨਾਲ ਮੁਲਾਕਾਤ ਕਰ ਕੇ ਕਈ ਮੁੱਦਿਆਂ ਬਾਰੇ ਗੰਭੀਰ ਚਰਚਾ ਕੀਤੀ। ਨਵੰਬਰ 1984 ਸਿੱਖ ਕਤਲੇਆਮ ਦੌਰਾਨ ਕਾਨਪੁਰ 'ਚ ਮਾਰੇ ਗਏ 127 ਸਿੱਖਾਂ ਦੇ ਮਾਮਲੇ ਦਾ ਜ਼ਿਕਰ ਕਰਦੇ ਹੋਏ ਭੋਗਲ ਨੇ ਕਿਹਾ ਕਿ ਯੂ.ਪੀ. ਸਰਕਾਰ ਨੇ 1984 ਦੇ ਪੀੜਤਾਂ ਲਈ ਪਿਛਲੇ ਇਕ ਸਾਲ 'ਚ ਕੁਝ ਵੀ ਨਹੀਂ ਕੀਤਾ।

ਇਸ ਮਾਮਲੇ 'ਚ ਕੇਂਦਰ ਵੱਲੋਂ ਸਥਿਤੀ ਰਿਪੋਰਟ ਸੁਪਰੀਮ ਕੋਰਟ 'ਚ ਦਾਖਲ ਕਰਵਾ ਦਿੱਤੀ ਗਈ ਹੈ ਪਰ ਪਰ ਯੂ.ਪੀ. ਸਰਕਾਰ ਵੱਲੋਂ ਹਾਲੇ ਤੱਕ ਸਥਿਤੀ ਰਿਪੋਰਟ ਦਾਖਲ ਕਰਵਾਉਣ ਤੋਂ ਪਾਸਾ ਵੱਟਿਆ ਹੋਇਆ ਹੈ। ਯੂ.ਪੀ. ਸਰਕਾਰ ਦੇ ਰਵੱਈਏ ਤੋਂ ਸਪੱਸ਼ਟ ਹੈ ਕਿ ਉਹ 1984 ਦੇ ਸਿੱਖ ਪੀੜਤਾਂ ਦੇ ਮਾਮਲਿਆਂ ਪ੍ਰਤੀ ਗੰਭੀਰ ਨਹੀਂ। ਸਹਾਰਨਪੁਰ 'ਚ ਅੰਮ੍ਰਿਤਧਾਰੀ ਸਿੱਖ ਬੱਚਿਆਂ ਨੂੰ ਕਿਰਪਾਨ ਉਤਾਰ ਕੇ ਪ੍ਰੀਖਿਆ ਦੇਣ ਲਈ ਮਜਬੂਰ ਕਰਨ ਵਾਲੇ ਪ੍ਰਿੰਸੀਪਲ ਦੀ ਅਲੋਚਨਾ ਕਰਦੇ ਹੋਏ ਭੋਗਲ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਮਾਮਲੇ ਦੀ ਸ਼ਿਕਾਇਤ ਯੂ.ਪੀ. ਦੇ ਮੁੱਖ ਮੰਤਰੀ ਨੂੰ ਭੇਜ ਕੇ ਸਬੰਧਤ ਪ੍ਰਿੰਸੀਪਲ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ ਹੈ।

ਯੂ.ਪੀ. ਦੇ ਰਾਏਗੰਜ 'ਚ ਸਿੱਖਾਂ ਦੇ ਧਰਮ ਪਰਿਵਰਤਨ ਕਰਵਾਉਣ ਦੀ ਘਟਨਾ ਦਾ ਜ਼ਿਕਰ ਕਰਦੇ ਹੋਏ ਭੋਗਲ ਨੇ ਕਿਹਾ ਕਿ ਜੇਕਰ ਯੂ.ਪੀ. ਸਰਕਾਰ ਨੇ ਇਸ ਮੁੱਦੇ ਪ੍ਰਤੀ ਗੰਭੀਰਤਾ ਨਹੀਂ ਵਿਖਾਈ ਤਾਂ ਇਸ ਨਤੀਜੇ ਖਤਰਨਾਕ ਹੋ ਸਕਦੇ ਹਨ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਸਿੱਖ ਕਤਲੇਆਮ ਦੌਰਾਨ ਕਾਨਪੁਰ ਵਿਚ ਮਾਰੇ ਗਏ 127 ਸਿੱਖਾਂ ਨੂੰ ਇਨਸਾਫ ਦਿਵਾਉਣ ਲਈ ਮੂੰਹ ਉਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਲਖਨਊ ਵਿਚ ਪ੍ਰਦਰਸ਼ਨ ਕੀਤਾ ਜਾਵੇਗਾ।

## ਨਸ਼ਾ ਤਸਕਰੀ ਦੇ ਦੋਸ਼ 'ਚ ਤਿੰਨ ਭਾਰਤੀਆਂ ਨੂੰ ਸਜ਼ਾ

**ਲੰਡਨ:** ਭਾਰਤੀ ਮੂਲ ਦੇ ਤਿੰਨ ਵਿਅਕਤੀਆਂ ਅਤੇ ਦੋ ਪਾਕਿਸਤਾਨੀਆਂ ਨੂੰ ਅਦਾਲਤ ਨੇ ਅੰਤਰਰਾਸ਼ਟਰੀ ਪੱਧਰ ਉਤੇ ਨਸ਼ਾ ਤਸਕਰੀ ਕਰਨ ਦੇ ਦੋਸ਼ ਵਿਚ ਕੁੱਲ 95 ਸਾਲ ਦੀ ਸਜ਼ਾ ਸੁਣਾਈ ਹੈ। ਦੋਸ਼ੀਆਂ ਵਿਚ ਜਗਦੀਸ਼ ਪਟੇਲ ਨੂੰ 25 ਸਾਲ, ਰਵਿੰਦਰ ਮੋਧਾ ਨੂੰ 16 ਸਾਲ ਅਤੇ ਪਲਵਿੰਦਰ ਰੰਧਾਵਾ ਨੂੰ 18 ਸਾਲ ਦੀ ਸਜ਼ਾ ਸੁਣਾਈ ਗਈ ਹੈ।

## ਟਾਈਟਲਰ ਖ਼ਿਲਾਫ਼ ਪੰਜ ਨਵੇਂ ਵੀਡੀਓਜ਼ ਆਏ ਸਾਹਮਣੇ

**ਨਵੀਂ ਦਿਲੀ:** ਸਾਬਕਾ ਕੇਂਦਰੀ ਮੰਤਰੀ ਜਗਦੀਸ਼ ਟਾਈਟਲਰ ਖਿਲਾਫ਼ 5 ਵੀਡੀਓ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਭੇਜਣ ਵਾਲੇ ਵਿਅਕਤੀ ਨੇ ਹੁਣ ਦਾਅਵਾ ਕੀਤਾ ਹੈ ਕਿ ਟਾਈਟਲਰ ਨਾਲ ਸਬੰਧਤ ਇਹ ਵੀਡੀਓ ਪੂਰੀ ਤਰ੍ਹਾਂ ਸੱਚੀਆਂ ਹਨ ਅਤੇ ਪੈਨ ਡਰਾਈਵ ਵਿਚ ਇਸ ਵਾਰ ਆਈਆਂ 5 ਵੀਡੀਓਜ਼ ਵਿਚ ਟਾਈਟਲਰ ਨਾਲ ਗੱਲਬਾਤ ਕਰ ਰਿਹਾ ਵਿਅਕਤੀ ਬਿਲਕੁਲ ਸਾਫ ਨਜ਼ਰ ਆ ਰਿਹਾ ਹੈ। ਇਹ ਦਿੱਲੀ ਦਾ ਵਪਾਰੀ ਰਵਿੰਦਰ ਸਿੰਘ ਚੌਹਾਨ ਦੱਸਿਆ ਜਾਂਦਾ ਹੈ। ਇਸ ਮਸਲੇ ਉਤੇ ਮਨਜੀਤ ਸਿੰਘ ਜੀਕੇ ਨੇ ਦਾਅਵਾ ਕੀਤਾ ਹੈ ਕਿ ਉਹ ਵਿਅਕਤੀ ਠੀਕ ਸਮਾਂ ਆਉਣ ਉਤੇ ਇਸ ਵੀਡੀਓ ਦੀ ਲਗਭਗ ਇਕ ਘੰਟੇ ਦੀ ਅਸਲੀ ਫੁਟੇਜ ਨੂੰ ਲੈ ਕੇ ਮੀਡੀਆ ਅਤੇ ਅਦਾਲਤ ਦੇ ਸਾਹਮਣੇ ਵੀ ਪੇਸ਼ ਹੋ ਜਾਵੇਗਾ।

ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੇ ਘਰ ਸਪੀਡ ਪੋਸਟ ਰਾਹੀਂ 23 ਮਾਰਚ 2018 ਨੂੰ ਭੇਜੇ ਇਸ ਲਿਫਾਫੇ ਵਿਚ ਇਕ ਪੱਤਰ ਦੇ ਨਾਲ ਪੈਨ ਡਰਾਈਵ ਨੱਥੀ ਹੈ। ਇਸ ਵਿਚ ਪੁਰਾਣੇ 5 ਵੀਡੀਓ ਦੀਆਂ ਅਸਲੀ ਕਾਪੀਆਂ ਹੋਣ ਦਾ ਦਾਅਵਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 5 ਫਰਵਰੀ 2018 ਨੂੰ ਸ੍ਰੀ ਜੀਕੇ ਨੇ ਟਾਈਟਲਰ ਦੇ 5 ਵੀਡੀਓ ਜਾਰੀ ਕੀਤੇ ਸਨ। ਦਿਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਮੰਗ ਕੀਤੀ ਕਿ ਜਾਂਚ ਏਜੰਸੀਆਂ ਨੂੰ ਚੌਹਾਨ ਦੇ ਬਿਆਨ ਧਾਰਾ 164 ਦੇ ਤਹਿਤ ਰਿਕਾਰਡ ਕਰਨੇ ਚਾਹੀਦੇ ਹਨ ਤੇ ਕਾਂਗਰਸ ਪਾਰਟੀ ਨੂੰ ਟਾਈਟਲਰ ਨੂੰ ਪਾਰਟੀ ਵਿਚੋਂ ਤੁਰਤ ਕੱਢ ਦੇਣਾ ਚਾਹੀਦਾ ਹੈ।

# ਹੁਣ ਚੀਨੀ ਭਾਸ਼ਾ ਪੜ੍ਹਨਗੇ ਪੰਜਾਬੀ ਵਿਦਿਆਰਥੀ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਹੁਣ ਚੀਨੀ ਭਾਸ਼ਾ ਪੜ੍ਹਾਈ ਜਾਵੇਗੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਸੀਨੀਅਰ ਸੈਕੰਡਰੀ ਪੱਧਰ ਉਤੇ ਚੀਨੀ ਭਾਸ਼ਾ ਨੂੰ ਪੜ੍ਹਾਉਣ ਦੀ ਪੇਸ਼ਕਸ਼ ਕੀਤੀ ਜਾਵੇਗੀ। ਸੂਬੇ ਵਿਚਲੇ ਸਰਕਾਰੀ ਸਕੂਲ ਜਿਥੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਤੇ ਮਾਂ-ਬੋਲੀ ਪੰਜਾਬੀ ਦੀ ਮੁਢਲੀ ਸਿੱਖਿਆ ਯਕੀਨੀ ਬਣਾਉਣ ਲਈ ਸੰਘਰਸ਼ ਕਰ ਰਹੇ ਹਨ, ਉਥੇ ਮੁੱਖ ਮੰਤਰੀ ਵੱਲੋਂ ਚੀਨੀ, ਫਰੈਂਚ ਤੇ ਹੋਰਨਾਂ ਵਿਦੇਸ਼ੀ ਭਾਸ਼ਾਵਾਂ ਨੂੰ ਬਦਲਵੇਂ ਵਿਸ਼ਿਆਂ ਵਜੋਂ ਪੜ੍ਹਾਉਣ ਦੀ ਪਿਛਲੇ ਸਾਲ ਤੋਂ ਰੱਖੀ ਜਾ ਰਹੀ ਤਜਵੀਜ਼ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਮੁੱਖ ਮੰਤਰੀ ਨੇ ਚੀਨੀ ਭਾਸ਼ਾ ਪੜ੍ਹਾਏ ਜਾਣ ਦੀ ਵਕਾਲਤ ਕਰਦਿਆਂ ਕਿਹਾ ਕਿ ਇਸ ਭਾਸ਼ਾ ਦਾ ਗਿਆਨ ਵਿਦਿਆਰਥੀਆਂ ਲਈ ਲਾਭਕਾਰੀ ਹੋਵੇਗਾ, ਕਿਉਂਕਿ ਭਾਰਤ-ਚੀਨ ਵਣਜ ਲਗਾਤਾਰ ਵਧ ਫੁਲ ਰਿਹੈ ਤੇ ਭਾਰਤ ਉਤਰ ਤੇ ਪੂਰਬ ਵਿਚ ਅਜਿਹੇ ਗੁਆਂਢੀ ਮੁਲਕਾਂ ਵਿਚ ਘਿਰਿਆ ਜਿਥੇ ਚੀਨੀ ਬੋਲਦੀ ਆਬਾਦੀ ਰਹਿੰਦੀ ਹੈ। ਇਸ ਦੌਰਾਨ 'ਆਪ' ਵਿਧਾਇਕ ਕੰਵਰ ਸੰਧੂ ਨੇ ਕੈਪਟਨ ਨੂੰ ਟੋਕਦਿਆਂ ਕਿਹਾ ਕਿ ਸਰਕਾਰ ਪੰਜਾਬੀ ਨੂੰ ਪਹਿਲੀ ਭਾਸ਼ਾ ਵਜੋਂ ਤਾਂ ਲਾਗੂ ਨਹੀਂ ਕਰ ਸਕੀ, ਪਰ ਚੀਨੀ ਭਾਸ਼ਾ ਪੜ੍ਹਾਉਣ ਦੀਆਂ ਗੱਲਾਂ ਕਰਦੀ ਹੈ। ਐਨ.ਜੀ.ਓ. ਪ੍ਰਥਮ ਵੱਲੋਂ ਕੀਤੇ ਸਰਵੇਖਣ 'ਤੇ ਅਧਾਰਤ ਪੇਂਡੂ ਖੇਤਰ ਨਾਲ ਸਬੰਧਤ ਸਿੱਖਿਆ ਦੇ ਸਾਲਾਨਾ ਸਟੇਟਸ ਬਾਰੇ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਸਰਕਾਰੀ ਸਕੂਲਾਂ ਵਿਚ ਪੜ੍ਹਦੇ 21 ਫੀਸਦੀ ਵਿਦਿਆਰਥੀ ਅੰਗਰੇਜ਼ੀ ਦਾ ਇਕ ਫਿਕਰਾ ਵੀ ਨਹੀਂ ਪੜ੍ਹ ਸਕਦੇ।

## ਰਾਗੀ ਦੀ ਕੀਰਤਨ ਦੌਰਾਨ ਮੌਤ

**ਸ੍ਰੀ ਅਨੰਦਪੁਰ ਸਾਹਿਬ:** ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪਿਛਲੇ ਲਗਭਗ 25 ਸਾਲ ਤੋਂ ਹਜ਼ੂਰੀ ਰਾਗੀ ਵਜੋਂ ਸੇਵਾ ਨਿਭਾ ਰਹੇ ਭਾਈ ਅਮਰਜੀਤ ਸਿੰਘ ਝਾਂਸੀ ਦੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਰਤਨ ਕਰਦਿਆਂ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ।

ਭਾਈ ਅਮਰਜੀਤ ਸਿੰਘ ਝਾਂਸੀ ਰੋਜ਼ਾਨਾ ਵਾਂਗ ਸ਼ਾਮ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਰਹਿਰਾਸ ਸਾਹਿਬ ਤੋਂ ਪਹਿਲਾਂ ਡਿਊਟੀ ਨਿਭਾਉਣ ਗਏ ਸਨ। ਜਦੋਂ ਉਨ੍ਹਾਂ ਨੇ ਆਪਣੇ ਸਾਜ਼ ਖੋਲ੍ਹ ਕੇ ਕੀਰਤਨ ਸ਼ੁਰੂ ਕੀਤਾ ਤਾਂ ਉਨ੍ਹਾਂ ਨੂੰ ਅਚਾਨਕ ਦਿਲ ਦਾ ਦੌਰਾ ਪੈ ਗਿਆ। ਤੁਰਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਉਨ੍ਹਾਂ ਨੂੰ ਹਸਪਤਾਲ ਲੈ ਗਏ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

# ਅਮਰੀਕਾ ਵੱਲੋਂ 7 ਪਾਕਿ ਫਰਮਾਂ 'ਤੇ ਪਾਬੰਦੀ

**ਇਸਲਾਮਾਬਾਦ:** ਅਮਰੀਕਾ ਨੇ ਪਰਮਾਣੂ ਵਣਜ ਵਿਚ ਸ਼ਾਮਲ ਸੱਤ ਪਾਕਿਸਤਾਨੀ ਕੰਪਨੀਆਂ ਉਤੇ ਪਾਬੰਦੀਆਂ ਆਇਦ ਕੀਤੀਆਂ ਹਨ। ਅਮਰੀਕਾ ਦੀ ਇਸ ਪੇਸ਼ਕਦਮੀ ਨਾਲ ਪਾਕਿਸਤਾਨ ਦੀਆਂ ਪਰਮਾਣੂ ਸਪਲਾਇਰ ਗਰੁੱਪ (ਐਨ.ਐਸ.ਜੀ.) ਦਾ ਮੈਂਬਰ ਬਨਣ ਦੀਆਂ ਆਸਾਂ ਨੂੰ ਵੱਡਾ ਝਟਕਾ ਲੱਗ ਸਕਦਾ ਹੈ। ਯਾਦ ਰਹੇ ਕਿ ਐਨ.ਐਸ.ਜੀ. ਉਨ੍ਹਾਂ 48 ਮੈਂਬਰ ਮੁਲਕਾਂ ਦਾ ਸਮੂਹ ਹੈ, ਜਿਨ੍ਹਾਂ ਨੂੰ ਫਿਸਾਇਲ ਸਮੱਗਰੀ ਤੇ ਪਰਮਾਣੂ ਤਕਨੀਕ ਦਾ ਵਣਜ ਕਰਨ ਦੀ ਖੁੱਲ੍ਹ ਹੈ। ਪਾਕਿਸਤਾਨ ਨੇ ਮਈ 2016 ਵਿਚ ਚੀਨ ਤੇ ਤੁਰਕੀ ਦੀ ਹਮਾਇਤ ਨਾਲ ਐਨ.ਐਸ.ਜੀ. ਦੀ ਮੈਂਬਰੀ ਲਈ ਅਪਲਾਈ ਕੀਤਾ ਸੀ।

ਰੋਜ਼ਨਾਮਚਾ ਡਾਅਨ ਨੇ ਆਪਣੀ ਇਕ ਆਨਲਾਈਨ ਰਿਪੋਰਟ 'ਚ ਕਿਹਾ ਕਿ ਸਨਅਤ ਤੇ ਸੁਰੱਖਿਆ ਬਾਰੇ ਅਮਰੀਕੀ ਬਿਊਰੋ ਵੱਲੋਂ ਤਿਆਰ ਲਿਸਟ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਸਾਰੀਆਂ ਸੱਤ ਕੰਪਨੀਆਂ ਪਰਮਾਣੂ ਵਣਜ ਨਾਲ ਸਬੰਧਤ ਸਰਗਰਮੀਆਂ ਵਿਚ ਸ਼ਾਮਲ ਹਨ, ਜੋ ਕੌਮੀ ਸੁਰੱਖਿਆ ਜਾਂ ਅਮਰੀਕਾ ਦੀ ਵਿਦੇਸ਼ ਨੀਤੀ ਨਾਲ ਜੁੜੇ ਹਿਤਾਂ ਖਿਲਾਫ਼ ਹਨ। ਅਮਰੀਕੀ ਸੰਘੀ ਰਜਿਸਟਰ ਵਿਚ ਪ੍ਰਕਾਸ਼ਤ ਇਸ ਸੂਚੀ ਵਿਚ ਕੁੱਲ 23 ਕੰਪਨੀਆਂ ਦੇ ਨਾਂ ਦਰਜ ਹਨ। ਸੂਚੀ ਵਿਚ ਸ਼ਾਮਲ ਹੋਰਨਾਂ ਕੰਪਨੀਆਂ ਵਿਚੋਂ 15 ਦੱਖਣੀ ਸੂਡਾਨ ਤੇ ਇਕ ਸਿੰਗਾਪੁਰ ਨਾਲ ਸਬੰਧਤ ਹੈ। ਇਨ੍ਹਾਂ 23 ਕੰਪਨੀਆਂ ਨੂੰ ਹੁਣ ਸਖਤ ਦਰਾਮਦ ਕੰਟਰੋਲ ਪੈਮਾਨਿਆਂ ਦਾ ਸਾਹਮਣਾ ਕਰਨ ਪੈ ਸਕਦਾ ਹੈ, ਜੋ ਇਨ੍ਹਾਂ ਨੂੰ ਕੌਮਾਂਤਰੀ ਵਣਜ ਕਰਨ ਤੋਂ ਰੋਕ ਸਕਦੇ ਹਨ।

ਸੂਚੀ ਵਿਚ ਸ਼ਾਮਲ ਸੱਤ ਪਾਕਿਸਤਾਨੀ ਕੰਪਨੀਆਂ ਵਿਚੋਂ ਤਿੰਨ ਉਤੇ ਪਰਮਾਣੂ ਸਰਗਰਮੀਆਂ ਨੂੰ ਅਸੁਰੱਖਿਅਤ ਬਣਾਉਣ ਲਈ ਘੁਸਪੈਠ ਕਰਨ ਦਾ ਦੋਸ਼ ਹੈ। ਦੋ ਫਰਮਾਂ ਉਤੇ ਅਜਿਹੀਆਂ ਕੰਪਨੀਆਂ ਲਈ ਪਰਮਾਣੂ ਸਪਲਾਈ ਖਰੀਦਣ ਦਾ ਦੋਸ਼ ਹੈ, ਜੋ ਪਹਿਲਾਂ ਹੀ ਇਸ ਸੂਚੀ ਵਿਚ ਸ਼ਾਮਲ ਹਨ। ਜਦਕਿ ਬਾਕੀ ਦੋ ਕੰਪਨੀਆਂ ਉਤੇ ਸੂਚੀ ਵਿਚ ਦਰਜ ਹੋਰਨਾਂ ਕੰਪਨੀਆਂ ਨੂੰ ਮੰਚ ਮੁਹੱਈਆ ਕਰਵਾਉਣ ਦਾ ਦੋਸ਼ ਹੈ।

## ਲੰਗਾਹ ਨੇ ਪੇਸ਼ੀ ਭੁਗਤੀ

**ਗੁਰਦਾਸਪੁਰ:** ਬਲਾਤਕਾਰ ਅਤੇ ਧੋਖਾਧੜੀ ਦੇ ਕੇਸ ਵਿਚ ਫਸੇ ਸਾਬਕਾ ਅਕਾਲੀ ਮੰਤਰੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਮੁੜ ਗੁਰਦਾਸਪੁਰ ਦੀ ਅਦਾਲਤ ਵਿਚ ਪੇਸ਼ੀ ਭੁਗਤੀ।

ਇਸ ਮੌਕੇ ਤਿੰਨ ਗਵਾਹ ਮੌਜੂਦ ਸਨ। ਅਦਾਲਤ ਵੱਲੋਂ ਕੇਸ ਦੀ ਅਗਲੀ ਪੇਸ਼ੀ ਹੁਣ 9 ਅਪਰੈਲ ਉਤੇ ਪਾ ਦਿੱਤੀ ਗਈ ਹੈ।

# ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਦੀ ਸਰਬ-ਸੰਸਾਰੀ ਅਹਿਮੀਅਤ

***ਹਰ ਸਿੱਖ ਦਾ ਮੁਢਲਾ ਫਰਜ਼ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਸਤਿਕਾਰ ਕਰੇ। ਇਸ ਸਤਿਕਾਰ ਨੂੰ ਸਿਰਫ ਮੱਥਾ ਟੇਕਣ ਤਕ ਸੀਮਤ ਨਾ ਰੱਖੇ, ਸਗੋਂ ਇਸ ਵਿਚ ਪ੍ਰਗਟ ਹੋਏ ਆਤਮਕ ਗਿਆਨ ਨੂੰ ਆਪਣੇ ਜੀਵਨ ਦੇ ਹਰ ਪਹਿਲੂ ਵਿਚ ਅਪਨਾਏ। ਇਸ ਗਿਆਨ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਅੰਗ ਬਣਾਏ। ਪਰ ਇਸ ਆਤਮਕ ਗਿਆਨ ਨੂੰ ਸਿਰਫ ਸਿੱਖਾਂ ਤਕ ਸੀਮਤ ਰੱਖਣਾ ਇਕ ਵਡਾ ਗੁਨਾਹ ਹੈ।***

**ਗੁਰਬਚਨ ਸਿੰਘ**
ਫੋਨ: 91-98156-98451

ਪੰਜਾਬ ਅਤੇ ਪੰਜਾਬੀ ਬੋਲਦੇ ਲੋਕਾਂ ਵਾਸਤੇ ਬੜੇ ਮਾਣ ਦੀ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਪੰਜਾਬ ਵਿਚ ਹੋਈ ਅਤੇ ਇਹ ਗੁਰਮੁਖੀ ਲਿਪੀ ਵਿਚ ਲਿਖਿਆ ਗਿਆ। ਦੁਨੀਆਂ ਭਰ ਦੇ ਅਨੇਕ ਗਿਆਨਵਾਨ ਪੁਰਖਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸਰਬਸਾਂਝੀਵਾਲਤਾ ਅਤੇ ਸਰਬਤ ਦੇ ਭਲੇ ਦੀ ਫਿਲਾਸਫੀ ਦੀ ਸਰਬ-ਸੰਸਾਰੀ ਮਹਾਨਤਾ ਨੂੰ ਪ੍ਰਵਾਨ ਕੀਤਾ ਹੈ। ਬਦਕਿਸਮਤੀ ਕਿ ਪੰਜਾਬ ਵਿਚ ਰਹਿੰਦੇ ਕੁਝ ਲੋਕਾਂ ਨੇ ਅਜੇ ਵੀ ਮਨ ਵਿਚ ਭਰਮ ਪਾਲ ਰਖਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਸਿਰਫ ਸਿੱਖਾਂ ਦੇ ਗੁਰੂ ਹਨ। ਜਦੋਂ ਵੀ ਕਿਤੇ ਧਰਮਾਂ ਬਾਰੇ ਬਹਿਸ ਹੁੰਦੀ ਹੈ, ਤਾਂ ਉਹ ਫੌਰੀ ਇਸ ਦਾ ਨਾਤਾ ਸਿੱਖ ਧਰਮ ਨਾਲ ਜੋੜ ਦਿੰਦੇ ਹਨ। ਯਕੀਨਨ ਗੁਰੂ ਗ੍ਰੰਥ ਸਾਹਿਬ ਕੇਵਲ ਸਿੱਖਾਂ ਦੇ ਗੁਰੂ ਨਹੀਂ ਹਨ।

ਗੁਰੂ ਗ੍ਰੰਥ ਸਾਹਿਬ ਸਮੁੱਚੀ ਲੋਕਾਈ ਦੇ ਗੁਰੂ ਹਨ। ਵੈਦਿਕ ਫਿਲਾਸਫੀ ਸਮੇਤ ਆਪਣੇ ਤੋਂ ਪਹਿਲੇ ਸਾਰੇ ਧਰਮਾਂ ਵਿਚ ਪ੍ਰਗਟ ਹੁੰਦੇ ਆਤਮਕ ਗਿਆਨ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਨਵਿਆਇਆ ਗਿਆ ਹੈ। ਆਪਣੇ ਆਤਮਕ ਗਿਆਨ ਦੀ ਕਸਵੱਟੀ ਉਤੇ ਲਾ ਕੇ ਪਰਖਣ ਤੋਂ ਬਾਅਦ ਉਨ੍ਹਾਂ ਵਿਚ ਪ੍ਰਗਟ ਹੁੰਦੇ ਕੁਦਰਤੀ ਨੇਮ ਪ੍ਰਵਾਨ ਕੀਤੇ ਗਏ ਹਨ ਅਤੇ ਸਮਾਜੀ ਨੇਮਾਂ ਦੀ ਪੁਸ਼ਟੀ ਕੀਤੀ ਗਈ ਹੈ, ਜਦਕਿ ਬਾਕੀ ਦੇ ਸਾਰੇ ਭਰਮਜਾਲ ਅਤੇ ਕਰਮਕਾਂਡ ਦਾ ਪੂਰੀ ਦ੍ਰਿੜ੍ਹਤਾ ਨਾਲ ਖੰਡਨ ਕੀਤਾ ਗਿਆ ਹੈ।

ਹਰ ਸਿੱਖ ਦਾ ਮੁਢਲਾ ਫਰਜ਼ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਸਤਿਕਾਰ ਕਰੇ। ਇਸ ਸਤਿਕਾਰ ਨੂੰ ਸਿਰਫ ਮੱਥਾ ਟੇਕਣ ਤਕ ਸੀਮਤ ਨਾ ਰੱਖੇ, ਸਗੋਂ ਇਸ ਵਿਚ ਪ੍ਰਗਟ ਹੋਏ ਆਤਮਕ ਗਿਆਨ ਨੂੰ ਆਪਣੇ ਜੀਵਨ ਦੇ ਹਰ ਪਹਿਲੂ ਵਿਚ ਅਪਨਾਏ। ਇਸ ਗਿਆਨ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਅੰਗ ਬਣਾਏ। ਪਰ ਇਸ ਆਤਮਕ ਗਿਆਨ ਨੂੰ ਸਿਰਫ ਸਿੱਖਾਂ ਤਕ ਸੀਮਤ ਰੱਖਣਾ ਇਕ ਵਡਾ ਗੁਨਾਹ ਹੈ।

ਗੁਰੂ ਗ੍ਰੰਥ ਸਾਹਿਬ ਵਿਚਲੇ ਆਤਮਕ ਸੱਚ ਦੀ ਪੁਸ਼ਟੀ ਗੁਰੂ ਅਰਜਨ ਦੇਵ ਨੇ ਆਪਣੀ ਸ਼ਹੀਦੀ ਦੇ ਕੇ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੋਈ ਵੀ ਧਾਰਨਾ ਉਨ੍ਹਾਂ ਵਰਗੇ ਪਾਰਖੂ ਸੰਪਾਦਕ ਦੀ ਨਜ਼ਰ ਵਿਚ ਚੜ੍ਹੇ ਬਿਨਾ ਪ੍ਰਵਾਨ ਨਹੀਂ ਹੋਈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਸਾਹਿਬਾਨ ਦੀ ਬਾਣੀ ਬਾਹਰ ਵੀ ਮਿਲਦੀ ਹੈ, ਪਰ ਗੁਰੂ ਅਰਜਨ ਦੇਵ ਨੇ ਉਨ੍ਹਾਂ ਦੀ ਸਿਰਫ ਓਹੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ, ਜੋ ਉਨ੍ਹਾਂ ਦੀ ਕਸਵੱਟੀ ਉਤੇ ਪੂਰੀ ਉਤਰੀ। ਉਨ੍ਹਾਂ ਨੇ ਭੱਟਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਹੈ, ਜਿਨ੍ਹਾਂ ਭੱਟਾਂ ਬਾਰੇ ਕੁਝ ਸਿੱਖ ਵਿਦਵਾਨਾਂ ਦੇ ਮਨਾਂ ਵਿਚ ਅਜੇ ਤਕ ਵੀ ਮਰਾਸੀਆਂ ਵਾਲਾ ਸੰਕਲਪ ਬਣਿਆ ਹੋਇਆ ਹੈ ਅਤੇ ਜਿਨ੍ਹਾਂ ਦੀ ਬਾਣੀ ਉਤੇ ਅਜੇ ਵੀ ਕੁਝ ਸਿੱਖ ਵਿਦਵਾਨ ਕਿੰਤੂ-ਪ੍ਰੰਤੂ ਕਰਦੇ ਹਨ। ਪਰ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਵਿਚ ਭਾਈ ਗੁਰਦਾਸ ਦੀ ਲਿਖਤ/ਰਚਨਾ ਦਰਜ ਨਹੀਂ ਕੀਤੀ, ਜਦਕਿ ਭਾਈ ਗੁਰਦਾਸ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਅਤੇ ਬੜੇ ਵਿਦਵਾਨ ਪੁਰਖ ਸਨ। ਸਪਸ਼ਟ ਹੈ ਕਿ ਭਾਈ ਗੁਰਦਾਸ ਦੀ ਬਾਣੀ ਗੁਰੂ ਅਰਜਨ ਦੇਵ ਜੀ ਦੀ ਕਸਵੱਟੀ ਉਤੇ ਪੂਰੀ ਨਹੀਂ ਉਤਰੀ।

ਯਕੀਨਨ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਮੁੱਚੀ ਮਨੁੱਖ ਜਾਤੀ ਦੇ ਅਨੁਭਵੀ (ਆਤਮਕ) ਗਿਆਨ ਦਾ ਖਜਾਨਾ ਸਿੱਖ ਪੰਥ ਅਤੇ ਪੰਜਾਬ ਦੇ ਲੋਕਾਂ ਕੋਲ ਮੌਜੂਦ ਹੈ। ਪਰ ਅਜੋਕੇ ਪ੍ਰਸੰਗ ਵਿਚ ਇਸ ਦਾ ਲਾਹਾ ਲੈਣ ਲਈ ਇਸ ਨੂੰ ਦੁਨੀਆਂ ਭਰ ਦੇ ਸਾਰੇ ਧਰਮਾਂ ਦੇ ਲੋਕਾਂ ਨਾਲ ਸਾਂਝਾ ਕਰਨ ਦੀ ਲੋੜ ਹੈ। ਸਾਰੇ ਧਰਮਾਂ ਦੇ ਲੋਕਾਂ ਨਾਲ ਸਾਂਝ ਪਾਉਣ ਦਾ ਢੰਗ, ਇਸ ਵਿਚ ਦਰਜ ਆਤਮਕ ਗਿਆਨ ਨੂੰ ਵੰਡਣਾ ਹੈ। ਇਸ ਨੂੰ ਸਾਰੇ ਧਰਮਾਂ ਦੇ ਲੋਕਾਂ ਨਾਲ ਸਾਂਝਾ ਕਰਨਾ ਹੈ, ਉਨ੍ਹਾਂ ਨਾਲ ਸੰਵਾਦ ਰਚਾਉਣਾ ਹੈ। ਇਹ ਸੰਵਾਦ ਰਚਾਉਣ ਦੀ ਜਾਚ ਵੀ ਗੁਰੂ ਗ੍ਰੰਥ ਸਾਹਿਬ ਵਿਚ ਬਾਕਾਇਦਾ ਦੱਸੀ ਗਈ ਹੈ। ਕਿਸੇ ਧਰਮ ਵਿਚਲੇ ਕਰਮਕਾਂਡ ਨੂੰ ਪੂਰੀ ਦ੍ਰਿੜ੍ਹਤਾ ਨਾਲ ਨਕਾਰਦਿਆਂ ਅਤੇ ਉਸ ਵਿਚਲੇ ਕਿਸੇ ਮਨ-ਕਲਪਿਤ 'ਰਬ' ਬਾਰੇ ਬੁਣੇ ਸਾਰੇ ਭਰਮਜਾਲ ਤੇ ਭੇਖ ਦਾ ਪੂਰੀ ਦ੍ਰਿੜਤਾ ਨਾਲ ਖੰਡਨ ਕਰਦਿਆਂ ਵੀ ਉਸ ਦੇ ਬਾਨੀ ਪ੍ਰਤੀ ਕੋਈ ਮੰਦੀ ਸ਼ਬਦਾਵਲੀ ਨਹੀਂ ਵਰਤਣੀ। ਉਨ੍ਹਾਂ ਰਹਿਬਰਾਂ ਦੇ ਗੁਣਾਂ ਨੂੰ ਆਪਣੇ ਵਿਚ ਆਤਮਸਾਤ ਕਰਦਿਆਂ ਉਨ੍ਹਾਂ ਪ੍ਰਤੀ ਹਮੇਸ਼ਾ ਸ਼ੁਕਰਗੁਜ਼ਾਰ ਰਹਿਣਾ ਹੈ।

ਗੁਰਮਤਿ ਨੇ ਆਪਣੇ ਤੋਂ ਪਹਿਲੇ ਧਰਮਾਂ ਦੇ ਬਹੁਤ ਸਾਰੇ ਸੰਕਲਪਾਂ ਨੂੰ ਨਵੇਂ ਭਾਵਅਰਥ ਦਿੱਤੇ ਹਨ। ਉਨ੍ਹਾਂ ਭਾਵਅਰਥਾਂ ਨੂੰ ਅਜੋਕੇ ਮੁਹਾਵਰੇ ਵਿਚ ਸਪਸ਼ਟ ਕਰਨ ਦੀ ਲੋੜ ਹੈ। ਗੁਰਮਤਿ ਦਾ ਸਾਰਾ ਗਿਆਨ ਸਮੁੱਚੀ ਮਨੁੱਖ ਜਾਤੀ ਦੀ ਪ੍ਰਗਟ ਹੋਈ ਸਵੈਚੇਤਨਾ ਭਾਵ ਸਮਾਜੀ ਚੇਤਨਾ ਹੈ। ਇਹ ਅਟੱਲ ਕੁਦਰਤੀ ਅਤੇ ਸਮਾਜੀ ਨੇਮਾਂ ਦਾ ਗਿਆਨ ਹੈ, ਜਿਸ ਨੂੰ ਆਪਣੀ ਜ਼ਿੰਦਗੀ ਵਿਚ ਅਪਨਾ ਕੇ ਹੀ ਇਸ ਧਰਤੀ ਉਤੇ ਸੁਖੀ ਤੇ ਸਹਿਜ ਜੀਵਨ ਜੀਵਿਆ ਜਾ ਸਕਦਾ ਹੈ। ਇਸ ਗਿਆਨ ਨੂੰ ਅਣਗੌਲਿਆ ਕਰਨ ਦਾ ਭਾਵ ਪਸ਼ੂਆਂ ਦੀ ਪੱਧਰ ਉਤੇ ਜ਼ਿੰਦਗੀ ਜਿਉਣਾ ਹੈ। ਜਿਵੇਂ ਕਿਸੇ ਡਾਕਟਰ ਵਲੋਂ ਦੱਸੇ ਗਏ ਪ੍ਰਹੇਜ਼ ਨੂੰ ਆਪਣੀ ਸਿਹਤ ਦੀ ਕੀਮਤ ਉਤੇ ਅਣਗੌਲਿਆ ਕਰਨਾ ਅਤੇ ਆਪਣੀ ਤੰਦਰੁਸਤੀ ਨੂੰ ਦਾਅ ਉਤੇ ਲਾ ਦੇਣਾ ਹੈ। ਇਹ ਜਾਣਕਾਰੀ ਹਰ ਮਨੁੱਖ ਦੀ ਆਪਣੀ ਚੇਤਨਾ ਤੇ ਉਸ ਦੇ ਆਪਣੇ ਅਨੁਭਵੀ ਮਨ ਦੇ ਸੰਸਾਰ ਦਾ ਅੰਗ ਬਣਨੀ ਚਾਹੀਦੀ ਹੈ। ਇਹ ਗਿਆਨ ਹੀ ਮਨੁੱਖ ਦੀ ਸਮਾਜੀ ਚੇਤਨਾ ਨੂੰ ਵਿਕਸਿਤ ਕਰਦਾ ਹੈ ਅਤੇ ਉਸ ਨੂੰ ਅਨੰਦ ਭਰਪੂਰ ਸਹਿਜ ਜ਼ਿੰਦਗੀ ਜਿਉਣ ਦੀ ਜੁਗਤ ਦਸਦਾ ਹੈ।

ਅਜੋਕੇ ਸਿਆਸੀ ਪ੍ਰਸੰਗ ਵਿਚ ਗੁਰਮਤਿ ਗਿਆਨ ਦੀ ਕੀਮਤ ਹੋਰ ਵੀ ਵਧੇਰੇ ਹੈ। ਗੁਰਮਤਿ ਕਿਤੇ ਵੀ ਸਮੁੱਚੇ ਗਿਆਨ 'ਤੇ ਇਜਾਰੇਦਾਰੀ ਦਾ ਦਾਅਵਾ ਨਹੀਂ ਕਰਦੀ। ਬੇਸ਼ੱਕ ਗੁਰਮਤਿ ਨੇ ਸਾਨੂੰ ਸੱਚ ਦੀ ਖੋਜ ਕਰਨ ਦਾ ਇਕ ਢੰਗ ਜਰੂਰ ਦਸਿਆ ਹੈ। ਗੁਰਮਤਿ ਦੀ ਧਾਰਨਾ ਹੈ,

ਜਗਤੁ ਜਲੰਦਾ ਰਖਿ ਲੈ
ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ
ਤਿਤੈ ਲੈਹੁ ਉਬਾਰਿ॥ (ਪੰਨਾ 853)

***ਅਜੋਕੇ ਪ੍ਰਸੰਗ ਵਿਚ 'ਰਾਜ ਕਰੇਗਾ ਖਾਲਸਾ' ਦੇ ਅਧੂਰੇ ਬੋਲ ਦੁਹਰਾਉਣ ਦੀ ਥਾਂ ਇਸ ਦੇ ਪੂਰਨ ਸੱਚ 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ' ਨੂੰ ਅਮਲੀ ਜਾਮਾ ਪਹਿਨਾਉਣ ਦੀ ਲੋੜ ਹੈ। ਇਸ ਤੁਕ ਵਿਚ ਆਕੀ ਦਾ ਭਾਵਅਰਥ ਰਾਜ ਤੋਂ ਆਕੀ ਹੋਣਾ ਨਹੀਂ, ਸਗੋਂ ਹੁਕਮੁ ਭਾਵ ਕੁਦਰਤੀ ਨੇਮਾਂ ਤੋਂ ਆਕੀ ਹੋਣਾ ਹੈ। ਇਸ ਪ੍ਰਸੰਗ ਵਿਚ ਪੰਜਾਬ ਅੰਦਰ ਖਾਲਸਾ ਰਾਜ ਦੀ ਕਾਇਮੀ ਦਾ ਮੰਤਵ, ਪੰਜਾਬ ਦੇ ਸਮੁੱਚੇ ਕੁਦਰਤੀ ਵਸੀਲਿਆਂ ਨੂੰ ਸਮੂਹਿਕ ਤੌਰ 'ਤੇ ਇਸ ਤਰ੍ਹਾਂ ਵਿਉਂਤਣਾ ਹੈ ਕਿ ਕੁਦਰਤ ਨਾਲ ਇਕਸੁਰ ਜੀਵਨ ਬਸਰ ਕਰਦਿਆਂ ਪੰਜਾਬ ਦੇ ਸਾਰੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਹੋ ਸਕੇ।***

ਰਬੀ ਹਸਤੀ ਨੂੰ ਜੋਦੜੀ ਕੀਤੀ ਗਈ ਹੈ ਕਿ ਹੇ ਅਕਾਲ ਪੁਰਖ! ਸਾਰਾ ਸੰਸਾਰ ਹਉਮੈ ਅਤੇ ਤ੍ਰਿਸ਼ਨਾ ਦੀ ਅਗਨੀ ਵਿਚ ਸੜ ਰਿਹਾ ਹੈ, ਜਿਵੇਂ ਕਿਵੇਂ ਅਤੇ ਕਿਸੇ ਵੀ ਢੰਗ ਨਾਲ ਇਸ ਸੰਸਾਰ ਨੂੰ ਬਚਾਅ ਲੈ!

ਯਕੀਨਨ ਮਨੁੱਖ ਜਾਤੀ ਨੂੰ ਚੰਬੜੀਆਂ ਭਿਆਨਕ ਅਲਾਮਤਾਂ ਅਤੇ ਖਤਰਨਾਕ ਜੰਗਾਂ ਦੀ ਤਬਾਹੀ ਤੋਂ ਛੁਟਕਾਰਾ ਪਾਉਣ ਦਾ ਇਕ ਰਾਹ ਗੁਰਮਤਿ ਵੀ ਦਸਦੀ ਹੈ। ਗੁਰਮਤਿ ਦਾ ਨਿਸ਼ਾਨਾ ਇਕ ਇਹੋ ਜਿਹੇ ਰਾਜ ਦੀ ਸਥਾਪਨਾ ਕਰਨਾ ਹੈ, ਜਿਥੇ ਹਰ ਮਾਈ-ਭਾਈ ਬਿਨਾ ਕਿਸੇ ਭਿੰਨ-ਭੇਦ ਦੇ, ਬਿਨਾ ਕਿਸੇ ਜਾਤੀ ਊਚ-ਨੀਚ ਦੇ, ਇਸ ਬੇਅੰਤ-ਅਸੀਮ ਕੁਦਰਤ ਨਾਲ ਇਕਸੁਰਤਾ ਵਿਚ ਰਹਿਣ ਦੇ ਯਤਨ ਕਰਦਿਆਂ ਅਤੇ ਇਸ ਦੇ ਗੁਣ ਗਾਉਂਦਿਆਂ ਜਾਣੇ ਹੋਏ ਕੁਦਰਤੀ ਨੇਮਾਂ (ਹੁਕਮੁ) ਵਿਚ ਰਹਿ ਕੇ ਸਵੈਸੰਜਮੀ (ਸਦਾਚਾਰੀ) ਜ਼ਿੰਦਗੀ ਜੀਵੇ ਅਤੇ ਹੱਥੀਂ ਕਿਰਤ ਕਰਦਿਆਂ ਸਮੂਹ ਭਾਈਚਾਰੇ ਨਾਲ ਰਲ-ਮਿਲ ਕੇ ਵੰਡ ਛਕਣ ਦੇ ਨੇਮ ਅਨੁਸਾਰ ਆਪਣੀਆਂ ਤਰਕਸੰਗਤ ਮਨੁੱਖੀ ਲੋੜਾਂ ਦੀ ਪੂਰਤੀ ਕਰੇ। ਸਰਬਸਾਂਝੀਵਾਲਤਾ ਦੀ ਭਾਵਨਾ ਨੂੰ ਲਗਾਤਾਰ ਫੈਲਾਉਣਾ ਅਤੇ ਸਰਬਤ ਦੇ ਭਲੇ ਦੇ ਸਮਾਜ ਦੀ ਸਿਰਜਣਾ ਕਰਨ ਲਈ ਨਿਰੰਤਰ ਯਤਨਸ਼ੀਲ ਰਹਿਣਾ, ਇਹੀ ਸਿੱਖ ਇਨਕਲਾਬ ਦੀ ਨਿਰੰਤਰਤਾ ਹੈ। 'ਹਲੇਮੀ ਰਾਜ' ਅਤੇ 'ਬੇਗਮਪੁਰਾ' ਸਮਾਜ ਵੱਲ ਜਾਂਦਾ ਇਹੀ ਰਾਹ ਹੈ। ਗੁਰਮਤਿ ਅਨੁਸਾਰ ਇਹੀ ਖਾਲਸਾ ਰਾਜ ਦਾ ਸੰਕਲਪ ਹੈ।

ਅਜੋਕੇ ਪ੍ਰਸੰਗ ਵਿਚ 'ਰਾਜ ਕਰੇਗਾ ਖਾਲਸਾ' ਦੇ ਅਧੂਰੇ ਬੋਲ ਦੁਹਰਾਉਣ ਦੀ ਥਾਂ ਇਸ ਦੇ ਪੂਰਨ ਸੱਚ 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ' ਨੂੰ ਅਮਲੀ ਜਾਮਾ ਪਹਿਨਾਉਣ ਦੀ ਲੋੜ ਹੈ। ਇਸ ਤੁਕ ਵਿਚ ਆਕੀ ਦਾ ਭਾਵਅਰਥ ਰਾਜ ਤੋਂ ਆਕੀ ਹੋਣਾ ਨਹੀਂ, ਸਗੋਂ ਹੁਕਮੁ ਭਾਵ ਕੁਦਰਤੀ ਨੇਮਾਂ ਤੋਂ ਆਕੀ ਹੋਣਾ ਹੈ। ਇਸ ਪ੍ਰਸੰਗ ਵਿਚ ਪੰਜਾਬ ਅੰਦਰ ਖਾਲਸਾ ਰਾਜ ਦੀ ਕਾਇਮੀ ਦਾ ਮੰਤਵ, ਪੰਜਾਬ ਦੇ ਸਮੁੱਚੇ ਕੁਦਰਤੀ ਵਸੀਲਿਆਂ ਨੂੰ ਸਮੂਹਿਕ ਤੌਰ 'ਤੇ ਇਸ ਤਰ੍ਹਾਂ ਵਿਉਂਤਣਾ ਹੈ ਕਿ ਕੁਦਰਤ ਨਾਲ ਇਕਸੁਰ ਜੀਵਨ ਬਸਰ ਕਰਦਿਆਂ ਪੰਜਾਬ ਦੇ ਸਾਰੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਹੋ ਸਕੇ।

ਬ੍ਰਹਮਾ ਬਿਸਨੁ ਰਿਖੀ ਮੁਨੀ
ਸੰਕਰੁ ਇਦੁੰ ਤਪੈ ਭੇਖਾਰੀ॥
ਮਾਨੈ ਹੁਕਮ ਸੋਹੈ ਦਰ ਸਾਚੈ
ਆਕੀ ਮਰਹਿ ਅਫਾਰੀ॥ (ਪੰਨਾ 991)

ਭਾਵ ਸਿਰਜਣਹਾਰ ਉਸ ਕਰਤਾ ਦੇ ਦਰਬਾਰ ਵਿਚ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਤੇ ਇੰਦਰ ਸਮੇਤ ਸਾਰੇ ਰਿਖੀ, ਮੁਨੀ, ਤਪੀ ਭਿਖਾਰੀ ਹਨ। ਉਸ ਦੇ ਦਰਬਾਰ ਵਿਚ ਸਿਰਫ ਓਹੀ ਸ਼ੋਭਦੇ ਹਨ, ਜੋ ਉਸ ਦੇ ਹੁਕਮੁ (ਦਸਤੂਰ) ਨੂੰ ਮੰਨਦੇ ਹਨ। ਉਸ ਦੇ ਹੁਕਮੁ ਤੋਂ ਆਕੀ ਭਾਵ ਬਾਗੀ ਆਪਣੇ ਅਫਰੇਵੇਂ (ਹਉਮੈ) ਨਾਲ ਹੀ ਮਰ ਜਾਂਦੇ ਹਨ।

###

# ਸਿਆਸਤ 'ਤੇ ਭਾਰੂ ਹੁੰਦਾ ਧਰਮ: ਕਾਰਨ ਅਤੇ ਨਤੀਜੇ

**ਡਾ. ਨਿਸ਼ਾਨ ਸਿੰਘ ਰਾਠੌਰ**
ਫੋਨ: 91-75892-33437

ਭਾਰਤੀ ਲੋਕਤੰਤਰ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਮੰਨਿਆ ਜਾਂਦਾ ਹੈ। ਖਾਸ ਗੱਲ ਇਹ ਹੈ ਕਿ ਇਹ ਲੋਕਤੰਤਰ ਧਰਮ-ਨਿਰਪੱਖਤਾ ਦੇ ਆਧਾਰ 'ਤੇ ਅਰੰਭ ਕੀਤਾ ਗਿਆ ਸੀ, ਪਰ ਅਜੋਕੇ ਸਮੇਂ ਭਾਰਤੀ ਲੋਕਤੰਤਰ ਦੀ ਬੁਨਿਆਦ ਧਰਮ ਆਧਾਰਤ ਬਣਦੀ ਜਾ ਰਹੀ ਹੈ। ਅਸਲ ਵਿਚ ਕਿਸੇ ਵੀ ਦੇਸ਼ ਦੀ ਸਿਆਸਤ ਲੋਕਾਂ ਦੇ ਵਿਕਾਸ ਨੂੰ ਮੁੱਖ ਰੱਖ ਕੇ ਕੀਤੀ ਜਾਣੀ ਚਾਹੀਦੀ ਹੈ ਪਰ ਭਾਰਤੀ ਸਿਆਸਤ ਦੇ ਸੰਦਰਭ ਵਿਚ ਇਹ ਵਿਚਾਰ ਗਲਤ ਹੀ ਸਾਬਿਤ ਹੁੰਦਾ ਹੈ, ਕਿਉਂਕਿ ਭਾਰਤੀ ਸਿਆਸਤ ਦਾ ਮੂੰਹ-ਮੁਹਾਂਦਰਾ ਅਸਲੋਂ ਹੀ ਬਦਲ ਗਿਆ ਹੈ। ਇਹ ਲੋਕ-ਪੱਖੀ ਨਾ ਹੋ ਕੇ ਧਰਮ ਦੇ ਆਧਾਰ 'ਤੇ ਆਪਣਾ ਕੰਮ ਕਰਦਾ ਹੈ। ਇਸ ਲਈ ਸਭ ਸਿਆਸੀ ਪਾਰਟੀਆਂ ਚੋਣਾਂ ਵਿਚ ਆਪਣੇ ਉਮੀਦਵਾਰਾਂ ਦਾ ਐਲਾਨ ਕਰਨ ਸਮੇਂ ਧਰਮ ਦਾ ਵਿਸ਼ੇਸ਼ ਧਿਆਨ ਰੱਖਦੀਆਂ ਹਨ। ਕਿਸੇ ਇਲਾਕੇ ਵਿਚ ਉਮੀਦਵਾਰ ਐਲਾਨ ਕਰਨ ਤੋਂ ਪਹਿਲਾਂ ਉਥੇ ਰਹਿੰਦੇ ਲੋਕਾਂ ਦੇ ਧਰਮ ਨੂੰ ਵਾਚਿਆ ਜਾਂਦਾ ਹੈ ਤਾਂ ਕਿ ਉਮੀਦਵਾਰ ਦੀ ਜਿੱਤ ਨੂੰ ਯਕੀਨੀ ਬਣਾਇਆ ਜਾ ਸਕੇ।

ਖੈਰ, ਸਿਆਸਤ ਦੀ ਅਸਲ ਤਾਕਤ ਲੋਕਾਂ ਦਾ ਰੁਝਾਨ ਹੁੰਦਾ ਹੈ ਅਤੇ ਲੋਕਾਂ ਦੇ ਰੁਝਾਨ ਨੂੰ ਆਪਣੀ ਤਾਕਤ ਕਿਵੇਂ ਬਣਾਇਆ ਜਾਵੇ, ਇਹ ਵਿਸ਼ਾ ਸਿਆਸਤ ਵਿਚ ਬਹੁਤ ਅਹਿਮ ਹੈ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਧਰਮ ਅਜਿਹੀ ਤਾਕਤ ਦੇ ਰੂਪ ਵਿਚ ਉਭਰ ਕੇ ਸਾਹਮਣੇ ਆ ਰਿਹਾ ਹੈ, ਜਿਸ ਦੇ ਸਨਮੁਖ ਲੋਕ- ਵਿਕਾਸ ਦੀ ਗੱਲ ਅਸਲੋਂ ਹੀ ਨਿਰਮੂਲ ਸਾਬਤ ਹੁੰਦੀ ਹੈ। ਇਸ ਕਾਰਨ ਪਿੱਛੇ ਭਾਰਤੀ ਲੋਕਾਂ ਦੀ ਇਤਿਹਾਸਕ ਪਿੱਠਭੂਮੀ ਵੀ ਕੰਮ ਕਰਦੀ ਪ੍ਰਤੀਤ ਹੁੰਦੀ ਹੈ।

ਜ਼ਿਕਰਯੋਗ ਹੈ ਕਿ ਭਾਰਤ ਕਦੀ ਅੰਗਰੇਜ਼ਾਂ ਦਾ ਗੁਲਾਮ ਰਿਹਾ ਅਤੇ ਕਦੀ ਮੁਗਲਾਂ ਦਾ। ਇੱਥੋਂ ਦੇ ਲੋਕਾਂ ਦੀ ਮਨੋ-ਬਿਰਤੀ ਆਪਣਾ ਮੁਨਾਫਾ ਭਾਲਣ ਦੀ ਵੱਧ ਰਹੀ ਹੈ। ਇਸ ਗੱਲ ਨੂੰ ਇਤਿਹਾਸਕ ਗੱਦਾਰੀਆਂ ਦੇ ਹਵਾਲੇ ਨਾਲ ਵੱਧ




ਦਰੁਸਤੀ ਨਾਲ ਸਮਝਿਆ ਜਾ ਸਕਦਾ ਹੈ। ਯਕੀਕਨ, ਭਾਰਤੀ ਜਨਮਾਨਸ ਦੀ ਸੋਚ ਇਸ ਆਧਾਰ 'ਤੇ ਟਿਕੀ ਹੋਈ ਹੈ ਕਿ ਆਪਣਾ ਮੁਨਾਫਾ ਕਿਵੇਂ ਪ੍ਰਾਪਤ ਕੀਤਾ ਜਾ ਸਕੇ? ਅਜੋਕੇ ਸਮੇਂ ਚੁਸਤ ਸਿਆਸਤਦਾਨ ਭਾਰਤੀ ਲੋਕਾਂ ਦੀ ਇਸ ਪ੍ਰਵਿਰਤੀ ਨੂੰ ਬਹੁਤ ਦਰੁਸਤੀ ਨਾਲ ਸਮਝ ਗਿਆ ਜਾਪਦਾ ਹੈ। ਇਸ ਲਈ ਭਾਰਤੀ ਲੋਕਤੰਤਰ ਵਿਚ ਧਰਮ ਪ੍ਰਭਾਵੀ ਭੂਮਿਕਾ ਨਿਭਾਉਂਦਾ ਸਹਿਜੇ ਹੀ ਦੇਖਿਆ ਜਾ ਸਕਦਾ ਹੈ।

ਭਾਰਤੀ ਲੋਕਤੰਤਰ ਵਿਚ ਜੇ ਇਸ ਤਰ੍ਹਾਂ ਹੀ ਧਰਮ ਹਾਵੀ ਹੁੰਦਾ ਰਿਹਾ ਤਾਂ ਆਉਣ ਵਾਲੇ ਸਮੇਂ ਵਿਚ ਇਸ ਦੇ ਸਿੱਟੇ ਬਹੁਤ ਭਿਆਨਕ ਅਤੇ ਗੰਭੀਰ ਨਿਕਲਣਗੇ। ਲੋਕਾਂ ਦਾ ਵਿਕਾਸ ਤੇ ਹੱਕ, ਖਤਮ ਹੁੰਦੇ ਜਾਣਗੇ ਅਤੇ ਘੱਟ- ਗਿਣਤੀਆਂ ਵਿਚ ਡਰ ਦਾ ਮਾਹੌਲ ਪੈਦਾ ਹੋ ਜਾਵੇਗਾ। ਅਸੀਂ ਬਹੁ-ਗਿਣਤੀ ਸਮਾਜ ਦੇ ਰਾਜ ਵਿਚ ਘੱਟ-ਗਿਣਤੀਆਂ ਦੀ ਦੁਰਦਸ਼ਾ ਬਾਰੇ ਅਕਸਰ ਹੀ ਪੜ੍ਹਦੇ-ਸੁਣਦੇ ਹਾਂ, ਪਰ ਅਹਿਮ ਗੱਲ ਇਹ ਹੈ ਕਿ ਬਹੁ-ਗਿਣਤੀਆਂ ਦੇ ਰਾਜ ਵਿਚ ਖੁਦ ਬਹੁ-ਗਿਣਤੀ ਸਮਾਜ ਦਾ ਵਿਕਾਸ ਵੀ ਸੰਭਵ ਨਹੀਂ ਹੈ ਕਿਉਂਕਿ ਕਿਸੇ ਵੀ ਦੇਸ਼ ਦੀ ਸਿਆਸਤ ਦਾ ਅਸਲ ਮਕਸਦ ਆਮ ਲੋਕਾਂ ਨੂੰ ਮੁਢਲੀਆਂ ਸਹੂਲਤਾਂ ਲਈ ਜੱਦੋ-ਜਹਿਦ ਕਰਦੇ ਰਹਿਣ ਵਿਚ ਮਸ਼ਗੂਲ ਕਰਨਾ ਹੁੰਦਾ ਹੈ। ਕਿਸੇ ਵੀ ਦੇਸ਼ ਦੇ ਸਿਆਸਤਦਾਨ ਇਹ ਨਹੀਂ ਚਾਹੁੰਦੇ ਕਿ ਆਮ ਲੋਕਾਂ ਦੀਆਂ ਪ੍ਰੇਸ਼ਾਨੀਆਂ ਦੂਰ ਹੋ ਜਾਣ ਅਤੇ ਮੁਢਲੀਆਂ ਜ਼ਰੂਰਤਾਂ ਬਹੁਤ ਆਸਾਨੀ ਨਾਲ ਤੇ ਜਲਦ ਪੂਰੀਆਂ ਹੋ ਜਾਣ। ਕਾਰਨ ਇਹ ਹੈ ਕਿ ਸਿਆਸਤਦਾਨ ਚੰਗੀ ਤਰ੍ਹਾਂ ਜਾਣਦੇ ਹਨ ਕਿ ਜੇ ਲੋਕਾਂ ਦੀਆਂ ਮੁਢਲੀਆਂ ਜ਼ਰੂਰਤਾਂ ਬਹੁਤ ਜਲਦ ਪੂਰੀਆਂ ਹੋ ਗਈਆਂ ਤਾਂ ਫੇਰ ਇਹ ਲੋਕ ਅਗਾਂਹਵਧੂ ਸੋਚ ਦੇ ਧਾਰਨੀ ਹੋਣਗੇ ਅਤੇ ਸਾਡੇ ਔਗੁਣਾਂ/ਘਪਲਿਆਂ 'ਤੇ ਨਜ਼ਰ ਰੱਖਣਗੇ। ਇਸ ਲਈ ਸਿਆਸਤਦਾਨ ਚਾਹੁੰਦੇ ਹਨ ਕਿ ਆਮ ਲੋਕ ਆਪਣੇ ਲਈ ਮੁਢਲੀਆਂ ਸਹੂਲਤਾਂ ਪ੍ਰਾਪਤ ਕਰਨ ਲਈ ਹੀ ਜੂਝਦੇ ਰਹਿਣ। ਮੱਧਵਰਗੀ ਭਾਰਤੀ ਵੋਟਰ ਦਾ ਸਾਰਾ ਧਿਆਨ ਆਪਣੇ ਲਈ ਸਹੂਲਤਾਂ ਪ੍ਰਾਪਤ ਕਰਨ ਵਿਚ ਲੱਗਾ ਰਹੇ ਅਤੇ ਭਾਰਤੀ ਲੋਕਤੰਤਰ ਦਾ ਧਰਮ ਨਿਰਪੱਖਤਾ ਵਾਲਾ ਥੰਮ੍ਹ ਕਮਜ਼ੋਰ ਹੁੰਦਾ ਰਹੇ। ਅਜੋਕੇ ਦੌਰ ਦੇ ਭਾਰਤੀ ਸਿਆਸਤਦਾਨਾਂ ਦਾ ਇਹੀ ਮੂਲ ਮੰਤਵ ਹੈ ਅਤੇ ਉਹ ਇਸੇ ਉਦੇਸ਼ ਨੂੰ ਪੂਰਾ ਕਰਨ ਹਿੱਤ ਧਰਮ ਨੂੰ ਸਿਆਸਤ ਦਾ ਮੂਲ ਧੁਰਾ ਬਣਾ ਕੇ ਪੇਸ਼ ਕਰ ਰਹੇ ਹਨ।

ਸਿਆਸਤ ਨੂੰ ਧਰਮ ਨਾਲ ਜੋੜ ਕੇ ਸਿਆਸਤਦਾਨ ਬਹੁਤ ਆਸਾਨ ਤਰੀਕੇ ਨਾਲ ਰਾਜ ਸੱਤਾ 'ਤੇ ਕਾਬਜ਼ ਹੋ ਜਾਂਦੇ ਹਨ ਅਤੇ ਆਮ ਲੋਕ ਆਪਣੇ ਧਰਮ ਨੂੰ ਖਤਰੇ ਵਿਚ ਸਮਝ ਕੇ ਗੁੰਮਰਾਹ ਹੋ ਜਾਂਦੇ ਹਨ। ਧਰਮ ਨੂੰ ਹਥਿਆਰ ਵਜੋਂ ਵਰਤਣਾ



ਅਜੋਕਾ ਸਿਆਸਤਦਾਨ ਚੰਗੀ ਤਰ੍ਹਾਂ ਸਮਝ ਗਿਆ ਹੈ। ਭਾਰਤੀ ਲੋਕਾਂ ਦੀਆਂ ਧਰਮ ਪ੍ਰਤੀ ਭਾਵਨਾਵਾਂ ਨੂੰ ਸਿਆਸਤ ਦੀ ਕਸਵੱਟੀ 'ਤੇ ਤੋਲ ਕੇ ਬਰਬਾਦ ਕੀਤਾ ਜਾ ਰਿਹਾ ਹੈ। ਬਦਕਿਸਮਤੀ ਕਿ ਆਮ ਭਾਰਤੀ ਵੋਟਰ ਇਸ ਸਿਆਸਤ ਨੂੰ ਆਪਣੇ ਹਿੱਤ ਦੀ ਸਿਆਸਤ ਸਮਝ ਕੇ ਅੱਖਾਂ ਬੰਦ ਕਰਕੇ ਚੁਪ ਬੈਠਾ ਹੈ। ਇਹ ਬਹੁਤ ਖਤਰਨਾਕ ਰੁਝਾਨ ਹੈ।

ਧਰਮ ਦਾ ਸਿਆਸਤ ਉਤੇ ਭਾਰੂ ਹੋਣਾ ਸਿਰਫ ਘੱਟ-ਗਿਣਤੀਆਂ ਲਈ ਹੀ ਖਤਰਨਾਕ ਨਹੀਂ ਹੈ ਬਲਕਿ ਬਹੁ-ਗਿਣਤੀ ਸਮਾਜ ਲਈ ਵੀ ਖਤਰਨਾਕ ਹੈ। ਪਰ ਇਸ ਦੇ ਨਤੀਜੇ ਕੁਝ ਚਿਰ ਮਗਰੋਂ ਸਾਹਮਣੇ ਆਉਂਦੇ ਹਨ। ਧਰਮ ਦਾ ਮੂਲ ਮਨੋਰਥ ਸਿਆਸਤ ਨੂੰ ਸਹੀ ਕਰਤੱਵ ਅਤੇ ਇਮਾਨਦਾਰੀ ਦਾ ਪਾਠ ਪੜ੍ਹਾਉਣਾ ਹੁੰਦਾ ਹੈ ਪਰ ਅਜੋਕਾ ਸੰਦਰਭ 'ਧਰਮ ਨੂੰ ਖਤਰਾ ਹੈ' ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਲਈ ਆਮ ਜਨਮਾਨਸ ਇਸ ਖਤਰੇ ਨੂੰ ਟਾਲਣ ਲਈ ਚੁਸਤ ਪਾਰਟੀਆਂ ਦਾ ਮੋਹਰਾ ਬਣ ਜਾਂਦਾ ਹੈ ਅਤੇ ਸਿਆਸਤਦਾਨ ਇਸ ਮੌਕੇ ਨੂੰ ਰਾਜ ਸੱਤਾ ਪ੍ਰਾਪਤੀ ਦਾ ਸਭ ਤੋਂ ਅਹਿਮ ਮੌਕਾ ਮੰਨਦਿਆਂ ਆਮ ਲੋਕਾਂ ਨੂੰ ਇਸੇ ਭਰਮਜਾਲ ਵਿਚ ਉਲਝਾਈ ਰੱਖਦੇ ਹਨ।

ਇਤਿਹਾਸਕ ਹਵਾਲਿਆਂ ਤੋਂ ਇਹ ਗੱਲ ਭਲੀਭਾਂਤ ਸਮਝੀ ਜਾ ਸਕਦੀ ਹੈ ਕਿ ਬਹੁ-ਗਿਣਤੀ ਸਮਾਜ ਨੂੰ ਬਹੁ-ਗਿਣਤੀਆਂ ਦੇ ਰਾਜ ਵਿਚ ਬਹੁਤ ਦੁੱਖ ਝੱਲਣੇ ਪਏ ਹਨ। ਜਦੋਂ ਉਸ ਸਮਾਜ ਨੂੰ ਇਹ ਆਸ ਸੀ ਕਿ ਹੁਣ ਸਾਡੇ ਸਮਾਜ ਦਾ ਰਾਜ ਕਾਇਮ ਹੋ ਗਿਆ ਹੈ, ਹੁਣ ਕੋਈ ਖਤਰਾ ਨਹੀਂ, ਉਦੋਂ ਵੀ ਉਨ੍ਹਾਂ ਬਹੁ-ਗਿਣਤੀ ਸਮਾਜ ਦੇ ਲੋਕਾਂ ਨੂੰ ਵੱਧ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਆਪਣੇ ਸਮਾਜ ਦੇ ਰਾਜ ਲਈ ਉਪਰਾਲੇ ਕੀਤੇ ਸਨ। ਇਹ ਨਤੀਜੇ ਕੁਝ ਵਕਤ ਦੀ ਮੰਗ ਕਰਦੇ ਹਨ। ਆਮ ਲੋਕਾਂ ਨੂੰ ਸਿਆਸਤ ਦੇ ਇਸ ਸੰਦਰਭ ਦੀ ਸਮਝ ਆ ਜਾਵੇ ਤਾਂ ਆਉਣ ਵਾਲੇ ਵਕਤ ਵਿਚ ਮਾੜੇ ਨਤੀਜਿਆਂ ਤੋਂ ਬਚਿਆ ਜਾ ਸਕਦਾ ਹੈ।

ਸੋ, ਕਿਸੇ ਵੀ ਦੇਸ਼ ਵਿਚ ਸਿਆਸਤ ਅਤੇ ਧਰਮ ਦਾ ਮਿਲਗੋਭਾ ਬਹੁਤ ਖਤਰਨਾਕ ਰੁਝਾਨ ਹੈ। ਸਿਆਸਤ ਦੀਆਂ ਗਲੀਆਂ ਵਿਚ ਧਰਮ ਦਾ ਮੂਲ ਮਨੋਰਥ ਗੁਆਚ ਗਿਆ ਜਾਪਦਾ ਹੈ। ਸਿਆਸਤ ਹਰ ਵਕਤ ਆਪਣਾ ਮੁਨਾਫਾ ਸੋਚਦੀ ਹੈ, ਚਾਹੁੰਦੀ ਹੈ ਅਤੇ ਸਿਆਸਤ ਦਾ ਕੋਈ ਧਰਮ ਨਹੀਂ ਹੁੰਦਾ। ਸਿਆਸਤ ਦਾ ਮੂਲ ਮਨੋਰਥ ਰਾਜ ਸੱਤਾ ਪ੍ਰਾਪਤੀ ਹੁੰਦਾ ਹੈ, ਇਸ ਤੋਂ ਵੱਧ ਕੁਝ ਨਹੀਂ। ਪਰ ਆਮ ਭਾਰਤੀ ਲੋਕ ਇਸ ਸੱਚ ਨੂੰ ਕਦੋਂ ਸਮਝਣਗੇ? ਇਹ ਭਵਿੱਖ ਦੀ ਕੁੱਖ ਵਿਚ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 31 ਮਾਰਚ 2018*

# ਬਜਟ ਦੀ ਪੁਰਾਣੀ ਮੁਹਾਰਨੀ

ਕੈਪਟਨ ਅਮਰਿੰਦਰ ਸਿੰਘ ਸਰਕਾਰ ਦਾ ਦੂਜਾ ਬਜਟ ਵੀ ਪੰਜਾਬ ਦੇ ਲੋਕਾਂ ਨੂੰ ਕੋਈ ਵੱਡੀ ਰਾਹਤ ਲੈ ਕੇ ਨਹੀਂ ਆਇਆ ਸਗੋਂ ਪਹਿਲਾਂ ਹੀ ਆਮਦਨ ਕਰ ਭਰ ਰਹੇ ਵਰਗ ਉਤੇ 2400 ਰੁਪਏ ਸਾਲਾਨਾ ਦਾ ਹੋਰ ਬੋਝ ਲੱਦ ਦਿੱਤਾ ਗਿਆ ਹੈ। ਪਿਛਲੇ ਇਕ ਸਾਲ ਤੋਂ ਜਦੋਂ ਤੋਂ ਇਹ ਸਰਕਾਰ ਹੋਂਦ ਵਿਚ ਆਈ ਹੈ, 'ਖਜਾਨਾ ਖਾਲੀ ਹੈ' ਸੁਣ ਸੁਣ ਕੇ ਲੋਕਾਂ ਦੇ ਕੰਨ ਪੱਕ ਗਏ ਹਨ। ਕਿਸੇ ਵੀ ਖੇਤਰ ਲਈ ਸਰਕਾਰ ਕੋਲ ਕੋਈ ਪੈਸਾ ਨਹੀਂ। ਆਰਥਕ ਮਾਹਿਰਾਂ ਦਾ ਇਸ ਬਾਰੇ ਇਕ ਹੋਰ ਨੁਕਤਾ ਪਿਛਲੇ ਦਿਨੀਂ ਸਾਹਮਣੇ ਆਇਆ ਹੈ। ਉਨ੍ਹਾਂ ਮੁਤਾਬਕ, ਅਗਲੇ ਸਾਲ ਲੋਕ ਸਭਾ ਚੋਣਾਂ ਆ ਲੈ ਦਿਓ, ਦੇਖਣਾ ਪੈਸਾ ਕਿਸ ਤਰ੍ਹਾਂ ਪਾਣੀ ਵਾਂਗ ਰੋੜ੍ਹਿਆ ਜਾਂਦਾ ਹੈ। ਦਰਅਸਲ, ਸਾਰਾ ਮਸਲਾ ਮੈਨੇਜਮੈਂਟ ਦਾ ਹੈ। ਇਹ ਸਰਕਾਰ ਆਪਣੇ ਰੋਜ਼ਾਨਾ ਕੰਮਾਂ-ਕਾਰਾਂ ਲਈ ਵੀ ਪੈਸੇ ਦਾ ਜੁਗਾੜ ਕਰਨ ਵਿਚ ਅਸਫਲ ਰਹੀ ਹੈ। ਸਰਕਾਰ ਨੂੰ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣੀਆਂ ਵੀ ਔਖੀਆਂ ਹੋਈਆਂ ਪਈਆਂ ਹਨ। ਪੰਜ ਸਾਲਾਂ ਵਿਚੋਂ ਇਕ ਸਾਲ ਦਾ ਸਮਾਂ ਕੋਈ ਘੱਟ ਨਹੀਂ ਹੁੰਦਾ। ਆਮ ਕਰ ਕੇ ਬਹੁਤੇ ਕੰਮ ਤਾਂ ਪਹਿਲੇ ਦੋ ਸਾਲਾਂ ਵਿਚ ਹੀ ਹੋਣੇ ਹੁੰਦੇ ਹਨ। ਫਿਰ ਦੋ ਸਾਲ ਸਰਕਾਰ ਡੰਗ-ਟਪਾਈ ਕਰਦੀ ਹੈ ਅਤੇ ਆਖਰੀ ਸਾਲ ਦੇ ਸਾਰੇ ਕੰਮ-ਕਾਰ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਉਲੀਕੇ ਜਾਂਦੇ ਹਨ। ਇਸ ਲਿਹਾਜ਼ ਨਾਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਸਿਰਫ ਇਕ ਸਾਲ ਹੀ ਬਚਿਆ ਹੈ ਅਤੇ ਇਸ ਇਕ ਸਾਲ ਲਈ ਉਨ੍ਹਾਂ ਦੇ ਖਜਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕ੍ਰਿਸ਼ਮੇ ਵਾਲਾ ਬਜਟ ਪੇਸ਼ ਨਹੀਂ ਕੀਤਾ ਹੈ। ਆਪਣੇ ਭਾਸ਼ਨ ਵਿਚ ਵੀ ਉਨ੍ਹਾਂ ਇਹੀ ਕਿਹਾ ਹੈ ਕਿ ਸਰਕਾਰ ਤੋਂ ਕਿਸੇ ਕਰਾਮਾਤ ਜਾਂ ਕ੍ਰਿਸ਼ਮੇ ਦੀ ਉਮੀਦ ਨਾ ਰੱਖੀ ਜਾਵੇ। ਆਪਣੀ ਥਾਂ ਉਨ੍ਹਾਂ ਦਾ ਇਹ ਤਰਕ ਠੀਕ ਹੋ ਸਕਦਾ ਹੈ ਪਰ ਵੱਖ ਵੱਖ ਖੇਤਰਾਂ ਵਿਚ ਸੰਕਟ ਨਾਲ ਜੂਝ ਰਹੇ ਪੰਜਾਬ ਨੂੰ ਇਨ੍ਹਾਂ ਸੰਕਟਾਂ ਵਿਚੋਂ ਉਭਾਰਨਾ ਮੌਜੂਦਾ ਸਰਕਾਰ ਦੀ ਜਿੰਮੇਵਾਰੀ ਹੈ ਅਤੇ ਇਸ ਜਿੰਮੇਵਾਰੀ ਤੋਂ ਇਹ ਤੇ ਇਸ ਦੇ ਆਗੂ ਅਜਿਹੇ ਬਿਆਨ ਦੇ ਕੇ ਸੁਰਖਰੂ ਨਹੀਂ ਹੋ ਸਕਦੇ। ਹੋਰ ਤਾਂ ਹੋਰ ਇਸ ਸਰਕਾਰ ਸਿਰ ਸੱਤਾਧਾਰੀ ਕਾਂਗਰਸ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਚੋਣ ਵਾਅਦਿਆਂ ਦੀ ਪੰਡ ਦਾ ਬੋਝ ਵੀ ਹੈ।

ਉਂਜ ਇਸ ਬਜਟ ਦਾ ਇਕ ਅਹਿਮ ਨੁਕਤਾ ਸੂਬੇ ਦੀਆਂ ਯੂਨੀਵਰਸਿਟੀਆਂ ਦਾ ਅਰਥਚਾਰਾ ਸੁਧਾਰਨ ਲਈ ਚੁੱਕੇ ਕਦਮ ਹਨ। ਇਹ ਕਦਮ ਭਾਵੇਂ ਨਿਗੂਣੇ ਹੀ ਹਨ ਪਰ ਇਸ ਪਾਸੇ ਇਕ ਵਾਰ ਰਾਹ ਤਾਂ ਖੁੱਲ੍ਹਿਆ ਹੀ ਹੈ। ਫੰਡਾਂ ਦੀ ਭਾਰੀ ਘਾਟ ਨਾਲ ਲਗਾਤਾਰ ਜੂਝ ਰਹੀਆਂ ਸੂਬੇ ਦੀਆਂ ਸਾਰੀਆਂ ਯੂਨੀਵਰਸਿਟੀਆਂ ਦੀ ਆਰਥਕਤਾ ਬੁਰੀ ਤਰ੍ਹਾਂ ਡੋਲੀ ਹੋਈ ਹੈ। ਪਿਛਲੇ ਕੁਝ ਸਮੇਂ ਤੋਂ ਵਿਦਿਆਰਥੀਆਂ ਉਤੇ ਫੀਸਾਂ ਦਾ ਭਾਰ ਲਗਾਤਾਰ ਵਧਾਇਆ ਜਾ ਰਿਹਾ ਸੀ। ਅਜਿਹਾ ਭਾਵੇਂ ਕੇਂਦਰ ਅਤੇ ਸੂਬਾਂ ਸਰਕਾਰਾਂ ਦੀਆਂ ਨਵੀਂ ਨੀਤੀਆਂ ਕਾਰਨ ਹੋ ਰਿਹਾ ਹੈ, ਪਰ ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਸਾਧਾਰਨ ਘਰਾਂ ਦੇ ਬੱਚੇ ਉਚ ਸਿੱਖਿਆ ਤੋਂ ਵਾਂਝੇ ਹੋ ਰਹੇ ਹਨ। ਇਉਂ ਉਹ ਰੁਜ਼ਗਾਰ ਪ੍ਰਾਪਤੀ ਦੀ ਦੌੜ ਵਿਚੋਂ ਵੀ ਪਛੜਨੇ ਸ਼ੁਰੂ ਹੋ ਗਏ ਹਨ। ਖਜਾਨਾ ਮੰਤਰੀ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ 50 ਕਰੋੜ ਰੁਪਏ ਵਿਸ਼ੇਸ਼ ਗਰਾਂਟ ਦਾ ਐਲਾਨ ਕੀਤਾ ਹੈ। ਇਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਆਰਥਕ ਮਦਦ 33 ਕਰੋੜ ਰੁਪਏ ਤੋਂ ਵਧਾ ਕੇ 42.6 ਕਰੋੜ ਰੁਪਏ ਕੀਤੀ ਗਈ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ; ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ; ਗੁਰੂ ਰਵੀਦਾਸ ਆਯੁਰਵੈਦ ਯੂਨੀਵਰਸਿਟੀ ਅਤੇ ਰਾਜੀਵ ਗਾਂਧੀ ਲਾਅ ਯੂਨੀਵਰਸਿਟੀ ਦੀਆਂ ਗਰਾਂਟਾਂ ਵਿਚ ਛੇ ਫੀਸਦੀ ਦਾ ਵਾਧਾ ਕੀਤਾ ਗਿਆ ਹੈ। ਉਂਜ, ਪ੍ਰਾਇਮਰੀ ਸਿੱਖਿਆ ਖੇਤਰ ਉਤੇ ਖਜਾਨਾ ਮੰਤਰੀ ਦੀ ਨਿਗ੍ਹਾ ਪੈਣੋਂ ਰਹਿ ਹੀ ਗਈ ਹੈ। ਅਸਲ ਵਿਚ ਅੱਜ ਕੱਲ੍ਹ ਸੂਬੇ ਵਿਚ ਪ੍ਰਾਇਮਰੀ ਸਿੱਖਿਆ ਦਾ ਬੇਹੱਦ ਮੰਦਾ ਹਾਲ ਹੈ। ਕੈਪਟਨ ਸਰਕਾਰ ਨੇ ਇਸ ਖੇਤਰ ਦੀ ਖਬਰਸਾਰ ਲੈਣ ਦੀ ਥਾਂ ਸਕੂਲ ਬੰਦ ਕਰਨ ਦਾ ਫੈਸਲਾ ਕੀਤਾ ਹੈ। ਜ਼ਾਹਰ ਹੈ ਕਿ ਸਰਕਾਰੀ ਸਕੂਲ ਬੰਦ ਕੀਤੇ ਜਾਣ ਦਾ ਅਸਿੱਧਾ ਫਾਇਦਾ ਸੂਬੇ ਵਿਚ ਖੁੰਭਾਂ ਵਾਂਗੂ ਖੁੱਲ੍ਹੇ ਪ੍ਰਾਈਵੇਟ ਸਕੂਲਾਂ ਨੂੰ ਹੋਣਾ ਹੈ ਅਤੇ ਜੱਗ ਜਾਣਦਾ ਹੈ ਕਿ ਇਹ ਸਕੂਲ ਵੀ ਉਚ ਸਿੱਖਿਆ ਵਾਂਗ ਆਮ ਵਰਗ ਦੇ ਲੋਕਾਂ ਦੀ ਪਹੁੰਚ ਵਿਚੋਂ ਬਾਹਰ ਹੋ ਰਹੇ ਹਨ। ਮਤਲਬ ਸਾਫ ਹੈ ਕਿ ਇਸ ਵਰਗ ਦੇ ਬੱਚੇ ਜ਼ਿੰਦਗੀ ਅਤੇ ਰੁਜ਼ਗਾਰ ਦੀ ਤੇਜ਼ ਦੌੜ ਵਿਚੋਂ ਪਹਿਲੇ ਗੇੜ ਵਿਚ ਹੀ ਬਾਹਰ ਹੋ ਰਹੇ ਹਨ। ਇਸ ਮਾਮਲੇ ਦਾ ਸਭ ਤੋਂ ਮਾੜਾ ਪੱਖ ਇਹੀ ਹੈ ਕਿ ਇਸ ਪਾਸੇ ਉਕਾ ਹੀ ਸੋਚਿਆ ਨਹੀਂ ਜਾ ਰਿਹਾ। ਇਸ ਨਾਅਹਿਲੀਅਤ ਦੇ ਨਤੀਜੇ ਜਦੋਂ ਦਹਾਕੇ-ਡੇਢ ਦਹਾਕੇ ਬਾਅਦ ਆਉਣਗੇ, ਉਦੋਂ ਹਾਲਾਤ ਹੋਰ ਵੀ ਗੰਭੀਰ ਹੋ ਚੁਕੇ ਹੋਣਗੇ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਵਿਧਾਨ ਸਭਾ ਵਿਚ ਵਿਦਿਆਰਥੀ ਚੋਣਾਂ ਕਰਵਾਉਣ ਦੇ ਐਲਾਨ ਨੇ ਸਭ ਦਾ ਧਿਆਨ ਖਿੱਚਿਆ ਹੈ। ਸੂਬੇ ਵਿਚ ਖਾੜਕੂਵਾਦ ਕਾਰਨ ਵਿਦਿਆਰਥੀ ਚੋਣਾਂ ਬੰਦ ਕਰ ਦਿੱਤੀਆਂ ਗਈਆਂ ਸਨ। ਇਸ ਐਲਾਨ ਨਾਲ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੀ ਚਿਰੋਕਣੀ ਮੰਗ ਪ੍ਰਵਾਨ ਹੋ ਗਈ ਹੈ। ਇਸ ਨਾਲ ਬਿਨਾ ਸ਼ੱਕ, ਸੂਬੇ ਦੇ ਸਿਆਸੀ ਮਾਹੌਲ ਵਿਚ ਸਿਫਤੀ ਤਬਦੀਲੀ ਆ ਸਕਦੀ ਹੈ। ਇਹ ਚੋਣਾਂ ਬੰਦ ਹੋਣ ਕਾਰਨ ਸਿਆਸਤ ਦਾ ਇਕ ਪਾਸਾ ਮਾਰਿਆ ਗਿਆ ਸੀ। ਅਜੇ ਇਹ ਨੁਕਤਾ ਭਾਵੇਂ ਬਹੁਤ ਵਧਾ-ਚੜ੍ਹਾ ਕੇ ਕੀਤਾ ਗਿਆ ਲੱਗੇਗਾ ਪਰ ਇਹ ਹੈ ਸੱਚ, ਕਿ ਵਿਦਿਆਰਥੀ ਚੋਣਾਂ ਦੌਰਾਨ ਜਦੋਂ ਨਵੇਂ ਆਗੂ ਆਪਣੀ ਥਾਂ ਬਣਾਉਣਗੇ ਤਾਂ ਸਿਆਸਤ ਵਿਚ ਪਰਿਵਾਰਵਾਦ ਨੂੰ ਰਤਾ ਕੁ ਠੱਲ੍ਹ ਪੈਣ ਦੀ ਸੰਭਾਵਨਾ ਉਜਾਗਰ ਹੋ ਜਾਵੇਗੀ। ਸੰਭਵ ਹੈ ਕਿ ਪੰਜਾਬ ਦੀ ਮੌਲਦੀ ਜਵਾਨੀ, ਗੈਰ-ਦਿਆਨਤਦਾਰ ਸਿਆਸਤਦਾਨਾਂ ਹੱਥੋਂ ਹਾਲੋਂ ਬੇਹਾਲ ਹੋਏ ਸੂਬੇ ਨੂੰ ਲੀਹ ਉਤੇ ਲੈ ਆਉਣ। ਇਤਿਹਾਸ ਵਿਚ ਅਜਿਹਾ ਵਾਪਰਦਾ ਰਿਹਾ ਹੈ ਅਤੇ ਇਤਿਹਾਸ ਸਿਰਜਣ ਦੇ ਮਾਮਲੇ ਵਿਚ ਪੰਜਾਬ ਵੱਖ ਵੱਖ ਦੌਰਾਂ ਅੰਦਰ ਕਦੇ ਪਿੱਛੇ ਨਹੀਂ ਰਿਹਾ ਹੈ। ਆਸ ਕਰਨੀ ਚਾਹੀਦੀ ਹੈ ਕਿ ਕੈਪਟਨ ਸਰਕਾਰ ਵੱਲੋਂ ਕਿਸੇ ਸਿਆਸੀ ਗਿਣਤੀ-ਮਿਣਤੀ ਵਿਚੋਂ ਕੀਤਾ ਇਹ ਫੈਸਲਾ ਨਵੇਂ ਰਾਹ ਖੋਲ੍ਹੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਲਾਹ ਸੁਣਿਓ ਜੀ!*

ਔਰਬਿਟ ਸੀ ਦਰੜਦੀ ਬੱਚੀਆਂ ਨੂੰ, ਨੰਨ੍ਹੀ ਛਾਂ ਨੇ ਪੁੱਛੀ ਨਾ ਵਾਤ ਸੀ ਜੀ।
ਦਸ ਸਾਲ ਦਾ ਦੌਰ ਸੀ ਜਾਰ-ਸ਼ਾਹੀ, ਛਾਈ ਵਿਚ ਪੰਜਾਬ ਦੇ ਰਾਤ ਸੀ ਜੀ।
ਲੋਕ ਅਤੇ ਮੁਲਾਜ਼ਮ ਦੁਖਿਆਰਿਆਂ ਨੂੰ, ਲੁੱਟ-ਕੁੱਟ ਦੀ ਦਿੱਤੀ ਸੌਗਾਤ ਸੀ ਜੀ।
ਥਾਂ ਤੀਸਰੇ ਧੱਕ ਕੇ ਵੋਟਰਾਂ ਨੇ, ਮਸਾਂ ਮਸਾਂ ਹੀ ਪਾਈ ਨਿਜਾਤ ਸੀ ਜੀ।
ਭੁੱਲੀ 'ਸੇਵਾ' ਨਾ ਥੋਡੀ ਪੰਜਾਬੀਆਂ ਨੂੰ, ਲੱਗੇ ਉਦੋਂ ਦੇ ਜ਼ਖਮ ਨਾ ਛੇੜੀਏ ਜੀ।
ਪੋਲ ਖੋਲ੍ਹਣੇ ਛੱਡ ਦਿਓ ਲਵੋ ਸੋਟਾ ਪੀੜ੍ਹੀ ਆਪਣੀ ਥੱਲੇ ਉਹ ਫੇਰੀਏ ਜੀ!

# ਸਮਾਜਿਕ ਏਕਤਾ ਅਤੇ 'ਇਕ ਪਿੰਡ ਇਕ ਗੁਰਦੁਆਰਾ ਮੁਹਿੰਮ'

ਦੇਰ ਨਾਲ ਹੀ ਸਹੀ, ਆਖ਼ਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਸਮਾਜ ਅੰਦਰ ਵੰਡੀਆਂ ਦਾ ਕਾਰਨ ਬਣ ਰਹੇ ਪਿੰਡਾਂ, ਨਗਰਾਂ ਵਿਚ ਜਾਤਾਂ ਅਤੇ ਧੜੇਬੰਦੀਆਂ 'ਤੇ ਆਧਾਰਤ ਗੁਰਦੁਆਰਿਆਂ ਦੇ ਰੁਝਾਨ ਨੂੰ ਰੋਕਣ ਲਈ ਗੰਭੀਰਤਾ ਦਿਖਾਉਣ ਲੱਗੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਪਹਿਲਕਦਮੀ ਸਦਕਾ ਅੰਤ੍ਰਿੰਗ ਕਮੇਟੀ ਵਲੋਂ ਫਤਹਿਗੜ੍ਹ ਸਾਹਿਬ ਵਿਖੇ ਮਤਾ ਪਾਸ ਕਰ ਕੇ ਪਿੰਡਾਂ ਅਤੇ ਸ਼ਹਿਰਾਂ ਵਿਚ ਆਪਸੀ ਮੇਲ-ਮਿਲਾਪ ਅਤੇ ਮਿਲਵਰਤਨ ਵਧਾਉਣ, ਜਾਤਾਂ-ਪਾਤਾਂ ਅਤੇ ਬਿਰਾਦਰੀਆਂ ਦੀ ਵਿਥ ਖ਼ਤਮ ਕਰਨ, ਗੁਰਦੁਆਰਿਆਂ ਨੂੰ ਸਾਰਥਕ ਰੂਪ ਵਿਚ ਗੁਰੂ ਸਾਹਿਬਾਨ ਦੇ ਸਰਬ ਸਾਂਝੀਵਾਲਤਾ ਦੇ ਉਪਦੇਸ਼ ਦੇ ਪ੍ਰਤੀਕ ਬਣਾਉਣ ਅਤੇ ਪੰਥਕ ਏਕਤਾ ਲਈ 'ਇਕ ਪਿੰਡ, ਇਕ ਗੁਰਦੁਆਰਾ ਲਹਿਰ' ਆਰੰਭ ਕਰਨ ਦਾ ਫੈਸਲਾ ਕੀਤਾ ਗਿਆ। ਇਸ ਤਹਿਤ

**ਤਲਵਿੰਦਰ ਸਿੰਘ ਬੁੱਟਰ**
**ਫੋਨ: 91-98780-70008**

ਸ਼੍ਰੋਮਣੀ ਕਮੇਟੀ ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਚਾਇਤਾਂ ਨੂੰ ਸਨਮਾਨਿਤ ਕਰੇਗੀ ਜੋ ਆਪਣੇ ਪਿੰਡਾਂ ਵਿਚ ਇਕ ਗੁਰਦੁਆਰਾ ਰੱਖਣ ਦਾ ਫੈਸਲਾ ਕਰਨਗੀਆਂ। ਇਸ ਫੈਸਲੇ ਤਹਿਤ ਸ਼੍ਰੋਮਣੀ ਕਮੇਟੀ ਨੇ ਇਕ ਤੋਂ ਵੱਧ ਗੁਰਦੁਆਰਿਆਂ ਤੋਂ ਇਕ ਗੁਰਦੁਆਰਾ ਕਰਨ ਵਾਲੇ ਪਿੰਡਾਂ ਵਿਚ ਬਾਕੀ ਗੁਰਦੁਆਰਿਆਂ ਦੀਆਂ ਇਮਾਰਤਾਂ ਨੂੰ ਪਿੰਡ ਦੇ ਲੋਕਾਂ ਲਈ ਲਾਇਬ੍ਰੇਰੀਆਂ, ਡਿਸਪੈਂਸਰੀਆਂ, ਖੇਡ ਕਲੱਬਾਂ ਜਾਂ ਗੁਰਬਾਣੀ, ਕੀਰਤਨ ਸਿਖਲਾਈ ਕੇਂਦਰਾਂ ਵਰਗੇ ਸਦ-ਕਾਰਜਾਂ ਲਈ ਵਰਤਣ ਦਾ ਸੁਝਾਅ ਵੀ ਦਿੱਤਾ ਹੈ ਜੋ ਸਮਾਜ ਦੀ ਭਲਾਈ ਲਈ ਗੁਰਮਤਿ ਦੇ ਸਰਬ ਸਾਂਝੀਵਾਲਤਾ ਵਾਲੇ ਪਸੰਗ ਵਿਚ ਬਿਹਤਰ ਸੰਕਲਪ ਹੈ। ਲਹਿਰ ਦੀ ਆਰੰਭਤਾ ਜਗਰਾਉਂ ਜ਼ਿਲ੍ਹੇ ਦੇ 15 ਹਜ਼ਾਰ ਦੀ ਆਬਾਦੀ ਵਾਲੇ ਪਿੰਡ ਚੱਕਰ ਤੋਂ ਹੋਈ, ਜਿਥੇ ਇਕੋ ਗੁਰਦੁਆਰੇ ਵਿਚ ਜਾਤ-ਪਾਤ ਅਤੇ ਧੜੇਬਾਜ਼ੀ ਤੋਂ ਉਪਰ ਉਠ ਕੇ ਸਾਰੀਆਂ ਸੰਗਤਾਂ ਇਕਜੁਟ ਹੋ ਕੇ ਨਤਮਸਤਕ ਹੁੰਦੀਆਂ ਹਨ। ਇਸ ਤੋਂ ਬਾਅਦ ਮਾਲਵੇ ਦੇ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਧੂੜਕੋਟ ਦੀਆਂ ਸੰਗਤਾਂ ਨੇ ਵੀ ਪਿੰਡ ਵਿਚ ਦੋ ਤੋਂ ਇਕ ਗੁਰਦੁਆਰਾ ਕਰਨ ਦਾ ਫੈਸਲਾ ਕੀਤਾ ਹੈ।

ਗੁਰਦੁਆਰਾ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਦੀ ਬਹੁਮੁਖੀ ਕੇਂਦਰੀ ਸੰਸਥਾ ਹੈ। ਗੁਰਦੁਆਰਾ ਸਿੱਖ ਧਰਮ, ਪੰਥ ਅਤੇ ਸਮਾਜ ਦਾ ਕੇਵਲ ਧਰਮ ਸਥਾਨ ਹੀ ਨਹੀਂ, ਸਗੋਂ ਇਹ ਸਮੁਚੇ ਸਿੱਖੀ ਜੀਵਨ ਅਤੇ ਸਮਾਜਿਕ-ਮਨੁੱਖੀ ਸਰੋਕਾਰਾਂ ਦਾ ਕੇਂਦਰੀ ਧੁਰਾ ਹੈ। ਗੁਰਦੁਆਰਾ ਸੰਸਥਾ ਦਾ ਮੂਲ ਮਕਸਦ ਧਰਮ ਦੇ ਨਾਲ ਨਾਲ ਬਹੁਪੱਖੀ ਸਮਾਜ ਭਲਾਈ ਦੇ ਕਾਰਜ ਕਰਦਿਆਂ ਸਿੱਖੀ ਦੇ ਸੁਨੇਹੇ ਨੂੰ ਸਿੱਖ ਪੰਥ ਤੇ ਸਮਾਜ ਦੇ ਚਾਰੇ ਪਾਸੇ ਤੱਕ ਪਹੁੰਚਾਉਣਾ ਹੈ। ਗੁਰਦੁਆਰਾ ਸੰਸਥਾ ਦੇ ਸੰਕਲਪ, ਬਹੁਮੁਖੀ ਉਦੇਸ਼ਾਂ ਅਤੇ ਕਾਰਜਾਂ ਨੂੰ ਸਮਝਣ ਲਈ ਭਾਈ ਕਾਨ੍ਹ ਸਿੰਘ ਨਾਭਾ ਵਲੋਂ ਦਿੱਤੀ ਪਰਿਭਾਸ਼ਾ ਇਉਂ ਹੈ: 'ਗੁਰਦੁਆਰਾ ਉਹ ਪਵਿਤਰ ਸਥਾਨ ਹੈ, ਜਿਥੇ ਸਾਂਝੀਵਾਲਤਾ ਦੇ ਪ੍ਰਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਵੇ। ਗੁਰਦੁਆਰੇ ਵਿਦਿਆਰਥੀਆਂ ਲਈ ਸਕੂਲ, ਆਤਮ-ਜਗਿਆਸਾ ਵਾਲਿਆਂ ਲਈ ਗਿਆਨ ਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫਾਖ਼ਾਨਾ, ਭੁੱਖਿਆਂ ਲਈ ਅੰਨਪੂਰਨਾ, ਇਸਤਰੀ ਜਾਤ ਦੀ ਪੱਤ ਰੱਖਣ ਲਈ ਲੋਹਮਈ ਦੁਰਗਾ ਤੇ ਮੁਸਾਫਰਾਂ ਲਈ ਵਿਸ਼ਰਾਮ ਘਰ ਹੁੰਦੇ ਹਨ।'

ਗੁਰੂ ਸਾਹਿਬਾਨ ਦੀ ਸਿਧਾਂਤਕ ਵਿਚਾਰਧਾਰਾ ਦਾ ਮਰਿਯਾਦਾਬੱਧ ਪ੍ਰਚਾਰ ਭਾਵੇਂ ਗੁਰਦੁਆਰਾ ਸੰਸਥਾ ਦਾ ਮੁੱਖ ਕਾਰਜ ਹੈ, ਪਰ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਦੇ ਸਿੱਟੇ ਹਾਸਲ ਕਰਨ ਲਈ ਜਗਿਆਸੂਆਂ ਲਈ ਗਿਆਨ ਦੀ ਪਾਠਸ਼ਾਲਾ, ਯਾਤਰੂਆਂ ਲਈ ਰਿਹਾਇਸ਼, ਭੁੱਖਿਆਂ ਲਈ ਲੰਗਰ, ਲੋੜਵੰਦ ਬਿਮਾਰਾਂ ਲਈ ਸਿਹਤ ਸੇਵਾਵਾਂ ਵੀ ਮੁਹੱਈਆ ਕਰਵਾਉਣਾ ਇਸ ਦੇ ਲਾਜ਼ਮੀ ਸੰਸਥਾਗਤ ਉਦੇਸ਼ ਹਨ। ਇਨ੍ਹਾਂ ਵਿਚੋਂ ਕਿਸੇ ਵੀ ਇਕ ਕੜੀ ਦਾ ਕਮਜ਼ੋਰ ਹੋ ਜਾਣਾ, ਗੁਰਦੁਆਰਾ ਸੰਸਥਾ ਨੂੰ ਸੰਕਲਪਹੀਣ ਕਰ ਸਕਦਾ ਹੈ। ਗੁਰਦੁਆਰਾ ਸੰਸਥਾ ਦੀ ਪੁਰਾਤਨ ਸਮਿਆਂ ਵਿਚ ਸਾਡੇ ਮੁਢਲੇ ਸਮਾਜਿਕ ਅਤੇ ਮਨੁੱਖੀ ਜੀਵਨ ਦੇ ਵਿਕਾਸ ਵਿਚ ਵੱਡੀ ਦੇਣ ਰਹੀ ਹੈ। ਗੁਰਦੁਆਰੇ ਵਿਚੋਂ ਗੁਰੂ ਦੀ ਮੱਤ (ਧਾਰਮਿਕ ਤੇ ਨੈਤਿਕ ਗੁਣ) ਧਾਰਨ ਕਰ ਕੇ ਗੁਰਸਿੱਖ ਅਗਾਂਹ ਆਦਰਸ਼ਕ ਸਮਾਜ ਦੀ ਸਿਰਜਣਾ ਕਰਦੇ ਰਹੇ ਹਨ।

ਗੁਰਦੁਆਰਾ ਸਾਹਿਬਾਨ ਦਾ ਮੁਢਲੇ ਤੌਰ 'ਤੇ ਮਾਂ-ਬੋਲੀ ਦੇ ਪ੍ਰਚਾਰ-ਪ੍ਰਸਾਰ ਵਿਚ ਵੀ ਵੱਡਾ ਯੋਗਦਾਨ ਰਿਹਾ ਹੈ। ਪੁਰਾਣੇ ਸਮਿਆਂ ਵਿਚ ਬਹੁਤ ਸਾਰੇ ਅਨਪੜ੍ਹ ਲੋਕ, ਜੋ ਕਦੇ ਸਕੂਲ ਵੀ ਨਹੀਂ ਗਏ, ਉਹ ਚੰਗੀ ਤਰ੍ਹਾਂ ਗੁਰਮੁਖੀ ਲਿਖਣੀ-ਪੜ੍ਹਨੀ ਗੁਰਦੁਆਰਿਆਂ ਵਿਚੋਂ ਹੀ ਸਿੱਖਦੇ ਸਨ। ਪਿੰਡਾਂ ਦੇ ਗੁਰਦੁਆਰੇ ਭਾਈਚਾਰੇ, ਏਕਤਾ ਅਤੇ ਸਦਭਾਵਨਾ ਦਾ ਵੀ ਮੁੱਖ ਕੇਂਦਰ ਹੁੰਦੇ ਸਨ। ਪਿੰਡਾਂ ਦੇ ਸਾਂਝੇ ਫੈਸਲੇ ਗੁਰਦੁਆਰਿਆਂ ਵਿਚ ਬੈਠ ਕੇ ਲਏ ਜਾਂਦੇ ਸਨ। ਭਾਈ-ਗ੍ਰੰਥੀ ਸਾਂਝੀਵਾਲਤਾ ਦੇ ਜ਼ਾਮਨ ਹੁੰਦੇ ਸਨ। ਪਿੰਡਾਂ, ਨਗਰਾਂ 'ਚ ਇਕ ਤੋਂ ਵੱਧ ਗੁਰਦੁਆਰਿਆਂ ਦੀ ਉਸਾਰੀ ਦਾ ਮੁੱਖ ਕਾਰਨ ਭਾਵੇਂ ਸਾਡੀ ਸਮਾਜਿਕ ਬਣਤਰ ਵਿਚ ਡੂੰਘਾ ਧਸਿਆ ਜਾਤ-ਪਾਤ ਦਾ ਵਰਤਾਰਾ ਹੈ, ਪਰ ਇਸ ਦੇ ਨਾਲ ਨਾਲ ਸਿਆਸੀ ਅਹੁਦਿਆਂ ਅਤੇ ਚੌਧਰਾਂ ਦੀ ਭੁੱਖ ਵੀ ਇਸ ਦਾ ਵੱਡਾ ਕਾਰਨ ਬਣੀ।

ਗੁਰੂ ਸਾਹਿਬਾਨ ਨੇ ਤਾਂ ਜਾਤ-ਪਾਤ ਦਾ ਭਰਪੂਰ ਖੰਡਨ ਕਰਦਿਆਂ ਸਾਰੀ ਮਨੁੱਖਤਾ ਨੂੰ ਇਕ ਕਰ ਕੇ ਜਾਣਿਆ ਸੀ। ਗੁਰੂ ਸਾਹਿਬਾਨ ਨੇ 'ਰੱਬੀ ਏਕਤਾ' ਦਾ ਸੰਦੇਸ਼ ਦਿੱਤਾ ਅਤੇ ਇਹੀ ਸੰਦੇਸ਼ ਗੁਰਦੁਆਰਿਆਂ ਵਿਚੋਂ ਸਾਡੇ ਸਰਬਰਾਹ ਸੁਣਾਉਂਦੇ ਆਏ ਹਨ। ਗੁਰਮਤਿ ਅਨੁਸਾਰ ਰੱਬ 'ਇਕ' ਹੈ ਅਤੇ ਸਾਰੀ ਕਾਇਨਾਤ ਉਸੇ 'ਕਰਤਾ ਪੁਰਖ' ਦੀ ਸਿਰਜੀ ਹੋਈ ਹੈ। ਚਾਰੇ ਵਰਣਾਂ, ਜਾਤਾਂ ਤੇ ਖੇਤਰਾਂ ਦੇ ਲੋਕਾਂ ਵਿਚ ਇਕ ਅਕਾਲ ਪੁਰਖ ਦੀ



ਹੀ ਜੋਤ ਜਗ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ ਤੋਂ ਇਲਾਵਾ ਵੱਖ ਵੱਖ ਜਾਤਾਂ, ਧਰਮਾਂ ਤੇ ਖਿੱਤਿਆਂ ਨਾਲ ਸਬੰਧਤ 15 ਭਗਤਾਂ, 11 ਭੱਟਾਂ, ਸੂਫੀ ਸੰਤਾਂ ਅਤੇ ਗੁਰੂ ਘਰ ਦੇ ਤਿੰਨ ਸਿੱਖ ਸ਼ਰਧਾਲੂਆਂ ਦੀ ਬਾਣੀ ਦਰਜ ਕਰ ਕੇ ਸਰਬ ਸਾਂਝੀਵਾਲਤਾ ਦਾ ਨਾਯਾਬ ਉਪਦੇਸ਼ ਦਿੱਤਾ ਗਿਆ ਹੈ ਪਰ ਸਮੇਂ ਦੇ ਨਾਲ ਵਰਣ ਵੰਡ ਸੋਚ ਦੇ ਪ੍ਰਭਾਵ ਅਤੇ ਸਮਾਜਿਕ ਪਧਰ 'ਤੇ ਧਸੀ ਜਾਤ-ਪਾਤ ਕਾਰਨ ਸਿੱਖ ਸਮਾਜ ਅਤੇ ਚੌਧਰ ਦੀ ਲਾਲਸਾ ਕਾਰਨ ਸਿੱਖ ਲੀਡਰਸ਼ਿਪ ਨੇ ਗੁਰਦੁਆਰੇ ਤਾਂ ਕੀ, ਪਿੰਡਾਂ ਵਿਚ ਹੁਣ ਸ਼ਮਸ਼ਾਨਘਾਟ ਤੱਕ ਜਾਤਾਂ ਦੇ ਆਧਾਰ 'ਤੇ ਵੰਡ ਲਏ ਹਨ। ਚੌਧਰਾਂ ਖ਼ਾਤਰ ਹੁਣ ਵਿਦੇਸ਼ਾਂ ਵਿਚ ਵੀ ਜਾਤ-ਪਾਤਾਂ, ਸੰਪਰਦਾਵਾਂ ਅਤੇ ਇਲਾਕਿਆਂ ਦੇ ਆਧਾਰ 'ਤੇ ਕਿਰਾਏ ਦੀਆਂ ਇਮਾਰਤਾਂ ਵਿਚ ਸੰਸਥਾਵਾਂ, ਸੁਸਾਇਟੀਆਂ ਬਣਾ ਕੇ ਨਿੱਜੀ ਗੁਰਦੁਆਰੇ ਉਸਾਰਨ ਦਾ ਰੁਝਾਨ ਤੇਜ਼ ਹੋ ਰਿਹਾ ਹੈ।

> ***ਗੁਰੂ ਸਾਹਿਬਾਨ ਦੀ ਸਿਧਾਂਤਕ ਵਿਚਾਰਧਾਰਾ ਦਾ ਮਰਿਯਾਦਾਬੱਧ ਪ੍ਰਚਾਰ ਭਾਵੇਂ ਗੁਰਦੁਆਰਾ ਸੰਸਥਾ ਦਾ ਮੁੱਖ ਕਾਰਜ ਹੈ, ਪਰ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਦੇ ਸਿੱਟੇ ਹਾਸਲ ਕਰਨ ਲਈ ਜਗਿਆਸੂਆਂ ਲਈ ਗਿਆਨ ਦੀ ਪਾਠਸ਼ਾਲਾ, ਯਾਤਰੂਆਂ ਲਈ ਰਿਹਾਇਸ਼, ਭੁੱਖਿਆਂ ਲਈ ਲੰਗਰ, ਲੋੜਵੰਦ ਬਿਮਾਰਾਂ ਲਈ ਸਿਹਤ ਸੇਵਾਵਾਂ ਵੀ ਮੁਹੱਈਆ ਕਰਵਾਉਣਾ ਇਸ ਦੇ ਲਾਜ਼ਮੀ ਸੰਸਥਾਗਤ ਉਦੇਸ਼ ਹਨ। ਇਨ੍ਹਾਂ ਵਿਚੋਂ ਕਿਸੇ ਵੀ ਇਕ ਕੜੀ ਦਾ ਕਮਜ਼ੋਰ ਹੋ ਜਾਣਾ, ਗੁਰਦੁਆਰਾ ਸੰਸਥਾ ਨੂੰ ਸੰਕਲਪਹੀਣ ਕਰ ਸਕਦਾ ਹੈ।***

ਕਾਫੀ ਅਰਸਾ ਪਹਿਲਾਂ ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਇਕ ਪਿੰਡ ਵਿਚ ਇਕੋ ਗੁਰਦੁਆਰਾ ਹੋਣ ਸਬੰਧੀ ਆਦੇਸ਼ ਜਾਰੀ ਹੋਇਆ ਸੀ, ਪਰ ਇਸ ਨੂੰ ਅਮਲ ਵਿਚ ਲਿਆਉਣ ਲਈ ਸ਼੍ਰੋਮਣੀ ਕਮੇਟੀ ਲੰਬਾ ਸਮਾਂ ਅਵੇਸਲੀ ਬਣੀ ਰਹੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਇਸ ਅਵੇਸਲੇਪਨ ਨੂੰ ਦੂਰ ਕਰਨ ਲਈ ਮੁਬਾਰਕਬਾਦ ਦੇ ਹੱਕਦਾਰ ਹਨ।

ਸ਼੍ਰੋਮਣੀ ਕਮੇਟੀ ਦੀ 'ਇਕ ਪਿੰਡ, ਇਕ ਗੁਰਦੁਆਰਾ ਮੁਹਿੰਮ' ਦੀ ਅਜੋਕੇ ਪ੍ਰਸੰਗ ਵਿਚ ਵੱਡੀ ਮਹੱਤਤਾ ਹੈ। ਜਿਨ੍ਹਾਂ ਪਿੰਡਾਂ ਵਿਚ ਇਕ ਤੋਂ ਵੱਧ ਗੁਰਦੁਆਰੇ ਹਨ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੂਰਨ ਸਤਿਕਾਰ ਅਤੇ ਮਾਣ-ਮਰਿਯਾਦਾ ਦੀ ਪਾਲਣਾ ਵੀ ਬਿਹਤਰ ਤਰੀਕੇ ਨਾਲ ਨਹੀਂ ਹੁੰਦੀ। ਬਹੁਤੇ ਪਿੰਡਾਂ ਵਿਚ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵੇਲੇ, ਨਿਤਨੇਮ ਜਾਂ ਸ਼ਾਮ ਨੂੰ ਸੁੱਖ-ਆਸਨ ਵੇਲੇ ਗੁਰਦੁਆਰਿਆਂ ਅੰਦਰ ਭਾਈ ਜੀ ਤੋਂ ਇਲਾਵਾ ਕੋਈ ਨਹੀਂ ਹੁੰਦਾ। ਬਹੁਤੇ ਥਾਈਂ ਗਿਆਨਵਾਨ, ਯੋਗਤਾ ਪ੍ਰਾਪਤ, ਸੂਝਵਾਨ ਤੇ ਕਾਬਲ ਗ੍ਰੰਥੀ, ਪ੍ਰਚਾਰਕ ਅਤੇ ਸੇਵਾਦਾਰਾਂ ਦੀ ਵੀ ਅਣਹੋਂਦ ਹੈ। ਇਕ ਪਿੰਡ ਵਿਚ ਇਕੋ ਗੁਰਦੁਆਰਾ ਹੋਣ ਨਾਲ ਪਿੰਡ ਦੇ ਲੋਕ ਗ੍ਰੰਥੀ, ਕਥਾ ਵਾਚਕ ਅਤੇ ਸੇਵਾਦਾਰ ਕਾਬਲ, ਗਿਆਨੀ, ਸੁਲਝੇ ਅਤੇ ਵਧੇਰੇ ਸਿਖਿਅਤ ਰੱਖ ਸਕਣਗੇ। ਉਨ੍ਹਾਂ ਨੂੰ ਚੰਗੇ ਸੇਵਾ ਫਲ ਦਿੱਤੇ ਜਾ ਸਕਣਗੇ, ਤਾਂ ਜੋ ਸਾਡੇ ਗ੍ਰੰਥੀ, ਪ੍ਰਚਾਰਕ ਅਤੇ ਸੇਵਾਦਾਰ ਧਰਮ ਪ੍ਰਚਾਰ ਦੇ ਨਾਲ ਨਾਲ ਨਿਸ਼ਚਿੰਤ ਹੋ ਕੇ ਆਪਣੇ ਪਰਿਵਾਰਾਂ ਦੀ ਸਹੀ ਪਰਵਰਿਸ਼ ਕਰ ਸਕਣ।

ਪਿਛਲੇ ਸਮਿਆਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਵਿਚ ਇਕ ਵੱਡਾ ਕਾਰਨ ਪਿੰਡਾਂ ਦੇ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਸੰਭਾਲ ਵਿਚ ਪ੍ਰਬੰਧਕੀ ਅਵੇਸਲਾਪਨ ਵੀ ਸਾਹਮਣੇ ਆਇਆ ਸੀ। ਕਈ ਥਾਵਾਂ 'ਤੇ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਪਾਵਨ ਸਰੂਪਾਂ ਦੇ ਅਗਨ ਭੇਟ ਹੋਣ ਦੀਆਂ ਘਟਨਾਵਾਂ ਵਾਪਰੀਆਂ। ਜੇ ਇਕ ਪਿੰਡ ਵਿਚ ਇਕ ਗੁਰਦੁਆਰਾ ਹੋਵੇਗਾ ਤਾਂ ਪਿੰਡ ਦੇ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਰਿਯਾਦਾਬੱਧ ਸੇਵਾ ਸੰਭਾਲ ਬਿਹਤਰੀਨ ਢੰਗ ਨਾਲ ਨਿਭਾਉਣ ਲਈ ਵਧੇਰੇ ਯਤਨਸ਼ੀਲ ਹੋ ਸਕਣਗੇ। ਗੁਰਦੁਆਰਾ ਸੰਸਥਾ ਆਪਣੇ ਮੂਲ ਸੰਕਲਪ ਵੱਲ ਸੇਧਿਤ ਹੋਵੇਗੀ ਅਤੇ ਸਿੱਖੀ ਦੇ ਬਹੁਪੱਖੀ ਪ੍ਰਚਾਰ-ਪ੍ਰਸਾਰ ਦਾ ਸਹੀ ਰੂਪ ਵਿਚ ਕੇਂਦਰ ਬਣੇਗੀ। ਗੁਰਦੁਆਰਿਆਂ ਦੇ ਚੜ੍ਹਾਵੇ ਨੂੰ 'ਗ਼ਰੀਬ ਦਾ ਮੂੰਹ' ਆਖਿਆ ਗਿਆ ਹੈ। ਪਿੰਡ ਵਿਚ ਇਕੋ ਗੁਰਦੁਆਰਾ ਹੋਣ ਕਾਰਨ ਚੜ੍ਹਾਵਾ ਇਕੋ ਥਾਂ ਇਕੱਠਾ ਹੋਵੇਗਾ ਅਤੇ ਦਸਵੰਧ ਰੂਪ ਵਿਚ ਇਸ ਚੜ੍ਹਾਵੇ ਦੀ ਗ਼ਰੀਬਾਂ, ਲੋੜਵੰਦਾਂ ਦੀ ਸਹਾਇਤਾ, ਸਿੱਖਿਆ, ਸਿਹਤ ਤੇ ਧਰਮ-ਗਿਆਨ ਦੇ ਪ੍ਰਸਾਰ ਅਤੇ ਹੋਰ ਸਮਾਜਿਕ ਸਰੋਕਾਰਾਂ ਲਈ ਸਦਵਰਤੋਂ ਹੋ ਸਕੇਗੀ। ਅਜਿਹੀ ਲਹਿਰ ਜਿਥੇ ਸਿੱਖ ਸਮਾਜ ਅੰਦਰ ਜਾਤ-ਪਾਤ ਦੀਆਂ ਵੰਡੀਆਂ ਨੂੰ ਖ਼ਤਮ ਕਰ ਕੇ ਗੁਰੂ ਸਾਹਿਬਾਨ ਦੇ 'ਸਰਬ-ਸਾਂਝੀਵਾਲਤਾ' ਅਤੇ 'ਰੱਬੀ ਏਕਤਾ' ਵਾਲੇ ਫਲਸਫੇ ਦੇ ਪ੍ਰਚਾਰ ਨੂੰ ਮੁਖ਼ਾਤਿਬ ਹੋ ਸਕਦੀ ਹੈ, ਉਥੇ ਸਮਾਜਿਕ ਏਕਤਾ 'ਚ ਵੀ ਵੱਡੀ ਭੂਮਿਕਾ ਅਦਾ ਕਰ ਸਕਦੀ ਹੈ। ਸਮਾਜ ਦੇ ਵੱਖ ਵੱਖ ਵਰਗਾਂ ਨੂੰ ਵੀ ਅੱਗੇ ਆ ਕੇ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ।

# ਕੈਪਟਨ ਸਰਕਾਰ ਦੇ ਚੋਣ ਵਾਅਦੇ ਛੂ-ਮੰਤਰ

ਅਵਾਮ ਦੇ ਸੱਤਾਧਾਰੀ ਧਿਰ ਵਿਰੋਧੀ ਰੌਂਅ ਦਾ ਫਾਇਦਾ ਉਠਾਉਂਦੇ ਹੋਏ ਭਰਮਾਊ ਚੋਣ ਵਾਅਦੇ ਕਰ ਕੇ ਸੱਤਾ ਉਪਰ ਕਾਬਜ਼ ਹੋਣਾ ਅਤੇ ਫਿਰ ਵਾਇਦਾਖਿਲਾਫ਼ੀ ਕਰਨਾ ਮੁਲਕ ਦੀਆਂ ਤਮਾਮ 'ਮੁੱਖਧਾਰਾ' ਸਿਆਸੀ ਪਾਰਟੀਆਂ ਦੀ ਸਾਂਝੀ ਖ਼ੂਬੀ ਹੈ। ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਇਸੇ ਸਚਾਈ ਉਪਰ ਮੋਹਰ ਲਾ ਰਹੀ ਹੈ।

ਚੋਣਾਂ ਦੌਰਾਨ ਕੈਪਟਨ ਨੇ ਗੁਟਕਾ ਚੁੱਕ ਕੇ ਸਹੁੰ ਖਾਧੀ ਸੀ ਕਿ 4 ਹਫਤਿਆਂ ਵਿਚ ਪੰਜਾਬ ਵਿਚੋਂ ਨਸ਼ਾ ਖ਼ਤਮ ਕਰ ਦਿੱਤਾ ਜਾਵੇਗਾ। 48 ਹਫ਼ਤਿਆਂ ਬਾਅਦ ਵੀ ਸਥਿਤੀ ਜਿਉਂ ਦੀ ਤਿਉਂ

**ਬੂਟਾ ਸਿੰਘ**
ਫੋਨ: 91-94634-74342

ਹੈ। ਪੂਰੇ ਸਾਲ ਵਿਚ ਇਕ ਵੀ ਵੱਡਾ ਨਸ਼ਾ ਤਸਕਰ ਸੀਖਾਂ ਪਿੱਛੇ ਡੱਕਿਆ ਨਹੀਂ ਗਿਆ। ਨਸ਼ੇ ਪੰਜਾਬ ਦੀਆਂ ਗਲੀਆਂ ਵਿਚ ਸ਼ਰੇਆਮ ਵੇਚੇ ਜਾ ਰਹੇ ਹਨ। ਚਾਰ ਹਫ਼ਤਿਆਂ ਵਾਲਾ ਚੋਣ ਵਾਅਦਾ ਇਕ ਸਾਲ ਬੀਤਣ ਪਿਛੋਂ 'ਨੌਜਵਾਨਾਂ ਨੂੰ ਨਸ਼ਿਆਂ ਦੀ ਜਕੜ 'ਚੋਂ ਬਾਹਰ ਕੱਢਣਾ ਸਰਕਾਰ ਤੇ ਨਾਗਰਿਕਾਂ ਦੀ ਸਾਂਝੀ ਜ਼ਿੰਮੇਵਾਰੀ' ਬਣ ਗਿਆ ਹੈ।

ਦਰਅਸਲ ਕੈਪਟਨ ਸਰਕਾਰ ਦੀ ਨੀਤੀ ਸ਼ੋਸ਼ੇਬਾਜ਼ੀ ਨਾਲ ਵਕਤ ਟਪਾਉਣ ਦੀ ਹੈ। ਨਸ਼ਿਆਂ ਦੇ ਮੂਲ ਕਾਰਨਾਂ ਨੂੰ ਮੁਖ਼ਾਤਬ ਹੋਣਾ ਉਨ੍ਹਾਂ ਦਾ ਏਜੰਡਾ ਹੀ ਨਹੀਂ। ਪਹਿਲਾਂ ਸਰਕਾਰ ਨੇ ਨਸ਼ੇ ਰੋਕਣ ਦੇ ਨਾਂ ਹੇਠ ਸਪੈਸ਼ਲ ਟਾਸਕ ਫੋਰਸ ਬਣਾਈ, ਹੁਣ ਡੈਪੋ (ਡਰੱਗ ਅਬਿਊਜ਼ ਪ੍ਰਵੈਨਸ਼ਨ ਆਫ਼ੀਸਰ, ਭਾਵ ਨਸ਼ਿਆਂ ਦੀ ਦੁਰਵਰਤੋਂ ਰੋਕੂ ਅਫ਼ਸਰ) ਨਾਂ ਦੀ ਨਵੀਂ ਮੁਹਿੰਮ ਚਲਾਈ ਗਈ ਹੈ। 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਪਿੰਡ ਤੋਂ ਕੈਪਟਨ ਵਲੋਂ ਅਤੇ ਬਾਕੀ ਜ਼ਿਲ੍ਹਿਆਂ ਵਿਚ ਸਰਕਾਰ ਦੇ ਹੋਰ ਕੈਬਨਿਟ ਮੰਤਰੀਆਂ ਵਲੋਂ 'ਡੈਪੋ' ਸਹੁੰ ਚੁੱਕ ਸਮਾਗਮ ਰਚਾ ਕੇ ਖ਼ੁਦ ਸਹੁੰ ਖਾਧੀ ਗਈ ਅਤੇ 'ਡੈਪੋ' ਵਾਲੰਟੀਅਰ ਹਜੂਮਾਂ ਨੂੰ ਸਹੁੰ ਚੁਕਾਈ ਗਈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ 'ਡੈਪੋ' ਦੀ ਵੈੱਬਸਾਈਟ ਉਪਰ ਹੁਣ ਤਕ ਸਵਾ ਚਾਰ ਲੱਖ ਵਾਲੰਟੀਅਰ ਭਰਤੀ ਹੋ ਚੁੱਕੇ ਹਨ। ਇਹ ਇਸ ਹਕੀਕਤ ਨੂੰ ਚਲਾਕੀ ਨਾਲ ਲੁਕੋਣ ਦੀ ਕਵਾਇਦ ਹੈ ਕਿ ਨਸ਼ਿਆਂ ਨੂੰ ਠੱਲ੍ਹ ਠੋਸ ਨੀਤੀ ਨਾਲ ਪਵੇਗੀ ਜੋ ਕੈਪਟਨ ਕੋਲ ਹੈ ਨਹੀਂ। ਨਸ਼ਿਆਂ ਦੀ ਮੂਲ ਵਜ੍ਹਾ ਘੋਰ ਮਾਯੂਸੀ ਹੈ ਜਿਸ ਦਾ ਸਿੱਧਾ ਸਬੰਧ ਪੰਜਾਬ ਦੇ ਘੋਰ ਸਮਾਜੀ-ਆਰਥਕ ਸੰਕਟ ਅਤੇ ਵਿਆਪਕ ਬੇਰੁਜ਼ਗਾਰੀ ਨਾਲ ਹੈ। ਜੇ ਹਾਕਮ ਜਮਾਤਾਂ ਚਾਹੁਣ ਤਾਂ ਨਸ਼ੇ ਖ਼ਤਮ ਕਰਨ ਲਈ ਨਾ ਕਿਸੇ ਅਖੌਤੀ ਟਾਸਕ ਫੋਰਸ ਦੀ ਜ਼ਰੂਰਤ ਹੈ, ਨਾ ਐਸੇ ਅਖੌਤੀ ਵਾਲੰਟੀਅਰਾਂ ਦੀ ਭਰਤੀ ਦੀ। ਇਸ ਲਈ ਸਿਆਸੀ ਇੱਛਾ ਤੇ ਠੋਸ ਨੀਤੀ ਦਰਕਾਰ ਹੈ।

ਘਰ ਘਰ ਰੁਜ਼ਗਾਰ ਦੇਣ ਦਾ ਵਾਅਦਾ ਪੱਕੀ ਨੌਕਰੀ ਦੇਣ ਦੀ ਬਜਾਏ ਨਿੱਜੀ ਕੰਪਨੀਆਂ ਨੂੰ ਸੱਦ ਕੇ 'ਰੁਜ਼ਗਾਰ ਮੇਲੇ' ਲਾਉਣ ਤਕ ਸੀਮਤ ਹੋ ਗਿਆ। ਇਨ੍ਹਾਂ 'ਰੁਜ਼ਗਾਰ ਮੇਲਿਆਂ' ਦੇ ਦਾਅਵੇ ਦੀ ਪੋਲ ਵੀ ਛੇਤੀ ਹੀ ਖੁੱਲ੍ਹ ਗਈ। ਰੁਜ਼ਗਾਰ ਮੇਲਿਆਂ ਦੇ ਸੁੰਨੇ ਸ਼ਾਮਿਆਨੇ ਦੱਸਦੇ ਹਨ ਕਿ ਨੌਜਵਾਨ ਉਸ ਸਰਕਾਰ ਦੇ ਰੁਜ਼ਗਾਰ ਦੇਣ ਦੇ ਇਸ ਨਾਟਕ ਨੂੰ ਕਿੰਨੀ ਕੁ ਗੰਭੀਰਤਾ ਨਾਲ ਲੈ ਰਹੇ ਹਨ। ਸਰਕਾਰ ਜੋ ਨਵਾਂ ਰੁਜ਼ਗਾਰ ਮੁਹੱਈਆ ਕਰਨ ਦੀ ਬਜਾਏ ਸਰਕਾਰੀ ਥਰਮਲ ਪਲਾਂਟ ਨੂੰ ਬੰਦ ਕਰਕੇ ਬਾਰੁਜ਼ਗਾਰਾਂ ਤੋਂ ਵੀ ਰੁਜ਼ਗਾਰ ਖੋਹ ਰਹੀ ਹੈ। 15000 ਕੱਚੇ ਅਧਿਆਪਕਾਂ 'ਤੇ ਸ਼ਰਤ ਲਾ ਦਿੱਤੀ ਗਈ ਹੈ ਕਿ ਪੱਕੇ ਹੋਣ ਲਈ ਉਨ੍ਹਾਂ ਨੂੰ ਅਗਲੇ 3 ਸਾਲ ਲਈ 30000 ਰੁਪਏ ਮਹੀਨਾ ਮੌਜੂਦ ਤਨਖ਼ਾਹ ਦੀ ਬਜਾਏ 10300 ਰੁਪਏ 'ਤੇ ਕੰਮ ਕਰਨਾ ਪਵੇਗਾ।

ਹਾਲੀਆ ਬਜਟ ਕੈਪਟਨ ਸਰਕਾਰ ਦੀ ਕਾਰਗੁਜ਼ਾਰੀ ਦਾ ਸ਼ੀਸ਼ਾ ਹੈ। ਵਿੱਤ ਮੰਤਰੀ ਵਲੋਂ ਜੋ ਰਾਜਕੋਸ਼ੀ ਤਸਵੀਰ ਪੇਸ਼ ਕੀਤੀ ਗਈ ਹੈ, ਉਸ ਮੁਤਾਬਿਕ ਅਗਲੇ ਮਾਲੀ ਸਾਲ ਵਿਚ ਸਰਕਾਰੀ ਮਾਲੀਆ 73812 ਕਰੋੜ ਰੁਪਏ ਅਤੇ ਖ਼ਰਚਾ 86351 ਕਰੋੜ ਰੁਪਏ ਹੋਵੇਗਾ, ਭਾਵ ਸਾਲਾਨਾ 12539 ਕਰੋੜ ਦਾ ਘਾਟਾ। ਸੂਬੇ ਸਿਰ ਲੱਗਭਗ ਦੋ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਜੋ ਮਾਲੀ ਸਾਲ 2018-19 ਦੇ ਅੰਤ ਵਿਚ ਦੋ ਲੱਖ ਸਾਢੇ ਗਿਆਰਾਂ ਹਜ਼ਾਰ ਕਰੋੜ ਹੋ ਜਾਣ ਦਾ ਅੰਦਾਜ਼ਾ ਹੈ। ਕੁਲ ਆਮਦਨ ਦਾ 87 ਫੀਸਦੀ ਹਿੱਸਾ ਤਨਖ਼ਾਹਾਂ ਤੇ ਪੈਨਸ਼ਨਾਂ ਦੇਣ ਅਤੇ ਕਰਜੇ ਦੇ ਵਿਆਜ ਤੇ ਕਿਸ਼ਤਾਂ ਦੀ ਅਦਾਇਗੀ ਵਿਚ ਚਲਾ ਜਾਵੇਗਾ।

ਕੈਪਟਨ ਦਾ 'ਕਰਜ਼ਾ ਕੁਰਕੀ ਖ਼ਤਮ, ਫ਼ਸਲ ਦੀ ਪੂਰੀ ਰਕਮ' ਦਾ ਚੋਣ ਵਾਅਦਾ ਮੁਕੰਮਲ ਕਰਜ਼ਾ ਮੁਆਫ਼ੀ ਤੋਂ ਹੌਲੀ ਹੌਲੀ ਪੰਜ ਏਕੜ ਤੱਕ, ਫਿਰ ਢਾਈ ਏਕੜ ਜ਼ਮੀਨ ਵਾਲੇ ਕਿਸਾਨਾਂ ਲਈ ਸਿਰਫ਼ ਦੋ ਲੱਖ ਮੁਆਫ਼ ਕਰਨ ਤੱਕ ਅਤੇ ਫਿਰ ਅੱਗੇ ਉਸ ਨੂੰ ਵੀ ਤਿੰਨ ਵਰਗਾਂ-ਨਿੱਜੀ ਖੇਤਰ ਦੇ ਬੈਂਕ, ਸਰਕਾਰੀ ਬੈਂਕ ਤੇ ਸਹਿਕਾਰੀ ਸੁਸਾਇਟੀਆਂ 'ਚ ਵੰਡ ਕੇ ਸਹਿਕਾਰੀ ਸੁਸਾਇਟੀਆਂ ਦਾ ਕਰਜ਼ਾ ਮੁਆਫ਼ ਕਰਨ ਤੱਕ ਸੁੰਗੜ ਗਿਆ। ਜੂਨ 2017 ਵਿਚ ਕੁਲ ਸਾਢੇ ਸਤਾਰਾਂ ਲੱਖ ਖੇਤੀ ਪਰਿਵਾਰਾਂ ਵਿਚੋਂ ਕੇਵਲ 10.5 ਲੱਖ ਕਿਸਾਨਾਂ ਦੇ 9500



ਕਰੋੜ ਰੁਪਏ ਕਰਜ਼ੇ ਮੁਆਫ਼ ਕਰਨ ਦੀ ਗੱਲ ਕੀਤੀ ਗਈ। ਇਹ ਅੰਕੜਾ ਵੀ ਆਖ਼ਰਕਾਰ ਕੇਵਲ 5.63 ਲੱਖ ਕਿਸਾਨਾਂ ਤਕ ਸੀਮਤ ਹੋ ਗਿਆ। ਪੰਜਾਬ ਸਟੇਟ ਸਹਿਕਾਰੀ ਬੈਂਕ ਦੇ ਅਧਿਕਾਰੀਆਂ ਮੁਤਾਬਿਕ ਹਾਲੀਆ ਹਦਾਇਤਾਂ ਦੇ ਆਧਾਰ 'ਤੇ ਕੇਵਲ 3.18 ਲੱਖ ਕਿਸਾਨ ਹੀ ਕਰਜ਼ਾ ਮੁਆਫ਼ੀ ਦੇ ਘੇਰੇ ਵਿਚ ਆ ਸਕਣਗੇ। ਕਰਜ਼ੇ ਕਾਰਨ ਕਿਸਾਨਾਂ, ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਲਗਾਤਾਰ ਜਾਰੀ ਹਨ; ਲੇਕਿਨ ਸਰਕਾਰ ਦਹਿ ਲੱਖਾਂ ਰੁਪਏ ਕਰਜ਼ਾ ਮੁਆਫ਼ੀ ਦੇ ਜਸ਼ਨ ਸਮਾਗਮ ਉਪਰ ਰੋੜ੍ਹ ਰਹੀ ਹੈ। 7 ਜਨਵਰੀ ਨੂੰ ਮਾਨਸਾ ਵਿਚ ਮਾਲਵਾ ਦੇ ਪੰਜ ਜ਼ਿਲ੍ਹਿਆਂ ਵਿਚੋਂ ਚੁਣੇ 10 ਕਿਸਾਨਾਂ ਨੂੰ ਕਰਜ਼ਾ ਮੁਆਫ਼ੀ ਦੇ ਸਰਟੀਫਿਕੇਟ ਜਾਰੀ ਕਰ ਕੇ 46000 ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦੀ ਪਹਿਲੀ ਕਿਸ਼ਤ 167.39 ਕਰੋੜ ਰੁਪਏ ਜਾਰੀ ਕਰਨ ਦਾ ਐਲਾਨ ਕੀਤਾ ਗਿਆ। ਇਸੇ ਤਰ੍ਹਾਂ ਹੁਣ 14 ਮਾਰਚ ਨੂੰ ਨਕੋਦਰ ਵਿਖੇ ਪੰਜ ਹੋਰ ਜ਼ਿਲ੍ਹਿਆਂ ਦੇ 30365 ਕਿਸਾਨਾਂ ਦਾ 162 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਨ ਦਾ ਐਲਾਨ ਕੀਤਾ ਗਿਆ ਹੈ। 2018-19 ਵਿਚ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਲਈ ਮਹਿਜ਼ 4250 ਕਰੋੜ ਰੁਪਏ ਰੱਖੇ ਗਏ ਹਨ। ਸਰਕਾਰ ਕੋਲੋਂ ਸਭ ਤੋਂ ਨਿਤਾਣੇ ਹਿੱਸੇ ਦਲਿਤ ਮਜ਼ਦੂਰਾਂ ਦੇ ਕਰਜ਼ੇ ਮੁਆਫ਼ ਕਰਨ ਦਾ ਰਸਮੀ ਬਿਆਨ ਦਿਵਾਉਣ ਲਈ ਵੀ ਮਜ਼ਦੂਰ ਜਥੇਬੰਦੀਆਂ ਨੂੰ ਸਾਰਾ ਸਾਲ ਲਗਾਤਾਰ ਧਰਨੇ ਮੁਜ਼ਾਹਰੇ ਕਰਨੇ ਪਏ, ਹਕੀਕਤ ਵਿਚ ਕਰਜ਼ਾ ਮੁਆਫ਼ੀ ਤਾਂ ਬਹੁਤ ਦੂਰ ਦੀ ਗੱਲ ਹੈ।

'ਘਰ ਘਰ ਰੁਜ਼ਗਾਰ' ਯੋਜਨਾ ਲਈ ਮਹਿਜ਼ 20 ਕਰੋੜ ਰੁਪਏ ਫੰਡ ਦੀ ਵਿਵਸਥਾ ਕੀਤੀ ਗਈ ਹੈ। ਬੁਨਿਆਦੀ ਸਿੱਖਿਆ ਢਾਂਚੇ ਨੂੰ ਮਜ਼ਬੂਤ ਕਰਨ ਦੀ ਬਜਾਏ ਹਰ ਬਲਾਕ ਵਿਚ ਇਕ 'ਸਮਾਰਟ ਸਕੂਲ' ਲਈ 50 ਕਰੋੜ ਰੁਪਏ ਰੱਖੇ ਗਏ ਹਨ। ਇਹੀ ਹਾਲ ਸਿਹਤ ਸੇਵਾਵਾਂ ਦਾ ਹੈ। ਦਿਹਾਤੀ ਵਿਕਾਸ ਤੇ ਪੰਚਾਇਤਾਂ ਲਈ ਮਾਲੀ ਮਦ 88 ਫੀਸਦੀ ਵਧਾਉਣ ਤੋਂ ਬਿਨਾਂ ਬਜਟ ਵਿਚ ਜ਼ਿਆਦਾਤਰ ਅੰਕੜਿਆਂ ਅਤੇ ਲਫ਼ਜ਼ਾਂ ਦੀ ਦੁਹਰਾਈ ਹੈ। ਉਚੇਰੀ ਸਿੱਖਿਆ ਦੀਆਂ ਮੁੱਖ ਯੂਨੀਵਰਸਿਟੀਆਂ ਪੰਜਾਬ ਅਤੇ ਪੰਜਾਬੀ ਦੋਨਾਂ ਯੂਨੀਵਰਸਿਟੀਆਂ ਦੇ ਭਵਿਖ ਉਪਰ ਡੂੰਘੇ ਮਾਲੀ ਸੰਕਟ ਕਾਰਨ ਸਵਾਲੀਆ ਚਿੰਨ੍ਹ ਲੱਗ ਚੁੱਕਾ ਹੈ ਅਤੇ ਇਥੇ ਵਾਰ ਵਾਰ ਵਿਦਿਆਰਥੀ ਅੰਦੋਲਨ ਉਠ ਰਹੇ ਹਨ। 229 ਕਰੋੜ ਰੁਪਏ ਘਾਟੇ ਵਿਚ ਚੱਲ ਰਹੀ ਪੰਜਾਬੀ ਯੂਨੀਵਰਸਿਟੀ ਦੀ 300 ਕਰੋੜ ਰੁਪਏ ਦੀ ਯਕਮੁਸ਼ਤ ਗਰਾਂਟ ਦੀ ਮੰਗ ਦੇ ਬਾਵਜੂਦ ਬਜਟ ਵਿਚ 50 ਕਰੋੜ ਰੁਪਏ ਦਾ ਐਲਾਨ ਬੇਮਾਇਨਾ ਹੈ। ਘਾਟੇ ਦਾ ਜੁਗਾੜ ਕਰਨ ਲਈ ਯੂਨੀਵਰਸਿਟੀ ਪ੍ਰਸ਼ਾਸਨ ਫ਼ੀਸਾਂ ਵਧਾਏਗਾ ਅਤੇ ਬੁਨਿਆਦੀ ਸਹੂਲਤਾਂ ਦੀ ਹਾਲਤ ਹੋਰ ਭੈੜੀ ਬਣਦੀ ਜਾਵੇਗੀ। ਇਸ ਨੀਤੀ ਦਾ ਭਾਵ ਹੈ, ਕਮਜ਼ੋਰ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਤੋਂ ਬਾਹਰ ਕਰਨਾ ਅਤੇ ਅਧਿਐਨ ਤੇ ਗਿਆਨ ਦੀ ਕੁਆਲਿਟੀ ਨੂੰ ਖੋਰਾ ਲਾਉਣਾ ਕਿਉਂਕਿ ਸਰਕਾਰ ਯੂਨੀਵਰਸਿਟੀ ਦੇ ਖ਼ਰਚੇ ਘਟਾਉਣ ਦੇ ਨਾਂ 'ਤੇ ਸੈਮੀਨਾਰਾਂ/ਕਾਨਫਰੰਸਾਂ ਦੇ ਖ਼ਰਚ ਨੂੰ ਫ਼ਜ਼ੂਲ ਖ਼ਰਚੀ ਵਿਚ ਸ਼ੁਮਾਰ ਕਰ ਰਹੀ ਹੈ।

ਇਸ ਤੋਂ ਅੱਗੇ ਸੱਤਾਧਾਰੀ ਧਿਰ ਵਲੋਂ ਆਪਣੇ ਹਿਤ ਲਈ ਖ਼ਜ਼ਾਨਾ ਵਰਤਣ ਦਾ ਸਵਾਲ ਹੈ। ਇਹ ਮਾਮੂਲੀ ਰਾਜਕੋਸ਼ੀ ਵਸੀਲੇ ਸੱਤਾਧਾਰੀ ਧਿਰ ਦੀ ਲਾਲਸਾ ਨੂੰ ਤ੍ਰਿਪਤ ਕਰਨ ਲਈ ਕਾਫ਼ੀ ਨਹੀਂ, ਲਿਹਾਜ਼ਾ ਗੁੰਡਾ ਟੈਕਸ ਅਤੇ ਨਾਜਾਇਜ਼ ਖਣਨ ਰਾਹੀਂ ਧਾੜਵੀ ਲੁੱਟਮਾਰ ਘਟਣ ਦੀ ਬਜਾਏ ਵਧੇਗੀ। ਮਾਲੀਆ ਵਧਾਉਣ ਲਈ ਸਰਕਾਰ ਨੇ ਪੱਕਾ ਟੈਕਸ ਦੇਣ ਵਾਲਿਆਂ ਦੀਆਂ ਜੇਬਾਂ ਨੂੰ ਹੱਥ ਪਾਇਆ ਹੈ। ਜਿਸ ਸੱਤਾਧਾਰੀ ਕੋੜਮੇ ਨੇ ਦਸ ਸਾਲ ਪੰਜਾਬ ਨੂੰ ਬੇਰਹਿਮੀ ਨਾਲ ਲੁੱਟਿਆ, ਉਨ੍ਹਾਂ ਦੀਆਂ ਨਾਜਾਇਜ਼ ਜਾਇਦਾਦਾਂ/ਕਾਰੋਬਾਰਾਂ ਦੀ ਪੜਤਾਲ ਕਰਵਾ ਕੇ ਬੇਹਿਸਾਬੀ ਕਮਾਈ ਜ਼ਬਤ ਕਰਨ ਦੀ ਬਜਾਏ ਕੈਪਟਨ ਸਰਕਾਰ ਨੇ ਹਾਲੀਆ ਬਜਟ ਵਿਚ ਮਾਲੀ ਵਸੀਲੇ ਪੈਦਾ ਕਰਨ ਦੇ ਨਾਂ ਹੇਠ 'ਵਿਕਾਸ ਟੈਕਸ' ਥੋਪ ਦਿੱਤਾ ਹੈ। ਇਹ ਆਮਦਨ ਕਰ ਦੇ ਘੇਰੇ ਵਿਚ ਆਉਂਦੇ ਤਮਾਮ ਪੇਸ਼ੇਵਰਾਂ, ਵਪਾਰੀਆਂ ਤੇ ਮੁਲਾਜ਼ਮਾਂ ਉਪਰ ਇਕ ਹੋਰ ਟੈਕਸ ਹੈ; ਭਾਵ ਢਾਈ ਲੱਖ ਰੁਪਏ ਤੋਂ ਉਪਰ ਸਾਲਾਨਾ ਆਮਦਨ ਵਾਲਾ ਪੰਜਾਬ ਸਰਕਾਰ ਨੂੰ 2400 ਰੁਪਏ ਨਵਾਂ ਟੈਕਸ ਦੇਵੇਗਾ। ਵਿੱਤ ਮੰਤਰੀ ਅਨੁਸਾਰ ਆਲਮੀ ਬੈਂਕ ਅਤੇ ਏਸ਼ੀਅਨ ਵਿਕਾਸ ਬੈਂਕ ਤੋਂ 8 ਫ਼ੀਸਦੀ ਸਸਤੇ ਵਿਆਜ ਦਾ ਕਰਜ਼ਾ ਲੈਣ ਲਈ ਇਹ ਟੈਕਸ ਲਾਇਆ ਗਿਆ ਹੈ। ਸਮਾਜੀ ਸੁਰੱਖਿਆ ਪੈਨਸ਼ਨਾਂ ਲਈ 1235 ਕਰੋੜ ਫੰਡ ਦਰਕਾਰ ਹੈ ਜਿਸ ਨੂੰ ਜੁਟਾਉਣ ਲਈ ਸਰਕਾਰੀ ਫਾਰਮਾਂ/ਸੇਵਾਵਾਂ ਉਪਰ ਇਕ ਹੋਰ ਲੈਵੀ ਲਾਈ ਜਾਣੀ ਹੈ।

ਰੇਤ ਬਜਰੀ ਉਪਰ ਸਿਆਸੀ ਧੜਵੈਲਾਂ ਦੀ ਮਾਫ਼ੀਆ ਅਜਾਰੇਦਾਰੀ ਖ਼ਤਮ ਕਰਨ ਦੇ ਵਾਅਦੇ ਦੀ ਹਕੀਕਤ ਇਹ ਹੈ ਕਿ ਮੁੱਖ ਮੰਤਰੀ ਨੇ ਆਪਣੇ ਖ਼ਾਸ ਚਹੇਤੇ ਕੈਬਨਿਟ ਮੰਤਰੀ ਰਾਣਾ ਗੁਰਜੀਤ ਦਾ ਅਸਤੀਫ਼ਾ ਵੀ ਬਹੁਤ ਜ਼ਿਆਦਾ ਬਦਨਾਮੀ ਹੋਣ ਤੋਂ ਬਾਅਦ ਲਿਆ ਜਿਸ ਦਾ ਰੇਤ ਘੁਟਾਲਾ ਦੰਦ ਕਥਾ ਬਣ ਚੁੱਕਾ ਹੈ। ਬਠਿੰਡਾ ਵਿਚ ਗੁੰਡਾ ਟੈਕਸ ਦਾ ਖ਼ੁਲਾਸਾ ਕੈਪਟਨ ਸਰਕਾਰ ਹੇਠ ਲੁੱਟਮਾਰ ਦੀ ਜ਼ਮੀਨੀ ਹਕੀਕਤ ਦਾ ਆਹਲਾ ਨਮੂਨਾ ਹੈ। ਮਹਿਜ਼ ਖਣਨ ਦੇ ਅਜਾਰੇਦਾਰਾਂ ਦੇ ਚਿਹਰੇ ਹੀ ਬਦਲੇ ਹਨ, ਮਾਰਧਾੜ ਵਿਚ ਕੋਈ ਖ਼ਾਸ ਫ਼ਰਕ ਨਹੀਂ ਪਿਆ। ਇਹੀ ਹਾਲ ਟਰਾਂਸਪੋਰਟ ਉਪਰੋਂ ਬਾਦਲਕਿਆਂ ਦੀ ਅਜਾਰੇਦਾਰੀ ਤੋੜਨ ਅਤੇ ਲਾਲ ਬੱਤੀ ਸਭਿਆਚਾਰ ਖ਼ਤਮ ਕਰਨ ਦੇ ਦਾਅਵਿਆਂ ਦਾ ਹੈ। ਰਾਜ ਪ੍ਰਸ਼ਾਸਨ ਵਿਚ ਫੇਰਬਦਲ ਐਨਾ ਕੁ ਹੋਇਆ ਹੈ ਕਿ ਬਾਦਲਕਿਆਂ ਦੇ 'ਹਲਕਾ ਇੰਚਾਰਜਾਂ' ਦੀ ਥਾਂ ਕਾਂਗਰਸ ਦੇ 'ਅਣਐਲਾਨੇ ਹਲਕਾ ਇੰਚਾਰਜਾਂ' ਲੈ ਲਈ ਹੈ।

ਇਹ ਹੈ ਜੋ 'ਚਾਹੁੰਦਾ ਹੈ ਪੰਜਾਬ, ਕੈਪਟਨ ਦੀ ਸਰਕਾਰ' ਦੇ ਨਾਅਰੇ ਵਾਲੀ ਸਰਕਾਰ ਨੇ ਪੰਜਾਬ ਨੂੰ ਦਿੱਤਾ ਹੈ।

# ਕਿਥੇ ਗਈ ਊਰਜਾਵਾਨ ਕਪਤਾਨੀ

ਪੰਜਾਬ ਦੇ ਮੁੱਖ ਮੰਤਰੀ ਯੂਨੀਵਰਸਿਟੀ ਪਲੇਸਮੈਂਟ ਦੀ ਰਸਮੀ ਕਾਰਵਾਈ ਦੌਰਾਨ ਬੇਰੁਜ਼ਗਾਰ ਨੌਜੁਆਨਾਂ ਨੂੰ ਨਿਯੁਕਤੀ ਪੱਤਰ ਵੰਡ ਕੇ ਚੋਣ ਵਾਅਦਾ ਪੂਰਾ ਕਰਨ ਦਾ ਭਰਮ ਤਾਂ ਸਿਰਜ ਸਕਦੇ ਹਨ, ਪਰ ਬੇਰੁਜ਼ਗਾਰੀ ਦੇ ਹਕੀਕੀ ਮੁੱਦੇ ਨਾਲ ਨਜਿੱਠਣ ਲਈ ਇਹ ਕਦਮ ਨਾਕਾਫ਼ੀ ਹਨ। ਨਾਲੇ ਪ੍ਰਾਈਵੇਟ ਯੂਨੀਵਰਸਿਟੀਆਂ ਦੇ ਕੰਮ ਨੂੰ ਆਪਣੇ ਖਾਤੇ ਭੁਗਤਾਉਣਾ ਨੈਤਿਕਤਾ ਪੱਖੋਂ ਵੀ ਗਲਤ ਹੈ। ਮੁੱਖ ਮੰਤਰੀ ਨੂੰ ਇਹ ਅਪਰਾਧ ਬੋਧ ਹੈ ਹੀ ਨਹੀਂ ਕਿ ਉਹ ਕਰਦਾਤਾਵਾਂ ਦਾ ਪੈਸਾ ਉਜਾੜ ਕੇ ਲੋਕਾਂ ਨੂੰ ਇਹ ਜਚਾਉਣ ਦੀ ਕੋਸ਼ਿਸ਼ ਵਿਚ ਹਨ

**ਨਿਰਮਲ ਸੰਧੂ**

ਕਿ ਉਹ ਕੋਈ ਮਾਅਰਕੇ ਵਾਲਾ ਕੰਮ ਕਰ ਰਹੇ ਹਨ। ਸਰਕਾਰੀ ਪੈਸਾ ਰੋੜ੍ਹ ਕੇ ਆਪਣਾ ਨਿੱਜੀ ਅਕਸ ਉਭਾਰਨ ਅਤੇ ਗਲਤ ਢੰਗ ਨਾਲ ਇਸ ਦਾ ਲਾਹਾ ਲੈਣ ਦੇ ਗੁਣ, ਕੈਪਟਨ ਅਮਰਿੰਦਰ ਸਿੰਘ ਨੇ ਖ਼ੁਸ਼ੀ ਖ਼ੁਸ਼ੀ ਬਾਦਲਾਂ ਤੋਂ ਲੈ ਲਏ ਹਨ। ਉਨ੍ਹਾਂ ਦੇ ਵਜ਼ਾਰਤੀ ਸਾਥੀਆਂ ਜਾਂ ਸਲਾਹਕਾਰਾਂ ਵਿਚੋਂ ਕਿਸੇ ਇੱਕ ਦੀ ਵੀ ਜੁਰੱਅਤ ਨਹੀਂ ਪਈ ਕਿ ਉਹ ਮੁੱਖ ਮੰਤਰੀ ਨੂੰ ਇਹ ਦੱਸ ਸਕੇ ਕਿ ਜਦੋਂ ਤਕ ਜ਼ਮੀਨੀ ਪੱਧਰ 'ਤੇ ਕੋਈ ਤਬਦੀਲੀ ਨਹੀਂ ਵਾਪਰਦੀ, ਅਜਿਹੀਆਂ ਕਾਰਵਾਈਆਂ ਉਨ੍ਹਾਂ ਦੇ ਨਿੱਜੀ ਅਕਸ, ਉਨ੍ਹਾਂ ਦੀ ਸਰਕਾਰ ਜਾਂ ਪਾਰਟੀ ਦਾ ਕੁਝ ਨਹੀਂ ਸੰਵਾਰ ਸਕਣਗੀਆਂ।

ਜਦੋਂ ਆਪਣੀਆਂ ਪ੍ਰਾਪਤੀਆਂ ਗਿਣਾਉਣ ਲਈ ਪੱਲੇ ਕੁਝ ਵੀ ਨਾ ਹੋਵੇ ਤਾਂ ਲੋਕਾਂ ਨੂੰ ਵਰਗਲਾਉਣ ਲਈ ਗੱਪਾਂ ਦੀ ਓਟ ਹੀ ਲਈ ਜਾਂਦੀ ਹੈ। ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 2013 ਅਤੇ 2015 ਵਿਚ ਦੋ ਨਿਵੇਸ਼ਕ ਮਹਾਂਸੰਮੇਲਨ ਕਰਵਾਏ ਸਨ ਅਤੇ ਮੀਡੀਆ ਨੇ ਸਨਅਤਕਾਰਾਂ ਦੀਆਂ ਪੰਜਾਬ ਵਿਚ ਕ੍ਰਮਵਾਰ 63,000 ਕਰੋੜ ਤੇ 1.13 ਲੱਖ ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਕਰਨ ਦੀਆਂ ਖ਼ਬਰਾਂ ਖ਼ੂਬ ਨਸ਼ਰ ਕੀਤੀਆਂ ਸਨ। ਇਹ ਸਾਰਾ ਪੂੰਜੀ ਨਿਵੇਸ਼ ਕਿਥੇ ਰਹਿ ਗਿਆ? ਜੇ ਕੈਪਟਨ ਨੇ ਸੁਖਬੀਰ ਬਾਦਲ ਨੂੰ ਹੀ ਆਪਣਾ ਰੋਲ ਮਾਡਲ ਮੰਨ ਲਿਆ ਹੈ ਤਾਂ ਜੀਅ ਸਦਕੇ ਉਹ ਅਜਿਹਾ ਕਰਨ, ਪਰ ਉਨ੍ਹਾਂ ਦੇ ਵੋਟਰ ਇਹ ਪਸੰਦ ਨਹੀਂ ਕਰਨਗੇ ਕਿ ਉਹ ਬਾਦਲਾਂ ਦੇ ਉਹੀ ਦਾਅਪੇਚ ਜਾਂ ਅਸਫਲ ਨੀਤੀਆਂ ਅਪਨਾਉਣ ਜਿਨ੍ਹਾਂ ਕਰਕੇ ਖ਼ੁਦ ਬਾਦਲ ਵਿਧਾਨ ਸਭਾ ਚੋਣਾਂ ਵਿਚ ਫਾਡੀ ਰਹਿ ਗਏ ਸਨ।

ਸਰਕਾਰ ਦਾ ਪਹਿਲੇ ਇਕ ਸਾਲ ਦਾ ਇਮਾਨਦਾਰਾਨਾ ਮੁਲੰਕਣ ਕੁਝ ਇਸ ਤਰ੍ਹਾਂ ਹੋਣਾ ਚਾਹੀਦਾ ਹੈ: "ਅਸੀਂ 800 ਦਿਹਾਤੀ ਸਕੂਲ ਤੇ 1647 ਸੇਵਾ ਕੇਂਦਰ ਬੰਦ ਕਰ ਦਿੱਤੇ ਹਨ। ਅਸੀਂ ਮੁੱਠੀ ਭਰ ਕਿਸਾਨਾਂ ਦਾ ਥੋੜ੍ਹਾ ਜਿਹਾ ਕਰਜ਼ਾ ਮੁਆਫ਼ ਕਰਨ ਅਤੇ ਉਨ੍ਹਾਂ ਨੂੰ ਮੁਫ਼ਤ ਬਿਜਲੀ ਜਾਰੀ ਰੱਖਣ ਲਈ ਟੈਕਸ, ਬਿਜਲੀ ਦਰਾਂ ਅਤੇ ਬੱਸਾਂ ਦਾ ਭਾੜਾ ਵਧਾ ਦਿੱਤਾ ਹੈ ਤਾਂ ਕਿ ਇਹ ਕਿਸਾਨ ਸਾਨੂੰ ਮੁੜ ਸੱਤਾ ਵਿਚ ਲਿਆਉਣ। ਅਸੀਂ ਕਿਉਂਕਿ ਡਾਕਟਰ ਮਨਮੋਹਨ ਸਿੰਘ ਵਾਲੀ ਅਰਥ ਵਿਵਸਥਾ ਤੱਜ ਕੇ ਬਾਦਲਾਂ ਵਾਲੀ ਸਿਆਸਤ ਚੁਣ ਲਈ ਹੈ, ਅਸੀਂ ਹੁਣ ਬਿਜਲੀ ਸਬਸਿਡੀ ਅਦਾ ਕਰਨ ਤੋਂ ਅਸਮਰੱਥ ਹਾਂ ਅਤੇ ਪੀ.ਐਸ.ਪੀ.ਸੀ.ਐਲ. ਨੂੰ ਮੁੜ ਕਰਜ਼ਾ ਚੁੱਕਣ ਦੇ ਰਾਹ ਧੱਕ ਦਿੱਤਾ ਹੈ। ਅਸੀਂ ਬੁਢਾਪਾ ਪੈਨਸ਼ਨ ਤੇ ਸ਼ਗਨ ਸਕੀਮ ਦੇ ਪੈਸੇ ਨਹੀਂ ਦੇ ਸਕਦੇ, ਨਾ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫ਼ਾ ਅਤੇ ਨਾ ਹੀ ਸਮਾਰਟ ਸਿਟੀ ਪ੍ਰਾਜੈਕਟਾਂ ਲਈ ਆਪਣਾ ਹਿੱਸਾ ਦੇ ਸਕਦੇ ਹਾਂ। ਅਸੀਂ ਤਨਖ਼ਾਹਾਂ ਦੇਣ ਲਈ ਕਰਜ਼ਾ ਲੈ ਰਹੇ ਹਾਂ।"

ਇਕ ਸਾਲ ਲੰਘਣ ਬਾਅਦ ਕਾਂਗਰਸ ਸਰਕਾਰ ਨੇ ਅਜੇ ਇਹ ਫ਼ੈਸਲਾ ਕਰਨਾ ਹੈ ਕਿ ਆਰਥਿਕ ਵਿਕਾਸ ਪੱਖੋਂ ਮੁਲਕ ਭਰ ਵਿਚ ਪੱਛੜ ਰਹੇ ਪੰਜਾਬ ਨੂੰ ਲੀਹ 'ਤੇ ਕਿਵੇਂ ਲਿਆਉਣਾ ਹੈ। ਬਾਦਲਾਂ ਵੇਲੇ ਦੀਆਂ ਸਬਸਿਡੀਆਂ ਦੀ ਸੂਚੀ ਵਿਚ ਕਰਜ਼ਾ ਮੁਆਫ਼ੀ ਅਤੇ ਸਨਅਤ ਨੂੰ ਸਸਤੀ ਬਿਜਲੀ ਜੋੜ ਕੇ ਸਰਕਾਰ ਨੇ ਆਪਣੀਆਂ ਤੇ ਪੰਜਾਬ ਦੀਆਂ ਸਮੱਸਿਆਵਾਂ ਹੋਰ ਉਲਝਾ ਲਈਆਂ ਹਨ। ਬੈਂਕ ਉਧਾਰ ਦੇਣ ਦੇ ਮਾਮਲੇ 'ਤੇ ਲੋੜ ਨਾਲੋਂ ਵੱਧ ਚੌਕੰਨੇ ਹੋ ਗਏ ਹਨ ਅਤੇ ਪੂੰਜੀ ਨਿਵੇਸ਼ ਦੇ ਪਸਾਰੇ ਲਈ ਸੂਬੇ ਵਿਚ ਬਹੁਤ ਘੱਟ ਖ਼ਰਚ ਹੋ ਰਿਹਾ ਹੈ। ਮੋਹ-ਭੰਗ ਵਾਲਾ ਮਾਹੌਲ ਤਾਰੀ ਹੈ।

ਹੁਣ ਸ਼ਾਇਦ ਹਕੀਕਤ ਨਾਲ ਮੱਥਾ ਲਾਉਣ ਤੇ ਸਿੱਧੀ ਗੱਲ ਕਰਨ ਅਤੇ ਲੋੜੀਂਦੇ ਬਜਟ ਨਾਲ ਭਰੋਸੇਯੋਗ ਵਿਕਾਸ ਯੋਜਨਾ ਉਤੇ ਕੰਮ ਕਰਨ ਦਾ ਵੇਲਾ ਹੈ। ਸੀਮਿਤ ਵਸੀਲਿਆਂ ਨਾਲ ਜਿੰਨਾ ਕੁਝ ਹੋ ਸਕਦਾ ਹੈ, ਲੋਕ ਉਸ ਖ਼ਾਤਿਰ ਸਰਕਾਰ ਵੱਲੋਂ ਕੀਤੀਆਂ ਇਮਾਨਦਾਰਾਨਾ ਕੋਸ਼ਿਸ਼ਾਂ ਨੂੰ ਵਡਿਆ ਸਕਦੇ ਹਨ। ਨੌਕਰੀਆਂ ਅਤੇ ਕਰਜ਼ੇ ਲਈ ਫਾਰਮ ਭਰਨ ਦੀਆਂ ਝੂਠੀਆਂ ਤਸੱਲੀਆਂ ਨਾਲ ਲੋਕ ਸਗੋਂ ਭੜਕਣਗੇ ਹਾਲਾਂਕਿ ਇਨ੍ਹਾਂ ਨੂੰ ਸੰਜੀਦਾ ਪਹਿਲਕਦਮੀਆਂ ਨਾਲ ਨਜਿੱਠਿਆ ਜਾ ਸਕਦਾ ਹੈ।

ਪੰਜਾਬ ਦੀ ਨੌਜੁਆਨੀ ਨੂੰ ਪਹਿਲਾਂ ਅਤਿਵਾਦ ਅਤੇ ਫਿਰ ਨਸ਼ਿਆਂ ਨੇ ਖਾ ਲਿਆ, ਇਸ ਲਈ ਹੁਣ ਇਸ ਪਾਸੇ ਖ਼ਾਸ ਤਵੱਜੋ ਦੀ ਲੋੜ ਹੈ। ਜੇ ਬੇਰੁਜ਼ਗਾਰੀ ਦੇ ਸਿਖ਼ਰ ਦਾ ਸਬੂਤ ਦੇਖਣਾ ਹੈ ਤਾਂ ਬਠਿੰਡਾ ਦੀ ਮਿਸਾਲ ਸਾਹਮਣੇ ਹੈ। ਉਥੇ ਦਰਜਾ ਚਾਰ ਮੁਲਾਜ਼ਮ ਦੀਆਂ 9 ਅਸਾਮੀਆਂ ਲਈ 6 ਹਜ਼ਾਰ ਨੌਜੁਆਨਾਂ ਨੇ ਅਰਜ਼ੀਆਂ ਦਿੱਤੀਆਂ ਹਨ ਜਿਨ੍ਹਾਂ ਵਿਚ ਪੋਸਟ ਗਰੈਜੂਏਟ ਤੇ ਇੰਜਨੀਅਰ ਵੀ ਸ਼ਾਮਿਲ ਹਨ। ਉਸ ਸੂਬੇ ਵਿਚ ਬੇਰੁਜ਼ਗਾਰੀ ਨਾਲ ਨਜਿੱਠਣਾ ਬਿਨਾਂ ਸ਼ੱਕ, ਖਾਲਾ ਜੀ ਦਾ ਵਾੜਾ ਨਹੀਂ, ਜਿਥੇ ਤਕਰੀਬਨ ਹਰ ਸੰਸਥਾ ਦਾ ਭੱਠਾ ਬੈਠ ਗਿਆ ਹੋਇਆ ਹੈ ਅਤੇ ਹਰ ਆਰਥਿਕ ਖੇਤਰ ਚੌਫਾਲ ਡਿੱਗਿਆ ਪਿਆ ਹੈ।

ਖੇਡਾਂ ਦੇ ਖੇਤਰ ਵਿਚ ਪੰਜਾਬੀਆਂ ਦੀ ਕਮਾਲ ਕਰਨ ਦੀ ਖ਼ੂਬੀ ਦੇ ਮੱਦੇਨਜ਼ਰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਇਕ ਚੰਗੀ ਕ੍ਰਿਕਟਰ ਜਾਂ ਭਲਵਾਨ ਨੂੰ ਡੀ.ਐਸ.ਪੀ. ਬਣਾਉਣਾ ਚੰਗਾ ਸੁਨੇਹਾ ਤਾਂ ਹੈ, ਪਰ ਪੁਲੀਸ ਦੀ ਨੌਕਰੀ ਹਰਮਨਪ੍ਰੀਤ ਕੌਰ ਅਤੇ ਨਵਜੋਤ ਕੌਰ ਦੀ ਯੋਗਤਾ ਨੂੰ ਖ਼ਤਮ ਕਰ ਦੇਵੇਗੀ। ਕੌਮੀ ਅਤੇ ਕੌਮਾਂਤਰੀ ਖਿਡਾਰੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਹਿਸਾਬ ਨਾਲ ਤਨਖ਼ਾਹ ਅਤੇ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ, ਪਰ ਉਨ੍ਹਾਂ ਦੀਆਂ ਸੇਵਾਵਾਂ ਨਵੀਂ ਪਨੀਰੀ ਨੂੰ ਸਾਂਭਣ ਅਤੇ ਹੁਲਾਰਾ ਦੇਣ ਲਈ ਵਰਤਣੀਆਂ ਚਾਹੀਦੀਆਂ ਹਨ। ਕਿਊਬਾ ਆਪਣੇ ਖਿਡਾਰੀਆਂ ਨੂੰ ਕਾਰਗੁਜ਼ਾਰੀ ਦੇ ਆਧਾਰ 'ਤੇ ਸੇਵਾ ਮੁਕਤੀ ਦੀ ਉਮਰ ਤਕ ਲਗਾਤਾਰ ਤਨਖ਼ਾਹ ਅਤੇ ਫਿਰ ਉਮਰ ਭਰ ਲਈ ਪੈਨਸ਼ਨ ਦਿੰਦਾ ਹੈ, ਪਰ ਉਨ੍ਹਾਂ ਦੀਆਂ ਸੇਵਾਵਾਂ ਸਿਰਫ਼ ਨਵੀਂ ਪਨੀਰੀ ਦੀ ਕੋਚਿੰਗ ਲਈ ਹੀ ਲਈਆਂ ਜਾਂਦੀਆਂ ਹਨ। ਵੱਖ ਵੱਖ ਗੁਰਦੁਆਰੇ, ਵੱਖਰੇ ਸ਼ਮਸ਼ਾਨਘਾਟ ਅਤੇ ਐਂਟਰੀ ਗੇਟ ਬਣਾਉਣ ਦੀ ਥਾਂ ਸਟੇਡੀਅਮ ਬਣਾਉਣ ਲਈ ਭਾਈਚਾਰੇ ਅਤੇ ਪਰਵਾਸੀ ਭਾਰਤੀਆਂ ਨੂੰ ਪ੍ਰੇਰਿਆ ਜਾ ਸਕਦਾ ਹੈ। ਧਰਮ ਵੱਲੋਂ ਪਾਇਆ ਸਮਾਜਿਕ ਪਾੜਾ ਖੇਡਾਂ ਦੇ ਪੁਲ ਉਸਾਰ ਕੇ ਦੂਰ ਕੀਤਾ ਜਾ ਸਕਦਾ ਹੈ।

ਕਾਲਜ ਸਿੱਖਿਆ ਉਤੇ ਅਸੀਂ ਲੋੜ ਤੋਂ ਵੱਧ ਅਤੇ ਤਕਨੀਕੀ ਸਿਖਲਾਈ ਉਤੇ ਲੋੜ ਤੋਂ ਬਹੁਤ ਘੱਟ ਖ਼ਰਚ ਕਰ ਰਹੇ ਹਾਂ। ਨਤੀਜੇ ਵਜੋਂ ਗਰੈਜੂਏਟ, ਪੋਸਟ ਗਰੈਜੂਏਟ ਤੇ ਪੀ.ਐਚ.ਡੀ. ਆਮ ਗਿਣਤੀ ਨਾਲੋਂ ਵੱਧ ਪੈਦਾ ਹੋ ਰਹੇ ਹਨ ਅਤੇ ਅਕਾਦਮਿਕ ਤੌਰ 'ਤੇ ਔਸਤਨ ਵਿਦਿਆਰਥੀਆਂ ਅਤੇ ਪੜ੍ਹਾਈ ਛੱਡਣ ਵਾਲਿਆਂ ਨੂੰ ਉਨ੍ਹਾਂ ਦੀ ਕਿਸਮਤ ਉਤੇ ਛੱਡ ਦਿੱਤਾ ਗਿਆ ਹੈ।

ਸਰਕਾਰ ਨੂੰ ਹੁਣ ਬੇਆਸ ਤੇ ਮਰ ਰਹੀਆਂ ਸਨਅਤਾਂ ਨੂੰ ਉਤਸ਼ਾਹਿਤ ਕਰਨ ਵਾਲਿਆਂ ਨੂੰ ਡੱਕਣਾ ਪਵੇਗਾ ਅਤੇ ਸਮਰੱਥ ਕਾਰੋਬਾਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸੀਮਿਤ ਵਸੀਲੇ ਮੁਹੱਈਆ ਕਰਵਾਉਣੇ ਪੈਣਗੇ। ਵਧ-ਫੁੱਲ ਰਹੇ ਕਾਰੋਬਾਰ ਜਿਹੜੇ ਕਾਨੂੰਨ ਦੀ ਪਾਲਣਾ ਤੇ ਕਰ ਅਦਾ ਕਰਦੇ ਹਨ ਅਤੇ ਵਾਤਾਵਰਣ ਦਾ ਧਿਆਨ ਰੱਖਦੇ ਹਨ, ਉਨ੍ਹਾਂ ਨੂੰ ਹੁਲਾਰਾ ਦੇਣ ਦੀ ਜ਼ਰੂਰਤ ਹੈ। ਇਕੱਲੀਆਂ ਸਬਸਿਡੀਆਂ ਨਾਲ ਪ੍ਰਾਈਵੇਟ ਪੂੰਜੀ ਨਿਵੇਸ਼ ਨਹੀਂ ਹੋਣਾ। ਸਨਅਤਕਾਰਾਂ ਨੂੰ ਵੀ ਸਮਰੱਥ, ਤਕਨੀਕੀ ਤੌਰ 'ਤੇ ਤੇਜ਼ ਤਰਾਰ, ਭ੍ਰਿਸ਼ਟਾਚਾਰ ਮੁਕਤ ਅਤੇ ਦਖ਼ਲ ਨਾ ਦੇਣ ਵਾਲੇ ਰਾਜ ਪ੍ਰਬੰਧ ਦੇ ਨਾਲ ਨਾਲ ਰਹਿਣਯੋਗ ਸ਼ਹਿਰਾਂ ਦੀ ਝਾਕ ਹੁੰਦੀ ਹੈ। ਦਰਅਸਲ, ਢਿਚਕੂੰ ਢਿਚਕੂੰ ਕਰਦੇ ਬੁਨਿਆਦੀ ਢਾਂਚੇ ਤੇ ਘੜਮੱਸ ਵਾਲੇ ਸ਼ਹਿਰਾਂ ਤੋਂ ਪੂੰਜੀ ਨਿਵੇਸ਼ ਅਤੇ ਨੌਕਰੀਆਂ ਦੂਰ ਹੀ ਭੱਜਦੇ ਹਨ। ਪੰਜਾਬ ਵਿਚ ਅਜਿਹਾ ਕਈ ਸਾਲਾਂ ਤੋਂ ਵਾਪਰ ਰਿਹਾ ਹੈ। ਧੀਮੀ ਚਾਲੇ ਤੁਰ ਜਾਂ ਸੁੰਗੜ ਰਹੇ ਵਿਕਾਸ ਤੋਂ ਇਲਾਵਾ ਖੇਤੀਬਾੜੀ ਵਿਚ ਰੁਜ਼ਗਾਰ ਦਾ ਬੇਹੱਦ ਮੰਦੜਾ ਹਾਲ ਹੈ। ਦੂਜੇ ਕਾਰੋਬਾਰਾਂ ਵੱਲ ਤਬਦੀਲ ਹੋਣ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਪੰਜਾਬ ਦੇ ਮੌਜੂਦਾ ਮੰਡੀ ਪ੍ਰਬੰਧ ਵਿਚ ਵਿਚੋਲੇ ਅਤੇ ਆੜ੍ਹਤੀਏ ਵਧ-ਫੁੱਲ ਰਹੇ ਹਨ।

ਪੰਜਾਬ ਨੂੰ ਤਬਦੀਲੀ ਲਈ ਤਿਆਰ ਕਰਨ ਦਾ ਤਰਜੀਹੀ ਏਜੰਡਾ ਕਿਸੇ ਕੋਲ ਵੀ ਨਹੀਂ। ਅਸਲ ਵਿਚ ਯਥਾ-ਸਥਿਤੀ ਸਿਆਸੀ ਜਮਾਤ ਨੂੰ ਬਹੁਤ ਸੂਤ ਬੈਠਦੀ ਹੈ। ਪੰਜਾਬ ਵਜ਼ਾਰਤ ਦੀ ਪਹਿਲੀ ਮੀਟਿੰਗ ਦੌਰਾਨ ਉਤਸ਼ਾਹ ਦਿਸਿਆ ਸੀ। ਇਸ ਮੀਟਿੰਗ ਵਿਚ ਤਿੰਨ ਘੰਟਿਆਂ ਦੌਰਾਨ ਤਕਰੀਬਨ 100 ਫ਼ੈਸਲੇ ਕੀਤੇ ਗਏ। ਇਹ ਉਤਸ਼ਾਹ ਹੁਣ ਉਡੰਤ ਹੋ ਗਿਆ ਹੈ। ਖ਼ਾਸ ਤਬਦੀਲੀ ਤੋਂ ਬਗ਼ੈਰ ਪਹਿਲਾਂ ਵਾਂਗ ਪੁਰਾਣੀਆਂ ਨੀਤੀਆਂ ਵਿਚ ਹੀ ਫੇਰਬਦਲ ਹੋ ਰਿਹਾ ਹੈ। ਇਸ ਮਾਮਲੇ ਵਿਚ ਸ਼ਾਇਦ ਉਮਰ ਵਾਲਾ ਪੱਖ ਵੀ ਹੈ। ਠਾਠਾਂ ਮਾਰ ਰਹੀ ਨੌਜੁਆਨੀ ਵਾਲੇ ਸੂਬੇ ਦੀ ਅਗਵਾਈ ਸਾਲ ਪਹਿਲਾਂ 89 ਸਾਲਾਂ ਦੇ ਬਜ਼ੁਰਗ ਦੀ ਥਾਂ 75 ਸਾਲ ਦੇ ਬਿਰਧ ਦੇ ਹੱਥ ਆ ਗਈ। ਨਵੀਂ ਸੋਚ ਜਾਂ ਸਮੱਸਿਆਵਾਂ ਹੱਲ ਕਰਨ ਦੇ ਨਵੇਂ ਤਰੀਕਾਕਾਰ ਲਈ ਉਹੀ ਲੀਡਰਸ਼ਿਪ ਦਰਕਾਰ ਹੈ ਜੋ ਨਵੇਂ ਖ਼ਿਆਲਾਂ ਅਤੇ ਤਬਦੀਲੀ ਦੀ ਤਾਂਘ ਰੱਖਦੀ ਹੋਵੇ। ਗਿਆਨ ਅਤੇ ਤਕਨਾਲੋਜੀ ਨਾਲ ਲਬਾਲਬ ਜਿਸ ਦੁਨੀਆਂ ਵਿਚ ਅੱਜ ਅਸੀਂ ਵਿਚਰ ਰਹੇ ਹਾਂ, ਉਹ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ। ਪਰ ਅਸੀਂ ਆਪਣੀਆਂ ਅੱਜ ਅਤੇ ਆਉਣ ਵਾਲੇ ਕੱਲ੍ਹ ਦੀਆਂ ਸਮੱਸਿਆਵਾਂ ਦੇ ਹੱਲ ਲਈ ਬੀਤ ਚੁੱਕੇ ਕੱਲ੍ਹ ਦੇ ਲੀਡਰਾਂ ਉਤੇ ਨਿਰਭਰ ਕਰ ਰਹੇ ਹਾਂ।

# ਭਗਤ ਸਿੰਘ ਦੀ ਸ਼ਹੀਦੀ: ਸਜ਼ਾ 'ਤੇ ਅਮਲ ਦੀ ਮਿਤੀ 23 ਕਿ 24 ਮਾਰਚ?

ਹਰ ਸਾਲ ਜਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਸੁਖਦੇਵ ਤੇ ਰਾਜਗੁਰੂ ਦਾ ਸ਼ਹੀਦੀ ਦਿਨ 23 ਮਾਰਚ ਆਉਂਦਾ ਹੈ ਤਾਂ ਅਖਬਾਰਾਂ-ਰਸਾਲਿਆਂ ਵਿਚ ਪ੍ਰਕਾਸ਼ਿਤ ਲੇਖਾਂ ਵਿਚ ਅਕਸਰ ਹੀ ਲਿਖਿਆ ਜਾਂਦਾ ਹੈ ਕਿ ਅੰਗਰੇਜ਼ ਸਰਕਾਰ ਨੇ ਜਨਤਕ ਰੋਹ ਤੋਂ ਡਰਦਿਆਂ ਇਨ੍ਹਾਂ ਨੂੰ ਸੁਣਾਈ ਸਜ਼ਾ ਅਮਲ ਵਿਚ ਲਿਆਉਣ ਲਈ ਮਿਥੀ ਤਰੀਕ 24 ਮਾਰਚ ਤੋਂ ਪਹਿਲਾਂ ਹੀ 23 ਮਾਰਚ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਪਰ ਉਨ੍ਹਾਂ ਦਿਨਾਂ ਵਿਚ ਵਾਪਰੀਆਂ ਘਟਨਾਵਾਂ ਵਾਚਣ ਤੋਂ ਪਤਾ ਲੱਗਦਾ ਹੈ ਕਿ ਅਜਿਹਾ ਕੁਝ ਨਹੀਂ ਸੀ ਹੋਇਆ, ਸਰਕਾਰ ਨੇ ਸੋਚੀ ਸਮਝੀ ਯੋਜਨਾ ਅਨੁਸਾਰ 23 ਮਾਰਚ 1931 ਦੀ ਸ਼ਾਮੀਂ 7 ਵਜੇ ਹੀ ਫਾਂਸੀ ਦੀ ਸਜ਼ਾ

ਡਾ. ਗੁਰਦੇਵ ਸਿੰਘ ਸਿੱਧੂ
ਫੋਨ: 91-94170-49417

ਅਮਲ 'ਚ ਲਿਆਉਣ ਦਾ ਫੈਸਲਾ ਕੀਤਾ ਸੀ। ਇਹ ਘਟਨਾਕ੍ਰਮ ਇਉਂ ਵਾਪਰਿਆ:

'ਲਾਹੌਰ ਸਾਜ਼ਿਸ਼ ਮੁਕੱਦਮਾ' ਸੁਣ ਰਹੇ ਵਿਸ਼ੇਸ਼ ਟ੍ਰਿਬਿਊਨਲ ਦੇ 7 ਅਕਤੂਬਰ 1930 ਦੇ ਫੈਸਲੇ ਅਨੁਸਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ 'ਤੇ ਅਮਲ ਲਈ 27 ਅਕਤੂਬਰ 1930 ਦਾ ਦਿਨ ਮਿਥਿਆ ਗਿਆ।

**ਪ੍ਰਿਵੀ ਕੌਂਸਲ ਨੂੰ ਅਪੀਲ:** ਲਾਹੌਰ ਸਾਜ਼ਿਸ਼ ਕੇਸ ਦੀ ਪੈਰਵੀ ਲਈ ਬਣੀ ਡਿਫੈਂਸ ਕਮੇਟੀ ਦੇ ਮੈਂਬਰਾਂ-ਲਾਲਾ ਦੁਨੀ ਚੰਦ, ਡਾ. ਗੋਪੀ ਚੰਦ ਭਾਰਗੋ ਆਦਿ ਦਾ ਯਤਨ ਸੀ ਕਿ ਕਿਸੇ ਤਰ੍ਹਾਂ ਸਰਕਾਰ ਉਤੇ ਦਬਾ ਬਣਾ ਕੇ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਾ ਲਿਆ ਜਾਵੇ ਪਰ ਭਗਤ ਸਿੰਘ ਅਪੀਲ ਪਾਉਣ ਦੇ ਹੱਕ ਵਿਚ ਨਹੀਂ ਸੀ। ਜਦ ਉਸ ਨੂੰ ਦੱਸਿਆ ਗਿਆ ਕਿ ਪ੍ਰਿਵੀ ਕੌਂਸਲ ਵਿਚ ਪੇਸ਼ ਕੀਤੀ ਜਾਣ ਵਾਲੀ ਅਪੀਲ ਸਜ਼ਾ ਵਿਰੁਧ ਨਹੀਂ ਸਗੋਂ ਇਹ ਵਿਸ਼ੇਸ਼ ਟ੍ਰਿਬਿਊਨਲ ਦੇ ਗਠਨ ਦੀ ਸੰਵਿਧਾਨਕਤਾ ਨੂੰ ਵੰਗਾਰਨ ਲਈ ਹੋਵੇਗੀ, ਤੇ ਦੂਜੇ ਇਸ ਤਰ੍ਹਾਂ ਪ੍ਰਚਾਰ ਲਈ ਮੌਕਾ ਵੀ ਮਿਲੇਗਾ; ਤਾਂ ਭਗਤ ਸਿੰਘ ਨੇ ਇਸ ਤਜਵੀਜ਼ ਲਈ ਆਪਣੀ ਸਹਿਮਤੀ ਦੇ ਦਿੱਤੀ। ਕਾਨੂੰਨੀ ਪ੍ਰਕ੍ਰਿਆ ਅਨੁਸਾਰ ਪ੍ਰਿਵੀ ਕੌਂਸਲ ਵਿਚ ਅਪੀਲ ਪਾਏ ਜਾਣ ਦੇ ਫਲਸਰੂਪ ਫਾਂਸੀ ਲਾਏ ਜਾਣ ਦੀ ਤਰੀਕ ਪ੍ਰਿਵੀ ਕੌਂਸਲ ਦਾ ਫੈਸਲਾ ਆਉਣ ਤੱਕ ਅੱਗੇ ਪੈ ਗਈ। ਕੌਂਸਲ ਨੂੰ ਪਾਈ ਗਈ ਅਪੀਲ ਉਤੇ ਵਿਚਾਰ ਕਰਨ ਲਈ ਪੰਜ 'ਲਾਰਡਜ਼' ਦੀ ਕਮੇਟੀ ਬਣਾਈ ਗਈ। ਕਮੇਟੀ ਵੱਲੋਂ ਤਕਰੀਬਨ ਚਾਰ ਮਹੀਨੇ ਪਿੱਛੋਂ 12 ਫਰਵਰੀ 1931 ਨੂੰ ਸੁਣਾਏ ਫੈਸਲੇ ਅਨੁਸਾਰ ਇਹ ਦਰਖਾਸਤ ਰੱਦ ਕਰ ਦਿੱਤੀ ਗਈ।

**ਸਜ਼ਾ ਉਤੇ ਅਮਲ ਅੱਗੇ ਪਾਉਣ ਲਈ ਵਕੀਲਾਂ ਵੱਲੋਂ ਕਾਨੂੰਨੀ ਚਾਰਾਜੋਈ:** 16 ਫਰਵਰੀ 1931 ਨੂੰ ਦੋ ਵਕੀਲਾਂ-ਜੀਵਨ ਲਾਲ ਬਲਜੀਤ ਤੇ ਸ਼ਾਮ ਲਾਲ ਨੇ ਭਗਤ ਸਿੰਘ ਦੀ ਨਜ਼ਰਬੰਦੀ ਅਤੇ ਫਾਂਸੀ ਨੂੰ ਵਿਧਾਨਕ ਤੌਰ 'ਤੇ ਵੰਗਾਰਿਆ ਕਿਉਂ ਜੋ ਫਾਂਸੀ ਦੇਣ ਦੀ ਮਿਥੀ ਪਹਿਲੀ ਤਾਰੀਖ ਬੀਤ ਚੁੱਕੀ ਸੀ ਤੇ ਟ੍ਰਿਬਿਊਨਲ ਖਤਮ ਹੋ ਚੁੱਕਾ ਸੀ। ਹਾਈ ਕੋਰਟ ਨੇ ਇਹ ਰਿਟ ਪਟੀਸ਼ਨ ਉਸੇ ਦਿਨ ਰੱਦ ਕਰ ਦਿੱਤੀ ਤਾਂ ਵਕੀਲਾਂ ਨੇ ਇਕ ਹੋਰ ਕਾਨੂੰਨੀ ਨੁਕਤਾ ਫੜਿਆ।

23 ਦਸੰਬਰ 1929 ਨੂੰ ਦਿੱਲੀ ਵਿਚ ਵਾਇਸਰਾਇ ਦੀ ਰੇਲਗੱਡੀ ਨੂੰ ਬੰਬ ਨਾਲ ਉਡਾਉਣ ਦੀ ਅਸਫਲ ਕੋਸ਼ਿਸ਼ ਹੋਈ ਅਤੇ ਇਨ੍ਹੀਂ ਦਿਨੀਂ 'ਤਾਜ ਬਨਾਮ ਕੁੰਦਨ ਲਾਲ ਅਤੇ ਹੋਰ' ਉਨਵਾਨ ਅਧੀਨ ਇਸ ਮੁਕੱਦਮੇ ਦੀ ਅਦਾਲਤ ਵਿਚ ਸੁਣਵਾਈ ਚੱਲ ਰਹੀ ਸੀ। ਇਸ ਮੁਕੱਦਮੇ ਦੀ ਸੁਣਵਾਈ ਦੌਰਾਨ ਵਾਰ ਵਾਰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦਾ ਜ਼ਿਕਰ ਆਇਆ। ਇਸ ਲਈ ਬਚਾਉ ਪੱਖ ਵੱਲੋਂ ਪੇਸ਼ ਵਕੀਲਾਂ ਸ਼ਾਮ ਲਾਲ ਅਤੇ ਤਿੰਨ ਹੋਰਾਂ ਨੇ 16 ਫਰਵਰੀ 1931 ਨੂੰ ਅਦਾਲਤ ਵਿਚ ਦਰਖਾਸਤ ਦਿੱਤੀ ਕਿ ਇਸ ਮੁਕੱਦਮੇ ਵਿਚ ਸਚਾਈ ਉਤੇ ਪੁੱਜਣ ਲਈ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸਫਾਈ ਦੇ ਗਵਾਹਾਂ ਵਜੋਂ ਪੇਸ਼ ਕੀਤਾ ਜਾਣਾ ਜ਼ਰੂਰੀ ਹੈ, ਇਸ ਲਈ ਜਿੰਨੀ ਦੇਰ ਉਨ੍ਹਾਂ ਦੀਆਂ ਗਵਾਹੀਆਂ ਨਹੀਂ ਹੋ ਜਾਂਦੀਆਂ, ਉਨ੍ਹਾਂ ਦੀ ਸਜ਼ਾ ਮੁਲਤਵੀ ਰੱਖੀ ਜਾਵੇ।

ਅਦਾਲਤ ਨੇ ਇਸ ਦਰਖਾਸਤ ਦੀ ਸੁਣਵਾਈ ਕਰਦਿਆਂ 17 ਫਰਵਰੀ ਨੂੰ ਫੈਸਲਾ ਸੁਣਾਇਆ, "...ਇਸ ਅਦਾਲਤ ਪਾਸ ਇਨ੍ਹਾਂ ਵਿਅਕਤੀਆਂ ਨੂੰ ਦਿੱਤੀ ਸਜ਼ਾ ਰੋਕਣ ਦਾ ਕੋਈ ਅਧਿਕਾਰ ਨਹੀਂ। ਇਸ ਲਈ ਇਹ ਦਰਖਾਸਤ ਸਥਾਨਕ ਸਰਕਾਰ ਦੇ ਵਿਚਾਰ ਹਿਤ ਉਸ ਨੂੰ ਭੇਜੀ ਜਾਂਦੀ ਹੈ।" ਨਤੀਜਨ ਅਦਾਲਤ ਨੇ ਵਕੀਲਾਂ ਦੀ ਦਰਖਾਸਤ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਪਰ ਸਰਕਾਰ ਨੇ ਕੋਈ ਕਾਰਵਾਈ ਕਰਨ ਦੀ ਲੋੜ ਨਾ ਸਮਝੀ।

ਦੂਜੇ ਪਾਸੇ 16 ਫਰਵਰੀ 1931 ਨੂੰ ਹੀ ਜੀਵਨ ਲਾਲ ਬਲਜੀਤ ਤੇ ਸ਼ਾਮ ਲਾਲ ਨੇ ਪੰਜਾਬ ਹਾਈ ਕੋਰਟ ਵਿਚ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਨਜ਼ਰਬੰਦੀ ਤੇ ਫਾਂਸੀ ਨੂੰ ਜ਼ਾਬਤਾ ਫੌਜਦਾਰੀ ਦੀ ਧਾਰਾ 491 ਅਧੀਨ 'ਨਾਜਾਇਜ਼ ਨਜ਼ਰਬੰਦੀ ਦੀ ਪੜਤਾਲ' (ਹੈਬੀਅਸ ਕਾਰਪਸ) ਦੁਆਰਾ ਵਿਧਾਨਕ ਤੌਰ 'ਤੇ ਵੰਗਾਰਿਆ। ਉਨ੍ਹਾਂ ਦੀ ਦਲੀਲ ਸੀ ਕਿ 'ਇਕ ਤਾਂ ਭਗਤ ਸਿੰਘ ਤੇ ਸਾਥੀਆਂ ਨੂੰ ਫਾਂਸੀ ਦੇਣ ਦੀ ਮਿਥੀ ਪਹਿਲੀ ਤਰੀਕ ਬੀਤ ਚੁੱਕੀ ਹੈ ਅਤੇ ਦੂਜੇ ਆਰਡੀਨੈਂਸ ਦੀ ਛੇ ਮਹੀਨੇ ਦੀ ਮਿਆਦ ਪੂਰੀ ਹੋ ਜਾਣ ਉਪਰੰਤ ਟ੍ਰਿਬਿਊਨਲ ਦੀ ਹੋਂਦ ਖਤਮ ਹੋ ਚੁੱਕੀ ਹੈ। ਜ਼ਾਬਤਾ ਫੌਜਦਾਰੀ ਦੀਆਂ ਧਾਰਾਵਾਂ 381, 389 ਅਤੇ 400 ਅਨੁਸਾਰ ਮੌਤ ਦੇ ਵਰੰਟ ਜਾਰੀ ਕਰਨ ਵਾਸਤੇ ਟ੍ਰਿਬਿਊਨਲ ਦੀ ਥਾਂ ਲੈਣ ਲਈ ਕਿਸੇ ਜੱਜ ਜਾਂ ਟ੍ਰਿਬਿਊਨਲ ਦੀ ਨਿਯੁਕਤੀ ਵੀ ਨਹੀਂ ਕੀਤੀ ਗਈ। ਇਸ ਲਈ ਹੁਣ ਸਰਕਾਰ ਜਾਂ ਇਸ ਦੇ ਕਿਸੇ ਅਫਸਰ ਦੁਆਰਾ ਭਗਤ ਸਿੰਘ ਵਗੈਰਾ ਨੂੰ ਫਾਂਸੀ ਦੀ ਸਜ਼ਾ ਦੇਣਾ ਜਾਂ ਇਸ ਸਬੰਧੀ ਵਰੰਟ ਜਾਰੀ ਕਰਨਾ ਗਲਤ, ਗੈਰਕਾਨੂੰਨੀ, ਨਾਜਾਇਜ਼ ਅਤੇ ਅਖਤਿਆਰ ਤੋਂ ਬਾਹਰਾ ਹੋਵੇਗਾ।"

ਜਸਟਿਸ ਭਿਡੇ ਨੇ ਇਸ ਅਪੀਲ ਦੀ ਸੁਣਵਾਈ 24 ਫਰਵਰੀ ਨੂੰ ਰੱਖੀ। ਕਾਨੂੰਨੀ ਪੱਖ ਤੋਂ ਇਸ ਪਟੀਸ਼ਨ ਦਾ ਫੈਸਲਾ ਹੋਣ ਤੱਕ ਸਜ਼ਾ ਨੂੰ ਅਮਲ ਵਿਚ ਨਹੀਂ ਸੀ ਲਿਆਂਦਾ ਜਾ ਸਕਦਾ, ਇਸ ਲਈ ਸਜ਼ਾ ਉਤੇ ਅਮਲ ਇਕ ਵਾਰ ਫਿਰ ਅੱਗੇ ਪੈ



ਗਿਆ ਪਰ 24 ਫਰਵਰੀ ਨੂੰ ਜਸਟਿਸ ਭਿਡੇ ਵੱਲੋਂ 'ਨਾਜਾਇਜ਼ ਨਜ਼ਰਬੰਦੀ ਦੀ ਪੜਤਾਲ' (ਹੈਬੀਅਸ ਕਾਰਪਸ) ਖਾਰਜ ਕਰ ਦਿੱਤੇ ਜਾਣ ਉਪਰੰਤ ਇਹ ਅੜਿੱਕਾ ਤਾਂ ਖਤਮ ਹੋ ਗਿਆ ਪਰ ਇਸ ਹੀ ਦਿਨ ਵਾਇਸਰਾਇ-ਹਿੰਦ ਨੂੰ ਭਗਤ ਸਿੰਘ ਅਤੇ ਸਾਥੀਆਂ ਦੀ ਸਜ਼ਾ ਨੂੰ ਫਾਂਸੀ ਦੀ ਥਾਂ ਉਮਰ ਕੈਦ ਵਿਚ ਬਦਲਣ ਲਈ ਸੱਠ ਹਜ਼ਾਰ ਤੋਂ ਵੱਧ ਲੋਕਾਂ ਦੇ ਦਸਤਖਤਾਂ ਨਾਲ ਪੇਸ਼ ਕੀਤੀ ਪ੍ਰਤੀ-ਬੇਨਤੀ ਵਿਚਾਰ ਅਧੀਨ ਹੋਣ ਕਾਰਨ ਸਜ਼ਾ 'ਤੇ ਅਮਲ ਰੁਕ ਗਿਆ। ਵਾਇਸਰਾਇ ਨੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਜਨਤਕ ਅਪੀਲ 17 ਮਾਰਚ 1931 ਨੂੰ ਨਾਮਨਜ਼ੂਰ ਕਰ ਦਿੱਤੀ ਤਾਂ ਸਜ਼ਾ ਨੂੰ ਅਮਲ ਵਿਚ ਲਿਆਉਣ ਲਈ ਕੋਈ ਅੜਿੱਕਾ ਨਾ ਰਿਹਾ।

**ਸਜ਼ਾ ਅਮਲ ਵਿਚ ਲਿਆਉਣ ਲਈ ਸਰਕਾਰੀ ਯੋਜਨਾਬੰਦੀ:** ਹਿੰਦ ਸਰਕਾਰ ਨੇ 17 ਮਾਰਚ ਨੂੰ ਹੀ ਪੰਜਾਬ ਸਰਕਾਰ ਵੱਲ ਭੇਜੀ ਤਾਰ ਨੰਬਰ 797-ਐਸ. ਰਾਹੀਂ ਸਜ਼ਾ ਉਤੇ ਅਮਲ ਸੋਮਵਾਰ 23 ਮਾਰਚ 1931 ਤੋਂ ਅੱਗੇ ਨਾ ਲੈ ਜਾਣ ਅਤੇ ਜੇ ਸੰਭਵ ਹੋ ਸਕੇ ਤਾਂ ਇਸ ਤੋਂ ਪਹਿਲਾਂ ਕਰਨ ਦਾ ਸੁਝਾਅ ਦਿੱਤਾ। ਸੂਬਾਈ ਸਰਕਾਰ ਦੇ ਪੱਧਰ ਉਤੇ ਅਦਾਲਤੀ ਹੁਕਮ ਨੂੰ ਅਮਲ ਵਿਚ ਲਿਆਉਣ ਲਈ ਤਿਆਰੀ ਤਾਂ ਪਹਿਲਾਂ ਹੀ ਚੱਲ ਰਹੀ ਸੀ। ਫਲਸਰੂਪ 18 ਮਾਰਚ 1931 ਨੂੰ ਪੰਜਾਬ ਸਰਕਾਰ ਨੇ ਵਾਪਸੀ ਤਾਰ ਰਾਹੀਂ ਸੂਚਨਾ ਭੇਜੀ ਕਿ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 23 ਮਾਰਚ ਸ਼ਾਮ ਦੇ ਸੱਤ ਵਜੇ ਫਾਂਸੀ ਲਾਇਆ ਜਾਵੇਗਾ ਅਤੇ ਲਾਹੌਰ ਵਿਚ ਇਸ ਦੀ ਖਬਰ 24 ਮਾਰਚ ਦੀ ਸਵੇਰ ਨੂੰ ਹੀ ਲੱਗੇਗੀ।

ਨਵੀਂ ਕਾਨੂੰਨੀ ਚਾਰਾਜੋਈ: ਇਹ ਬੜੇ ਹੀ ਤਣਾਉ ਵਾਲੇ ਦਿਨ ਸਨ। ਇਕ ਪਾਸੇ ਪੰਜਾਬ ਸਰਕਾਰ ਦੇਸ਼ ਭਗਤ ਨੌਜਵਾਨਾਂ ਨੂੰ ਫਾਂਸੀ ਦੇਣ ਲਈ ਕਾਹਲੀ ਸੀ ਅਤੇ ਦੂਜੇ ਪਾਸੇ ਇਨ੍ਹਾਂ ਨੌਜਵਾਨਾਂ ਦੇ ਸ਼ੁਭਚਿੰਤਕ ਕਿਸੇ ਐਸੇ ਰਸਤੇ ਦੀ ਤਲਾਸ਼ ਵਿਚ ਹੱਥ ਪੈਰ ਮਾਰ ਰਹੇ ਸਨ ਜਿਸ ਰਾਹੀਂ ਇਨ੍ਹਾਂ ਸੂਰਬੀਰਾਂ ਦੀਆਂ ਜਾਨਾਂ ਬਚਾਈਆਂ ਜਾ ਸਕਣ। ਆਖਰੀ ਉਪਰਾਲੇ ਵਜੋਂ ਉਨ੍ਹਾਂ ਵਕੀਲਾਂ, ਜੋ ਪਹਿਲਾਂ ਹੀ ਕਈ ਕਾਨੂੰਨੀ ਚਾਰਾਜੋਈਆਂ ਕਰ ਚੁੱਕੇ ਸਨ, ਨੇ ਇਕ ਵਾਰ ਫਿਰ ਹਾਈ ਕੋਰਟ ਵਿਚ ਜਾਣ ਦਾ ਮਨ ਬਣਾਇਆ। ਇਸ ਅਨੁਸਾਰ 22 ਮਾਰਚ ਨੂੰ ਅਦਾਲਤ ਵਿਚ ਦੋ ਦਰਖਾਸਤਾਂ ਦਿੱਤੀਆਂ ਗਈਆਂ। ਪਹਿਲੀ ਪਟੀਸ਼ਨ ਜਸਟਿਸ ਭਿਡੇ ਦੁਆਰਾ ਪਹਿਲੀ ਦਰਖਾਸਤ ਉਤੇ ਦਿੱਤੇ ਫੈਸਲੇ ਉਪਰੰਤ ਪੈਦਾ ਹੋਈ ਨਵੀਂ ਸਥਿਤੀ ਦੀ ਲੋਅ ਵਿਚ ਮੁੜ ਪਾਈ ਗਈ 'ਨਾਜਾਇਜ਼ ਨਜ਼ਰਬੰਦੀ ਦੀ ਪੜਤਾਲ' (ਹੈਬੀਅਸ ਕਾਰਪਸ) ਸੀ ਅਤੇ ਦੂਜੀ ਪਟੀਸ਼ਨ ਜਸਟਿਸ ਭਿਡੇ ਦੁਆਰਾ ਰੱਦ ਕੀਤੀ ਦਰਖਾਸਤ ਬਾਰੇ ਪ੍ਰਿਵੀ ਕੌਂਸਲ ਵਿਚ ਅਪੀਲ ਕਰਨ ਦੀ ਆਗਿਆ ਦੇਣ ਬਾਰੇ ਸੀ।

ਜਸਟਿਸ ਭਿਡੇ ਨੇ ਦੋਵੇਂ ਪਟੀਸ਼ਨਾਂ ਸੁਣੀਆਂ। ਸਰਕਾਰ ਦਾ ਕਾਨੂੰਨੀ ਮਸ਼ੀਰ ਭਾਵੇਂ ਪਟੀਸ਼ਨਾਂ ਦੇ ਤੁਰੰਤ ਨਿਬੇੜੇ ਉਤੇ ਜ਼ੋਰ ਦੇ ਰਿਹਾ ਸੀ ਪਰ ਜਸਟਿਸ ਭਿਡੇ ਨੇ ਪਹਿਲੀ ਪਟੀਸ਼ਨ ਡਿਵੀਜ਼ਨ ਬੈਂਚ ਦੇ ਹਵਾਲੇ ਕਰਦਿਆਂ ਅਤੇ ਦੂਜੀ ਦੀ ਸੁਣਵਾਈ ਆਪ ਕਰਨ ਦੀ ਮਨਸ਼ਾ ਨਾਲ ਸੁਣਵਾਈ ਅਗਲੇ ਦਿਨ ਭਾਵ 23 ਮਾਰਚ ਨੂੰ 10 ਵਜੇ ਸਵੇਰੇ ਨਿਸ਼ਚਿਤ ਕਰ ਦਿੱਤੀ ਪਰ ਉਸ ਨੇ ਇਸ ਬਾਰੇ ਸਰਕਾਰ ਨੂੰ ਨੋਟਿਸ ਕੋਈ ਨਾ ਜਾਰੀ ਕੀਤਾ। ਪੰਜਾਬ ਸਰਕਾਰ ਜੋ 23 ਮਾਰਚ ਨੂੰ ਫਾਂਸੀ ਦੀ ਸਜ਼ਾ ਅਮਲ ਵਿਚ ਲਿਆਉਣ ਲਈ ਪੂਰੀ ਤਿਆਰੀ ਕਰ ਚੁੱਕੀ ਸੀ, ਨੇ ਇਸ ਸਾਰੇ ਘਟਨਾ ਕ੍ਰਮ ਬਾਰੇ ਹਿੰਦੁਸਤਾਨ ਸਰਕਾਰ ਨੂੰ ਸੂਚਨਾ ਭੇਜਦਿਆਂ ਆਪਣੇ ਇਸ ਫੈਸਲੇ ਤੋਂ ਜਾਣੂੰ ਕਰਵਾਇਆ ਕਿ ਜੇ ਦੋਵੇਂ ਦਰਖਾਸਤਾਂ ਰੱਦ ਹੋ ਗਈਆਂ ਤਾਂ ਪਹਿਲਾਂ ਬਣਾਈ ਯੋਜਨਾ ਅਨੁਸਾਰ ਕਾਰਵਾਈ ਕਰ ਦਿੱਤੀ ਜਾਵੇਗੀ ਪਰ ਜੇ ਜਸਟਿਸ ਭਿਡੇ ਨੇ ਫੈਸਲਾ ਰਾਖਵਾਂ ਰੱਖ ਲਿਆ ਤਾਂ ਗੜਬੜ ਹੋ ਜਾਏਗੀ ਅਤੇ ਫਾਂਸੀ ਲਾਉਣ ਦੀ ਕਾਰਵਾਈ ਬਿਨਾਂ ਕੋਈ ਤਰੀਕ ਦੱਸਿਆਂ, ਅਦਾਲਤ ਦੁਆਰਾ ਫੈਸਲਾ ਸੁਣਾਏ ਜਾਣ ਤੱਕ ਮੁਲਤਵੀ ਕਰਨੀ ਪਵੇਗੀ।

**ਤੇਜ਼ੀ ਨਾਲ ਬੀਤੀਆਂ ਘਟਨਾਵਾਂ:** ਆਖਰ 23 ਮਾਰਚ ਦਾ ਦਿਨ ਵੀ ਆਣ ਢੁੱਕਾ। 'ਨਾਜਾਇਜ਼ ਨਜ਼ਰਬੰਦੀ ਦੀ ਪੜਤਾਲ' (ਹੈਬੀਅਸ ਕਾਰਪਸ) ਦੀ ਸੁਣਵਾਈ ਜਸਟਿਸ ਸਰ ਐਲਨ ਬਰਾਡਵੇ ਅਤੇ ਜਸਟਿਸ ਜਾਹਨਸਨ ਦੇ ਬੈਂਚ ਨੇ ਕੀਤੀ। ਬਚਾਅ ਪੱਖ ਵੱਲੋਂ ਬਦਰੀ ਦਾਸ ਵਕੀਲ ਪੇਸ਼ ਹੋਇਆ। ਬੈਂਚ ਨੇ ਸੁਣਵਾਈ ਪਿੱਛੋਂ 3 ਵਜੇ ਪਟੀਸ਼ਨ ਰੱਦ ਕਰ ਦਿੱਤੀ। ਦੂਜੀ ਪਟੀਸ਼ਨ ਦੀ ਸੁਣਵਾਈ ਜਸਟਿਸ ਭਿਡੇ ਨੇ ਕੀਤੀ, ਜੀਵਨ ਲਾਲ ਕਪੂਰ ਵਕੀਲ ਪੇਸ਼ ਹੋਇਆ। ਇਹ ਪਟੀਸ਼ਨ ਵੀ ਰੱਦ ਹੋ ਗਈ। ਦੋਵਾਂ ਪਟੀਸ਼ਨਾਂ ਦੇ ਨਾਮਨਜ਼ੂਰ ਹੋਣ ਨਾਲ ਟ੍ਰਿਬਿਊਨਲ ਦੇ ਫੈਸਲੇ ਉਤੇ ਅਮਲ ਵਿਚ ਆਖਰੀ ਅੜਿੱਕਾ ਵੀ ਖਤਮ ਹੋ ਗਿਆ ਅਤੇ ਸਰਕਾਰ ਨੇ ਆਪਣੇ ਫੈਸਲੇ ਅਨੁਸਾਰ ਇਨ੍ਹਾਂ ਦੇਸ਼ ਭਗਤਾਂ ਨੂੰ 23 ਮਾਰਚ 1931 ਦੀ ਸ਼ਾਮ ਦੇ ਸੱਤ ਵਜੇ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ। ਇਉਂ ਸਪਸ਼ਟ ਹੈ ਕਿ ਸਰਕਾਰ ਨੇ ਜੋ ਯੋਜਨਾ ਬਣਾਈ ਸੀ, ਉਸ ਅਨੁਸਾਰ ਹੀ ਕਾਰਵਾਈ ਕੀਤੀ ਪਰ ਕੁਝ ਵਿਦਵਾਨ ਭੁਲੇਖੇ ਵਿਚ ਹਨ।

**ਭੁਲੇਖੇ ਦਾ ਕਾਰਨ:** ਜੇਲ੍ਹ ਅਧਿਕਾਰੀਆਂ ਨੇ ਭਗਤ ਸਿੰਘ ਦੇ ਪਰਿਵਾਰ ਨੂੰ ਉਸ ਨਾਲ ਅੰਤਿਮ ਮੁਲਾਕਾਤ ਕਰਨ ਲਈ 23 ਮਾਰਚ 1931 ਨੂੰ ਬੁਲਾਇਆ ਸੀ ਜਿਸ ਤੋਂ ਇਹ ਪ੍ਰਭਾਵ ਜਾਣਾ ਕੁਦਰਤੀ ਸੀ ਕਿ ਫਾਂਸੀ ਦੀ ਸਜ਼ਾ ਅਗਲੇ ਦਿਨ ਅਮਲ ਵਿਚ ਲਿਆਂਦੀ ਜਾਵੇਗੀ। ਦੂਜੀ ਇਹ ਕਿ ਜੇਲ੍ਹ ਮੈਨੂਅਲ ਵਿਚ ਫਾਂਸੀ ਦੀ ਸਜ਼ਾ ਅਮਲ ਵਿਚ ਲਿਆਉਣ ਵਾਸਤੇ ਸਵੇਰ ਦਾ ਸਮਾਂ ਮਿਥਿਆ ਹੋਇਆ ਹੈ; ਕਿਉਂ ਜੋ 23 ਮਾਰਚ ਦੇ ਤੀਜੇ ਪਹਿਰ ਤੱਕ ਅਜਿਹਾ ਕੁਝ ਨਹੀਂ ਸੀ ਵਾਪਰਿਆ, ਇਸ ਤੋਂ ਆਮ ਪ੍ਰਭਾਵ ਇਹ ਲਿਆ ਗਿਆ ਕਿ ਸਜ਼ਾ ਉਤੇ ਅਮਲ ਲਈ 24 ਮਾਰਚ ਦਾ ਦਿਨ ਨਿਸ਼ਚਿਤ ਕੀਤਾ ਗਿਆ ਹੈ। ਇਹ ਦੋਵੇਂ ਗੱਲਾਂ ਭੁਲੇਖਾ ਪੈਦਾ ਕਰਨ ਦਾ ਕਾਰਨ ਬਣੀਆਂ ਜਦ ਕਿ ਅਸਲੀਅਤ ਉਪਰ ਬਿਆਨ ਕੀਤੀ ਜਾ ਚੁੱਕੀ ਹੈ।

# ਕਈ ਧਿਰਾਂ ਨੂੰ ਸਬਕ 'ਆਪ' ਵਿਧਾਇਕਾਂ ਬਾਰੇ ਹਾਈ ਕੋਰਟ ਦਾ ਫੈਸਲਾ

ਲਾਭ ਦੇ ਅਹੁਦੇ ਦਾ ਦੋਸ਼ ਲਾ ਕੇ ਦਿੱਲੀ ਵਿਧਾਨ ਸਭਾ ਦੀ ਮੈਂਬਰੀ ਤੋਂ ਖਾਰਜ ਕੀਤੇ ਗਏ ਆਮ ਆਦਮੀ ਪਾਰਟੀ (ਆਪ) ਦੇ 21 ਪ੍ਰਤੀਨਿਧਾਂ ਦੇ ਮਾਮਲੇ ਵਿਚ ਹਾਈ ਕੋਰਟ ਦਾ ਤੀਬਰਤਾ ਨਾਲ ਉਡੀਕਿਆ ਜਾ ਰਿਹਾ ਫੈਸਲਾ ਆ ਗਿਆ ਹੈ। ਇਸ ਨਾਲ ਬਿਨਾ ਸ਼ੱਕ 'ਆਪ' ਦਾ ਸਾਹ ਸੌਖਾ ਹੋਇਆ ਹੈ, ਭਾਜਪਾ ਲੀਡਰਸ਼ਿਪ ਟਿੱਪਣੀ ਕਰਨ ਤੋਂ ਬਚਦੀ ਪਈ ਹੈ ਅਤੇ ਕਾਂਗਰਸ ਹਾਲੇ ਵੀ ਓਸੇ ਪੁਰਾਣੇ ਕੇਸ ਦੀ ਪੈਰਵੀ ਕਰਨ ਦਾ ਹੋਕਾ ਦੇ ਰਹੀ ਹੈ। ਚੋਣ ਕਮਿਸ਼ਨ ਦੇ ਸੂਤਰਾਂ ਅਨੁਸਾਰ ਅੱਗੇ ਕਦੇ ਅਜਿਹੇ ਫੈਸਲੇ ਨੂੰ ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਦੀ ਲੋੜ ਨਹੀਂ ਸਮਝੀ, ਇਸ ਲਈ ਸ਼ਾਇਦ ਇਸ ਵਾਰੀ ਵੀ ਨਹੀਂ ਦਿੱਤੀ ਜਾਵੇਗੀ। ਉਂਜ ਵੀ ਗੱਲ ਕਿਤੇ ਤਾਂ ਮੁੱਕਣੀ ਚਾਹੀਦੀ ਹੈ ਤੇ ਮੌਜੂਦਾ ਮੁੱਖ ਚੋਣ ਕਮਿਸ਼ਨਰ ਸ਼ਾਇਦ ਆਪਣੇ ਤੋਂ ਪਹਿਲਿਆਂ ਦੇ ਕੀਤੇ ਦਾ ਜ਼ਿੰਮਾ ਆਪਣੇ ਸਿਰ ਲੈਣ ਅਤੇ ਫਿਰ ਰਾਤ-ਦਿਨ ਕੋਰਟ ਦਾ ਫੈਸਲਾ ਉਡੀਕਣ ਤੋਂ ਬਚਣਾ ਠੀਕ ਸਮਝ ਸਕਦਾ ਹੈ। ਇਹ ਚੰਗਾ ਵੀ ਹੋਵੇਗਾ। ਫਿਰ ਵੀ ਇਸ ਫੈਸਲੇ ਨੇ ਕਈ ਸਵਾਲ ਖੜ੍ਹੇ ਕੀਤੇ ਹਨ, ਜਿਨ੍ਹਾਂ ਦਾ ਜਵਾਬ ਭਾਜਪਾ ਤੇ ਕਾਂਗਰਸ ਵਾਲਿਆਂ ਹੀ ਨਹੀਂ, ਅਦਾਲਤੀ ਫੈਸਲੇ ਦੀ ਖੁਸ਼ੀ ਮਨਾ ਰਹੇ 'ਆਪ' ਆਗੂਆਂ ਨੂੰ ਵੀ ਦੇਣਾ ਚਾਹੀਦਾ ਹੈ।

ਪਹਿਲੀ ਗੱਲ, ਹਾਈ ਕੋਰਟ ਨੇ ਚੋਣ ਕਮਿਸ਼ਨ ਦੇ ਹੁਕਮ ਨੂੰ ਸਿੱਧਾ ਗਲਤ ਨਹੀਂ ਕਿਹਾ, ਇਸ ਲਈ ਗਲਤ ਕਿਹਾ ਹੈ ਕਿ ਇਸ ਵਿਚ ਦੋਸ਼ੀ ਕਹੀ ਜਾਂਦੀ ਧਿਰ (ਆਪ) ਦਾ ਪੱਖ ਸੁਣੇ ਬਿਨਾ ਉਸ ਦੇ ਪ੍ਰਤੀਨਿਧਾਂ ਖਿਲਾਫ ਹੁਕਮ ਜਾਰੀ ਕਰ ਕੇ ਨਿਆਂ ਦੇ ਕੁਦਰਤੀ ਸਿਧਾਂਤ ਦੀ ਉਲੰਘਣਾ ਕੀਤੀ ਹੈ। ਇਸੇ ਕਾਰਨ ਅਦਾਲਤ ਨੇ ਕੇਸ ਦੀ ਮੁੜ ਸੁਣਵਾਈ ਲਈ ਵੀ ਕਿਹਾ ਹੈ। 'ਆਪ' ਇਸ ਗੱਲੋਂ ਮੁੱਕਰ ਨਹੀਂ ਸਕਦੀ ਕਿ ਭਾਵੇਂ ਚੋਣ ਕਮਿਸ਼ਨ ਨੇ ਉਸ ਨੂੰ ਅਣਗੌਲੇ ਕਰ ਕੇ ਉਸ ਨੂੰ ਫਸਾਉਣ ਵਾਲਾ ਢੰਗ ਵਰਤਿਆ ਹੋਵੇ, ਇਹ ਪਾਰਟੀ ਵੀ ਪੇਸ਼ ਹੋਣ ਦੀ ਥਾਂ ਕੰਨੀ ਕਤਰਾਉਣ ਦਾ ਯਤਨ ਕਰਦੀ ਅਤੇ ਉਸ ਕੋਲ ਜਾਣ ਦੀ ਥਾਂ ਕਚਹਿਰੀਆਂ ਗਾਹੁਣ ਦੇ ਰਾਹ ਵੱਲ ਤੁਰੀ ਰਹੀ ਸੀ।

ਦੂਜੇ ਪਾਸੇ ਚੋਣ ਕਮਿਸ਼ਨ ਦੇ ਜਿਸ ਮੁਖੀ ਕੋਲ ਕੇਸ ਸੀ, ਉਸ ਨੇ ਇਹ ਮਾਮਲਾ ਲਟਕਾ ਛੱਡਿਆ ਤੇ ਰਿਟਾਇਰ ਹੋਣ ਤੋਂ ਸਿਰਫ ਤਿੰਨ ਦਿਨ ਪਹਿਲਾਂ ਇਨ੍ਹਾਂ ਵਿਧਾਇਕਾਂ ਦੀ ਮੈਂਬਰੀ ਰੱਦ ਕਰਨ ਦੇ ਹੁਕਮ ਉਤੇ ਸਹੀ ਪਾਈ ਸੀ। ਫਾਈਲ ਤਾਂ ਬੜੇ ਚਿਰ ਦੀ ਉਸ ਦੇ ਕੋਲ ਪਈ ਸੀ ਜਿਸ ਤੋਂ ਸਾਫ ਹੈ ਕਿ ਗੁਜਰਾਤ ਕੇਡਰ ਦਾ ਇਹ ਸਾਬਕਾ ਆਈ. ਏ. ਐਸ. ਅਫਸਰ ਕਿਸੇ ਦਬਾਅ ਹੇਠ ਸੀ ਜੋ ਸਿਰਫ ਉਨ੍ਹਾਂ ਲੋਕਾਂ ਦਾ ਹੋ ਸਕਦਾ ਹੈ, ਜਿਨ੍ਹਾਂ ਨੇ ਇਹ ਹੁਕਮ ਪਾਸ ਹੁੰਦੇ ਸਾਰ ਦੋ ਦਿਨਾਂ ਵਿਚ ਰਾਸ਼ਟਰਪਤੀ ਕੋਲੋਂ ਪਾਸ ਕਰਵਾਉਣ ਵਾਸਤੇ ਸਾਰੀ ਸਰਕਾਰੀ ਮਸ਼ੀਨਰੀ ਝੋਕ ਦਿੱਤੀ। ਹੁਣ ਉਹ ਵੀ ਕਿਸੇ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਬਚਦੇ ਪਏ ਹਨ।

ਦੂਜਾ ਮੁੱਦਾ ਇਹ ਹੈ ਕਿ ਆਮ ਆਦਮੀ ਪਾਰਟੀ ਨੇ ਠੀਕ ਕੀਤਾ ਜਾਂ ਗਲਤ, ਕੀ ਇਹ ਸਿਰਫ ਇੱਕੋ ਪਾਰਟੀ ਵੱਲੋਂ ਕੀਤਾ ਗਿਆ ਗੁਨਾਹ ਸੀ ਤੇ ਦੂਜੇ ਸਾਰੇ ਪਾਕਿ-ਸਾਫ ਸਨ? ਪੰਜਾਬ ਵਿਚ ਇੱਕ ਕਾਂਗਰਸੀ ਸਰਕਾਰ ਅਤੇ ਦੋ ਅਕਾਲੀ-ਭਾਜਪਾ ਸਰਕਾਰਾਂ ਨੇ ਇਹੋ ਗੁਨਾਹ ਕੀਤਾ ਸੀ ਤੇ ਅਕਾਲੀ-ਭਾਜਪਾ ਦੇ ਤੇਈ ਵਿਧਾਇਕ ਤਾਂ ਹਾਈ ਕੋਰਟ ਦੇ ਹੁਕਮ ਨਾਲ ਕੁਰਸੀ ਤੋਂ ਉਠਾਉਣੇ ਪਏ ਸਨ। ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਵਿਚ ਵੀ ਕਾਂਗਰਸੀ ਤੇ ਭਾਜਪਾ-ਦੋਹਾਂ ਸਰਕਾਰਾਂ ਨੇ ਇਹੋ ਪਾਪ ਕੀਤਾ ਅਤੇ ਹਾਈ ਕੋਰਟ ਦੇ ਦਬਕੇ ਸਾਰਿਆਂ ਨੂੰ ਪੈ ਚੁੱਕੇ ਸਨ। ਉਨ੍ਹਾਂ ਸਾਰੇ ਕੇਸਾਂ ਵਿਚ ਫਸੇ ਵਿਧਾਇਕਾਂ ਦੀ ਸਿਰਫ ਪਾਰਲੀਮੈਂਟਰੀ ਸੈਕਟਰੀ ਦੀ ਪਦਵੀ ਖੋਹੀ ਗਈ ਸੀ, ਕਿਸੇ ਇੱਕ ਨੂੰ ਵੀ ਲਾਭ ਦੇ ਅਹੁਦੇ ਦਾ ਨੁਕਤਾ ਵਰਤਦਿਆਂ ਵਿਧਾਨ ਸਭਾ ਦੀ ਮੈਂਬਰੀ ਤੋਂ ਵਾਂਝਾ ਨਹੀਂ ਸੀ ਕੀਤਾ ਗਿਆ।

ਪੰਜਾਬ 'ਚ ਜਦੋਂ ਛੇ ਜਣਿਆਂ ਨੂੰ ਇਹ ਅਹੁਦਾ ਦਿੱਤਾ ਗਿਆ ਤਾਂ ਹਾਲੇ ਉਨ੍ਹਾਂ ਕੁਰਸੀ 'ਤੇ ਬੈਠ ਕੇ ਵੀ ਨਹੀਂ ਸੀ ਵੇਖਿਆ ਕਿ ਕੋਰਟ ਦੇ ਹੁਕਮ ਨਾਲ ਸੁੱਚੇ ਮੂੰਹ ਘਰੀਂ ਪਰਤਣਾ ਪੈ ਗਿਆ ਸੀ। ਕਿਸੇ ਇੱਕ ਦੀ ਵੀ ਵਿਧਾਨ ਸਭਾ ਮੈਂਬਰੀ ਨਹੀਂ ਸੀ ਗਈ।

ਪੰਜਾਬੀ ਦਾ ਮੁਹਾਵਰਾ ਹੈ ਕਿ 'ਤਬੇਲੇ ਦੀ ਬਲਾਅ, ਵਛੇਰੇ ਦੇ ਗਲ ਪਈ।' ਸਵਾ ਸੌ ਸਾਲ ਤੱਕ ਪੁਰਾਣੀਆਂ ਪਾਰਟੀਆਂ ਬਚ ਗਈਆਂ ਤੇ ਪੰਜ ਸਾਲ ਪੁਰਾਣੀ ਪਾਰਟੀ ਇਸ ਚੱਕਰ ਵਿਚ ਫਸ ਕੇ ਆਪਣੇ ਵਿਧਾਇਕਾਂ ਦਾ ਜਲੂਸ ਕਢਵਾ ਬੈਠੀ, ਜਿਸ ਨੂੰ ਮਾਰਨ ਲਈ ਦੂਜੀਆਂ ਧਿਰਾਂ ਨੇ ਆਪੋ ਵਿਚ ਅੱਖ ਮਿਲਾ ਕੇ ਚੋਣ ਕਮਿਸ਼ਨ ਦਾ ਦਫਤਰ ਵਰਤ ਲਿਆ ਸੀ।

ਤੀਜਾ ਮੁੱਦਾ ਹੈ, ਆਮ ਆਦਮੀ ਪਾਰਟੀ ਦੇ ਵਿਹਾਰ ਦਾ। ਉਸ ਨੇ ਵੀ ਜੋ ਕੁਝ ਕੀਤਾ, ਉਹ ਸਹੀ ਕਹਿਣਾ ਗਲਤ ਹੈ ਤੇ ਉਸ ਪਾਰਟੀ ਦੀ ਲੀਡਰਸ਼ਿਪ ਨੂੰ ਇਸ ਨਾਲ ਜੁੜੀਆਂ ਕੁਝ ਗੱਲਾਂ ਦਾ ਜਵਾਬ ਦੇਣਾ ਚਾਹੀਦਾ ਹੈ। ਸਵਾਲ ਹੈ ਕਿ ਦਿੱਲੀ ਵਿਚ ਜਦੋਂ ਇੱਕੋ ਪਾਰਲੀਮੈਂਟਰੀ ਸੈਕਟਰੀ ਦੀ ਪੋਸਟ ਹੀ ਬਣ ਸਕਦੀ ਸੀ ਤੇ ਉਹ ਵੀ ਕਿਸੇ ਵਿਭਾਗੀ ਜ਼ਿੰਮੇਵਾਰੀ ਵਾਲਾ ਨਹੀਂ, ਸਿਰਫ ਮੁੱਖ ਮੰਤਰੀ ਨਾਲ ਅਟੈਚ ਹੋਇਆ ਹੋਣਾ ਚਾਹੀਦਾ ਸੀ, ਅਰਵਿੰਦ ਕੇਜਰੀਵਾਲ ਨੇ ਕਿਹੜੀ ਮਸਤੀ ਵਿਚ ਆ ਕੇ ਇੱਕਠੇ ਇੱਕੀ ਜਣਿਆਂ ਨੂੰ ਪਾਰਲੀਮੈਂਟਰੀ ਸੈਕਟਰੀ ਦੀ ਕਲਗੀ ਲਾ ਦਿੱਤੀ? ਉਸ ਦਾ ਕਹਿਣਾ ਹੈ ਕਿ ਉਸ ਦੇ ਵਿਧਾਇਕਾਂ ਨੂੰ ਕਾਰ ਨਹੀਂ ਸੀ ਮਿਲੀ, ਦਫਤਰ ਨਹੀਂ ਸੀ ਦਿੱਤਾ ਗਿਆ, ਵਿਸ਼ੇਸ਼ ਤਨਖਾਹ ਵੀ ਨਹੀਂ ਸੀ ਮਿਲੀ ਤਾਂ ਲਾਭ ਦਾ ਅਹੁਦਾ ਇਹ ਕਿਵੇਂ ਹੋ ਗਿਆ?

ਕੋਈ ਹੋਰ ਇਹੋ ਗੱਲ ਕਹਿੰਦਾ ਤਾਂ ਕੇਜਰੀਵਾਲ ਨੇ ਮਜ਼ਾਕ ਉਡਾਉਣਾ ਤੇ ਅਗਲੇ ਨੂੰ ਬੋਲਣ ਜੋਗਾ ਨਹੀਂ ਸੀ ਛੱਡਣਾ। ਉਸ ਨੂੰ ਇਹ ਪਤਾ ਹੈ ਕਿ ਅਜਿਹੇ ਅਹੁਦੇ ਨਾਲ ਤਨਖਾਹ, ਭੱਤੇ ਵਗੈਰਾ ਤੋਂ ਬਿਨਾ ਵੀ ਭ੍ਰਿਸ਼ਟਾਚਾਰ ਕਰਨ ਅਤੇ ਲਾਭ ਕਮਾਉਣ ਦੀ ਗੁੰਜਾਇਸ਼ ਰਹਿੰਦੀ ਹੈ। ਮਿਸਾਲ ਵਜੋਂ ਕਿਸੇ ਪਾਸੇ ਕੋਈ ਸੜਕ ਬਣਾਈ ਜਾ ਰਹੀ ਹੋਵੇ ਤੇ ਸਬੰਧਤ ਇਲਾਕੇ ਦਾ ਇਕੱਲਾ ਸੜਕਾਂ ਵਾਲਾ ਪਾਰਲੀਮੈਂਟਰੀ ਸੈਕਟਰੀ ਨੁਕਸ ਕੱਢਣ ਨੂੰ ਨਹੀਂ ਜਾਵੇਗਾ, ਉਧਰ ਦਾ ਸੀਵਰੇਜ ਅਤੇ ਪਾਣੀ ਸਪਲਾਈ ਦੇ ਵਿਭਾਗ ਦਾ ਇੰਚਾਰਜ ਪਾਰਲੀਮੈਂਟਰੀ ਸੈਕਟਰੀ ਵੀ ਜਾ ਸਕਦਾ ਹੈ ਕਿ ਉਸ ਦੇ ਵਿਭਾਗ ਦੀ ਸੇਵਾ ਪ੍ਰਭਾਵਤ ਕੀਤੀ ਗਈ ਹੈ।

ਸਿਆਸਤ ਦਾ ਪਿੜ
ਜਤਿੰਦਰ ਪਨੂੰ
ਫੋਨ: 91-98140-68455

ਐਨੀ ਗੱਲ ਨਾਲ ਜਦੋਂ ਕੰਮ ਰੋਕ ਕੇ ਨਜ਼ਰਸਾਨੀ ਦੇ ਹੁਕਮ ਜਾਰੀ ਹੋ ਗਏ ਤਾਂ ਜਿਸ ਠੇਕੇਦਾਰ ਨੂੰ ਲੇਬਰ ਦਾ ਖਰਚਾ ਪੈਂਦਾ ਹੈ ਤੇ ਮਾਲ ਸੜਕਾਂ ਉਤੇ ਡੰਪ ਕਰਨ ਦੇ ਪੈਸੇ ਦੇਣੇ ਪੈਣੇ ਹਨ, ਉਹ ਅੱਧੀ ਰਾਤ ਵੇਲੇ ਅਜਿਹੇ ਪਾਰਲੀਮੈਂਟਰੀ ਸੈਕਟਰੀ ਦੇ ਕਿਸੇ ਸਾਂਝ ਵਾਲੇ ਬੰਦੇ ਨੂੰ ਲਿਆਉਣ ਦਾ ਯਤਨ ਕਰਦਾ ਹੈ ਤੇ ਅੱਧੀ ਰਾਤ ਨੂੰ ਸਾਰੀ ਫਾਈਲ ਕਲੀਅਰ ਕੀਤੀ ਜਾ ਸਕਦੀ ਹੈ। ਸਿੱਧੇ ਦੋਸ਼ ਭਾਵੇਂ ਨਹੀਂ ਸੀ ਲੱਗੇ, ਚਰਚਾ ਇਸ ਤਰ੍ਹਾਂ ਦੀ ਦਿੱਲੀ ਵਿਚੋਂ ਵੀ ਸੁਣਨ ਨੂੰ ਮਿਲਣ ਲੱਗ ਪਈ ਸੀ, ਭਾਵੇਂ ਫੋਕੀ ਦੂਸ਼ਣਬਾਜ਼ੀ ਹੀ ਹੁੰਦੀ ਹੋਵੇ।

ਦਿੱਲੀ ਹਾਈ ਕੋਰਟ ਦਾ ਤਾਜ਼ਾ ਫੈਸਲਾ ਚੋਣ ਕਮਿਸ਼ਨ ਵਿਚ ਬੈਠੇ ਬਾਬੂਆਂ ਲਈ ਵੀ ਝਟਕਾ ਹੈ ਕਿ ਅੱਗੇ ਤੋਂ ਪੱਲਾ ਬਚਾ ਕੇ ਚੱਲਣਾ ਚਾਹੀਦਾ ਹੈ। ਭਾਜਪਾ ਅਤੇ ਕਾਂਗਰਸ ਵਾਲਿਆਂ ਲਈ ਵੀ, ਕਿ ਸ਼ਰੀਕ ਦੇ ਘਰ ਜੰਮਿਆ ਮੁੰਡਾ ਮਾਰਨ ਲਈ ਇਸ ਹੱਦ ਤੱਕ ਨਹੀਂ ਜਾਈਦਾ। ਸਭ ਤੋਂ ਵੱਧ ਝਟਕਾ ਤੇ ਵੱਡਾ ਸਬਕ ਅਰਵਿੰਦ ਕੇਜਰੀਵਾਲ ਲਈ ਹੈ ਕਿ ਜਿਹੜੀਆਂ ਗੱਲਾਂ ਲਈ ਹੋਰਨਾਂ ਨੂੰ ਗਲਤ ਕਹਿੰਦੇ ਸੀ, ਉਹ ਕੰਮ ਇਸ ਨਵੀਂ ਧਿਰ ਨੇ ਵੀ ਕੀਤਾ ਸੀ ਤਾਂ ਗਲਤ ਹੀ ਕੀਤਾ ਸੀ।

## ਰੇਡੀਓ 'ਚੰਨ ਪ੍ਰਦੇਸੀ' ਦੀ 6ਵੀਂ ਵਰ੍ਹੇਗੰਢ

# ਸੈਮੀਨਾਰ ਵਿਚ ਮਨੁੱਖੀ ਬਰਾਬਰੀ ਦਾ ਸੁਨੇਹਾ

**ਪਟਿਆਲਾ (ਬਿਊਰੋ):** ਰੇਡੀਓ 'ਚੰਨ ਪ੍ਰਦੇਸੀ' ਦੀ 6ਵੀਂ ਵਰ੍ਹੇਗੰਢ ਮੌਕੇ 'ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਅਜੋਕਾ ਮੀਡੀਆ' ਵਿਸ਼ੇ 'ਤੇ ਕਰਵਾਇਆ ਗਿਆ ਸੈਮੀਨਾਰ ਦੇਸ਼ਾਂ, ਧਰਮਾਂ, ਜਾਤਾਂ, ਨਸਲਾਂ ਅਤੇ ਔਰਤਾਂ-ਮਰਦਾਂ ਵਿਚੋਂ ਨਾਬਰਾਬਰੀ ਨੂੰ ਖਤਮ ਕਰਨ ਦਾ ਸੁਨੇਹਾ ਦੇ ਗਿਆ। ਅਜੋਕੇ ਮੀਡੀਆ ਨੂੰ ਇਸ ਨਾਬਰਾਬਰੀ ਨੂੰ ਖਤਮ ਕਰਨ ਲਈ ਆਲਮੀ ਇਨਕਲਾਬ ਵਿਚ ਹਿੱਸਾ ਪਾਉਣ ਦਾ ਸੱਦਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਸ਼ਿਕਾਗੋ ਏਰੀਏ ਤੋਂ ਛੋਟੇ ਜਿਹੇ ਉਪਰਾਲੇ ਵਜੋਂ ਸ਼ੁਰੂ ਹੋਇਆ ਰੇਡੀਓ 'ਚੰਨ ਪ੍ਰਦੇਸੀ' ਹੁਣ ਇੰਟਰਨੈਟ ਜ਼ਰੀਏ ਦੁਨੀਆਂ ਭਰ ਵਿਚ ਸੁਣਿਆ ਜਾਂਦਾ ਹੈ ਅਤੇ ਅਮਰੀਕਾ ਸਮੇਤ ਦੁਨੀਆਂ ਦੇ ਹੋਰ ਬਹੁਤ ਸਾਰੇ ਮੁਲਕਾਂ ਤੋਂ ਇਲਾਵਾ ਭਾਰਤ ਵਿਚ ਵੀ ਇਸ ਦੇ ਪ੍ਰੋਗਰਾਮ ਲੋਕਪ੍ਰਿਅ ਹੋ ਰਹੇ ਹਨ।

ਇਸ ਮੌਕੇ ਪਟਿਆਲਾ ਦੇ ਪਾਰਲੀਮੈਂਟ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਵਿਧਾਰਧਾਰਾ ਨੂੰ ਅਪਨਾਉਣ ਲਈ ਸਾਨੂੰ ਸਭ ਤੋਂ ਪਹਿਲਾਂ ਆਪੋ ਆਪਣੇ ਘਰਾਂ ਵਿਚ ਔਰਤਾਂ ਨੂੰ ਬਰਾਬਰੀ ਦੇਣੀ ਪਵੇਗੀ ਅਤੇ ਫੇਰ ਹੀ ਅਸੀਂ ਸਮਾਜ ਵਿਚੋਂ ਨਾਬਰਾਬਰੀ ਦਾ ਖਾਤਮਾ ਕਰ ਸਕਾਂਗੇ। ਉਨ੍ਹਾਂ ਹੋਰ ਕਿਹਾ ਕਿ ਸਾਨੂੰ ਪੂਰੀ ਦੁਨੀਆਂ ਦੇ ਮੁਲਕਾਂ, ਧਰਮਾਂ, ਜਾਤਾਂ ਅਤੇ ਨਸਲਾਂ ਨੂੰ ਇੱਕੋ ਨਜ਼ਰੀਏ ਨਾਲ ਦੇਖਣਾ ਪਵੇਗਾ।

ਇਸ ਤੋਂ ਪਹਿਲਾਂ ਪ੍ਰੋਗਰਾਮ ਦੀ ਰਸਮੀ ਸ਼ੁਰੂਆਤ ਕਰਦਿਆਂ ਰੈਡ ਕਰਾਸ ਨਸ਼ਾ ਛੁਡਾਊ ਕੇਂਦਰ, ਸੰਗਰੂਰ ਦੇ ਕੋਆਰਡੀਨੇਟਰ ਸ੍ਰੀ ਮੋਹਨ ਸ਼ਰਮਾ ਨੇ ਪੰਜਾਬ ਵਿਚ ਨਸ਼ਿਆਂ ਦੀ ਵੱਧ ਰਹੀ ਵਬਾ ਨੂੰ ਰੋਕਣ ਸਬੰਧੀ ਆਪਣੇ ਤਜਰਬੇ ਸਾਂਝੇ ਕੀਤੇ।



ਸਰਵਣ ਸਿੰਘ ਟਿਵਾਣਾ



ਦਰਸ਼ਨ ਸਿੰਘ ਬਸਰਾਓਂ

ਸਥਾਨਕ ਥਾਪਰ ਆਡੀਟੋਰੀਅਮ ਵਿਚ ਰੇਡੀਓ 'ਚੰਨ ਪ੍ਰਦੇਸੀ' ਦੇ ਮੁੱਖ ਪ੍ਰਬੰਧਕ ਸਰਵਣ ਸਿੰਘ ਟਿਵਾਣਾ ਤੇ ਦਰਸ਼ਨ ਸਿੰਘ ਬਸਰਾਓਂ ਦੇ ਨਿਰਦੇਸ਼ਨ ਅਤੇ ਹੈਡ ਜੋਗਿੰਦਰ ਸਿੰਘ ਮਹਿਰਾ ਦੀ ਅਗਵਾਈ 'ਚ ਕਰਵਾਏ ਗਏ ਇਸ ਸੈਮੀਨਾਰ ਦੀ ਸ਼ੁਰੂਆਤ ਰੇਡੀਓ ਹੋਸਟ ਸੁਖਨੈਬ ਸਿੱਧੂ ਨੇ 'ਰੇਡੀਓ ਚੰਨ ਪ੍ਰਦੇਸੀ' ਦੇ ਹੁਣ ਤੱਕ ਦੇ ਸਫਰ ਬਾਰੇ ਸਰੋਤਿਆਂ ਨੂੰ ਜਾਣੂ ਕਰਵਾਉਣ ਨਾਲ ਕੀਤੀ।

ਪ੍ਰੋਗਰਾਮ ਦੇ ਮੁੱਖ ਬੁਲਾਰੇ ਪੰਜਾਬੀ ਯੂਨੀਵਰਸਟੀ ਦੇ ਡੀਨ ਪ੍ਰੋ. ਹਰਵਿੰਦਰ ਸਿੰਘ ਭੱਟੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਸੋਚ ਨੂੰ ਅੱਗੇ ਵਧਾਉਣ ਲਈ ਮੀਡੀਆ ਵੱਡਾ ਯੋਗਦਾਨ ਪਾ ਸਕਦਾ ਹੈ ਅਤੇ ਮਨੁੱਖ ਦੀ ਮਨੁੱਖ ਹੱਥੋਂ ਹੁੰਦੀ ਲੁੱਟ ਤੇ ਹੋ ਰਹੇ ਸ਼ੋਸ਼ਣ ਖਿਲਾਫ ਮੀਡੀਆ ਹੀ ਸਭ ਤੋਂ ਵੱਧ ਆਵਾਜ਼ ਉਠਾ ਸਕਦਾ ਹੈ। ਪੱਤਰਕਾਰ ਬਲਤੇਜ ਪੰਨੂੰ ਅਤੇ ਸਾਬਕਾ ਡੀ.ਪੀ.ਆਰ.ਓ. ਉਜਾਗਰ ਸਿੰਘ ਨੇ ਵੀ ਆਪਣੇ ਵਡਮੁੱਲੇ ਵਿਚਾਰਾਂ ਨਾਲ ਹਾਜਰ ਸਰੋਤਿਆਂ ਨਾਲ ਸਾਂਝ ਪਾਈ। ਹੋਰ ਕਈ ਬੁਲਾਰਿਆਂ ਨੇ ਵੀ ਆਪੋ-ਆਪਣੇ ਵਿਚਾਰ ਦਰਸ਼ਕਾਂ ਨਾਲ ਸਾਂਝੇ ਕੀਤੇ। ਇਸ ਮੌਕੇ ਹੈਪੀ ਭਗਤਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਪੇਸ਼ ਕੀਤਾ ਗਿਆ ਕਾਵਿ ਨਾਟਕ 'ਬੁਝਾਰਤਾਂ' ਦਰਸ਼ਕਾਂ ਨੇ ਬਹੁਤ ਪਸੰਦ ਕੀਤਾ।

ਰੇਡੀਓ 'ਚੰਨ ਪ੍ਰਦੇਸੀ' ਦੇ ਹੋਸਟ-ਸੁਖਨੈਬ ਸਿੱਧੂ ਨੇ 'ਸਿੱਧੂ ਲਾਈਵ', ਅਮਨਦੀਪ ਬੇਦੀ ਨੇ 'ਅਮਨ ਲਾਈਵ', ਗੁਰਪ੍ਰੀਤ ਚਹਿਲ-ਸੰਦੀਪ ਚਹਿਲ ਨੇ 'ਪੰਜਾਬ ਲਾਈਵ', ਅਮਨ ਬੇਦੀ ਨੇ 'ਜਜ਼ਬਾਤ ਦਿਲਾਂ ਦੇ', ਹੈਪੀ ਭਗਤ ਤੇ ਕਿਰਨ ਨੇ 'ਰਵਾਨਗੀ', ਕਿਰਨਜੀਤ ਰੋਮਾਣਾ ਤੇ ਰੇਡੀਓ 'ਚੰਨ ਪ੍ਰਦੇਸੀ ਦੇ ਮੁਖ ਕਰਤਾ-ਧਰਤਾ ਸਰਵਣ ਟਿਵਾਣਾ ਨੇ 'ਪੰਜਾਬੀ ਸੱਥ', ਸੰਦੀਪ ਮਹਿਰਾ ਨੇ 'ਰੰਗਲੇ ਬੋਲ', ਜੀਤ ਕੱਦੋਂ ਨੇ 'ਪੰਜਾਬੀ ਢੋਲ', ਗੁਰਬਚਨ ਮਾਨ ਨੇ 'ਸਾਡੇ ਮਸਲੇ ਸਾਡੀਆਂ ਸਾਂਝਾਂ' ਅਤੇ ਪਰਮਜੀਤ ਬਾਠ ਨੇ ਖਬਰਾਂ ਦੇ ਵਿਸ਼ਲੇਸ਼ਣ ਸਬੰਧੀ ਜਾਣਕਾਰੀ ਦਿੱਤੀ।



ਇਸ ਮੌਕੇ ਡਾ. ਹਰਕੀਰਤ ਸਿੰਘ ਸਿੱਧੂ ਯਾਦਗਾਰੀ ਪੁਰਸਕਾਰ ਅਤੇ ਕੁਝ ਨਕਦ ਰਕਮ ਐਸ.ਜੀ.ਬੀ. ਫਾਊਂਡੇਸ਼ਨ, ਧਾਮ ਤਲਵੰਡੀ ਖੁਰਦ ਨੂੰ ਦਿੱਤੀ ਗਈ। ਇਸ ਤਰ੍ਹਾਂ 'ਭਾਈ ਘਨੱਈਏ ਦੇ ਵਾਰਸ' ਪੁਰਸਕਾਰ ਭਾਨ ਸਿੰਘ ਜੱਸੀ, 'ਵਿਰਸੇ ਦੀ ਵਾਰਸ' ਪੁਰਸਕਾਰ ਵੀਰਪਾਲ ਕੌਰ ਤੇ ਪਵਨਦੀਪ ਕੌਰ, 'ਝੱਖੜ 'ਚ ਬਲਦਾ ਚਿਰਾਗ' ਪੁਰਸਕਾਰ ਮਹੇਸ਼ ਇੰਦਰ ਖੋਸਲਾ, 'ਚਿਰਾਗਾਂ ਦਾ ਰਾਖਾ' ਪੁਰਸਕਾਰ ਮੋਹਨ ਸ਼ਰਮਾ ਤੇ ਡਾ. ਗੁਰਮੇਲ ਸਿੰਘ ਵਿਰਕ ਨੂੰ, 'ਧਰਤੀ ਦਾ ਪੁੱਤ' ਪੁਰਸਕਾਰ ਕਮਲਜੀਤ ਸਿੰਘ ਹੇਅਰ, 'ਸਭਿਆਚਾਰ ਦਾ ਰਾਖਾ' ਪੁਰਸਕਾਰ ਬਲਵੀਰ ਚੋਟੀਆ ਅਤੇ 'ਹਿੰਮਤੀ ਧੀ' ਪੁਰਸਕਾਰ ਨਾਲ ਕਾਰਤਿਕਤਾ ਨੂੰ ਨਿਵਾਜਿਆ ਗਿਆ।

ਇਸ ਸੈਮੀਨਾਰ ਦੌਰਾਨ ਹੋਰਨਾਂ ਤੋਂ ਇਲਾਵਾ ਜੋਗਿੰਦਰ ਸਿੰਘ ਸਿਬੀਆ ਅਤੇ ਸੁਖਵੀਰ ਕੌਰ ਸਰਾਂ ਦੀਆਂ ਕਿਤਾਬਾਂ ਵੀ ਲੋਕ ਅਰਪਿਤ ਕੀਤੀਆਂ ਗਈਆਂ। ਇਸ ਮੌਕੇ ਸੁਖਦੇਵ ਸਿੰਘ ਪਟਵਾਰੀ, ਦਵੀ ਸਿੱਧੂ, ਜਸਵਿੰਦਰ ਸਿੰਘ ਮਿਸੀਸਿੱਪੀ, ਜਰਨੈਲ ਘੁਮਾਣ, ਮਾਲਵਿੰਦਰ ਸਿੰਘ ਮਾਲੀ, ਬਲਵੀਰ ਜਲਾਲਾਬਾਦੀ, ਜਸਵੀਰ ਸਿੰਘ ਖੀਵਾ, ਘੁਣਤਰੀ ਜਗਸੀਰ ਸਿੰਘ ਸੰਧੂ, ਜਾਸਮੀਨ ਚੋਟੀਆਂ, ਗਾਇਕ ਤੇ ਗੀਤਕਾਰ ਫਤਿਹ ਸ਼ੇਰਗਿੱਲ, ਗੁਰਾਂਦਿੱਤਾ ਸੰਧੂ, ਹਰਬੰਸ ਸਿੰਘ ਬਠਿੰਡਾ, ਨਵਰੀਤ ਸਿਬੀਆ, ਫੋਟੋਗ੍ਰਾਫਰ ਸਚਵਿੰਦਰ, ਹਰਬਿੰਦਰਜੀਤ ਜੱਸੋਵਾਲ, ਨਾਮਦੇਵ ਸਿੱਧੂ, ਸੱਤਪਾਲ ਸਿਬੀਆ ਅਤੇ ਹੋਰ ਬਹੁਤ ਸਾਰੀਆਂ ਸ਼ਖਸੀਅਤਾਂ ਹਾਜਰ ਸਨ। ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਕੋਲਿੰਕਰ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਨਤਾਸ਼ਾ ਨੇ ਜਿੱਤਿਆ 'ਬੇਏਰੀਆ ਮਿਸਿਜ਼ ਬਿਊਟੀ ਖਿਤਾਬ'

**ਮਿਸ਼ੀਗਨ (ਦਲਬਾਰਾ ਸਿੰਘ ਮਾਂਗਟ):** ਮਿਸ਼ੀਗਨ ਵਿਚ ਵਸਦੇ ਪੰਜਾਬੀ ਪਰਿਵਾਰ ਦੀ ਲੜਕੀ ਨਤਾਸ਼ਾ ਕੌਰ ਨੇ ਕੈਲੀਫੋਰਨੀਆ ਦਾ 'ਬੇਏਰੀਆ ਮਿਸਿਜ਼ ਬਿਊਟੀ ਖਿਤਾਬ'




ਆਪਣੇ ਨਾਂ ਕਰ ਲਿਆ ਹੈ। ਇਹ ਪ੍ਰੋਗਰਾਮ 'ਬਾਲੀਵੁਡ ਈਵੈਂਟਸ' ਤਹਿਤ 28 ਫਰਵਰੀ 2018 ਨੂੰ ਕਰਵਾਇਆ ਗਿਆ, ਜਿਸ ਵਿਚ 15 ਮੁਕਾਬਲੇਬਾਜ਼ਾਂ ਨੇ ਹਿੱਸਾ ਲਿਆ। ਪ੍ਰੋਗਰਾਮ ਦੇ ਤਿੰਨ ਰਾਊਂਡ ਸਨ। ਪਹਿਲੇ ਵਿਚ ਜਾਣਕਾਰੀ, ਦੂਜੇ ਵਿਚ ਸਵਾਲ-ਜਵਾਬ ਅਤੇ ਤੀਜਾ ਦੌਰ ਗਰੈਂਡ ਫਨੈਲੀ ਸੀ, ਜਿਸ ਵਿਚ 31 ਸਾਲਾ ਨਤਾਸ਼ਾ ਕੌਰ, ਜੋ ਕੁਝ ਦੇਰ ਤੋਂ ਕੈਲੀਫੋਰਨੀਆ ਵਿਚ ਰਹਿ ਰਹੀ ਹੈ, ਨੇ ਇਹ ਖਿਤਾਬ ਜਿੱਤ ਲਿਆ। ਇਸ ਦਾ ਨਾ ਕੇਵਲ ਮਾਤਾ-ਪਿਤਾ ਨੂੰ ਮਾਣ ਹੈ, ਬਲਕਿ ਪੰਜਾਬੀ ਭਾਈਚਾਰੇ ਦਾ ਸਿਰ ਵੀ ਉਚਾ ਹੋਇਆ ਹੈ।

ਨਤਾਜ਼ਾ ਦੀ ਇਸ ਉਪਲਬਧੀ ਤੋਂ ਬਾਅਦ 'ਯੂ ਟੀ. ਵੀ.' ਵਲੋਂ ਇਕ ਖਾਸ ਮੁਲਾਕਾਤ ਕਰਕੇ ਲਾਈਵ ਟੈਲੀਕਾਸਟ ਕੀਤਾ ਗਿਆ, ਜਿਸ ਵਿਚ ਉਸ ਨੇ ਦੱਸਿਆ ਕਿ ਉਸ ਨੂੰ ਬਚਪਨ ਤੋਂ ਹੀ ਕੁਝ ਵੱਖਰਾ ਕਰਨ ਦੀ ਚਾਹਤ ਰਹਿੰਦੀ ਸੀ। ਦੱਸ ਦੇਈਏ ਕਿ ਨਤਾਸ਼ਾ ਪਹਿਲਾਂ ਵੀ ਮਿਸ ਕੈਲਮਜ਼ੂ (ਮਿਸ਼ੀਗਨ) ਰਹਿ ਚੁਕੀ ਹੈ। ਨਤਾਸ਼ਾ ਕੌਰ ਦਾ ਜਨਮ ਦਿੱਲੀ ਰਹਿੰਦੇ ਸਾਦਗੀ ਵਾਲੇ ਪਰਿਵਾਰ ਵਿਚ ਪਿਤਾ ਸਵਿੰਦਰ ਸਿੰਘ ਸੇਠੀ ਅਤੇ ਮਾਤਾ ਰਾਜਿੰਦਰ ਕੌਰ ਦੇ ਘਰ ਹੋਇਆ। ਬਾਅਦ ਵਿਚ ਅਮਰੀਕਾ ਆ ਕੇ ਉਸ ਨੇ ਤਾਲੀਮ ਹਾਸਲ ਕੀਤੀ, ਜਿਥੇ ਪੜ੍ਹਾਈ ਦੇ ਨਾਲ ਨਾਲ ਨਤਾਸ਼ਾ ਦਾ ਰੁਝਾਨ ਹੋਰ ਖੇਤਰਾਂ ਵਿਚ ਵੀ ਰਹਿੰਦਾ ਸੀ। ਉਹ ਕਾਫੀ ਦਿਲਚਸਪੀ ਰੱਖਦੀ ਤੇ ਵਧੀਆ ਪ੍ਰਦਰਸ਼ਨ ਕਰਦੀ ਰਹਿੰਦੀ।

ਇਹ ਖਿਤਾਬ ਜਿੱਤਣ ਤੋਂ ਬਾਅਦ ਨਤਾਸ਼ਾ ਨੇ ਕਿਹਾ ਕਿ ਹੁਣ ਮੈਨੂੰ ਇਹ ਵਿਸ਼ਵਾਸ ਹੋ ਗਿਆ ਹੈ ਕਿ ਔਰਤ ਸਮਾਜ ਵਿਚ ਬਦਲਾਓ ਲਿਆ ਸਕਦੀ ਹੈ। ਉਸ ਦਾ ਕਹਿਣਾ ਹੈ ਕਿ ਭਾਵੇਂ ਪਤਨੀ ਹੋਵੇ ਜਾਂ ਮਾਂ, ਕਦੀ ਵੀ ਆਪਣੇ 'ਤੇ ਭਰੋਸਾ ਨਹੀਂ ਛੱਡਣਾ ਚਾਹੀਦਾ। ਸਗੋਂ ਆਪਣੇ ਸੁਪਨੇ ਪੂਰੇ ਕਰਨ ਲਈ ਹਮੇਸ਼ਾ ਕੋਸ਼ਿਸ਼ ਜਾਰੀ ਰੱਖਣੀ ਚਾਹੀਦੀ ਹੈ।

ਨਤਾਸ਼ਾ ਨੇ ਇਹ ਵੀ ਸਪਸ਼ਟ ਕੀਤਾ ਕਿ ਇਹ ਖਿਤਾਬ ਜਿੱਤਣ ਵਿਚ ਉਸ ਦੇ ਪਤੀ ਦਾ ਬਹੁਤ ਵੱਡਾ ਯੋਗਦਾਨ ਹੈ। 'ਕੁੜੀ ਪੜ੍ਹਾਓ, ਕੁੜੀ ਬਚਾਓ' ਦੇ ਨਾਅਰੇ 'ਤੇ ਪਹਿਰਾ ਦਿੰਦਿਆਂ ਹਰ ਮਾਂ-ਪਿਓ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਸੁਪਨੇ ਪੂਰੇ ਕਰਨ ਲਈ ਸਹਿਯੋਗ ਤੇ ਹੱਲਾਸ਼ੇਰੀ ਦੇਣ, ਨਾ ਕਿ ਕੇਵਲ ਮੱਲੋਜੋਰੀ ਕਰਨ। ਨਤਾਸ਼ਾ ਕੌਰ ਹੁਣ ਵੱਖ ਵੱਖ ਪ੍ਰੋਗਰਾਮਾਂ ਵਿਚ ਪੰਜਾਬੀ ਭਾਈਚਾਰੇ ਦੀ ਇਕ ਅੰਬੈਸਡਰ ਵਜੋਂ ਨੁਮਾਇੰਦਗੀ ਕਰੇਗੀ।

# ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਪੰਜਾਬ ਦੇ ਕੋਹੇਨੂਰ' ਭਾਗ ਤੀਜਾ ਰਿਲੀਜ਼

**ਮੁਕੰਦਪੁਰ (ਬਿਊਰੋ):** ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਮੁਕੰਦਪੁਰ ਦੀ ਇਕ ਸਾਹਿਤਕ ਮਿਲਣੀ ਵਿਚ ਕਾਲਜ ਦੇ ਸਾਬਕਾ ਪ੍ਰਿੰਸੀਪਲ ਸਰਵਣ ਸਿੰਘ ਦੀ ਨਵੀਂ ਪੁਸਤਕ 'ਪੰਜਾਬ ਦੇ ਕੋਹੇਨੂਰ-ਭਾਗ ਤੀਜਾ' ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਰਿਲੀਜ਼ ਕੀਤੀ। ਇਸ ਦੇ 272 ਪੰਨਿਆਂ ਉਤੇ ਅਜਮੇਰ ਔਲਖ, ਵਰਿਆਮ ਸੰਧੂ, ਇਕਬਾਲ ਮਾਹਲ, ਕਵੀਸ਼ਰ ਰਣਜੀਤ ਸਿੰਘ ਸਿੱਧਵਾਂ, ਇਕਬਾਲ ਰਾਮੂਵਾਲੀਆ ਤੇ ਸ਼ਮਸ਼ੇਰ ਸੰਧੂ ਬਾਰੇ ਲੰਮੇ ਰੇਖਾ ਚਿੱਤਰ ਉਲੀਕੇ ਗਏ ਹਨ।




'ਪੰਜਾਬ ਦੇ ਕੋਹੇਨੂਰ' ਪੁਸਤਕ ਲੜੀ ਵਿਚ ਹੁਣ ਤਕ 22 ਪੰਜਾਬੀ ਹੀਰਿਆਂ ਦੇ ਜੀਵਨੀਨੁਮਾ ਸ਼ਬਦ ਚਿੱਤਰ ਛਪ ਚੁਕੇ ਹਨ। ਪ੍ਰਿੰਸੀਪਲ ਸਰਵਣ ਸਿੰਘ ਦੀ ਵਾਰਤਕ ਦੇ ਵੰਨ-ਸੁਵੰਨੇ ਰੰਗ ਹਨ ਜੋ ਉਨ੍ਹਾਂ ਨੇ ਕੁਝ ਮਹੀਨੇ ਪਹਿਲਾਂ ਛਪੀ ਆਪਣੀ ਪੁਸਤਕ 'ਮੇਰੇ ਵਾਰਤਕ ਦੇ ਰੰਗ' ਵਿਚ ਵਿਖਾਏ ਹਨ। ਉਹ ਪੁਸਤਕ ਪੀਪਲਜ਼ ਫੋਰਮ ਬਰਗਾੜੀ ਨੇ ਪ੍ਰਕਾਸ਼ਤ ਕੀਤੀ ਸੀ, ਜੋ ਡਾ. ਸਰਦਾਰਾ ਸਿੰਘ ਜੌਹਲ ਨੇ ਅਮਰਦੀਪ ਮੇਲਾ-2017 ਵਿਚ ਰਿਲੀਜ਼ ਕੀਤੀ।

'ਪੰਜਾਬ ਦੇ ਕੋਹੇਨੂਰ' ਦੇ ਤਿੰਨੇ ਭਾਗ ਸੰਗਮ ਪਬਲੀਕੇਸ਼ਨਜ਼, ਸਮਾਣਾ ਨੇ ਪ੍ਰਕਾਸ਼ਿਤ ਕੀਤੇ ਹਨ। ਇਸੇ ਸਮਾਗਮ ਵਿਚ ਅਮਰ ਘੋਲੀਆ ਵੱਲੋਂ ਪ੍ਰਿੰ. ਸਰਵਣ ਸਿੰਘ ਬਾਰੇ ਬਣਾਈ ਦਸਤਾਵੇਜ਼ੀ ਫਿਲਮ 'ਕਲਮ ਦਾ ਸਫਰ' ਵੀ ਵਿਖਾਈ ਗਈ ਅਤੇ ਅਮਰ ਘੋਲੀਆ ਦਾ ਸਨਮਾਨ ਕੀਤਾ ਗਿਆ। ਵਰਿਆਮ ਸਿੰਘ ਸੰਧੂ ਨੇ ਪ੍ਰਿੰ. ਸਰਵਣ ਸਿੰਘ ਦੀ ਵਾਰਤਕ ਰਚਨਾ ਦਾ ਜ਼ਿਕਰ ਕਰਦਿਆਂ ਪੰਜਾਬੀ ਸਾਹਿਤ ਬਾਰੇ ਦਿਲਚਸਪ ਗੱਲਾਂ ਕੀਤੀਆਂ ਜੋ ਸਰੋਤਿਆਂ ਨੇ ਮੰਤਰ ਮੁਗਧ ਹੋ ਕੇ ਸੁਣੀਆਂ।

ਕਾਲਜ ਦੇ ਵਿਦਿਆਰਥੀਆਂ ਨੇ ਕੋਰਸ ਵਿਚ ਲੱਗੀਆਂ ਪ੍ਰਿੰ. ਸਰਵਣ ਸਿੰਘ ਨੂੰ ਉਨ੍ਹਾਂ ਦੀਆਂ ਕਹਾਣੀਆਂ ਬਾਰੇ ਘੋਖਵੇਂ ਸਵਾਲ ਪੁੱਛ ਕੇ ਸਮਾਗਮ ਨੂੰ ਸੈਮੀਨਾਰ ਦਾ ਰੰਗ ਚਾੜ੍ਹਿਆ। ਮੰਚ ਉਤੇ ਅਮਰਦੀਪ ਕਾਲਜ ਦੇ ਬਾਨੀ ਚੇਅਰਮੈਨ ਗੁਰਚਰਨ ਸਿੰਘ ਸ਼ੇਰਗਿੱਲ, ਵਰਿਆਮ ਸਿੰਘ ਸੰਧੂ, ਰਜਵੰਤ ਕੌਰ ਸੰਧੂ, ਸੁਰਿੰਦਰ ਸਿੰਘ ਢੀਂਡਸਾ, ਪ੍ਰਿੰ. ਸਰਵਣ ਸਿੰਘ, ਪ੍ਰਿੰ. ਗੁਰਜੰਟ ਸਿੰਘ ਤੇ ਪ੍ਰਿੰ. ਪਰਮਜੀਤ ਕੌਰ ਬਿਰਾਜਮਾਨ ਸਨ, ਜਦ ਕਿ ਸਰੋਤਿਆਂ ਵਿਚ ਪੰਜਾਬੀ ਸਾਹਿਤ ਦੇ ਵਿਦਿਆਰਥੀਆਂ ਤੋਂ ਇਲਾਵਾ ਸਥਾਨਕ ਲੇਖਕ, ਅਮਰਦੀਪ ਕਾਲਜ ਤੇ ਅਮਰਦੀਪ ਸਕੂਲ ਦੇ ਸਟਾਫ ਮੈਂਬਰ ਅਤੇ ਇਲਾਕੇ ਦੇ ਪਤਵੰਤੇ ਸੱਜਣ ਸ਼ਾਮਲ ਸਨ। ਸਮਾਗਮ ਦੀ ਕਾਰਵਾਈ ਸੰਗੀਤ ਵਿਭਾਗ ਦੇ ਮੁਖੀ ਪ੍ਰੋ. ਸ਼ਮਸ਼ਾਦ ਅਲੀ ਨੇ ਨਿਭਾਈ।



# ਐਸ. ਅਸ਼ੋਕ ਭੌਰਾ ਦੀ ਪੁਸਤਕ 'ਵਿਚੋ ਵਿਚ ਦੀ' ਰਿਲੀਜ਼

**ਜਲੰਧਰ (ਬਿਊਰੋ):** ਪਿਛਲੇ ਕਰੀਬ ਚਾਰ ਦਹਾਕਿਆਂ ਤੋਂ ਪੰਜਾਬ ਦੇ ਸਾਹਿਤਕ ਤੇ ਸਭਿਆਚਾਰਕ ਹਲਕਿਆਂ ਵਿਚ ਸਰਗਰਮ ਪੱਤਰਕਾਰ ਤੇ ਲੇਖਕ ਐਸ. ਅਸ਼ੋਕ ਭੌਰਾ ਦੀ ਪੰਜਾਬ ਦੇ ਸੰਗੀਤਕ ਇਤਿਹਾਸ ਨੂੰ ਪੇਸ਼ ਕਰਦੀ ਕਰੀਬ 450 ਸਫਿਆਂ ਦੀ ਪੁਸਤਕ 'ਵਿਚੋ ਵਿਚ ਦੀ' ਇਥੇ ਪ੍ਰੈਸ ਕਲੱਬ ਵਿਚ ਰਿਲੀਜ਼ ਕੀਤੀ ਗਈ।



ਪੁਸਤਕ 'ਵਿਚੋ ਵਿਚ ਦੀ' ਰਿਲੀਜ਼ ਕਰਦਿਆਂ ਸਤਨਾਮ ਸਿੰਘ ਮਾਣਕ, ਡਾ. ਲਖਵਿੰਦਰ ਜੌਹਲ, ਜਰਨੈਲ ਘੁਮਾਣ, ਰਣਜੀਤ ਕੌਰ, ਸਰਦੂਲ ਸਿਕੰਦਰ, ਗੁਰਪ੍ਰੀਤ ਘੁੱਗੀ, ਐਸ. ਅਸ਼ੋਕ ਭੌਰਾ, ਦੀਪਕ ਬਾਲੀ ਤੇ ਹੋਰ।

ਸਮਾਗਮ ਵਿਚ ਸੀਨੀਅਰ ਪੱਤਰਕਾਰ ਅਤੇ ਅਜੀਤ ਦੇ ਕਾਰਜਕਾਰੀ ਸੰਪਾਦਕ ਸਤਨਾਮ ਸਿੰਘ ਮਾਣਕ, ਹਾਸਰਸ ਕਲਾਕਾਰ ਗੁਰਪ੍ਰੀਤ ਘੁੱਗੀ, ਗਾਇਕ ਸਰਦੂਲ ਸਿਕੰਦਰ ਤੇ ਰਣਜੀਤ ਕੌਰ, ਸੰਗੀਤਕ ਉਦਯੋਗ ਨਾਲ ਜੁੜੇ ਰਹੇ ਜਰਨੈਲ ਘੁਮਾਣ, ਜਾਗ੍ਰਿਤੀ ਮੰਚ ਦੇ ਸਕੱਤਰ ਦੀਪਕ ਬਾਲੀ ਅਤੇ ਪ੍ਰੈਸ ਕਲੱਬ ਜਲੰਧਰ ਦੇ ਪ੍ਰਧਾਨ ਡਾ. ਲਖਵਿੰਦਰ ਜੌਹਲ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਹੋਏ।

ਪੁਸਤਕ ਦੀ ਘੁੰਡ ਚੁਕਾਈ ਕਰਦਿਆਂ ਸਤਨਾਮ ਮਾਣਕ ਨੇ ਕਿਹਾ ਕਿ ਪੰਜਾਬੀ ਇਤਿਹਾਸ ਤਾਂ ਬਣਾ ਲੈਂਦੇ ਹਨ ਪਰ ਸੰਭਾਲਣਾ ਨਹੀਂ ਜਾਣਦੇ, ਐਸ. ਅਸ਼ੋਕ ਭੌਰਾ ਨੇ ਆਪਣੀ ਪੁਸਤਕ 'ਵਿਚੋ ਵਿਚ ਦੀ' ਜ਼ਰੀਏ ਪੰਜਾਬ ਦੇ ਸੰਗੀਤਕ ਇਤਿਹਾਸ ਨੂੰ ਸੰਭਾਲਣ ਦਾ ਵਡਮੁੱਲਾ ਯਤਨ ਕੀਤਾ ਹੈ। ਉਹ ਗਾਇਕਾਂ 'ਚ ਤਿੰਨ ਦਹਾਕੇ ਪੂਰੀ ਸਰਗਰਮੀ ਨਾਲ ਵਿਚਰੇ ਹਨ ਅਤੇ ਇਨ੍ਹਾਂ ਯਾਦਾਂ ਨੂੰ ਇਸ ਪੁਸਤਕ ਵਿਚ ਸਰਲ ਸ਼ਬਦਾਵਲੀ 'ਚ ਪੇਸ਼ ਕਰਨ ਦਾ ਸਫਲ ਯਤਨ ਕੀਤਾ ਹੈ। ਉਨ੍ਹਾਂ ਸ੍ਰੀ ਭੌਰਾ ਨੂੰ ਵਧਾਈ ਦਿੰਦਿਆਂ ਇਸ ਪੁਸਤਕ ਲਈ ਸ਼ੁੱਭ ਕਾਮਨਾਵਾਂ ਭੇਟ ਕੀਤੀਆਂ।

ਉਘੇ ਹਾਸਰਸ ਕਲਾਕਾਰ ਗੁਰਪ੍ਰੀਤ ਘੁੱਗੀ ਨੇ ਕਿਹਾ ਕਿ ਸ੍ਰੀ ਭੌਰਾ ਦਾ ਲਿਖਣ ਦਾ ਅੰਦਾਜ਼ ਬਾਕਮਾਲ ਹੈ ਤੇ ਉਸ ਪਾਸ ਸਾਧਾਰਨ ਘਟਨਾਵਾਂ ਨੂੰ ਵੀ ਕਲਾਤਮਕ ਨਜ਼ਰੀਏ ਨਾਲ ਪੇਸ਼ ਕਰਨ ਦਾ ਵੱਡਾ ਹੁਨਰ ਹੈ। 'ਵਿਚੋ ਵਿਚ ਦੀ' ਪੁਸਤਕ ਦੋ ਸੌ ਸਾਲ ਬਾਅਦ ਵੀ ਪੰਜਾਬ ਦੇ ਇਕ ਸੰਗੀਤਕ ਯੁੱਗ ਦੀ ਬਾਤ ਪਾਉਂਦੀ ਰਹੇਗੀ।

ਗਾਇਕ ਸਰਦੂਲ ਸਿਕੰਦਰ ਨੇ ਕਿਹਾ ਕਿ ਉਨ੍ਹਾਂ ਨਾਲ ਅਸ਼ੋਕ ਭੌਰਾ ਦੀ ਜੀਵਨ ਭਰ ਭਰਾਵਾਂ ਵਰਗੀ ਸਾਂਝ ਰਹੀ ਹੈ ਤੇ ਉਹ ਗਾਇਕਾਂ ਨੂੰ ਬਹੁਤ ਕਰੀਬ ਤੋਂ ਜਾਣਦੇ ਹੀ ਨਹੀਂ, ਉਨ੍ਹਾਂ ਦੇ ਸੁਭਾਅ, ਰਹਿਣ ਸਹਿਣ ਅਤੇ ਪਰਦੇ ਪਿਛਲੀਆਂ ਗੱਲਾਂ ਨੂੰ ਵੀ ਸੰਭਾਲੀ ਬੈਠੇ ਹਨ। ਇਸ ਪੁਸਤਕ ਵਿਚ ਸਮੁੱਚੀ ਗਾਇਕੀ ਦਾ ਇਕ ਤਰ੍ਹਾਂ ਨਾਲ ਜੀਵਨ ਬਿਓਰਾ ਪੰਜਾਬੀ ਗਾਇਕੀ ਦਾ ਸੁਨਿਹਰੀ ਇਤਿਹਾਸ ਗਿਣਿਆ ਜਾਵੇਗਾ। ਗਾਇਕਾ ਰਣਜੀਤ ਕੌਰ ਨੇ ਅਸ਼ੋਕ ਭੌਰਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਜਿਵੇਂ ਅਸੀਂ ਘਰਾਂ 'ਚ ਜਾਇਦਾਦ ਦੀਆਂ ਰਜਿਸਟਰੀਆਂ ਸੰਭਾਲ ਕੇ ਰੱਖਦੇ ਹਾਂ, ਉਵੇਂ ਹੀ ਇਸ ਪੁਸਤਕ ਨੂੰ ਸੰਭਾਲਿਆ ਜਾਣਾ ਚਾਹੀਦਾ ਹੈ ਕਿਉਂਕਿ ਪੰਜਾਬੀ ਗਾਇਕੀ ਦੇ ਅਮੀਰ ਸਮੇਂ ਦੀ 'ਵਿਚੋ ਵਿਚ ਦੀ' ਸਭ ਤੋਂ ਅਹਿਮ ਪੁਸਤਕ ਹੋਵੇਗੀ।

ਕਰੀਬ ਚਾਰ ਦਹਾਕਿਆਂ ਤੋਂ ਹੀ ਸੰਗੀਤ ਖੇਤਰ ਨਾਲ ਜੁੜੇ ਰਹੇ ਜਰਨੈਲ ਘੁਮਾਣ ਨੇ ਸ੍ਰੀ ਭੌਰਾ ਨਾਲ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਉਹ ਜਿਸ ਵੀ ਕਲਾਕਾਰ ਲਈ ਲਿਖ ਦਿੰਦੇ ਸਨ, ਉਸ ਦੀ ਬੱਲੇ ਬੱਲੇ ਹੀ ਹੁੰਦੀ ਸੀ। ਇਸੇ ਕਰਕੇ ਉਸ ਨੂੰ ਸ਼ਬਦਾਂ ਦਾ ਜਾਦੂਗਰ ਵੀ ਕਿਹਾ ਜਾਂਦਾ ਹੈ। ਪ੍ਰੈਸ ਕਲੱਬ ਦੇ ਪ੍ਰਧਾਨ ਡਾ. ਲਖਵਿੰਦਰ ਜੌਹਲ ਨੇ ਕਿਹਾ ਕਿ ਇਹ ਪੁਸਤਕ ਰੌਚਕ ਵੀ ਹੈ, ਸੰਵੇਦਨਸ਼ੀਲ ਵੀ ਅਤੇ ਗਾਇਕਾਂ ਦੇ ਆਮ ਅੱਖ ਤੋਂ ਪਰ੍ਹੇ ਹੋ ਕੇ ਵਿਚਰੇ ਜੀਵਨ ਦਾ ਨਜ਼ਰੀਆ ਵੀ ਹੈ। ਉਨ੍ਹਾਂ ਕਿਹਾ ਕਿ ਮੈਨੂੰ ਮਾਣ ਹੈ ਕਿ ਜਲੰਧਰ ਦੂਰਦਰਸ਼ਨ ਤੋਂ ਪਹਿਲੀ ਵਾਰ ਅਸ਼ੋਕ ਭੌਰਾ ਨੂੰ ਪੇਸ਼ ਕਰਨ ਦਾ ਮੈਂ ਹੀ ਸਫਲ ਯਤਨ ਕੀਤਾ ਸੀ।

ਜ਼ਰੂਰੀ ਰੁਝੇਵਿਆਂ ਕਾਰਨ ਸਮਾਗਮ ਤੋਂ ਕੁਝ ਸਮਾਂ ਪਹਿਲਾਂ ਹਾਜ਼ਰੀ ਲੁਆ ਕੇ ਗਏ ਗਾਇਕ ਮੁਹੰਮਦ ਸਦੀਕ ਨੇ ਅਸ਼ੋਕ ਭੌਰਾ ਦੀ ਇਸ ਪੁਸਤਕ ਪ੍ਰਤੀ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਜਿਵੇਂ ਅਸੀਂ ਖੇਤਾਂ ਦੇ ਵਿਚੋ ਵਿਚ ਦੀ ਜਾਂ ਬਜ਼ਾਰਾਂ ਦੇ ਵਿਚੋ ਵਿਚ ਦੀ ਗੁਜ਼ਰਦੇ ਹੋਏ ਆਸ ਪਾਸ ਦੇ ਸਭ ਹਾਲਾਤ ਆਪਣੇ ਅੰਦਰ ਸਮੋ ਲੈਂਦੇ ਹਾਂ, ਉਸੇ ਤਰ੍ਹਾਂ ਐਸ ਅਸ਼ੋਕ ਭੌਰਾ ਨੇ ਪੰਜਾਬੀ ਗਾਇਕਾਂ ਦੇ ਵਿਚੋ ਵਿਚ ਦੀ ਵਿਚਰਦਿਆਂ ਪੁਸਤਕ ਵਡਮੁੱਲੀ ਜਾਣਕਾਰੀ ਨੂੰ ਕਲਮਬੱਧ ਕਰ ਦਿੱਤਾ ਹੈ।

ਮੰਚ ਸੰਚਾਲਨ ਕਰਦਿਆਂ ਪੰਜਾਬ ਜਾਗ੍ਰਿਤੀ ਮੰਚ ਦੇ ਸਕੱਤਰ ਦੀਪਕ ਬਾਲੀ ਨੇ ਕਿਹਾ ਕਿ ਮੈਂ ਸ੍ਰੀ ਭੌਰਾ ਨੂੰ ਤੀਹ ਸਾਲ ਤੋਂ ਲਗਾਤਾਰ ਪੜ੍ਹਦਾ ਆ ਰਿਹਾ ਹਾਂ, ਉਹ ਪੰਜਾਬੀ ਗਾਇਕਾਂ ਲਈ ਦਿਲ ਦੀ ਧੜਕਣ ਵਾਂਗ ਰਹੇ ਹਨ। ਜਗਬਾਣੀ ਦੇ ਸਾਹਿਤ ਸੰਪਾਦਕ ਕੁਲਦੀਪ ਸਿੰਘ ਬੇਦੀ ਨੇ ਕਿਹਾ ਕਿ ਅਸ਼ੋਕ ਭੌਰਾ ਦੀ ਇਹ ਪੁਸਤਕ ਪੰਜਾਬ ਦੇ ਅਮੀਰ ਪੰਜਾਬੀ ਗਾਇਕੀ ਜੀਵਨ ਦੀ ਅਮੀਰ ਸ਼ੈਲੀ ਮੰਨੀ ਜਾਵੇਗੀ।

ਇਸ ਮੌਕੇ ਗਾਇਕ ਰਸ਼ਪਾਲ ਰਸੀਲਾ ਤੇ



ਰਣਜੀਤ ਕੌਰ ਦਾ ਸਵਾਗਤ ਕਰਦੇ ਹੋਏ ਸਰਦੂਲ ਸਿਕੰਦਰ, ਅਸ਼ੋਕ ਭੌਰਾ ਤੇ ਘੁੱਗੀ।

ਮੋਹਣੀ ਰਸੀਲਾ, ਸ਼੍ਰੋਮਣੀ ਗੀਤਕਾਰ ਅਮਰੀਕ ਸਿੰਘ ਤਲਵੰਡੀ, ਹਰਮੀਤ ਅਟਵਾਲ, ਇੰਗਲੈਂਡ ਤੋਂ ਗਾਇਕਾ ਸੋਨਾ ਵਾਲੀਆ, 'ਸਹਾਇਤਾ' ਦੇ ਡਾ. ਰਜਿੰਦਰ ਸਿੰਘ, ਗੁਰਮੀਤ ਸਿੰਘ ਵਾਰਿਸ, ਮਨਦੀਪ ਕੌਰ ਪੰਨੂ, ਸੰਗਤ ਰਾਮ, ਨਰਾਇਣ ਸਿੰਘ, ਕੁਲਵੰਤ ਸਿੰਘ ਹੀਰਾ, ਕੁਲਵੰਤ ਸਿੰਘ ਬਾਲਮ, ਮੋਹਣ ਸਿੰਘ ਸਹਿਗਲ, ਆਤਮ ਪ੍ਰਕਾਸ਼ ਬਬਲੂ, ਪ੍ਰੈਸ ਕਲੱਬ ਜਲੰਧਰ ਦੇ ਸਾਬਕਾ ਪ੍ਰਧਾਨ ਮੇਜਰ ਸਿੰਘ ਅਤੇ ਅਸ਼ੋਕ ਭੌਰਾ ਦੇ ਲਿਖਤਾਂ ਦੇ ਉਪਾਸ਼ਕ ਵੱਡੀ ਗਿਣਤੀ ਵਿਚ ਹਾਜ਼ਰ ਸਨ।

ਪ੍ਰੋਗਰਾਮ ਦੇ ਆਖਰ ਵਿਚ ਅਸ਼ੋਕ ਭੌਰਾ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਗਾਇਕਾਂ ਨੂੰ ਉਨ੍ਹਾਂ ਤੱਕ ਹੀ ਨਹੀਂ, ਉਨ੍ਹਾਂ ਦੇ ਪਰਿਵਾਰਾਂ ਤੱਕ, ਰਿਸ਼ਤੇਦਾਰੀਆਂ ਤੱਕ ਜਾਣਦਾ ਹਾਂ। ਢਾਡੀਆਂ, ਕਵੀਸ਼ਰਾਂ, ਸੰਗੀਤਕਾਰਾਂ, ਗੀਤਕਾਰਾਂ, ਸਾਜ਼ਿੰਦਿਆਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ ਅਤੇ ਐਚ. ਐਮ. ਵੀ. ਸਮੇਤ ਰਿਕਾਰਡਿੰਗ ਕੰਪਨੀਆਂ ਦੀ ਰਿਕਾਰਡਿੰਗ ਸ਼ੈਲੀ ਅਤੇ ਗਾਇਕੀ ਦੇ ਇਸ ਸਮੇਂ ਵਿਚ ਵਾਪਰੀਆਂ ਆਮ ਅੱਖ ਤੋਂ ਦੂਰ ਘਟਨਾਵਾਂ ਨੂੰ ਅੱਖੀਂ ਦੇਖਿਆ ਹੈ ਅਤੇ ਇਸ ਪੁਸਤਕ 'ਚ ਇੰਨ-ਬਿੰਨ ਇਨ੍ਹਾਂ ਦੀ ਪੇਸ਼ਕਾਰੀ ਨੂੰ ਸੁਰਬੱਧ ਕਰਨ ਦੀ ਨਿਮਾਣੀ ਕੋਸ਼ਿਸ਼ ਕੀਤੀ ਹੈ।

ਇਸ ਮੌਕੇ ਲੋਪੋਕੇ ਭਰਾਵਾਂ-ਲਖਵੀਰ ਤੇ ਰਜਿੰਦਰ ਨੇ ਅਸ਼ੋਕ ਭੌਰਾ ਦੀ ਰਚਨਾ 'ਬੰਦਿਆ ਜੇ ਬੰਦਾ ਬਣਨਾ ਈ, ਕੰਮ ਬੰਦਿਆਂ ਵਾਲੇ ਕਰਿਆ ਕਰ' ਗਾ ਕੇ ਸਮਾਗਮ ਨੂੰ ਸੰਗੀਤਕ ਰੂਹ ਦਿੱਤੀ।

# ਫਿਲਮ 'ਸੂਬੇਦਾਰ ਜੋਗਿੰਦਰ ਸਿੰਘ' ਅਤੇ ਨਿਰਦੇਸ਼ਕ ਸਿਮਰਜੀਤ ਸਿੰਘ

## ਮੁਲਾਕਾਤ

**ਸੁਰਜੀਤ ਜੱਸਲ**
ਫੋਨ: 91-98146-07737



ਸਿਮਰਜੀਤ ਸਿੰਘ ਪੰਜਾਬੀ ਸਿਨੇਮਾ ਦਾ ਇੱਕ ਨਾਮੀ ਨਿਰਦੇਸ਼ਕ ਹੈ। 'ਅੰਗਰੇਜ਼', 'ਨਿੱਕਾ ਜ਼ੈਲਦਾਰ', 'ਚੱਕ ਜਵਾਨਾ', 'ਨਿੱਕਾ ਜ਼ੈਲਦਾਰ-2' ਵਰਗੀਆਂ ਚਰਚਿਤ ਫਿਲਮਾਂ ਦੇਣ ਵਾਲਾ ਇਹ ਨਿਰਦੇਸ਼ਕ 6 ਅਪਰੈਲ ਨੂੰ ਦੇਸ਼ ਭਗਤੀ ਦੇ ਜਜ਼ਬੇ ਵਾਲੀ ਪੰਜਾਬੀ ਫਿਲਮ 'ਸੂਬੇਦਾਰ ਜੋਗਿੰਦਰ ਸਿੰਘ' ਲੈ ਕੇ ਆ ਰਿਹਾ ਹੈ।

ਆਮ ਫਿਲਮਾਂ ਤੋਂ ਵੱਖਰੀਆਂ ਫਿਲਮਾਂ ਬਣਾਉਣ ਵਾਲੇ ਸਿਮਰਜੀਤ ਵਿਚ ਨਿੱਤ-ਨਵੇਂ ਤਜਰਬੇ ਕਰਨ ਦਾ ਜੇਰਾ ਹੈ। ਮਾਲਵੇ ਦੇ ਇੱਕ ਛੋਟੇ ਜਿਹੇ ਪਿੰਡ ਧੂੜਕੋਟ ਰਣਸੀਂਹ (ਨੇੜੇ ਨਿਹਾਲ ਸਿੰਘ ਵਾਲਾ-ਮੋਗਾ) 'ਚ ਜੰਮਿਆ-ਪਲਿਆ ਸਿਮਰਜੀਤ ਪਿਛਲੇ ਕਈ ਸਾਲਾਂ ਤੋਂ ਫਿਲਮੀ ਦੁਨੀਆਂ ਨਾਲ ਜੁੜਿਆ ਹੋਇਆ ਹੈ। ਸੰਘਰਸ਼ ਦੇ ਦਿਨੀਂ ਉਸ ਨੇ ਬਾਲੀਵੁੱਡ ਦੇ ਕਈ ਨਾਮੀ ਨਿਰਦੇਸ਼ਕਾਂ-ਅਨੀਸ਼ ਬਜ਼ਮੀ, ਅਨਿਲ ਦੇਵਗਣ, ਰੋਹਿਤ ਸ਼ੈਟੀ ਤੇ ਸਵਰਗੀ ਮਨੋਜ ਪੁੰਜ ਨਾਲ ਬਤੌਰ ਸਹਾਇਕ ਨਿਰਦੇਸ਼ਕ ਕੰਮ ਕੀਤਾ।

ਕਲਾਤਮਕ ਸੋਚ ਅਤੇ ਤੀਖਣ ਬੁੱਧੀ ਵਾਲਾ ਸਿਮਰਜੀਤ ਆਪਣੇ ਕੰਮ ਪ੍ਰਤੀ ਬਹੁਤ ਸੰਜੀਦਾ ਹੈ। ਉਸ ਨੂੰ ਮਾਣ ਹੈ ਕਿ ਉਹ ਫਿਲਮ 'ਸੂਬੇਦਾਰ ਜੋਗਿੰਦਰ ਸਿੰਘ' ਜ਼ਰੀਏ ਆਪਣੇ ਜਿਲ੍ਹੇ ਦੇ ਨਾਇਕ ਦੀ ਸ਼ਹਾਦਤ ਨੂੰ ਫਿਲਮੀ ਪਰਦੇ 'ਤੇ ਪੇਸ਼ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਸੂਬੇਦਾਰ ਜੋਗਿੰਦਰ ਸਿੰਘ ਮੋਗਾ ਜਿਲ੍ਹੇ ਦੇ ਪਿੰਡ ਮਾਹਲਾ ਕਲਾਂ ਦਾ ਜੰਮਪਲ ਸੀ ਜਿਸ ਨੇ 1962 ਦੀ ਚੀਨ ਜੰਗ ਵਿਚ ਸ਼ਹਾਦਤ ਦਾ ਜਾਮ ਪੀਤਾ।

ਪੇਸ਼ ਹਨ, ਸਿਮਰਜੀਤ ਨਾਲ ਗੱਲਬਾਤ ਦੇ ਕੁਝ ਅੰਸ਼:

**ਮਨੋਰੰਜਕ ਫਿਲਮਾਂ ਤੋਂ ਬਾਅਦ ਅਚਾਨਕ ਦੇਸ਼ ਭਗਤੀ ਸਿਨੇਮਾ ਵੱਲ ਕਿਵੇਂ?**



-ਸਿਨੇਮਾ ਸਿਰਫ ਮਨੋਰੰਜਨ ਹੀ ਨਹੀਂ ਕਰਦਾ ਬਲਕਿ ਆਪਣੇ ਇਤਿਹਾਸ ਅਤੇ ਵਿਰਸੇ ਨਾਲ ਵੀ ਜੋੜਦਾ ਹੈ। ਮੇਰੀ ਕੋਸ਼ਿਸ਼ ਰਹੀ ਹੈ ਕਿ ਫਿਲਮ ਰਾਹੀਂ ਦਰਸ਼ਕਾਂ ਨੂੰ ਮਨੋਰੰਜਨ ਦੇ ਨਾਲ ਨਾਲ ਕੋਈ ਚੰਗਾ ਮੈਸੇਜ ਵੀ ਦੇਵਾਂ। ਸੂਬੇਦਾਰ ਜੋਗਿੰਦਰ ਸਿੰਘ ਬਾਰੇ ਫਿਲਮ ਬਣਾਉਣ ਦਾ ਮਕਸਦ ਲੋਕਾਂ ਨੂੰ ਇਸ ਸ਼ਹੀਦ ਦੀ ਜ਼ਿੰਦਗੀ ਬਾਰੇ ਦੱਸਣਾ ਹੈ। ਸਰਕਾਰਾਂ ਅਜਿਹੇ ਯੋਧਿਆਂ ਦੇ ਚੌਰਾਹਿਆਂ 'ਚ ਬੁੱਤ ਤਾਂ ਲਾ ਦਿੰਦੀਆਂ ਹਨ ਪਰ ਇਤਿਹਾਸ ਬਾਰੇ ਨਹੀਂ ਦੱਸਦੀਆਂ। ਇਹ ਫਿਲਮ ਮੈਂ ਮੋਗੇ ਲੱਗੇ ਇਸ ਸ਼ਹੀਦ ਦੇ ਬੁੱਤ ਤੋਂ ਪ੍ਰਭਾਵਿਤ ਹੋ ਕੇ ਬਣਾਉਣ ਦਾ ਫੈਸਲਾ ਕੀਤਾ ਸੀ।

**ਇਤਿਹਾਸਕ ਜਾਂ ਜ਼ਿੰਦਗੀ ਆਧਾਰਤ ਵਿਸ਼ਿਆਂ 'ਤੇ ਕੰਮ ਕਰਨਾ ਕਿਵੇਂ ਲੱਗਦਾ ਹੈ?**

-ਆਮ ਫਿਲਮਾਂ ਦੀ ਥਾਂ ਅਜਿਹੇ ਵਿਸ਼ਿਆਂ 'ਤੇ ਕੰਮ ਕਰਨਾ ਬਹੁਤ ਚੁਣੌਤੀ ਭਰਿਆ ਹੁੰਦਾ ਹੈ। ਇਤਿਹਾਸਕ ਵਿਸ਼ਿਆਂ 'ਤੇ ਬਣਨ ਵਾਲੀ ਫਿਲਮ ਦੀ ਹਰ ਗੱਲ ਨੂੰ ਬਹੁਤ ਬਾਰੀਕੀ ਨਾਲ ਵੇਖਣਾ ਪੈਂਦਾ ਹੈ। ਸੱਚਾਈ ਦੀ ਤਹਿ ਤੱਕ ਜਾਣ ਲਈ ਡੂੰਘੀ ਖੋਜ ਕਰਨੀ ਪੈਂਦੀ ਹੈ। ਫਿਲਮ ਦੇ ਪੇਪਰ ਵਰਕ ਤੋਂ ਲੈ ਕੇ ਫਿਲਮਾਂਕਣ, ਐਡੀਟਿੰਗ, ਫਿਰ ਪ੍ਰਚਾਰ ਤੱਕ ਹਰ ਗੱਲ ਦਾ ਧਿਆਨ ਰੱਖਣਾ ਪੈਂਦਾ ਹੈ। ਅਜਿਹੀਆਂ ਫਿਲਮਾਂ ਦਾ ਬਜਟ ਵੀ ਆਮ ਫਿਲਮਾਂ ਦੇ ਮੁਕਾਬਲੇ ਵੱਧ ਹੁੰਦਾ ਹੈ। ਨਿਰਮਾਤਾ ਅਜਿਹੀ ਫਿਲਮ 'ਤੇ ਪੈਸਾ ਲਾਉਣਾ ਵੱਡਾ ਰਿਸਕ ਸਮਝਦੇ ਹਨ। ਫਿਲਮ ਦੇ ਨਿਰਮਾਣ ਨੂੰ ਲੈ ਕੇ ਸੂਬੇਦਾਰ ਜੋਗਿੰਦਰ ਸਿੰਘ ਦੇ ਪਰਿਵਾਰ ਵਲੋਂ ਹਰ ਪੱਖੋਂ ਸਹਿਯੋਗ ਮਿਲਿਆ ਹੈ।

**ਕੀ ਇਹ ਫਿਲਮ ਸਿਰਫ ਸ਼ਹਾਦਤ ਦੀ ਗੱਲ ਹੀ ਕਰੇਗੀ ਜਾਂ ਮਨੋਰੰਜਨ ਵੀ?**

-ਮੋਗਾ ਜਿਲ੍ਹੇ ਦੇ ਪਿੰਡ ਮਾਹਲਾ ਕਲਾਂ ਦੇ ਜੰਮਪਲ ਪਰਮਵੀਰ ਚੱਕਰ ਵਿਜੇਤਾ (ਸ਼ਹੀਦੀ ਉਪਰੰਤ) ਸੂਬੇਦਾਰ ਜੋਗਿੰਦਰ ਸਿੰਘ ਦੀ ਜ਼ਿੰਦਗੀ 'ਤੇ ਬਣੀ ਇਹ ਫਿਲਮ ਉਸ ਦੀ ਸ਼ਹਾਦਤ ਦੇ ਨਾਲ ਨਾਲ ਉਸ ਦੀਆਂ ਪਰਿਵਾਰਕ ਪ੍ਰਸਥਿਤੀਆਂ ਨੂੰ ਵੀ ਪਰਦੇ 'ਤੇ ਪੇਸ਼ ਕਰਦੀ ਹੈ। ਸੂਬੇਦਾਰ ਜੋਗਿੰਦਰ ਸਿੰਘ ਇੱਕ ਉਹ ਯੋਧਾ ਸੀ, ਜਿਸ ਨੇ 1962 ਦੀ ਭਾਰਤ-ਚੀਨ ਜੰਗ ਦੌਰਾਨ ਸਿੱਖ ਰੈਜੀਮੈਂਟ ਦੇ ਸਿਰਫ 25 ਜਵਾਨਾਂ ਨਾਲ ਮਿਲ ਕੇ ਬਰਮਾ ਵਿਚ ਚੀਨ ਦੇ ਕਰੀਬ ਇੱਕ ਹਜ਼ਾਰ ਫੌਜੀਆਂ ਦਾ ਡਟ ਕੇ ਮੁਕਾਬਲਾ ਕੀਤਾ। ਇਹ ਜਵਾਨ ਮਰਦੇ ਦਮ ਤੱਕ ਦੇਸ਼ ਦੀ ਧਰਤੀ ਲਈ ਲੜਦੇ ਰਹੇ। ਇਹ ਫਿਲਮ ਉਸ ਮਹਾਨ ਦੇਸ਼ ਭਗਤ ਦੀ ਜ਼ਿੰਦਗੀ 'ਤੇ ਆਧਾਰਤ ਹੈ, ਜਿਸ ਕਰਕੇ ਦਰਸ਼ਕਾਂ ਨੂੰ ਦੇਸ਼ ਭਗਤੀ ਦੇ ਜਜ਼ਬੇ ਤੇ ਭਾਵੁਕਤਾ ਨਾਲ ਜੋੜੇਗੀ। ਉਂਜ ਫਿਲਮ ਵਿਚ ਰੁਮਾਂਸ ਅਤੇ ਵਧੀਆ ਗੀਤ-ਸੰਗੀਤ ਦਾ ਮਨੋਰੰਜਨ ਵੀ ਹੋਵੇਗਾ। ਪਹਿਲੀਆਂ ਕੁਝ ਫਿਲਮਾਂ ਵਾਂਗ ਇਹ ਪੁਰਾਤਨ ਸੱਭਿਆਚਾਰ ਨਾਲ ਵੀ ਜੋੜੇਗੀ। ਫਿਲਮ 'ਅੰਗਰੇਜ਼' ਵਾਲੀ ਮਾੜੋ (ਅਦਿੱਤੀ ਸ਼ਰਮਾ) ਨੂੰ ਦਰਸ਼ਕ ਇਸ ਫਿਲਮ 'ਚ ਗਿੱਪੀ ਗਰੇਵਾਲ ਨਾਲ ਵੇਖਣਗੇ।

**ਇਸ ਫਿਲਮ ਵਿਚ ਕਈ ਨਵੇਂ ਤੇ ਪੁਰਾਣੇ ਨਾਮੀ ਕਲਾਕਾਰਾਂ ਤੋਂ ਕੰਮ ਲੈਣ ਦਾ ਕੋਈ ਖਾਸ ਕਾਰਨ?**

-ਫਿਲਮ ਦੀ ਕਹਾਣੀ ਮੁਤਾਬਕ ਅਜਿਹੇ ਬਹੁਤ ਕਿਰਦਾਰ ਸਨ ਜੋ ਇਨ੍ਹਾਂ ਕਲਾਕਾਰਾਂ ਦੇ ਹਿੱਸੇ ਆਏ। ਗਿੱਪੀ ਗਰੇਵਾਲ ਨੇ ਸੂਬੇਦਾਰ ਜੋਗਿੰਦਰ ਸਿੰਘ ਦਾ ਕਿਰਦਾਰ ਨਿਭਾਇਆ ਹੈ। ਇਸ ਤੋਂ ਇਲਾਵਾ ਅਦਿੱਤੀ ਸ਼ਰਮਾ, ਸਰਦਾਰ ਸੋਹੀ, ਨਿਰਮਲ ਰਿਸ਼ੀ, ਗੁੱਗੂ ਗਿੱਲ, ਰੌਸ਼ਨ ਪ੍ਰਿੰਸ, ਕਰਮਜੀਤ ਅਨਮੋਲ, ਹਰੀਸ਼ ਵਰਮਾ, ਬਨਿੰਦਰ ਬਨੀ, ਰਾਜਵੀਰ ਜਵੰਧਾ, ਕੁਲਵਿੰਦਰ ਬਿੱਲਾ, ਜੌਰਡਨ ਸੰਧੂ ਸਮੇਤ ਅਨੇਕਾਂ ਰੰਗ-ਮੰਚ ਕਲਾਕਾਰਾਂ ਨੇ ਕੰਮ ਕੀਤਾ ਹੈ। ਫਿਲਮ ਦਾ ਬਹੁਤਾ ਹਿੱਸਾ ਜੰਗ ਦੇ ਮੈਦਾਨ ਦਾ ਹੈ, ਜਿਸ ਵਿਚ ਭਾਰਤੀ ਅਤੇ ਚੀਨੀ ਸੈਨਿਕਾਂ ਨੂੰ ਪੇਸ਼ ਕਰਨਾ ਜਰੂਰੀ ਸੀ। ਫਿਲਮ ਦੀ ਕੁਝ ਸੂਟਿੰਗ ਰਾਜਸਥਾਨ ਦੇ ਪੰਜਾਬੀ ਇਲਾਕਿਆਂ ਵਿਚ ਕੀਤੀ ਗਈ ਹੈ ਜਦਕਿ ਬਾਕੀ ਲੇਹ ਲੱਦਾਖ ਦੀਆਂ ਬਰਫੀਲੀਆਂ ਪਹਾੜੀਆਂ ਵਿਚ। ਭਾਰਤ-ਚੀਨ ਜੰਗ ਦੇ ਦ੍ਰਿਸ਼ ਲਗਭਗ 14,000 ਫੁੱਟ ਦੀਆਂ ਉਚੀਆਂ ਪਹਾੜੀਆਂ 'ਤੇ ਬਹੁਤ ਹੀ ਜ਼ੋਖਮ ਨਾਲ ਫਿਲਮਾਏ ਗਏ ਹਨ।

**ਫਿਲਮ ਬਾਰੇ ਤੁਹਾਡਾ ਕੀ ਨਜ਼ਰੀਆ ਹੈ?**

-ਇਹ ਫਿਲਮ ਮੇਰੇ ਦਿਲ ਦੇ ਬਹੁਤ ਨੇੜੇ ਹੈ। ਨਿੱਕੇ ਹੁੰਦਿਆਂ ਜਦ ਵੀ ਮੈਂ ਮੋਗੇ ਜਾਣਾ ਤਾਂ ਸੂਬੇਦਾਰ ਜੋਗਿੰਦਰ ਸਿੰਘ ਦੇ ਮੁੱਖ ਚੌਂਕ 'ਚ ਲੱਗੇ ਬੁੱਤ ਕੋਲੋਂ ਲੰਘਦਿਆਂ ਅਨੇਕਾਂ ਖਿਆਲ ਮੇਰੇ ਜ਼ਿਹਨ 'ਚ ਆਉਂਦੇ। ਇਸ ਸ਼ਹੀਦ ਬਾਰੇ ਜਾਣਨ



ਨਿਰਦੇਸ਼ਕ ਸਿਮਰਜੀਤ ਸਿੰਘ

ਦੀ ਇੱਛਾ ਪੈਦਾ ਹੁੰਦੀ। ਇਸ ਸ਼ਹੀਦ ਦੀ ਜ਼ਿੰਦਗੀ 'ਤੇ ਫਿਲਮ ਬਣਾਉਣ ਦਾ ਖਿਆਲ ਬਹੁਤ ਪੁਰਾਣਾ ਸੀ ਜੋ ਹੁਣ ਪੂਰਾ ਕਰ ਰਿਹਾ ਹਾਂ। ਮੇਰੇ ਲਈ ਇਹ ਫਿਲਮ ਬਹੁਤ ਅਹਿਮ ਹੈ। ਅਜਿਹੀਆਂ ਫਿਲਮਾਂ ਦਾ ਨਿਰਮਾਣ ਕਰਨਾ, ਇਤਿਹਾਸਕ ਦਸਤਾਵੇਜ਼ ਸਾਂਭਣ ਦੇ ਬਰਾਬਰ ਹੁੰਦਾ ਹੈ ਜੋ ਨਵੀਂ ਪੀੜ੍ਹੀ ਨੂੰ ਜ਼ਿੰਦਗੀ ਦੇ ਅਸਲ ਨਾਇਕਾਂ ਬਾਰੇ ਜਾਣਕਾਰੀ ਦਿੰਦੀਆਂ ਹਨ।

# ਰੋਜ਼ ਅਤੇ ਗੁਲਾਬ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਅੱਜ ਕਲ੍ਹ ਦੀ ਪੀੜ੍ਹੀ ਕਿੱਥੇ ਗੁਲਾਬ ਸ਼ਬਦ ਨੂੰ ਪਸੰਦ ਕਰਦੀ ਹੈ, ਉਸ ਲਈ ਤਾਂ ਗੁਲਾਬ ਹੈ ਰੋਜ਼ ਤੇ ਮਹਿਬੂਬ ਗੁਲਾਬੂ ਜਾਂ ਗੁਲਾਬੋ ਨਹੀਂ, ਰੋਜ਼ੀ ਹੈ। ਪਰ ਜ਼ਰਾ ਠਹਿਰੋ...!

ਗੁਲਾਬ ਨੂੰ ਫੁੱਲਾਂ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਇਕ ਪੌਰਾਣਿਕ ਕਥਾ ਅਨੁਸਾਰ ਸ੍ਰਿਸ਼ਟੀ ਦੇ ਸਿਰਜਣਹਾਰ ਬ੍ਰਹਮਾ ਤੇ ਜਗਤ ਦੇ ਪਾਲਣਹਾਰ ਵਿਸ਼ਨੂੰ ਵਿਚਕਾਰ ਇੱਕ ਵਾਰ ਇਸ ਗੱਲ 'ਤੇ ਵਿਵਾਦ ਹੋ ਗਿਆ ਕਿ ਕਮਲ ਅਤੇ ਗੁਲਾਬ ਵਿਚੋਂ ਕਿਹੜਾ ਫੁੱਲ ਸੁਹਣੇਰਾ ਹੈ। ਵਿਸ਼ਨੂੰ ਡਟ ਕੇ ਗੁਲਾਬ ਦੇ ਪੱਖ ਵਿਚ ਸੀ। ਉਧਰ ਬ੍ਰਹਮਾ ਨੇ ਕਦੇ ਗੁਲਾਬ ਦਾ ਫੁੱਲ ਦੇਖਿਆ ਹੀ ਨਹੀਂ ਸੀ, ਸੋ ਉਸ ਨੇ ਕਮਲ ਨੂੰ ਸੁਹਣੇਰਾ ਦੱਸਿਆ। ਜਦ ਵਿਸ਼ਨੂੰ ਨੇ ਬ੍ਰਹਮਾ ਨੂੰ ਗੁਲਾਬ ਦਾ ਫੁੱਲ ਦਿਖਾਇਆ ਤਾਂ ਚਕਾਚੌਂਧ ਹੁੰਦਿਆਂ ਉਸ ਨੂੰ ਆਪਣੇ ਪੈਂਤੜੇ ਤੋਂ ਪਿੱਛੇ ਹਟਣਾ ਪਿਆ। ਕਹਿੰਦੇ ਹਨ, ਬ੍ਰਹਮਾ ਨੇ 108 ਛੋਟੀਆਂ ਤੇ 1008 ਵੱਡੀਆਂ ਪੰਖੜੀਆਂ ਵਾਲੇ ਗੁਲਾਬ ਤੋਂ ਲਕਸ਼ਮੀ ਨਾਂ ਦੀ ਦੇਵੀ ਦੀ ਸਿਰਜਣਾ ਕੀਤੀ ਅਤੇ ਇਨਾਮ ਵਜੋਂ ਵਿਸ਼ਨੂੰ ਨੂੰ ਭੇਟ ਕੀਤੀ, ਜੋ ਉਸ ਦੀ ਦੁਲਹਨ ਬਣੀ। ਐਵੇਂ ਨਹੀਂ ਇਸਤਰੀ ਦੇ ਹੁਸਨ, ਰੰਗਤ ਅਤੇ ਨਜ਼ਾਕਤ ਦੀ ਤੁਲਨਾ ਗੁਲਾਬ ਨਾਲ ਕੀਤੀ ਜਾਂਦੀ। ਇਸ ਕਥਾ ਤੋਂ ਇਉਂ ਵੀ ਲਗਦਾ ਹੈ ਕਿ ਭਾਰਤ ਵਿਚ ਗੁਲਾਬ ਦਾ ਫੁੱਲ ਬਹੁਤ ਬਾਅਦ ਵਿਚ ਆਇਆ ਹੋਵੇਗਾ।

ਗੁਲਾਬ ਦਾ ਪੌਦਾ ਭਾਵੇਂ ਕਰੋੜਾਂ ਸਾਲਾਂ ਤੋਂ ਖੁਦਰੌ ਰੂਪ ਵਿਚ ਉਗਦਾ ਰਿਹਾ ਪਰ ਇਸ ਦੀ ਕਾਸ਼ਤ ਕੋਈ ਪੰਜ ਹਜ਼ਾਰ ਸਾਲ ਪਹਿਲਾਂ ਏਸ਼ੀਆ ਵਿਚ ਹੀ ਸ਼ੁਰੂ ਹੋਈ। ਅੱਜ ਕੁਝ ਇਕ ਪੰਖੜੀਆਂ ਤੋਂ ਲੈ ਕੇ ਅਨੇਕਾਂ ਪੰਖੜੀਆਂ ਵਾਲੇ ਭਰਪੂਰ ਗੁਲਾਬ ਮਿਲਦੇ ਹਨ। ਇਸ ਦੀਆਂ ਹਜ਼ਾਰਾਂ ਕਿਸਮਾਂ ਅਤੇ ਚਿੱਟੇ ਤੋਂ ਲੈ ਕੇ ਕਾਲੇ ਤੱਕ, ਦਰਜਨਾਂ ਰੰਗ ਹਨ। ਬਨਸਪਤੀ-ਵਿਗਿਆਨ ਵਿਚ ਕਈ ਪੌਦਿਆਂ ਦੀਆਂ ਜਾਤੀਆਂ-ਪ੍ਰਜਾਤੀਆਂ ਵਿਚ ਨਿਸਚਿਤਤਾ ਨਹੀਂ ਹੁੰਦੀ। ਅਜਿਹਾ ਘੜਮੱਸ ਕੁਝ ਹੱਦ ਤੀਕ ਗੁਲਾਬ ਦੀਆਂ ਦੱਸੀਆਂ ਜਾਂਦੀਆਂ ਕਿਸਮਾਂ ਬਾਰੇ ਵੀ ਹੈ। ਪਰ ਸਾਡਾ ਆਸ਼ਾ ਗੁਲਾਬ ਸ਼ਬਦ ਵੱਲ ਹੈ।

ਸਦੀਆਂ ਤੋਂ ਹੀ ਫੁੱਲ ਇਸਤਰੀ-ਪੁਰਸ਼ ਦੇ ਰਤੀ ਪਿਆਰ ਦੀ ਨਿਸ਼ਾਨੀ ਵਜੋਂ ਭੇਟ ਕੀਤੇ ਜਾਂਦੇ ਰਹੇ ਹਨ। ਧਾਰਮਕ ਸ਼ਰਧਾ ਪ੍ਰਗਟਾਉਣ ਲਈ ਵੀ ਫੁੱਲ ਆਪਣੇ ਆਪਣੇ ਇਸ਼ਟ ਅੱਗੇ ਭੇਟ ਕੀਤੇ ਜਾਂਦੇ ਰਹੇ ਹਨ। ਫੁੱਲਾਂ ਦੇ ਹਾਰ ਪਰੋ ਕੇ ਸਤਿਕਾਰਤ ਵਿਅਕਤੀਆਂ ਦੇ ਗਲ ਵਿਚ ਪਾਏ ਜਾਂਦੇ ਹਨ। ਸਜਾਵਟ ਵਜੋਂ ਘਰਾਂ ਤੇ ਹੋਰ ਇਮਾਰਤਾਂ ਵਿਚ ਫੁੱਲ ਉਗਾਏ ਜਾਂਦੇ ਹਨ ਅਤੇ ਗੁਲਦਸਤੇ ਬਣਾ ਕੇ ਰੱਖੇ ਜਾਂਦੇ ਹਨ। ਕਹਿਣਾ ਪਵੇਗਾ ਕਿ ਆਪਣੀ ਨਾਸਾਂ-ਖੋਲ੍ਹ ਮਹਿਕ ਕਾਰਨ ਗੁਲਾਬ ਦਾ ਫੁੱਲ ਹੀ ਹੈ ਜੋ ਸਭ ਤੋਂ ਵਧ ਭਾਵਨਾਵਾਂ ਦੀ ਸ਼ਿੱਦਤ ਪ੍ਰਗਟ ਕਰਦਾ ਹੈ। ਗੁਲਾਬ ਤੋਂ ਗੁਲਕੰਦ, ਗੁਲਾਲ, ਅਤਰ ਫਲੇਲ, ਅਰਕ ਗੁਲਾਬ ਅਤੇ ਹੋਰ ਉਪਯੋਗੀ ਵਸਤਾਂ ਅਤੇ ਔਸ਼ਧੀਆਂ ਤਿਆਰ ਕੀਤੀਆ ਜਾਂਦੀਆਂ ਹਨ। ਰਾਣੀਆਂ ਮਹਾਰਾਣੀਆਂ ਗੁਲਾਬ ਦੇ ਫੁੱਲਾਂ ਵਾਲੇ ਪਾਣੀ ਵਿਚ ਨਹਾਇਆ ਕਰਦੀਆਂ ਸਨ। ਮਹਾਰਾਜਿਆਂ ਵਲੋਂ ਗੁਲਾਬ ਦੀ ਏਨੀ ਮੰਗ ਕਾਰਨ ਰੋਮਨ ਸਾਮਰਾਜ ਦੇ ਕਿਸਾਨਾਂ ਨੂੰ ਖਾਧ ਉਤਪਾਦਾਂ ਦੀ ਥਾਂ ਗੁਲਾਬ ਉਗਾਉਣ 'ਤੇ ਮਜਬੂਰ ਕੀਤਾ ਜਾਂਦਾ ਸੀ। 17ਵੀਂ ਸਦੀ ਦੌਰਾਨ ਯੂਰਪ 'ਚ ਗੁਲਾਬ ਨੂੰ ਮੁਦਰਾ ਵਜੋਂ ਵੀ ਵਰਤਿਆ ਜਾਂਦਾ ਸੀ।



ਗੁਲਾਬ ਤੋਂ ਗੁਲਾਬ ਸਿੰਘ, ਗੁਲਾਬਾ, ਗੁਲਾਬੂ, ਗੁਲਾਬੋ ਆਦਿ ਨਾਂ ਵੀ ਰੱਖੇ ਜਾਂਦੇ ਹਨ, "ਮੈਂ ਮਾਝੇ ਦੀ ਜੱਟੀ ਗੁਲਾਬੂ ਨਿੱਕਾ ਜਿਹਾ।" ਗੁਲਾਬ ਦਾਸ ਨਾਂ ਦੇ ਇੱਕ ਮਸ਼ਹੂਰ ਨਿਰਮਲੇ ਸਾਧੂ ਹੋਏ ਹਨ। ਗੁਲਾਬ ਸ਼ਾਇਰਾਂ ਦਾ ਮਨਪਸੰਦ ਸ਼ਬਦ ਰਿਹਾ ਹੈ। ਵਾਰਿਸ ਸ਼ਾਹ ਨੇ ਤਾਂ ਆਪਣੇ ਸ਼ਿਅਰਾਂ ਦੀ ਖੂਬਸੂਰਤ ਜੜਤ ਨੂੰ ਗੁਲਾਬ ਦੇ ਰੂਪਕ ਨਾਲ ਪ੍ਰਸਤੁਤ ਕੀਤਾ ਹੈ,

ਹੁਕਮ ਮੰਨ ਕੇ ਸੱਜਣਾਂ ਪਿਆਰਿਆਂ ਦਾ
ਕਿੱਸਾ ਅਜਬ ਬਹਾਰ ਦਾ ਜੋੜਿਆ ਏ।
ਫਿਕਰਾ ਜੋੜ ਕੇ ਖੂਬ ਦਰੁਸਤ ਕੀਤਾ
ਨਵਾਂ ਫੁੱਲ ਗੁਲਾਬ ਦਾ ਤੋੜਿਆ ਏ।
ਬਹੁਤ ਜੀਵ ਦੇ ਵਿਚ ਤਦਬੀਰ ਕਰ ਕੇ
ਫਰਹਾਦ ਪਹਾੜ ਨੂੰ ਫੋੜਿਆ ਏ।
ਸਭਾ ਵੀਣ ਕੇ ਜ਼ੇਬ ਬਣਾ ਦਿੱਤਾ
ਜਿਹਾ ਇਤਰ ਗੁਲਾਬ ਨਚੋੜਿਆ ਏ।

ਭਾਈ ਵੀਰ ਸਿੰਘ ਨੇ 'ਹੱਟ ਮਹਿਕ ਦੀ' ਲਾਉਣ ਵਾਲੇ ਨੂੰ ਗੁਲਾਬ ਦਾ ਫੁੱਲ ਨਾ ਤੋੜਨ ਦੀ ਸਿਖਿਆ ਦਿੱਤੀ ਹੈ।

ਔਰਤ ਜਾਤੀ ਦਾ ਚਹੇਤਾ ਸ਼ਾਇਰ ਸ਼ਿਵ ਕੁਮਾਰ ਭਲਾ ਕਿਵੇਂ ਨਾ ਇਹ ਸ਼ਬਦ ਵਰਤਦਾ,

ਮੈਨੂੰ ਤੇਰਾ ਸ਼ਬਾਬ ਲੈ ਬੈਠਾ
ਰੰਗ ਗੋਰਾ ਗੁਲਾਬ ਲੈ ਬੈਠਾ।

ਗੋਰਾ ਗੁਲਾਬ? ਕਦੇ ਨਹੀਂ ਸੁਣਿਆ। ਗੁਲਾਬ ਭਾਵੇਂ ਚਿੱਟੇ ਰੰਗ ਦਾ ਵੀ ਹੁੰਦਾ ਹੈ ਪਰ ਕਵਿਤਾ ਵਿਚ ਆਮ ਤੌਰ 'ਤੇ ਗੁਲਾਬੀ ਗੁਲਾਬ ਹੀ ਚਲਦਾ ਹੈ। ਗੁਲਾਬੀ ਸ਼ਬਦ ਦਾ ਅਰਥ ਹੀ ਪਿੰਕ (Pink) ਹੈ। ਖੈਰ, ਤਿੰਨ ਗੱਗਿਆਂ ਦੇ ਅਨੁਪ੍ਰਾਸ ਤੇ ਸ਼ਬਾਬ ਨਾਲ ਤੁਕਾਂਤ ਦਾ ਮਸਲਾ ਵੀ ਹੋਣਾ ਹੈ। ਕਵੀ ਦੀ ਕਲਮ ਨੂੰ ਕੌਣ ਫੜ੍ਹ ਸਕਦਾ ਹੈ?

ਗੁਲਾਬ ਫੁੱਲ ਦੀ ਤਾਰੀਫ ਬਹੁਤ ਹੋ ਗਈ, ਹੁਣ ਜ਼ਰਾ ਗੁਲਾਬ ਸ਼ਬਦ ਵੱਲ ਆਈਏ। ਪੰਜਾਬੀ ਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਇਹ ਸ਼ਬਦ ਫਾਰਸੀ ਵਲੋਂ ਆਇਆ ਹੈ। ਇਹ ਗੁਲ+ਆਬ ਤੋਂ ਬਣਿਆ ਹੈ ਜਿਸ ਵਿਚ ਗੁੱਲ ਦਾ ਅਰਥ ਫੁੱਲ ਹੈ ਤੇ ਆਬ ਦਾ ਪਾਣੀ। ਫਾਰਸੀ ਤੇ ਅੱਗੇ ਉਰਦੂ ਵਿਚ ਵੀ ਭਾਵੇਂ ਗੁਲ ਸ਼ਬਦ ਆਮ ਤੌਰ 'ਤੇ ਫੁੱਲ ਲਈ ਹੀ ਵਰਤਿਆ ਮਿਲਦਾ ਹੈ ਪਰ ਇਹ ਗੁਲਾਬ ਲਈ ਵੀ ਰੂੜ੍ਹ ਹੋ ਗਿਆ ਹੈ। ਉਂਜ ਫਾਰਸੀ ਵਿਚ ਗੁਲਾਬ ਨੂੰ ਆਮ ਕਰਕੇ ਗੁਲ ਸੁਰਖ ਕਿਹਾ ਜਾਂਦਾ ਹੈ। ਜਿਵੇਂ ਇਸ ਦੇ ਸ਼ਾਬਦਿਕ ਅਰਥ ਤੋਂ ਪ੍ਰਗਟ ਹੈ, ਗੁਲਾਬ ਦੇ ਫੁੱਲਾਂ ਵਾਲੇ ਪਾਣੀ ਨੂੰ ਵੀ ਗੁਲਾਬ ਕਿਹਾ ਜਾਂਦਾ ਹੈ। ਦੀਵੇ ਆਦਿ ਦੀ ਬੱਤੀ ਦੇ ਉਤਲੇ ਜਲੇ ਹੋਏ ਭਾਗ ਨੂੰ ਗੁੱਲ ਆਖਿਆ ਜਾਂਦਾ ਹੈ। 'ਦੀਵਾ ਗੁੱਲ ਹੋ ਜਾਣਾ' ਮੁਹਾਵਰੇ ਦਾ ਅਰਥ ਹੈ, ਸਤਿਆਨਾਸ ਹੋ ਜਾਣਾ। ਚਿਲਮ ਵਿਚ ਜਲ ਚੁਕੇ ਤਮਾਖੂ ਦੀ ਸਵਾਹ ਨੂੰ ਵੀ ਫੁੱਲ ਕਿਹਾ ਜਾਂਦਾ ਹੈ। ਸਾਡੀ ਭਾਸ਼ਾ ਵਿਚ ਅਸਥੀਆਂ ਨੂੰ ਫੁੱਲ ਕਿਹਾ ਜਾਂਦਾ ਹੈ। ਸ਼ਾਇਦ ਫਾਰਸੀ ਦਾ ਅਸਰ ਹੋਵੇ।

ਫੁੱਲ ਦੇ ਅਰਥ ਵਜੋਂ ਗੁੱਲ ਨਾਲ ਲਗ ਕੇ ਬਣਦੇ ਕੁਝ ਸੰਯੁਕਤ ਸ਼ਬਦਾਂ ਦੀ ਥੋੜ੍ਹੀ ਚਰਚਾ ਕਰ ਲਈਏ। ਅਨਾਰ ਦੇ ਫੁੱਲ ਨੂੰ ਗੁਲਾਨਾਰ ਕਿਹਾ ਜਾਂਦਾ ਹੈ ਜਿਸ ਕਰਕੇ ਇਸ ਦੇ ਫੁੱਲ ਦਾ ਅਰਗਵਾਨੀ ਰੰਗ ਗੁਲਨਾਰੀ ਕਹਾਉਂਦਾ ਹੈ, 'ਲੈ ਦੇ ਰੇਸ਼ਮੀ ਦੁਪੱਟਾ ਨਾਲੇ ਸੂਟ ਸਵਾਦੇ ਗੁਲਾਨਾਰੀ।' ਗੁਲਚੀਨ ਹੁੰਦਾ ਹੈ, ਫੁੱਲ ਤੋੜਨ ਵਾਲਾ, ਇਸ ਦਾ ਵਿਸਤ੍ਰਿਤ ਅਰਥ ਹੈ, ਤਮਾਸ਼ਾ ਦੇਖਣ ਵਾਲਾ। ਗੁਲਦਾਉਦੀ ਚਿੱਟੇ ਤੇ ਹੋਰ ਰੰਗਾਂ ਵਾਲੇ ਇਕ ਫੁੱਲ ਦਾ ਨਾਂ ਹੈ। ਫਾਰਸੀ ਵਿਚ ਗੁਲਕਾਰ ਹੁੰਦਾ ਹੈ, ਫੁੱਲ ਬੂਟਿਆਂ ਦੀ ਨਕਾਸ਼ੀ ਕਰਨ ਵਾਲਾ। ਅਜਿਹੀ ਕਲਾ ਦਾ ਨਾਂ ਗੁਲਕਾਰੀ ਹੈ ਜਿਸ ਦੀ ਨਕਲ 'ਤੇ ਪੰਜਾਬੀ ਫੁਲਕਾਰੀ ਸ਼ਬਦ ਬਣਿਆ। ਯਾਦ ਰਹੇ, ਪੰਜਾਬ ਦੀ ਫੁਲਕਾਰੀ ਕਲਾ ਇਰਾਨ ਤੋਂ ਆਈ ਹੈ। ਹੋਰ ਜਾਣੇ-ਪਛਾਣੇ ਸ਼ਬਦ ਹਨ: ਗੁਲਦਸਤਾ, ਗੁਲਜ਼ਾਰ, ਗੁਲਸ਼ਨ, ਗੁਲਬਦਨ, ਗੁਲਫਾਮ।

ਫਾਰਸੀ ਵਿਚ ਗੁਲਾਬੀ ਵਿਸ਼ੇਸ਼ਣ ਦਾ ਅਰਥ ਫੁੱਲਾਂ ਨਾਲ ਸਬੰਧਤ ਵੀ ਹੈ ਤੇ ਗੁਲਾਬ ਨਾਲ ਸਬੰਧਤ ਵੀ। ਨਾਂਵ ਵਜੋਂ ਗੁਲਾਬ ਦੇ ਫੁੱਲ ਜਾਂ ਸ਼ਰਾਬ ਰੱਖਣ ਵਾਲੀ ਸੁਰਾਹੀ ਨੂੰ ਗੁਲਾਬੀ ਕਿਹਾ ਜਾਂਦਾ ਹੈ, ਕਹਿ ਲਵੋ ਫੁੱਲਦਾਨ। ਮੈਨੂੰ ਖਿਆਲ ਆਉਂਦਾ ਹੈ, ਪੰਜਾਬੀ ਵਿਚ ਥੋੜ੍ਹੇ ਨਸ਼ਈ ਲਈ ਗੁਲਾਬੀ ਸ਼ਬਦ ਵੀ ਚਲਦਾ ਹੈ। ਗੁਰੂਆਂ ਨੇ ਸੁਰਖ ਰੰਗ ਲਈ ਗੁਲਾਲ ਸ਼ਬਦ ਦੀ ਵਰਤੋਂ ਕੀਤੀ ਹੈ, "ਲਾਲੁ ਗੁਲਾਲੁ ਗਹਬਰਾ ਸਚਾ ਰੰਗੁ॥" (ਗੁਰੂ ਨਾਨਕ ਦੇਵ) ਅਤੇ 'ਪ੍ਰੀਤਮ ਭਾਨੀ ਤਾ ਰੰਗਿ ਗੁਲਾਲ॥' (ਗੁਰੂ ਅਰਜਨ ਦੇਵ)।

ਪੰਜਾਬੀ ਵਿਚ ਇੱਕ ਕਹਾਵਤ ਹੈ, ਨਾਂ ਵਿਚ ਕੀ ਰੱਖਿਆ ਹੈ। ਇਸ ਦੇ ਸਮਾਨੰਤਰ ਸ਼ੇਕਸਪੀਅਰ ਦਾ ਵਾਕ 'ਰੋਜ਼ ਦਾ ਚਾਹੇ ਕੋਈ ਵੀ ਨਾਂ ਹੋਵੇ, ਇਸ ਦੀ ਖੁਸ਼ਬੂ ਓਨੀ ਹੀ ਮਧੁਰ ਹੋਵੇਗੀ' ਰੱਖਿਆ ਜਾ ਸਕਦਾ ਹੈ। ਇਸ ਵਾਕ ਬਾਰੇ ਸ਼ਾਇਦ ਦੁਨੀਆਂ ਭਰ ਦੀਆਂ ਬੋਲੀਆਂ ਵਿਚ ਹਜ਼ਾਰਾਂ ਲੇਖ ਲਿਖੇ ਜਾ ਚੁਕੇ ਹਨ। ਬਹੁਤ ਹੀ ਸਾਧਾਰਨ ਤੇ ਸਵੈ-ਸਿੱਧ ਜਿਹਾ ਕਥਨ ਹੈ ਪਰ ਇਸ ਵਿਚਲੀ ਸੱਚਾਈ ਕੋਸ਼ਕਾਰੀ ਦੀ ਚੂਲ ਹੈ। ਖੁਦ ਹੀ ਪਰਖ ਲਓ: ਹੱਥ ਵਿਚ ਗੁਲਾਬ ਫੜ੍ਹ ਕੇ ਇਸ ਨੂੰ ਉਚੀ ਦੇ ਕੇ 'ਗੋਹਾ' ਕਹੋ ਤੇ ਫਿਰ ਇਸ ਨੂੰ ਸੁੰਘੋ, ਪਿਆ ਕੋਈ ਫਰਕ ਇਸ ਦੀ ਮਹਿਕ ਤੇ ਟਹਿਕ ਵਿਚ? ਦੁਨੀਆਂ ਦੀਆਂ ਹੋਰ ਬੇਸ਼ੁਮਾਰ ਭਾਸ਼ਾਵਾਂ ਵਿਚ ਗੁਲਾਬ ਲਈ ਹੋਰ ਸ਼ਬਦ ਹੋਣਗੇ ਪਰ ਕੋਈ ਵੀ ਸ਼ਬਦ ਇਸ ਦੀ ਆਭਾ ਘਟਾ ਨਹੀਂ ਸਕਦਾ।

ਨਵੀਂ ਪੀੜ੍ਹੀ ਦੇ ਪਿੱਛੇ ਲੱਗ ਕੇ ਗੁਲਾਬ ਲਈ ਭਾਵੇਂ ਇਸ ਤੋਂ ਬਹੁਤ ਵੱਖਰੀ ਧੁਨੀ ਵਾਲਾ ਅੰਗਰੇਜ਼ੀ ਸ਼ਬਦ ਰੋਜ਼ ਵਰਤ ਲਈਏ ਪਰ ਨਿਰੁਕਤਕਾਰਾਂ ਨੇ ਦੋਹਾਂ ਸ਼ਬਦਾਂ ਦੀ ਜੜ੍ਹ ਇਕ ਹੀ ਲੱਭੀ ਹੈ। ਚਲੋ, ਇਹ ਜੜ੍ਹ ਫਰੋਲੀਏ। ਅੰਗਰੇਜ਼ੀ ਦਾ ਰੋਜ਼ ਸ਼ਬਦ ਲਾਤੀਨੀ ਰੋਸਾ ਤੋਂ ਵਿਉਤਪਤ ਹੋਇਆ ਹੈ। ਬਹੁਤ ਸਾਰੀਆਂ ਯੂਰਪੀ ਆਰੀਆਈ ਭਾਸ਼ਾਵਾਂ ਜਿਵੇਂ ਫਰਾਂਸੀਸੀ, ਇਤਾਲਵੀ, ਸਪੈਨਿਸ਼, ਡੱਚ, ਜਰਮਨ, ਸਵੀਡਿਸ਼, ਸਰਬੋ-ਕਰੋਸ਼ੀਅਨ, ਰੂਸੀ, ਲਿਥੂਏਨੀਅਨ, ਆਇਰਿਸ਼, ਵੈਲਸ਼ ਆਦਿ ਵਿਚ ਰੋਜ਼ ਨਾਲ ਰਲਦੀ-ਮਿਲਦੀ ਧੁਨੀ ਵਾਲੇ ਸ਼ਬਦ ਹਨ। ਇਕ ਵਿਚਾਰ ਹੈ ਕਿ ਇਹ ਸ਼ਬਦ ਲਾਤੀਨੀ ਤੋਂ ਗਰੀਕ ਵਿਚ ਇਸ ਦੇ ਰੂਪ 'ਰਹੋਦੋਨ' ਤੋਂ ਇਤਾਲਵੀ ਵਿਚ ਦੀ ਹੁੰਦਾ ਹੋਇਆ ਅੰਗਰੇਜ਼ੀ ਵਿਚ ਪੁੱਜਾ। ਇਸ ਦਾ ਅੰਤਮ ਸ੍ਰੋਤ ਪੁਰਾਣੀ ਫਾਰਸੀ ਦੇ ਧਾਤੂ 'ਵਰਦਾ' ਨੂੰ ਮੰਨਿਆ ਗਿਆ ਹੈ। ਕੋਸ਼ਕਾਰ ਬੀਕਸ ਦਾ ਵਿਚਾਰ ਹੈ ਕਿ ਇਹ ਸ਼ਬਦ ਨਿਸ਼ਚੇ ਹੀ ਪੂਰਬ ਤੋਂ ਉਧਾਰਾ ਲਿਆ ਗਿਆ ਹੈ। ਆਰਮੀਨਅਨ ਵਿਚ ਇਸ ਸ਼ਬਦ ਦਾ ਰੂਪ ਹੈ, ਵਰਦ ਜੋ ਪੁਰਾਣੀ ਫਾਰਸੀ ਦੇ ਵਰਦਾ ਤੋਂ ਹੀ ਲਿਆ ਗਿਆ ਹੋਵੇਗਾ।

ਪ੍ਰਾਚੀਨ ਵਿਚ ਗੁਲਾਬ ਮਕਦੂਨੀਅਨ, ਥਰੇਸ਼ੀਅਨ ਅਤੇ ਫਾਰਸੀ ਬੋਲੀਆਂ ਜਾਂਦੀਆਂ ਜ਼ਬਾਨਾਂ ਦੇ ਇਲਾਕਿਆਂ ਵਿਚ ਉਗਾਇਆ ਜਾਂਦਾ ਸੀ। ਇਨ੍ਹਾਂ ਸ੍ਰੋਤਾਂ ਤੋਂ ਹੀ ਇਹ ਸ਼ਬਦ ਲਾਤੀਨੀ-ਗਰੀਕ ਵਿਚ ਪੁੱਜਾ ਹੋਵੇਗਾ। ਅਰਮਾਇਕ ਭਾਸ਼ਾ ਵਿਚ ਗੁਲਾਬ ਲਈ ਵਰਤਿਆ ਜਾਂਦਾ ਸ਼ਬਦ ਫਾਰਸੀ ਸ਼ਬਦ ਦਾ ਸਜਾਤੀ ਹੈ। ਅੱਜ ਕਲ੍ਹ ਫਾਰਸੀ ਵਿਚ ਵਰਤਿਆ ਜਾਂਦਾ ਗੁਲ ਸ਼ਬਦ ਇਸੇ ਵਰਦ ਸ਼ਬਦ ਦਾ ਹੀ ਵਿਕਸਿਤ ਰੂਪ ਹੈ। ਮੁੱਕਦੀ ਗੱਲ ਇਹ ਹੈ ਕਿ ਮੁਢਲੇ ਸ਼ਬਦ ਵਰਦ ਵਿਚੋਂ 'ਦ' ਧੁਨੀ ਅਲੋਪ ਹੋਣ ਨਾਲ 'ਵਰ' ਹਥਿਆਉਂਦਾ ਹੈ। ਫਾਰਸੀ ਦੇ ਧੁਨੀ ਵਿਕਾਸ ਨਿਯਮਾਂ ਅਨੁਸਾਰ 'ਵਰ' ਦੀ 'ਵ' ਧੁਨੀ 'ਗ' ਵਿਚ ਬਦਲ ਜਾਂਦੀ ਹੈ ਤੇ 'ਰ' ਧੁਨੀ 'ਲ' ਵਿਚ ਅਤੇ ਹਾਸਿਲ ਹੁੰਦਾ ਹੈ, ਗਲ ਜਾਂ ਗੁਲ ਜਿਹਾ ਸ਼ਬਦ।

ਦੂਜੇ ਪਾਸੇ ਯੂਰਪ ਵੱਲ ਜਾਂਦਿਆਂ 'ਵਰਦ' ਸ਼ਬਦ ਦੀ 'ਵ' ਧੁਨੀ ਅਲੋਪ ਹੋਣ ਨਾਲ ਰਦ ਸ਼ਬਦ ਸਾਹਮਣੇ ਆਉਂਦਾ ਹੈ ਤੇ ਰਦ ਦੀ 'ਦ' ਧੁਨੀ 'ਸ' ਵਿਚ ਬਦਲ ਜਾਂਦੀ ਹੈ। ਸੋ ਲਾਤੀਨੀ ਰੋਸ ਜਿਹਾ ਸ਼ਬਦ ਸਾਹਮਣੇ ਆਉਂਦਾ ਹੈ ਜੋ ਅੰਗਰੇਜ਼ੀ 'ਚ ਆ ਕੇ ਰੋਜ਼ ਬਣ ਜਾਂਦਾ ਹੈ। ਜੋ ਪਾਠਕ ਇਸ ਵਿਆਖਿਆ ਨੂੰ ਹਜ਼ਮ ਨਹੀਂ ਕਰ ਸਕਦੇ, ਉਹ ਗੁਲਕੰਦ ਖਾ ਲੈਣ, ਨਿਰੁਕਤਕਾਰਾਂ ਦੀ ਇਹੋ ਰਾਇ ਹੈ।

...ਸੋ ਹੁਣ ਰੋਜ਼ੀ ਨੂੰ ਗੁਲਾਬੋ ਕਹਿਣ 'ਤੇ ਨੱਕ-ਬੁੱਲ੍ਹ ਅਟੇਰਨ ਵਾਲੇ ਨੌਜਵਾਨਾਂ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ, ਦੋਹਾਂ ਸ਼ਬਦਾਂ ਦਾ ਮੂਲ ਇੱਕੋ ਹੈ।

---

# ਗੁਲਾਬ ਦੇ ਫੁੱਲਾਂ ਦੇ ਫਾਇਦੇ

ਗੁਲਾਬ ਦੇ ਫੁੱਲਾਂ ਦੀ ਮਹਿਕ ਕਿਸ ਨੂੰ ਪਸੰਦ ਨਹੀਂ। ਇਨ੍ਹਾਂ ਤੋਂ ਬਣਿਆ ਗੁਲਾਬ ਜਲ ਸੁੰਦਰਤਾ ਵਧਾਉਣ ਲਈ ਕੁੜੀਆਂ ਵਲੋਂ ਸਭ ਤੋਂ ਵਧੇਰੇ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਗੁਲਾਬ ਦੇ ਸਿਹਤ ਸਬੰਧੀ ਹੋਰ ਵੀ ਬਹੁਤ ਸਾਰੇ ਲਾਭ ਹਨ। ਜਾਣਦੇ ਹੋ ਗੁਲਾਬ ਦੇ ਹੋਰ ਫਾਇਦਿਆਂ ਬਾਰੇ:

*ਨੀਂਦ ਨਾ ਆਉਂਦੀ ਹੋਵੇ ਤਾਂ ਸਿਰ ਦੇ ਕੋਲ ਗੁਲਾਬ ਦੇ ਫੁੱਲ ਰੱਖ ਕੇ ਸੌਂ ਜਾਓ। ਉਨੀਂਦਰੇ ਦੀ ਸਮੱਸਿਆ ਦੂਰ ਹੋਵੇਗੀ।

*ਗੁਲਾਬ ਦੇ ਫੁੱਲਾਂ ਦੀਆਂ ਪੱਤੀਆਂ ਖਾ ਕੇ ਮਸੂੜੇ ਅਤੇ ਦੰਦ ਮਜ਼ਬੂਤ ਹੁੰਦੇ ਹਨ। ਮੂੰਹ ਦੀ ਬਦਬੂ ਦੂਰ ਹੁੰਦੀ ਹੈ ਅਤੇ ਪਾਇਰੀਆ ਵਰਗੇ ਰੋਗ ਤੋਂ ਵੀ ਛੁਟਕਾਰਾ ਮਿਲਦਾ ਹੈ।

*ਗੁਲਾਬ 'ਚ ਵਿਟਾਮਿਨ-ਸੀ ਬਹੁਤ ਹੁੰਦਾ ਹੈ। ਗੁਲਾਬ ਦੇ ਫੁੱਲਾਂ ਨਾਲ ਬਣਿਆ ਗੁਲਕੰਦ ਰੋਜ਼ਾਨਾ ਖਾਣ ਨਾਲ ਹੱਡੀਆਂ ਮਜ਼ਬੂਤ ਹੁੰਦੀਆਂ ਹਨ। ਰੋਜ਼ਾਨਾ ਇਕ ਗੁਲਾਬ ਖਾਣ ਨਾਲ ਟੀ. ਬੀ. ਦੀ ਬੀਮਾਰੀ ਤੋਂ ਵੀ ਰਾਹਤ ਮਿਲਦੀ ਹੈ।

*ਗੁਲਾਬ ਦੀਆਂ ਪੱਤੀਆਂ ਨੂੰ ਗਲਿਸਰੀਨ 'ਚ ਪਾ ਕੇ ਬੁੱਲ੍ਹਾਂ 'ਤੇ ਲਾਓ। ਇਸ ਨਾਲ ਬੁੱਲ੍ਹ ਗੁਲਾਬੀ ਅਤੇ ਨਰਮ ਹੋ ਜਾਂਦੇ ਹਨ।

*ਗੁਲਾਬ ਤੋਂ ਬਣੇ ਗੁਲਕੰਦ 'ਚ ਗੁਲਾਬ ਦਾ ਅਰਕ ਹੁੰਦਾ ਹੈ, ਜੋ ਸਰੀਰ ਨੂੰ ਠੰਡਕ ਦਿੰਦਾ ਹੈ। ਇਹ ਸਰੀਰ ਨੂੰ ਖੁਸ਼ਕੀ ਤੋਂ ਬਚਾਉਂਦਾ ਹੈ ਅਤੇ ਤਰੋ-ਤਾਜ਼ਾ ਰੱਖਦਾ ਹੈ। ਪੇਟ ਨੂੰ ਠੰਡਕ ਦਿੰਦਾ ਹੈ। ਗੁਲਕੰਦ ਇਕ ਚੁਸਤੀ ਦੇਣ ਵਾਲਾ ਟਾਨਿਕ ਹੈ, ਜੋ ਥਕਾਵਟ, ਆਲਸ, ਮਾਸਪੇਸ਼ੀਆਂ ਦੇ ਦਰਦ ਤੇ ਜਲਨ ਜਿਹੀਆਂ ਅਲਾਮਤਾਂ ਤੋਂ ਬਚਾਉਂਦਾ ਹੈ।

*ਅਰਜੁਨ ਦੇ ਰੁੱਖ ਦੀ ਛਿੱਲ ਅਤੇ ਦੇਸੀ ਗੁਲਾਬ ਮਿਲਾ ਕੇ ਪਾਣੀ 'ਚ ਉਬਾਲ ਲਓ। ਇਹ



ਕਾੜ੍ਹਾ ਪੀਣ ਨਾਲ ਦਿਲ ਸਬੰਧੀ ਬੀਮਾਰੀਆਂ ਦੂਰ ਰਹਿੰਦੀਆਂ ਹਨ।

*ਗੁਲਕੰਦ 'ਚ ਵਿਟਾਮਿਨ-ਸੀ, ਈ ਅਤੇ ਬੀ ਭਰਪੂਰ ਮਾਤਰਾ 'ਚ ਹੁੰਦੇ ਹਨ। ਭੋਜਨ ਤੋਂ ਬਾਅਦ ਗੁਲਕੰਦ ਖਾਣ ਨਾਲ ਪਾਚਨ ਸਬੰਧੀ ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਗੁਲਕੰਦ 'ਚ ਮੌਜੂਦ ਐਂਟੀਆਕਸੀਡੈਂਟ ਸਰੀਰ ਦੀ ਰੋਗ ਪ੍ਰਤੀਰੋਧਕ ਸਮਰੱਥਾ ਵਧਾਉਂਦੇ ਹਨ। ਇਹ ਚਮੜੀ ਲਈ ਵੀ ਲਾਹੇਵੰਦ ਹੈ।

*ਬੱਚਿਆਂ 'ਚ ਅਕਸਰ ਪੇਟ ਦੇ ਕੀੜਿਆਂ ਦੀ ਸਮੱਸਿਆ ਪੇਸ਼ ਆਉਂਦੀ ਹੈ। ਅਜਿਹੇ 'ਚ ਬਾਈਵਿੰਡਿੰਗ ਦਾ ਚੂਰਨ ਗੁਲਕੰਦ 'ਚ ਮਿਲਾ ਕੇ ਇਕ-ਇਕ ਚਮਚ ਸਵੇਰੇ-ਸ਼ਾਮ 15 ਦਿਨਾਂ ਤੱਕ ਦਿਓ। ਪੇਟ ਦੇ ਕੀੜੇ ਖਤਮ ਹੋ ਜਾਣਗੇ।

*ਗਰਮੀ ਕਾਰਨ ਅੱਖਾਂ 'ਚ ਹੋਣ ਵਾਲੀ ਜਲਨ, ਧੂੜ-ਮਿੱਟੀ ਅਤੇ ਅੱਖਾਂ 'ਚ ਹੋਰ ਕਈ ਤਰ੍ਹਾਂ ਦੀ ਤਕਲੀਫ ਹੋਣ 'ਤੇ ਗੁਲਾਬ ਜਲ ਨਾਲ ਅੱਖਾਂ ਧੋਣ ਨਾਲ ਅਰਾਮ ਮਿਲਦਾ ਹੈ। ਇਸ ਤੋਂ ਇਲਾਵਾ ਗੁਲਾਬ ਜਲ ਅੰਧਰਾਤਾ ਦੂਰ ਕਰਨ 'ਚ ਵੀ ਸਹਾਇਕ ਹੈ।

*ਗੁਲਾਬ ਦੀਆਂ ਪੱਤੀਆਂ ਨੂੰ ਸੁਕਾ ਕੇ ਚੂਰਨ ਬਣਾ ਲਓ। ਚੇਚਕ ਦੇ ਮਰੀਜ਼ ਦੇ ਬਿਸਤਰੇ 'ਤੇ ਇਹ ਚੂਰਨ ਪਾਉਣ ਨਾਲ ਉਸ ਨੂੰ ਠੰਡਕ ਅਤੇ ਅਰਾਮ ਮਿਲਦਾ ਹੈ।

*ਗੁਲਾਬ ਪੀਸ ਕੇ ਲੇਪ ਬਣਾ ਕੇ ਸਿਰ 'ਤੇ ਲਾਉਣ ਨਾਲ ਸਿਰਦਰਦ ਤੋਂ ਰਾਹਤ ਮਿਲਦੀ ਹੈ।

*ਖਾਣਾ ਖਾਣ ਪਿੱਛੋਂ ਪਾਨ 'ਚ ਗੁਲਕੰਦ ਪਾ ਕੇ ਖਾਣੀ ਚਾਹੀਦੀ ਹੈ। ਇਸ ਨਾਲ ਸਾਹ ਦੀ ਦੁਰਗੰਧ ਖਤਮ ਹੁੰਦੀ ਹੈ ਅਤੇ ਖਾਣਾ ਵੀ ਛੇਤੀ ਹਜ਼ਮ ਹੋ ਜਾਂਦਾ ਹੈ।

### ਗੁਲਾਬ ਦਾ ਫੁੱਲ ਤੋੜਨ ਵਾਲੇ ਨੂੰ

ਡਾਲੀ ਨਾਲੋਂ ਤੋੜ ਨਾ ਸਾਨੂੰ
ਅਸਾਂ ਹੱਟ 'ਮਹਿਕ' ਦੀ ਲਾਈ!
ਲੱਖ ਗਾਹਕ ਜੇ ਸੁੰਘੇ ਆ ਕੇ
ਖਾਲੀ ਇਕ ਨਾ ਜਾਈ।
ਤੂੰ ਜੇ ਇਕ ਤੋੜ ਕੇ ਲੈ ਗਿਓਂ
ਇਕ ਜੋਗਾ ਰਹਿ ਜਾਸਾਂ,
ਉਹ ਭੀ ਪਲਕ ਝਲਕ ਦਾ ਮੇਲਾ
ਰੂਪ ਮਹਿਕ ਨਸ ਜਾਈ।

*-ਭਾਈ ਵੀਰ ਸਿੰਘ*

---

## ਵਿਅੰਗ

### ਕੇਜਰੀਵਾਲ ਵਲੋਂ ਮੁਆਫੀ

ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਪੰਜਾਬ ਦੌਰਿਆਂ ਸਮੇਂ ਲੋਕਾਂ ਦੇ ਇਕੱਠ ਦੇਖ ਕੇ ਦਿਮਾਗ ਘੁਮੰਡ 'ਚ ਆ ਗਿਆ। ਉਦੋਂ ਉਸ ਨੇ ਕਿਹਾ ਸੀ, "ਮੈਂ ਏਕ ਬਾਰ ਨਹੀਂ, ਸੌ ਬਾਰ ਕਹੂੰਗਾ ਕਿ ਮਜੀਠੀਆ ਨਸ਼ੇ ਕਾ ਤਸਕਰ ਹੈ।"

ਕੇਜਰੀਵਾਲ ਨੇ ਪੰਜਾਬ ਦੇ 'ਆਪ' ਦੇ ਸਾਰੇ ਉਮੀਦਵਾਰਾਂ ਨੂੰ ਹਦਾਇਤਾਂ ਕੀਤੀਆਂ ਕਿ ਆਪੋ ਆਪਣੇ ਹਲਕੇ ਵਿਚ ਯੋਗ ਥਾਂਵਾਂ 'ਤੇ ਉਸ ਦੇ ਬਚਨਾਂ ਕਿ ਮਜੀਠੀਆ ਨਸ਼ੇ ਦਾ ਤਸਕਰ ਹੈ, ਪੋਸਟਰ ਬਣਵਾ ਕੇ ਲਾਏ ਜਾਣ। ਪਰ ਹੁਣ ਪੰਜਾਬ ਦੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਨੂੰ ਪੁੱਛੇ ਬਿਨਾ ਹੀ ਮਜੀਠੀਏ ਤੋਂ ਮੁਆਫੀ ਮੰਗ ਲਈ।

ਇਸ ਸਥਿਤੀ ਬਾਰੇ ਮੈਨੂੰ ਇਕ ਲਤੀਫਾ ਯਾਦ ਆ ਗਿਆ। ਜੱਟ ਦੇ ਖੇਤ 'ਚੋਂ ਮਰਾਸੀ ਨੇ ਗੰਨਾ ਭੰਨ ਲਿਆ। ਨੇੜੇ ਬੈਠੇ ਜੱਟ ਨੇ, ਜੋ ਆਪਣੇ ਖੇਤ ਵਿਚ ਰਾਜਾ ਬਿਕਰਮਾਦਿੱਤ ਨਾਲੋਂ ਵੱਧ ਹੈਸੀਅਤ ਰੱਖਦਾ ਹੈ, ਦਬਕਾ ਮਾਰਿਆ, "ਕਿਹੜਾ ਓਏ, ਤੂੰ ਮੇਰੇ ਖੇਤ 'ਚੋਂ ਗੰਨਾ ਭੰਨਣ ਵਾਲਾ।"

ਸੁਣ ਕੇ ਡਰ ਦਾ ਮਾਰਾ ਮਰਾਸੀ ਦੌੜ ਪਿਆ ਤੇ ਉਸ ਦੇ ਮਗਰੇ ਹੀ ਜੱਟ। ਮੀਲ ਕੁ ਜਾ ਕੇ ਹਫ ਕੇ ਮਰਾਸੀ ਡਿੱਗ ਪਿਆ। ਜੱਟ ਦੇ ਪਹੁੰਚਣ 'ਤੇ ਮਰਾਸੀ ਡਿੱਗਿਆ ਹੀ ਬੋਲਿਆ, "ਸਰਦਾਰ ਜੀ, ਸਤਿ ਸ੍ਰੀ ਅਕਾਲ।"

ਜੱਟ ਬੋਲਿਆ, "ਸਹੁਰੀ ਦਿਆ, ਜੇ ਇਹੀ ਸਤਿ ਸ੍ਰੀ ਅਕਾਲ ਮੇਰੇ ਖੇਤ ਵਿਚ ਹੀ ਆਖ ਦਿੰਦਾ, ਨਾ ਤੈਨੂੰ ਤੇ ਨਾ ਮੈਨੂੰ ਐਨੀ ਦੌੜ ਲਾਉਣੀ ਪੈਂਦੀ।"

*-ਵਾਸਦੇਵ ਸਿੰਘ ਪਰਹਾਰ*
ਫੋਨ: 206-434-1155

---

## ਕਾਵਿ-ਵਿਅੰਗ

### ਟੇਕ

ਚੈਕਿੰਗ ਟੀਮ ਦਾ ਚੌਧਰੀ ਕਹਿਣ ਲੱਗਾ,
ਤੇਰੇ ਵਿਚ ਨੇ ਨੁਕਸ ਅਨੇਕ ਮਾਸਟਰ।
ਤੇਰਾ ਅੰਕੜਾ ਕੋਈ ਨਾ ਮੇਲ ਖਾਂਦਾ,
ਗਲਤ ਮਲਤ ਜਿਹਾ ਕੰਮ ਹਰੇਕ ਮਾਸਟਰ।
ਕੀਤੀ ਰਪਟ ਜੇ ਉਚ ਅਧਿਕਾਰੀਆਂ ਨੂੰ,
ਲੱਗੂ ਨੌਕਰੀ ਤੇਰੀ ਨੂੰ ਸੇਕ ਮਾਸਟਰ।
ਫਸਿਆ ਵਿਚ ਕੁੜਿੱਕੀ ਦੇ ਜਦੋਂ 'ਚੋਹਲਾ',
ਲੈਂਦਾ ਤਰਲਿਆਂ ਦੀ ਹੈ ਟੇਕ ਮਾਸਟਰ।

---

### ਬੁਢਾਪੇ ਦੀ ਦਾਲ

ਰੋ ਰੋ ਕੇ ਆਸ਼ਰਮ ਵਿਚ ਬਾਪੂ,
ਦੱਸਦਾ ਪਿਆ ਸੀ ਇਕ ਦਿਨ ਹਾਲ ਮੀਆਂ।
ਦੋ ਧੀਆਂ ਤੇ ਸੁੱਖ ਨਾਲ ਚਾਰ ਪੁੱਤਰ,
ਕਰਦਾ ਕੋਈ ਨਾ ਪਰ ਸੰਭਾਲ ਮੀਆਂ।
ਤੇਜੋ ਛੱਡ ਕੇ ਤੁਰ ਗਈ ਸਾਥ ਮੇਰਾ,
ਨਿੱਭ ਉਹ ਵੀ ਸਕੀ ਨਾ ਨਾਲ ਮੀਆਂ।
ਹੋਵੇ ਬੇਮੁੱਖ ਜੇ ਔਲਾਦ 'ਚੋਹਲਾ',
ਗਲਦੀ ਨਹੀਂ ਬੁਢਾਪੇ ਦੀ ਦਾਲ ਮੀਆਂ।

*-ਰਮੇਸ਼ ਬੱਗਾ ਚੋਹਲਾ*
ਫੋਨ: 91-94631-32719

# ਤਾਨਸੇਨ: ਸੁਰ ਤੇ ਸਾਧਨਾ

ਕਲਾ ਪਰਿਕਰਮਾ

ਬਲਰਾਜ ਸਿੰਘ ਸਿੱਧੂ

ਤਾਨਸੇਨ ਨੂੰ ਜਹਾਨੋਂ ਕੂਚ ਕੀਤਿਆਂ 436 ਸਾਲ ਹੋ ਚੁੱਕੇ ਹਨ, ਪਰ ਅੱਜ ਵੀ ਕਿਸੇ ਗਾਇਕ ਦਾ ਸੁਰਾਂ ਦਾ ਗਿਆਨ ਅਤੇ ਪ੍ਰਸਿਧੀ ਮਾਪਣ ਦਾ ਪੈਮਾਨਾ ਤਾਨਸੇਨ ਦਾ ਨਾਮ ਹੀ ਸਮਝਿਆ ਜਾਂਦਾ ਹੈ। ਤਾਨਸੇਨ ਵਰਗਾ ਸੰਗੀਤ ਦਾ ਧੁਨੰਤਰ ਨਾ ਪੈਦਾ ਹੋਇਆ ਤੇ ਨਾ ਹੋਵੇਗਾ। ਉਸ ਦਾ ਜਨਮ 1503 ਨੂੰ ਮੱਧ ਪ੍ਰਦੇਸ਼ ਦੇ ਸ਼ਹਿਰ ਗਵਾਲੀਅਰ ਦੇ ਸਾਧਾਰਨ ਬ੍ਰਾਹਮਣ ਪਰਿਵਾਰ ਵਿਚ ਹੋਇਆ। ਉਸ ਦਾ ਬਚਪਨ ਦਾ ਨਾਮ ਰਾਮਤਾਨੂੰ ਸੀ। ਉਸ ਦਾ ਪਿਤਾ ਮੁਕੰਦ ਪਾਂਡੇ ਖ਼ੁਦ ਕਵੀ ਸੀ ਤੇ ਉਹ ਕੁਝ ਦੇਰ ਵਾਰਾਨਸੀ ਕਿਸੇ ਮੰਦਰ ਦਾ ਪੁਜਾਰੀ ਵੀ ਰਿਹਾ। ਤਾਨਸੇਨ ਨੇ ਸੰਗੀਤ ਦੀ ਮੁੱਢਲੀ ਸਿੱਖਿਆ ਗਵਾਲੀਅਰ ਤੋਂ ਪ੍ਰਾਪਤ ਕੀਤੀ। ਆਮ ਵਿਸ਼ਵਾਸਾਂ ਦੇ ਉਲਟ ਉਸ ਨੇ ਆਪਣੀ



ਚਿੱਤਰਕਾਰ ਵੱਲੋਂ ਬਣਾਇਆ ਤਾਨਸੈਨ ਦਾ ਚਿੱਤਰ

ਜ਼ਿਆਦਾਤਰ ਜ਼ਿੰਦਗੀ ਬਾਦਸ਼ਾਹ ਅਕਬਰ ਦੀ ਬਜਾਏ ਗਵਾਲੀਅਰ ਦੇ ਸੰਗੀਤ ਪ੍ਰੇਮੀ ਰਾਜਾ ਰਾਮਚੰਦਰ ਦੇ ਦਰਬਾਰ ਵਿਚ ਬਿਤਾਈ। ਇਥੇ ਹੀ ਉਸ ਦੀ ਪ੍ਰਸਿਧੀ ਸਾਰੇ ਪਾਸੇ ਫੈਲੀ।

1563 ਵਿਚ 60 ਸਾਲ ਦੀ ਉਮਰੇ ਉਸ ਨੂੰ ਬਾਦਸ਼ਾਹ ਅਕਬਰ ਵੱਲੋਂ ਮੁਗ਼ਲ ਦਰਬਾਰ ਵਿਚ ਆਉਣ ਦਾ ਸੱਦਾ ਪ੍ਰਾਪਤ ਹੋਇਆ। ਦਰਅਸਲ, ਤਾਨਸੇਨ ਦੀ ਪ੍ਰਸਿਧੀ ਸਾਰੇ ਉਤਰੀ ਭਾਰਤ ਵਿਚ ਫੈਲ ਰਹੀ ਸੀ। ਜਦੋਂ ਅਕਬਰ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਸ ਨੇ ਆਪਣੇ ਦੂਤ ਨੂੰ ਕੀਮਤੀ ਤੋਹਫ਼ੇ ਦੇ ਕੇ ਰਾਮਚੰਦਰ ਕੋਲ ਭੇਜਿਆ ਤੇ ਤਾਨਸੇਨ ਨੂੰ ਮੁਗ਼ਲ ਦਰਬਾਰ ਵਿਚ ਪਧਾਰਨ ਦੀ ਬੇਨਤੀ ਕੀਤੀ, ਪਰ ਉਹ ਗਵਾਲੀਅਰ ਛੱਡ ਕੇ ਮੁਗ਼ਲ ਦਰਬਾਰ ਵਿਚ ਜਾਣਾ ਨਹੀਂ ਸੀ ਚਾਹੁੰਦਾ। ਸੋ ਉਸ ਨੇ ਸਭ ਦੁਨਿਆਵੀ ਸੁੱਖ ਸਹੂਲਤਾਂ ਛੱਡ ਕੇ ਸੰਨਿਆਸੀ ਜੀਵਨ ਬਿਤਾਉਣ ਦੀ ਇੱਛਾ ਪ੍ਰਗਟਾਈ, ਪਰ ਰਾਜਾ ਰਾਮਚੰਦਰ ਨੇ ਉਸ ਨੂੰ ਸਮਝਾ ਕੇ ਅਕਬਰ ਕੋਲ ਭੇਜ ਦਿੱਤਾ। ਤਾਨਸੇਨ ਦੀ ਸੰਗੀਤ ਪ੍ਰਾਪਤੀ ਬਾਰੇ ਵੱਖ ਵੱਖ ਕਹਾਣੀਆਂ ਪ੍ਰਚਲਿਤ ਹਨ। ਹਿੰਦੂ ਵਿਸ਼ਵਾਸਾਂ ਮੁਤਾਬਿਕ ਉਸ ਨੇ ਸੰਗੀਤ ਦੀ ਸਿੱਖਿਆ ਭਗਤੀ ਲਹਿਰ ਦੇ ਮਹਾਨ ਕਵੀ ਤੇ ਸੰਗੀਤਕਾਰ ਸੰਤ, ਸਵਾਮੀ ਹਰੀਦਾਸ ਤੋਂ ਹਾਸਲ ਕੀਤੀ। ਸਮਕਾਲੀ ਮੁਸਲਿਮ ਲਿਖਾਰੀ ਲਿਖਦੇ ਹਨ ਕਿ ਉਸ ਨੇ ਇਹ ਸਿੱਖਿਆ ਸੂਫ਼ੀ ਸੰਤ ਸ਼ੇਖ ਮੁਹੰਮਦ ਗੌਸਾ ਤੋਂ ਹਾਸਲ ਕੀਤੀ ਪਰ ਸਵਾਮੀ ਹਰੀਦਾਸ ਵਾਲਾ ਪੱਖ ਜ਼ਿਆਦਾ ਮੰਨਣ ਯੋਗ ਹੈ ਕਿਉਂਕਿ ਸ਼ੇਖ ਮੁਹੰਮਦ ਗੌਸਾ ਖ਼ੁਦ ਸੰਗੀਤਕਾਰ ਨਹੀਂ ਸੀ। ਉਂਜ, ਤਾਨਸੇਨ ਵਰਗੇ ਮਹਾਨ ਬੰਦੇ ਬਾਰੇ ਕਿਸੇ ਧਾਰਮਿਕ ਵਾਦ ਵਿਵਾਦ ਦੀ ਬਜਾਏ ਉਸ ਦੀ ਕਲਾ ਉਤੇ ਗੌਰ ਕਰਨਾ ਚਾਹੀਦਾ ਹੈ।

ਉਸ ਨੇ ਛੇ ਸਾਲ ਦੀ ਉਮਰ ਵਿਚ ਹੀ ਗਾਉਣਾ ਸ਼ੁਰੂ ਕਰ ਦਿੱਤਾ ਸੀ। ਉਹ ਧਰੁਪਦ ਦਾ ਮਾਹਿਰ ਸੀ। ਗਵਾਲੀਅਰ ਦੇ ਰਾਜਾ ਮਾਨ ਸਿੰਘ ਤੋਮਰ (1486-1516, ਰਾਜਾ ਰਾਮਚੰਦਰ ਦਾ ਪਿਤਾ) ਨੇ ਉਸ ਨੂੰ ਆਪਣੀ ਛਤਰ ਛਾਇਆ ਵਿਚ ਲੈ ਲਿਆ ਤੇ ਤਾਨਸੇਨ (ਸੁਰਾਂ ਦਾ ਸਮਰਾਟ) ਦੀ ਉਪਾਧੀ ਦਿੱਤੀ। ਉਸ ਸਮੇਂ ਭਗਤੀ ਲਹਿਰ ਦੇ ਪ੍ਰਭਾਵ ਹੇਠ ਸੰਸਕ੍ਰਿਤ ਨੂੰ ਛੱਡ ਕੇ ਬੋਲਚਾਲ ਦੀਆਂ ਆਮ ਭਾਸ਼ਾਵਾਂ, ਹਿੰਦੀ ਤੇ ਬ੍ਰਜ ਭਾਸ਼ਾ ਆਦਿ ਵਿਚ ਸਾਹਿਤ ਰਚਨਾ ਕੀਤੀ ਜਾ ਰਹੀ ਸੀ। ਸਵਾਮੀ ਹਰੀਦਾਸ ਦੇ ਪ੍ਰਭਾਵ ਹੇਠ ਤਾਨਸੇਨ ਵੀ ਸਥਾਨਕ ਭਾਸ਼ਾਵਾਂ ’ਚ ਸੰਗੀਤ ਰਚਨਾ ਕਰਨ ਲੱਗਾ ਜਿਸ ਕਾਰਨ ਉਹ ਜਨਮਾਣਸ ’ਚ ਬੇਹਦ ਮਸ਼ਹੂਰ ਹੋ ਗਿਆ। ਤਾਨਸੇਨ ਦੇ ਸੰਗੀਤ ‘ਤੇ ਸਵਾਮੀ ਹਰੀਦਾਸ, ਸ਼ੇਖ ਮੁਹੰਮਦ ਗੌਸਾ ਤੋਂ ਬਿਨਾ ਗਵਾਲੀਅਰ ਦਰਬਾਰ ਦੇ ਹੋਰ ਕਈ ਸੰਗੀਤਕਾਰਾਂ ਦਾ ਪ੍ਰਭਾਵ ਸੀ।

ਅਕਬਰ ਦੇ ਦਰਬਾਰ ਵਿਚ ਉਸ ਨੂੰ ਅਨੇਕਾਂ ਮਹਾਨ ਸੰਗੀਤਕਾਰਾਂ ਨੂੰ ਮਿਲਣ ਦਾ ਮੌਕਾ ਮਿਲਿਆ। ਉਸ ਦੀ ਕਾਬਲੀਅਤ ਵੇਖ ਕੇ ਅਕਬਰ ਨੇ ਜਲਦੀ ਹੀ ਉਸ ਨੂੰ ਨੌਂ ਰਤਨਾਂ ਵਿਚ ਸ਼ਾਮਲ ਕਰ ਲਿਆ ਤੇ ਮੀਆਂ ਦਾ ਖਿਤਾਬ ਦਿੱਤਾ। ਉਸ ਦਾ ਨਾਮ ਮੀਆਂ ਤਾਨਸੇਨ ਮਸ਼ਹੂਰ ਹੋ ਗਿਆ। ਤਾਨਸੇਨ ਦੀਆਂ ਸੰਗੀਤ ਰਚਨਾਵਾਂ ਵਿਚ ਧਰੁਪਦ ਤੋਂ ਇਲਾਵਾ ਹੋਰ ਵੀ ਕਈ ਵਿਸ਼ੇ ਸ਼ਾਮਲ ਹਨ। ਉਸ ਦਾ ਸੰਗੀਤ ਹਿੰਦੂ ਗ੍ਰੰਥ ਪੁਰਾਣ ਤੋਂ ਬਹੁਤ ਪ੍ਰਭਾਵਿਤ ਸੀ ਤੇ ਬ੍ਰਜ ਭਾਸ਼ਾ ਵਿਚ ਲਿਖੀਆਂ ਉਸ ਦੀਆਂ ਰਚਨਾਵਾਂ ਵਿਚ ਗਣੇਸ਼, ਸਰਸਵਤੀ, ਸੂਰਜ, ਸ਼ਿਵ ਅਤੇ ਵਿਸ਼ਨੂੰ ਦੀ ਉਸਤਤ ਕੀਤੀ ਗਈ ਹੈ। ਉਸ ਨੇ ਅਕਬਰ



ਸ਼ਹਿਨਸ਼ਾਹ ਅਕਬਰ, ਤਾਨਸੇਨ ਅਤੇ ਹਰੀਦਾਸ ਦਾ ਇਕ ਚਿੱਤਰ

ਦੀ ਵਡਿਆਈ ਵਿਚ ਵੀ ਕਈ ਰਚਨਾਵਾਂ ਲਿਖੀਆਂ। ਉਸ ਦੇ ਬੱਚੇ ਤਨਰਸ ਖ਼ਾਨ, ਬਿਲਾਸ ਖ਼ਾਨ, ਹਮੀਰ ਸੇਨ, ਸੂਰਤ ਸੇਨ ਅਤੇ ਸਰਸਵਤੀ ਦੇਵੀ, ਸਾਰੇ ਹੀ ਮਾਹਿਰ ਸੰਗੀਤਕਾਰ ਸਨ। ਅਕਬਰ ਉਸ ਨੂੰ ਇੰਨਾ ਪਿਆਰ ਕਰਦਾ ਸੀ ਕਿ ਜਦੋਂ ਫਤਹਿਪੁਰ ਸੀਕਰੀ ਵਸਾਇਆ ਗਿਆ ਤਾਂ ਅਕਬਰ ਦੇ ਮਹਿਲ ਨੇੜੇ ਤਲਾਬ ਬਣਾਇਆ ਗਿਆ ਜਿਸ ਵਿਚ ਤਾਨਸੇਨ ਲਈ ਖ਼ਾਸ ਟਾਪੂ ਬਣਾਇਆ ਗਿਆ। ਉਥੇ ਬੈਠ ਕੇ ਸਿਰਫ਼ ਤਾਨਸੇਨ ਹੀ ਸੰਗੀਤ ਅਲਾਪ ਸਕਦਾ ਸੀ।

ਅਕਬਰ ਦੇ ਦਰਬਾਰੀ ਇਤਿਹਾਸਕਾਰਾਂ ਵੱਲੋਂ ਤਾਨਸੇਨ ਬਾਰੇ ਲਿਖੀਆਂ ਗਈਆਂ ਲਿਖਤਾਂ ਵਿਚ ਇਤਿਹਾਸ ਦੀ ਬਜਾਏ ਮਿੱਥ ਜ਼ਿਆਦਾ ਹੈ। ਉਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਮੇਘ ਮਲਹਾਰ ਗਾ ਕੇ ਬਰਸਾਤ ਲਿਆ ਸਕਦਾ ਸੀ ਤੇ ਰਾਗ ਦੀਪਕ ਗਾ ਕੇ ਦੀਵੇ ਬਾਲ ਸਕਦਾ ਸੀ। ਉਸ ਦੀ ਵਡਿਆਈ ਵਿਚ ਲਿਖੀਆਂ ਇਨ੍ਹਾਂ ਗੱਲਾਂ ਦੀ ਕੋਈ ਇਤਿਹਾਸਕ ਮਹੱਤਤਾ ਨਹੀਂ ਹੈ। ਜੇ ਉਹ ਮੀਂਹ ਪੁਆ ਸਕਦਾ ਹੁੰਦਾ ਤਾਂ ਅਕਬਰ ਨੂੰ ਪਾਣੀ ਦੀ ਕਮੀ ਦੇ ਦੁੱਖੋਂ ਰੀਝਾਂ ਨਾਲ ਵਸਾਇਆ ਫਤਹਿਪੁਰ ਸੀਕਰੀ ਸ਼ਹਿਰ ਨਾ ਛੱਡਣਾ ਪੈਂਦਾ।

ਤਾਨਸੇਨ ਦੀ ਮੌਤ 26 ਅਪਰੈਲ 1589 ਨੂੰ 96 ਸਾਲ ਦੀ ਉਮਰ ਵਿਚ ਹੋਈ। ਬਾਦਸ਼ਾਹ ਅਕਬਰ ਉਸ ਦਾ ਇੰਨਾ ਸਤਿਕਾਰ ਕਰਦਾ ਸੀ ਕਿ ਉਹ ਅਤੇ ਸਾਰੇ ਦਰਬਾਰੀ ਸ਼ਾਹੀ ਰਵਾਇਤਾਂ ਤੋਂ ਉਲਟ ਪੈਦਲ ਉਸ ਦੇ ਜਨਾਜ਼ੇ ਵਿਚ ਸ਼ਾਮਲ ਹੋਏ। ਉਸ ਦੀਆਂ ਅਸਥੀਆਂ ਗਵਾਲੀਅਰ ਵਿਚ ਸ਼ੇਖ ਮੁਹੰਮਦ ਗੌਸਾ ਦੇ ਮਕਬਰੇ ਦੇ ਅਹਾਤੇ ਦਫ਼ਨਾਈਆਂ ਗਈਆਂ ਤੇ ਯਾਦਗਾਰ ਉਸਾਰੀ ਗਈ। ਗਵਾਲੀਅਰ ਵਿਚ ਹਰ ਸਾਲ ਉਸ ਦੀ ਯਾਦ ਵਿਚ ਤਾਨਸੇਨ ਸਮਾਰੋਹ ਕਰਾਇਆ ਜਾਂਦਾ ਹੈ ਅਤੇ ਹਿੰਦੋਸਤਾਨੀ ਸ਼ਾਸਤਰੀ ਸੰਗੀਤ ਦੇ ਕਿਸੇ ਮਹਾਂਰਥੀ ਨੂੰ ਤਾਨਸੇਨ ਸਨਮਾਨ ਦਿੱਤਾ ਜਾਂਦਾ ਹੈ। ਉਸ ਦੀ ਯਾਦ ਵਿਚ ਅਨੇਕਾਂ ਫ਼ਿਲਮਾਂ ਅਤੇ ਲੜੀਵਾਰ ਬਣਾਏ ਗਏ ਹਨ। ਹਿੰਦੋਸਤਾਨੀ ਸੰਗੀਤ ਨੂੰ ਨਿਖਾਰਨ ਵਿਚ ਉਸ ਦਾ ਬਹੁਤ ਵੱਡਾ ਯੋਗਦਾਨ ਹੈ। ਆਧੁਨਿਕ ਭਾਰਤ ਦੇ ਅਨੇਕਾਂ ਸੰਗੀਤ ਘਰਾਣੇ ਆਪਣਾ ਪਿਛੋਕੜ ਉਸ ਨਾਲ ਜੋੜਨ ਵਿਚ ਮਾਣ ਮਹਿਸੂਸ ਕਰਦੇ ਹਨ।

ਤਾਨਸੇਨ ਦੀ ਕਹਾਣੀ ਬੈਜੂ ਬਾਵਰਾ ਤੋਂ ਬਿਨਾਂ ਅਧੂਰੀ ਹੈ। ਬੈਜੂ ਬਾਵਰਾ ਬਾਰੇ ਵੀ ਜਾਣਕਾਰੀ ਇਤਿਹਾਸ ਦੀ ਬਜਾਏ ਕਿੱਸੇ ਕਹਾਣੀਆਂ ਤੋਂ ਹੀ ਮਿਲਦੀ ਹੈ। ਉਹ ਵੀ ਗਵਾਲੀਅਰ ਦੇ ਰਾਜਾ ਮਾਨ ਸਿੰਘ ਤੋਮਰ ਦਾ ਦਰਬਾਰੀ ਸੰਗੀਤਕਾਰ ਅਤੇ ਤਾਨਸੇਨ ਦਾ ਸਮਕਾਲੀ ਸੀ। ਉਸ ਦਾ ਬਚਪਨ ਦਾ ਨਾਮ ਬੈਜਨਾਥ ਮਿਸ਼ਰਾ ਸੀ। ਉਸ ਦਾ ਜਨਮ ਚੰਪਨੇਰ (ਗੁਜਰਾਤ) ਦੇ ਗ਼ਰੀਬ ਬ੍ਰਾਹਮਣ ਪਰਿਵਾਰ ਵਿਚ ਹੋਇਆ। ਉਸ ਦੇ ਪਿਤਾ ਦੀ ਮੌਤ ਬਚਪਨ ਵਿਚ ਹੀ ਹੋ ਗਈ ਤੇ ਉਸ ਦੀ ਕ੍ਰਿਸ਼ਨ ਭਗਤ ਮਾਂ ਉਸ ਨੂੰ ਲੈ ਕੇ ਵ੍ਰਿੰਦਾਵਨ ਚਲੀ ਗਈ। ਉਸ ਨੇ ਵੀ ਸਵਾਮੀ ਹਰੀਦਾਸ ਤੋਂ ਸਿੱਖਿਆ ਪ੍ਰਾਪਤ ਕੀਤੀ। ਜਦੋਂ ਉਹ ਥੋੜ੍ਹਾ ਮਸ਼ਹੂਰ ਹੋ ਗਿਆ ਤਾਂ ਚੰਦੇਰੀ ਦੇ ਰਾਜੇ ਨੇ ਉਸ ਨੂੰ ਆਪਣੇ ਦਰਬਾਰ ਵਿਚ ਬੁਲਾ ਲਿਆ। ਇਸ ਤੋਂ ਬਾਅਦ ਗਵਾਲੀਅਰ ਦਾ ਰਾਜਾ ਮਾਨ ਸਿੰਘ ਤੋਮਰ ਉਸ ਨੂੰ ਆਪਣੇ ਦਰਬਾਰ ਵਿਚ ਲੈ ਗਿਆ ਤੇ ਉਹ ਸਫਲਤਾ ਦੀਆਂ ਉਚਾਈਆਂ ‘ਤੇ ਪਹੁੰਚ ਗਿਆ। ਮਸਤ ਮਲੰਗ ਅਤੇ ਆਪਣੀ ਮਰਜ਼ੀ ਦਾ ਮਾਲਕ ਹੋਣ ਕਾਰਨ ਉਸ ਦਾ ਨਾਮ ਬੈਜਨਾਥ ਦੀ ਬਜਾਏ ਬੈਜੂ ਬਾਵਰਾ (ਕਮਲਾ) ਪੈ ਗਿਆ। ਕਿੱਸੇ ਕਹਾਣੀਆਂ ਮੁਤਾਬਿਕ ਉਸ ਦਾ ਕਿਸੇ ਸਮੇਂ ਤਾਨਸੇਨ ਨਾਲ ਸੰਗੀਤ ਮੁਕਾਬਲਾ ਹੋਇਆ ਸੀ, ਪਰ ਇਸ ਦਾ ਕੋਈ ਇਤਿਹਾਸਕ ਸਬੂਤ ਨਹੀਂ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਅਪਰੈਲ 2018 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-319



*ਤਦੇ ਸਿਆਣੇ ਆਖ ਗਏ ਨੇ, ਤਿੰਨੇ ਈ ਗੱਲਾਂ ਵੱਖਰੀਆਂ।*
*ਕੁੜੀਆਂ, ਚਿੜੀਆਂ, ਬੱਕਰੀਆਂ-ਤਿੰਨੇ ਹੀ ਨੇ ਅੱਥਰੀਆਂ।*

### ਕੈਪਸ਼ਨ ਮੁਕਾਬਲਾ-317



ਕੈਮਰੇ ਵਿਚ ਦੇਖ ਦੇਖ ਕੇ
ਬਾਂਦਰ ਬਾਬਾ ਹੋਇਆ ਦੰਗ।
ਅੱਖ ਨਾ ਝਪਕੇ, ਪੈ ਗਿਆ ਸੋਚੀਂ
ਸਮਝ ਨਾ ਆਵੇ ਕੀ ਰੰਗ ਢੰਗ।
ਉਹ ਕੀ ਜਾਣੇ, ਸੰਤਾਨ ਉਸ ਦੀ ਨੇ
ਦੁਨੀਆਂ ਕਰ ਲਈ ਡੱਬੀ ‘ਚ ਬੰਦ।
*-ਦਵਿੰਦਰ ਕੌਰ*

---

ਹੈ ਸੀ ਤੂੰ ਵੀ ਮੇਰੇ ਵਰਗਾ
ਹੁਣ ਤੂੰ ਫੰਨੇ ਖਾਂ ਕਹਾਵੇਂ।
ਤਰ੍ਹਾਂ ਤਰ੍ਹਾਂ ਦੀਆਂ ਦਿਖਾ ਤਸਵੀਰਾਂ
ਮਿੰਨ੍ਹਾ ਮਿੰਨ੍ਹਾ ਤੂੰ ਮੁਸਕਾਵੇਂ।
ਮੰਨਿਆ ਅੱਗੇ ਨਿੱਕਲ ਗਿਆ ਤੂੰ
ਪਰ ਮੇਰਾ ਕਾਹਨੂੰ ਮਖੌਲ ਉਡਾਵੇਂ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ, ਲੁਧਿਆਣਾ।*
*ਫੋਨ: 91-98783-37222*

---

ਬਾਂਦਰ ਬੜਾ ਹੈਰਾਨ ਹੋਇਆ
ਜਦੋਂ ਝਾਕਿਆ ਕੈਮਰੇ ਅੰਦਰ।
ਸੋਚੇ ਸ਼ਕਲ ਹੈ ਮੇਰੇ ਵਰਗੀ
ਨਹੀਂ ਹੈ ਮੂਲੋਂ ਕੋਈ ਅੰਤਰ।
ਦੁੱਖ ਹੈ ਬੰਦਾ ਸੋਚਣੋਂ ਆਰੀ
ਤਕਨੀਕ ਦਾ ਆਦੀ ਹੋਇਆ।
ਚੰਗਾ ਭਲਾ ਮੇਰਾ ਪੜਪੋਤਾ ਸੀ
ਹੁਣ ‘ਬਾਬੂ’ ਬਣ ਖਲੋਇਆ।
*-ਸੇਵਾ ਸਿੰਘ ਨੂਰਪੁਰੀ, ਬੰਗਾ*
*ਫੋਨ: 91-98786-91079*

---

ਫੋਟੋਗ੍ਰਾਫਰ ਸੈਲਫੀਆਂ ਖਿੱਚ ਖਿੱਚ
ਬਾਂਦਰ ਨੂੰ ਅਕਲ ਸਿਖਾਵੇ।
ਕਰੋੜਾਂ ਸਾਲਾਂ ‘ਚ ਨਾ ਸਿੱਖਿਆ
ਸਾਡਾ ਪੂਰਵਜ਼ ਕਿਵੇਂ ਕਹਾਵੇ?
ਠੀਕ ਹੈ! ਸਾਰੇ ਪਸ਼ੂ-ਪੰਛੀਆਂ ਨੂੰ
ਹੈ ਹਮਦਰਦੀ ਦੀ ਲੋੜ,
ਭਿੰਨਤਾ ਭਰਿਆ ਰੰਗਲਾ ਸੰਸਾਰ
ਕਿਤੇ ਅਲੋਪ ਨਾ ਹੋ ਜਾਵੇ।
*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

---

ਬੂਝੜ ਬੰਦੇ ਦਾ ਬੂਝੜ ਪੂਰਵਜ
ਬਹੁਤ ਅਕਲਮੰਦ ਕਹਾਵੇ।
ਵਿਹਲਾ ਮਨ ਸ਼ੈਤਾਨ ਦਾ ਚਰਖਾ
ਫੋਟੋਗ੍ਰਾਫਰ ਉਸ ਨੂੰ ਰੁਝਾਵੇ।
ਮੀਡੀਆਤੰਤਰ ਦੀ ਕਾਰੀਗਰੀ ਦੇਖ
ਉਸ ਦਾ ਮਨ ਵੀ ਲਲਚਾਵੇ।
ਸਭ ਜੀਵ ਬੰਦੇ ਨਾਲ ਸਾਂਝ ਭਾਲਦੇ
ਪਰ ਬੰਦਾ ਨਜ਼ਰਅੰਦਾਜ਼ ਕਰੀ ਜਾਵੇ।
*-ਜਗਜੀਤ ਕੌਰ ਤੂਰ, ਚੰਡੀਗੜ੍ਹ*

---

ਸ਼ਕਲ ਬਦਲ ਲੰਗੂਰ ਦੀ
ਇਨਸਾਨ ਨਾਲ ਮਿਲੇ
ਤਾਹੀਓਂ ਸਿਧਾਂਤ ਨੇ ਲੰਗੂਰ ਨੂੰ
ਮਨੁੱਖ ਦਾ ਵਡੇਰਾ ਮੰਨਿਆ।
ਸਿਧਾਂਤ ਠੋਸ ਹਕੀਕਤਾਂ ‘ਤੇ ਖੜ੍ਹਦਾ।
ਡਾਰਵਿਨ ਦਾ ਕਥਨ,
‘ਮਨੁੱਖ ਪਸ਼ੂ ਤੋਂ ਵੀ ਹੇਠਲੇ ਪੱਧਰ
ਉਤੋਂ ਤੁਰ ਕੇ ਇੱਥੇ ਪੁੱਜਾ।’
ਵਿਰੋਧ ਨੇ ਵੀ ਹੱਦ ਕੀਤੀ
ਸਿਧਾਂਤ ਸਥਾਪਤ ਹੋ ਜਾਂਦਾ ਜਦ
ਕੌਣ ਮੁਨਕਰ ਹੁੰਦਾ।
*-ਦਰਸ਼ਨਪਾਲ ਦੋਸਾਂਝ*

---

ਨਾਲ ਸਮੇਂ ਦੇ ਨਸਲ ਬਦਲੀ।
ਲੋੜਾਂ ਮੁਤਾਬਕ ਅਕਲ ਬਦਲੀ।
ਅਕਲਾਂ ਨੇ ਐਟਮ ਬੰਬ ਬਣਾਏ।
ਦੁਨੀਆਂ ਮੁਕਾਉਣ ਦੇ ਸੰਦ ਬਣਾਏ।
ਕਰੀਏ ਹੁਣ ਕੋਈ ਹੀਲਾ
ਕਿ ਵੰਸ ਬਚਾ ਲਈਏ।
ਵਡੇਰਿਆਂ ਨੂੰ ਔਖਿਆ ਹੱਲ
ਕਿ ਵਿਆਹ ਕਰਵਾ ਲਈਏ।
*-ਗੁਰਦੇਵ ਸਿੰਘ ਢਿਪਾਲੀ, ਬਠਿੰਡਾ*
*ਫੋਨ: 91-94176-49275*

# ਅਮਰੀਕੀ ਸਿੱਖਾਂ ਦੀ ਪ੍ਰਚਾਰ ਮੁਹਿੰਮ ਨੂੰ ਮਿਲਿਆ ਪੁਰਸਕਾਰ

**ਵਾਸ਼ਿੰਗਟਨ:** ਅਮਰੀਕਾ ਦੇ ਸਿੱਖਾਂ ਵੱਲੋਂ ਦੇਸ਼ ਦੇ ਇਸ ਘੱਟ ਗਿਣਤੀ ਭਾਈਚਾਰੇ ਬਾਰੇ ਚੇਤਨਾ ਫੈਲਾਉਣ ਦੀ ਦੇਸ਼ ਵਿਆਪੀ ਮੁਹਿੰਮ ਨੂੰ ਜਨਤਕ ਹਿੱਤ ਖਾਤਰ ਲੋਕ ਸੰਪਰਕ ਪ੍ਰੋਗਰਾਮ ਦਾ ਸਰਬੋਤਮ ਅਮਰੀਕੀ ਪੁਰਸਕਾਰ ਦਿੱਤਾ ਗਿਆ ਹੈ। ਅਪਰੈਲ ਮਹੀਨੇ ਨਿਰਸਵਾਰਥ ਸੰਸਥਾ ਨੈਸ਼ਨਲ ਸਿੱਖ ਕੰਪੇਨ ਐਨ.ਐਸ.ਸੀ. ਵੱਲੋਂ ਦੇਸ਼ ਭਰ ਵਿਚ ਘੱਟ ਗਿਣਤੀਆਂ ਉਤੇ ਹੋਣ ਵਾਲੇ ਨਫਰਤੀ ਹਮਲਿਆਂ ਦੇ ਮੱਦੇਨਜ਼ਰ ਧਰਮ ਪ੍ਰਤੀ ਚੇਤਨਾ ਫੈਲਾਉਣ ਲਈ ਇਕ ਵਿਗਿਆਪਨ ਮੁਹਿੰਮ 'ਵੁਈ ਆਰ ਸਿੱਖਜ਼' ਵਿੱਢੀ ਗਈ ਸੀ। ਇਸ ਮੁਹਿੰਮ ਨੂੰ ਐਫਪੀ1 ਸਟ੍ਰੈਟਿਜੀਜ਼ ਵੱਲੋਂ ਨੇਪਰੇ ਚਾੜ੍ਹਿਆ ਗਿਆ ਸੀ ਜਿਸ ਨੇ ਸਿੱਖਾਂ ਨੂੰ ਇਕ ਆਮ ਗੁਆਂਢੀ ਤੇ ਆਮ ਅਮਰੀਕੀ ਦੀ ਤਰ੍ਹਾਂ ਅਸਰਦਾਰ ਢੰਗ ਨਾਲ ਪੇਸ਼ ਕੀਤਾ ਸੀ ਜਿਨ੍ਹਾਂ ਬਾਰੇ ਦੂਜੇ ਲੋਕਾਂ ਨੂੰ ਉਨ੍ਹਾਂ ਦੇ ਧਰਮ ਦੀ ਜਾਣਕਾਰੀ ਨਾ ਹੋਣ ਕਾਰਨ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੁਹਿੰਮ ਨੂੰ ਪੀਆਰਵੀਕ ਯੂਐਸ ਐਵਾਰਡ 2018 ਨਾਲ ਸਨਮਾਨਤ ਕੀਤਾ ਗਿਆ ਹੈ। ਦੂਜੇ ਸ਼ਬਦਾਂ ਵਿਚ ਇਸ ਪੁਰਸਕਾਰ ਨੂੰ ਜਨਤਕ ਹਿੱਤ ਦੇ ਖੇਤਰ ਵਿਚ ਲੋਕ ਸੰਪਰਕ ਸਨਅਤ ਦਾ ਆਸਕਰ ਵੀ ਆਖਿਆ ਜਾਂਦਾ ਹੈ।




ਐਨ.ਐਸ.ਸੀ. ਦੇ ਬਾਨੀ ਤੇ ਸੀਨੀਅਰ ਸਲਾਹਕਾਰ ਰਾਜਵੰਤ ਸਿੰਘ ਨੇ ਕਿਹਾ ਕਿ ਇਹ ਅਮਰੀਕਾ ਦੇ ਸਿੱਖਾਂ ਦੀ ਵੱਡੀ ਪ੍ਰਾਪਤੀ ਹੈ। ਮੈਂ ਹਰ ਉਸ ਸ਼ਖ਼ਸ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਸ ਨੇ ਇਸ ਮੁਹਿੰਮ ਨੂੰ ਸਫਲ ਬਣਾਉਣ ਵਿਚ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਬਹੁਤ ਸਾਰੇ ਸਿੱਖਾਂ ਨੂੰ ਉਨ੍ਹਾਂ ਦੇ ਧਰਮ ਤੇ ਕਦਰਾਂ ਕੀਮਤਾਂ ਪ੍ਰਤੀ ਲੋਕ ਚੇਤਨਾ ਨਾ ਹੋਣ ਕਾਰਨ ਧੱਕੇ ਧੋੜਿਆਂ, ਵਿਤਕਰੇ ਤੇ ਨਫਰਤੀ ਹਮਲਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਮੁਹਿੰਮ ਲਈ 13 ਲੱਖ ਡਾਲਰ ਜੁਟਾਏ ਗਏ ਸਨ ਜਿਸ ਵਿਚ ਬਹੁਤਾ ਯੋਗਦਾਨ ਸਿੱਖਾਂ ਦਾ ਸੀ।

# ਲੰਡਨ: ਛੁਰੇਬਾਜ਼ੀ ਵਿਚ ਸਿੱਖ ਦੀ ਮੌਤ

**ਲੰਡਨ:** ਸਾਊਥਾਲ ਵਿਚ ਛੁਰੇਬਾਜ਼ੀ ਦੀ ਘਟਨਾ ਵਿਚ ਜਖ਼ਮੀ ਹੋਏ 48 ਸਾਲਾ ਸਿੱਖ ਨੇ ਦਮ ਤੋੜ ਦਿੱਤਾ ਹੈ। ਬਰਤਾਨਵੀ ਪੁਲਿਸ ਨੇ ਉਸ ਦੀ ਸ਼ਨਾਖਤ ਬਲਬੀਰ ਜੌਹਲ ਵਜੋਂ ਕੀਤੀ ਹੈ।

ਪੁਲਿਸ ਮੁਤਾਬਕ ਇਕ ਲੌਜਿਸਟਿਕਸ ਯੋਜਨਾਕਾਰ ਵਜੋਂ ਕੰਮ ਕਰਦੇ ਤੇ ਸਲੋਅ ਇਲਾਕੇ ਦੇ ਵਾਸੀ ਸ੍ਰੀ ਜੌਹਲ ਉਤੇ ਚਾਕੂ ਨਾਲ ਹਮਲਾ ਕੀਤਾ ਗਿਆ। ਬਾਅਦ ਵਿਚ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ।

# ਕ੍ਰਿਕਟ: ਗੇਂਦ ਨਾਲ ਛੇੜਖਾਨੀ ਕਰਨ ਬਦਲੇ ਸਮਿੱਥ ਅਤੇ ਵਾਰਨਰ ਦੀ ਛੁੱਟੀ

**ਮੈਲਬਰਨ:** ਦੱਖਣੀ ਅਫਰੀਕਾ ਖਿਲਾਫ ਤੀਜੇ ਕ੍ਰਿਕਟ ਟੈਸਟ ਦੌਰਾਨ ਗੇਂਦ ਨਾਲ ਛੇੜਛਾੜ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਆਸਟਰੇਲਿਆਈ ਟੀਮ ਦੇ ਕਪਤਾਨ ਸਟੀਵਨ ਸਮਿੱਥ ਨੂੰ ਕਪਤਾਨੀ ਅਤੇ ਡੇਵਿਡ ਵਾਰਨਰ ਨੂੰ ਉਪ ਕਪਤਾਨੀ ਤੋਂ ਹਟਾ ਦਿੱਤਾ ਗਿਆ ਹੈ। ਵਿਕਟਕੀਪਰ ਟਿਮ ਪੇਅਨੇ ਨੂੰ ਟੈਸਟ ਦੇ ਬਾਕੀ ਬਚੇ ਦੋ ਦਿਨ ਲਈ ਟੀਮ ਦੀ ਕਪਤਾਨੀ ਸੌਂਪੀ ਗਈ ਹੈ।

ਸਾਲ 2015 ਤੋਂ ਆਸਟਰੇਲਿਆਈ ਟੀਮ ਦੀ ਕਪਤਾਨੀ ਕਰ ਰਹੇ ਅਤੇ ਇਸ ਸਮੇਂ ਦੁਨੀਆਂ ਦੇ ਨੰਬਰ ਇਕ ਟੈਸਟ ਬੱਲੇਬਾਜ਼ ਸਮਿੱਥ ਨੇ ਕੇਪਟਾਊਨ ਵਿਚ ਪੱਤਰਕਾਰਾਂ ਸਾਹਮਣੇ ਖ਼ੁਦ ਹੀ ਸੀਨੀਅਰ ਖਿਡਾਰੀਆਂ ਨਾਲ ਮਿਲ ਕੇ ਗੇਂਦ ਨਾਲ ਛੇੜਛਾੜ ਕਰਨ ਦੀ ਗੱਲ ਕਬੂਲ ਕੀਤੀ ਸੀ। ਮਾਈਕਲ ਕਲਾਰਕ ਦੇ ਸੰਨਿਆਸ ਮਗਰੋਂ ਸਮਿੱਥ ਨੂੰ ਕਪਤਾਨੀ ਮਿਲੀ ਸੀ। ਕੇਪਟਾਊਨ ਵਿਚ ਤੀਜੇ ਟੈਸਟ ਦੇ ਤੀਜੇ ਦਿਨ ਇਹ ਮਾਮਲਾ ਸਾਹਮਣੇ ਆਉਣ ਮਗਰੋਂ ਸਮਿੱਥ ਨੂੰ ਕਪਤਾਨੀ ਤੋਂ ਹਟਾਉਣ ਦੀ ਮੰਗ ਉਠੀ ਸੀ। ਕ੍ਰਿਕਟ ਆਸਟਰੇਲੀਆ (ਸੀ. ਏ.) ਮੁਖੀ ਜੇਮਜ਼ ਸਦਰਲੈਂਡ ਨੇ ਬਿਆਨ 'ਚ ਕਿਹਾ ਕਿ ਸਮਿੱਥ ਤੇ ਵਾਰਨਰ ਗੱਲਬਾਤ ਮਗਰੋਂ, ਬਾਕੀ ਟੈਸਟ ਵਿਚੋਂ ਕ੍ਰਮਵਾਰ ਕਪਤਾਨੀ ਅਤੇ ਉਪ ਕਪਤਾਨੀ ਛੱਡਣ ਲਈ ਤਿਆਰ ਹੋ ਗਏ ਹਨ।

ਟੀ. ਵੀ. ਫੁਟੇਜ਼ ਵਿਚ ਵਿਖਾਇਆ ਗਿਆ ਸੀ ਕਿ ਸਮਿੱਥ ਦੇ ਸਾਥੀ 25 ਸਾਲਾ ਕੈਮਰਨ ਬੈਨਕਰਾਫਟ ਨੇ ਲੰਚ ਮਗਰੋਂ ਸੈਸ਼ਨ ਵਿਚ ਫੀਲਡਿੰਗ ਕਰਦਿਆਂ ਆਪਣੀ ਜੇਬ ਵਿਚੋਂ ਇਕ ਪੀਲੀ ਵਸਤੂ ਕੱਢੀ ਅਤੇ ਇਸ ਨੂੰ ਗੇਂਦ ਉਤੇ ਰਗੜ ਦਿੱਤਾ। ਇਹ ਮਾਮਲਾ ਸਾਹਮਣੇ ਆਉਣ ਮਗਰੋਂ ਸਮਿੱਥ ਨੇ ਗਲਤੀ ਕਬੂਲ ਕੀਤੀ ਸੀ। ਸਮਿੱਥ ਨੇ ਕਿਹਾ ਕਿ ਕੋਚ ਡੈਰੇਨ ਲਿਮੈਨ ਨੂੰ ਇਸ ਬਾਰੇ ਨਹੀਂ ਪਤਾ ਸੀ, ਹਾਲਾਂਕਿ ਤਸਵੀਰ ਵਿਚ ਇਹ ਵੀ ਵਿਖਾਈ ਦਿੱਤਾ ਕਿ ਕੋਚ ਨੇ ਇਸ ਘਟਨਾ ਤੋਂ ਪਹਿਲਾਂ ਫੁਟੇਜ਼ ਮਗਰੋਂ 12ਵੇਂ ਖਿਡਾਰੀ ਪੀਟਰ ਹੈਂਡਜ਼ਕੋਂਬ ਨੂੰ ਸੁਨੇਹਾ ਦੇਣ ਲਈ ਭੇਜਿਆ ਸੀ। ਆਸਟਰੇਲਿਆਈ ਟੀਮ ਦੀ ਇਸ ਮਾਮਲੇ ਨੂੰ ਲੈ ਕੇ ਚਾਰੇ ਪਾਸਿਓਂ ਨਿਖੇਧੀ ਹੋਣ ਲੱਗੀ ਹੈ।

Michigan Truck Driving School
6405 Middlebelt Road, Romulus, MI 48174

ਸਭ ਸਹੂਲਤਾਂ ਨਾਲ
ਲੈਸ ਨਵਾਂ ਟਰੱਕ
ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

TRUCK STOP 40
SAYRE, OK 73662

ਰੋਟੀ ਬਣਾਉਣ ਵਾਲੇ ਅਤੇ
ਗੈਸ ਸਟੇਸ਼ਨ ਲਈ ਕੈਸ਼ੀਅਰ ਦੀ
ਲੋੜ ਹੈ



ਮਕੈਨਿਕ
ਅਤੇ
ਮਕੈਨਿਕ
ਹੈਲਪਰ ਦੀ
ਲੋੜ ਹੈ

ਸੰਪਰਕ ਕਰੋ:
ਫੋਨ: 832-512-7172
580-447-9366

Friends Of Punjab Foundation




ਤੁਹਾਡੇ ਬਚਪਨ ਦੀਆਂ
ਯਾਦਾਂ ਸਾਂਭੀ ਬੈਠੇ
ਪਿੰਡ ਦੇ ਗਰੀਬ ਲੋਕ
ਮਦਦ ਲਈ ਤੁਹਾਡੇ
ਵੱਲ ਝਾਕ ਰਹੇ ਹਨ

ਮੇਰਾ ਪਿੰਡ

ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ
ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179
www.friendsofpunjabfoundation.org

# ਜਾਸੂਸੀ ਮਾਮਲੇ 'ਤੇ ਸਿਆਸੀ ਜੰਗ ਹੋਈ ਹੋਰ ਤਿੱਖੀ

**ਨਵੀਂ ਦਿੱਲੀ:** ਕਾਂਗਰਸ ਅਤੇ ਭਾਜਪਾ ਵਿਚ ਡੇਟਾ ਨਸ਼ਰ ਦੀ ਸ਼ਬਦੀ ਜੰਗ ਹੋਰ ਤੇਜ਼ ਹੋ ਗਈ ਹੈ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਭਾਰਤੀਆਂ ਦੀ ਜਾਸੂਸੀ ਕਰਾਉਣ ਵਾਲਾ 'ਬਿੱਗ ਬੌਸ' ਕਰਾਰ ਦਿੱਤਾ ਹੈ ਜਦਕਿ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਕਿਹਾ ਕਿ 'ਛੋਟਾ ਭੀਮ' ਵੀ ਜਾਣਦਾ ਹੈ ਕਿ ਇਹ ਜਾਸੂਸੀ ਨਹੀਂ ਹੈ।

ਹੁਕਮਰਾਨ ਭਾਜਪਾ ਨੇ ਕਾਂਗਰਸ ਉਤੇ ਡੇਟਾ ਚੋਰੀ ਦਾ ਦੋਸ਼ ਲਾਉਂਦਿਆਂ ਕਿਹਾ ਕਿ ਜਦੋਂ ਉਨ੍ਹਾਂ 'ਤੇ ਦੋਸ਼ ਜੱਗ ਜ਼ਾਹਿਰ ਹੋ ਗਏ ਤਾਂ ਕਾਂਗਰਸ ਨੇ ਆਪਣਾ ਐਪ ਹਟਾ ਲਿਆ। ਉਂਜ ਕਾਂਗਰਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਾਈਟ ਖਰਾਬ ਹੈ ਅਤੇ ਸਾਰੀ ਮੈਂਬਰਸ਼ਿਪ ਪਾਰਟੀ ਦੀ ਵੈੱਬਸਾਈਟ ਰਾਹੀਂ ਕੀਤੀ ਜਾ ਰਹੀ ਹੈ।

ਟਵਿੱਟਰ ਉਤੇ ਰਾਹੁਲ ਗਾਂਧੀ ਨੇ ਕਿਹਾ ਕਿ ਮੋਦੀ ਦਾ 'ਨਮੋ ਐਪ' ਗੁਪਤ ਢੰਗ ਨਾਲ ਤੁਹਾਡੇ ਦੋਸਤਾਂ ਅਤੇ ਪਰਿਵਾਰ ਦੇ ਸੰਪਰਕਾਂ, ਆਡੀਓ, ਵੀਡੀਓ ਅਤੇ ਲੋਕੇਸ਼ਨ ਉਤੇ ਜੀਪੀਐਸ ਰਾਹੀਂ ਨਜ਼ਰ ਰੱਖ ਰਿਹਾ ਹੈ। ਉਹ (ਮੋਦੀ) ਬਿੱਗ ਬੌਸ ਹਨ ਜਿਨ੍ਹਾਂ ਨੂੰ ਭਾਰਤੀਆਂ ਦੀ ਜਾਸੂਸੀ ਕਰਨਾ ਪਸੰਦ ਹੈ। ਉਨ੍ਹਾਂ ਕਿਹਾ ਕਿ ਹੁਣ 13 ਲੱਖ ਐਨ.ਸੀ.ਸੀ. ਕੈਡੇਟਾਂ ਨੂੰ ਇਹ ਐਪ ਡਾਊਨਲੋਡ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਭਾਜਪਾ ਨੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਦੋਸ਼ਾਂ ਨੂੰ ਤਕਨਾਲੋਜੀ ਅਨਪੜ੍ਹਤਾ ਦਾ ਕੇਸ ਕਰਾਰ ਦਿੱਤਾ ਹੈ ਅਤੇ ਕਿਹਾ ਕਿ ਆਉਂਦੀਆਂ ਲੋਕ ਸਭਾ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਕੈਂਬਰਿਜ ਐਨਾਲਾਈਟਿਕਾ ਦੀ ਸਹਾਇਤਾ ਲੈਣ ਦਾ ਪਰਦਾਫਾਸ਼ ਹੋਣ 'ਤੇ ਉਹ ਬੌਖਲਾ ਗਏ ਹਨ।



## ਫੇਸਬੁੱਕ ਡਾਟਾ ਚੋਰੀ ਬਾਰੇ ਜ਼ਕਰਬਰਗ ਦਾ ਖੁੱਲ੍ਹਿਆ ਭੇਤ

**ਨਵੀਂ ਦਿੱਲੀ:** ਫੇਸਬੁਕ ਉਤੇ ਲੋਕਾਂ ਦੇ ਡਾਟਾ ਚੋਰੀ ਦੇ ਖੁਲਾਸੇ ਤੋਂ ਬਾਅਦ ਅਮਰੀਕਾ ਤੋਂ ਲੈ ਕੇ ਭਾਰਤ ਤੱਕ ਹੰਗਾਮਾ ਹੋ ਰਿਹਾ ਹੈ। ਤਾਜ਼ਾ ਜਾਣਕਾਰੀ ਮੁਤਾਬਕ ਫੇਸਬੁੱਕ ਨੂੰ ਇਸ ਮਾਮਲੇ ਦਾ ਤਿੰਨ ਸਾਲ ਤੋਂ ਪਤਾ ਸੀ। ਬ੍ਰਿਟੇਨ ਦੇ ਅਖ਼ਬਾਰ 'ਦੀ ਗਾਰਡੀਅਨ' ਨੇ 11 ਦਸੰਬਰ 2015 ਨੂੰ ਇਸ ਦਾ ਖੁਲਾਸਾ ਕੀਤਾ ਸੀ ਕਿ ਫੇਸਬੁੱਕ ਤੇ ਕੈਂਬ੍ਰਿਜ ਐਨਾਲਾਈਟਿਕਾ ਵਿਚਾਲੇ ਈਮੇਲ ਐਕਸਚੇਂਜ ਹੋਏ ਹਨ। ਫੇਸਬੁੱਕ ਦੇ ਫਾਊਂਡਰ ਮਾਰਕ ਜ਼ਕਰਬਰਗ ਨੇ ਗਲਤੀ ਭਾਵੇਂ ਮੰਨ ਲਈ ਹੈ, ਪਰ ਹੁਣ ਸਵਾਲ ਹੈ ਕਿ ਜੇਕਰ ਤਿੰਨ ਸਾਲ ਤੋਂ ਜ਼ਕਰਬਰਗ ਨੂੰ ਸਾਰਾ ਕੁਝ ਪਤਾ ਸੀ ਤਾਂ ਇਸ ਉਤੇ ਕਾਰਵਾਈ ਕਿਉਂ ਨਹੀਂ ਕੀਤੀ।

# ਸਿਆਚਿਨ ਵਿਚ ਇਕ ਦਹਾਕੇ ਦੌਰਾਨ 163 ਫੌਜੀਆਂ ਦੀ ਮੌਤ

**ਨਵੀਂ ਦਿੱਲੀ:** ਪਿਛਲੇ ਦਸ ਸਾਲਾਂ ਵਿਚ ਵਿਸ਼ਵ ਦੇ ਸਭ ਤੋਂ ਉਚੇ ਜੰਗੀ ਮੈਦਾਨ ਸਿਆਚਿਨ ਗਲੇਸ਼ੀਅਰ ਵਿਚ ਤਾਇਨਾਤ ਫੌਜ ਦੇ 163 ਜਵਾਨ ਆਪਣੀ ਜਾਨ ਗੁਆ ਚੁੱਕੇ ਹਨ। ਇਹ ਖੁਲਾਸਾ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਮੁਹੱਈਆ ਕਰਵਾਈ ਜਾਣਕਾਰੀ ਤੋਂ ਹੋਇਆ ਹੈ।



ਇਨ੍ਹਾਂ ਜਵਾਨਾਂ ਵਿਚ ਛੇ ਅਧਿਕਾਰੀ ਵੀ ਸ਼ਾਮਲ ਹਨ, ਜੋ 20 ਹਜ਼ਾਰ ਫੁੱਟ ਦੀ ਉਚਾਈ ਉਤੇ ਸਥਿਤ ਗਲੇਸ਼ੀਅਰ ਦੀ ਪਹਿਰੇਦਾਰੀ ਕਰਦੇ ਸ਼ਹੀਦ ਹੋ ਗਏ।

ਰੱਖਿਆ ਮੰਤਰੀ ਨੇ ਇਹ ਖੁਲਾਸਾ ਲੋਕ ਸਭਾ ਵਿਚ ਇਕ ਲਿਖਤੀ ਜਵਾਬ ਵਿਚ ਕੀਤਾ। ਕਰਾਕੁਰਮ ਦੀ ਪਹਾੜੀਆਂ 'ਚ ਸਥਿਤ ਸਿਆਚਿਨ ਗਲੇਸ਼ੀਅਰ, ਜਿਸ ਨੂੰ ਵਿਸ਼ਵ ਦੇ ਸਭ ਤੋਂ ਸਿਖਰਲੇ ਫੌਜੀ ਜ਼ੋਨ ਵਜੋਂ ਜਾਣਿਆ ਜਾਂਦਾ ਹੈ, ਵਿਚ ਫੌਜੀਆਂ ਨੂੰ ਕਾਫੀ ਮੁਸ਼ਕਲ ਹਾਲਾਤ ਨਾਲ ਦੋ ਚਾਰ ਹੋਣਾ ਪੈਂਦਾ ਹੈ। ਸਰਦੀਆਂ 'ਚ ਬਰਫੀਲੇ ਤੂਫਾਨ ਤੇ ਢਿੱਗਾਂ ਦਾ ਡਿੱਗਣਾ ਇਥੇ ਆਮ ਗੱਲ ਹੈ ਤੇ ਤਾਪਮਾਨ ਮਨਫੀ 60 ਡਿਗਰੀ ਤੋਂ ਵੀ ਹੇਠਾਂ ਚਲਾ ਜਾਂਦਾ ਹੈ। ਭਾਰਤ ਤੇ ਪਾਕਿਸਤਾਨ ਲਈ ਰਣਨੀਤਕ ਪੱਖੋਂ ਅਹਿਮ ਇਸ ਗਲੇਸ਼ੀਅਰ 'ਤੇ ਦੋਵਾਂ ਮੁਲਕਾਂ ਨੇ 1984 ਤੋਂ ਆਪੋ ਆਪਣੀਆਂ ਫੌਜਾਂ ਤਾਇਨਾਤ ਕੀਤੀਆਂ ਹੋਈਆਂ ਹਨ।

ਰੱਖਿਆ ਮੰਤਰੀ ਨੇ ਕਿਹਾ ਕਿ ਸਾਲ 2008 ਵਿਚ 9 ਫੌਜੀਆਂ ਦੀ ਜਾਨ ਜਾਂਦੀ ਰਹੀ ਜਦਕਿ ਸਾਲ 2009, 2010 ਤੇ 2011 ਵਿਚ ਕ੍ਰਮਵਾਰ 13, 50 ਤੇ 24 ਫੌਜੀ ਡਿਊਟੀ ਦੌਰਾਨ ਸ਼ਹੀਦ ਹੋ ਗਏ। ਅਗਲੇ ਤਿੰਨ ਸਾਲਾਂ (2012 ਤੋਂ 2014) ਵਿਚ ਇਹ ਅੰਕੜਾ ਕ੍ਰਮਵਾਰ 12, 11 ਤੇ 8 ਸੀ। 2015 ਵਿਚ ਫੌਜੀਆਂ ਦੀਆਂ ਮੌਤਾਂ ਦਾ ਅੰਕੜਾ 11 ਜਦਕਿ 2016 ਤੇ 2017 ਵਿਚ ਕ੍ਰਮਵਾਰ 20 ਤੇ ਪੰਜ ਫੌਜੀ ਸ਼ਹੀਦ ਹੋਏ।

ਰੱਖਿਆ ਮੰਤਰੀ ਨਿਰਮਲਾ ਸੀਤਾਰਮਨਨੇ ਕਿਹਾ ਕਿ ਇੰਨੀ ਉਚਾਈ ਉਤੇ ਤਾਇਨਾਤ ਭਾਰਤੀ ਫੌਜ ਦੇ ਜਵਾਨਾਂ ਨੂੰ ਮੁਸ਼ਕਲ ਮੌਸਮੀ ਹਾਲਾਤ ਤੇ ਹੋਰਨਾਂ ਚੁਣੌਤੀਆਂ ਨਾਲ ਸਿੱਝਣ ਲਈ ਢੁਕਵੇਂ ਸਾਜ਼ੋ ਸਾਮਾਨ ਸਮੇਤ ਹੋਰ ਲੋੜੀਂਦੀ ਸਿਖਲਾਈ ਦਿੱਤੀ ਜਾਂਦੀ ਹੈ।

# ਅੰਨਾ ਹਜ਼ਾਰੇ 7 ਸਾਲਾਂ ਪਿੱਛੋਂ ਮੁੜ ਸੰਘਰਸ਼ ਦੇ ਰਾਹ

**ਨਵੀਂ ਦਿੱਲੀ:** ਸਮਾਜਿਕ ਕਾਰਕੁਨ ਅੰਨਾ ਹਜ਼ਾਰੇ ਨੇ ਲੋਕਪਾਲ ਦੀ ਨਿਯੁਕਤੀ ਅਤੇ ਕਿਸਾਨ ਮੰਗਾਂ ਸਬੰਧੀ ਦਿੱਲੀ ਦੇ ਰਾਮ ਲੀਲਾ ਮੈਦਾਨ ਵਿਚ ਬੇਮਿਆਦੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ।



ਤਕਰੀਬਨ 7 ਸਾਲਾਂ ਬਾਅਦ ਅੰਨਾ ਨੇ ਉਸੇ ਸਥਾਨ ਤੋਂ ਦੂਜਾ ਕੌਮੀ ਪੱਧਰ ਦਾ ਅੰਦੋਲਨ ਸ਼ੁਰੂ ਕੀਤਾ ਹੈ ਜਿਥੇ ਉਨ੍ਹਾਂ ਭ੍ਰਿਸ਼ਟਾਚਾਰ ਖਿਲਾਫ਼ ਅੰਦੋਲਨ ਸ਼ੁਰੂ ਕਰ ਕੇ ਯੂ.ਪੀ.ਏ. ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਸੀ।

2011 ਵਿਚ ਇਸੇ ਅੰਦੋਲਨ ਤੋਂ ਨਿਕਲੀ ਆਮ ਆਦਮੀ ਪਾਰਟੀ ਨੇ ਦਿੱਲੀ ਵਿਚ ਵੱਡੀ ਜਿੱਤ ਹਾਸਲ ਕਰ ਕੇ ਆਪਣੀ ਸਰਕਾਰ ਬਣਾਈ ਸੀ ਅਤੇ ਪੰਜਾਬ ਵਿਚ ਵੱਡੀ ਵਿਰੋਧੀ ਧਿਰ ਬਣ ਕੇ ਉਭਰੀ ਸੀ।

ਅੰਨਾ ਹਜ਼ਾਰੇ ਨੇ ਪਹਿਲਾਂ ਸ਼ਹੀਦੇ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਪਾਰਕ (ਆਈ.ਟੀ.ਓ.) ਵਿਚ ਲੱਗੇ ਬੁੱਤਾਂ ਉਤੇ ਸ਼ਰਧਾ ਭੇਟ ਕਰ ਕੇ ਸਿਰ ਨਿਵਾਇਆ ਅਤੇ ਫਿਰ ਰਾਮ ਲੀਲਾ ਮੈਦਾਨ ਵਿਚ ਡੇਰੇ ਲਾ ਲਏ। ਉਨ੍ਹਾਂ ਇਸ ਵਾਰ ਕਿਸਾਨਾਂ ਦੀ ਮੁੱਖ ਮੰਗ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰਾਉਣ ਅਤੇ ਲੋਕਪਾਲ ਦੀ ਨਿਯੁਕਤੀ ਲਈ ਸੰਘਰਸ਼ ਸ਼ੁਰੂ ਕੀਤਾ ਹੈ। ਉਹ ਭਾਜਪਾ ਦੀ ਮੋਦੀ ਸਰਕਾਰ ਤੋਂ ਇਸ ਗੱਲੋਂ ਖਫਾ ਹਨ ਕਿ ਪ੍ਰਧਾਨ ਮੰਤਰੀ ਨੂੰ ਕਈ ਚਿੱਠੀਆਂ ਲਿਖਣ ਮਗਰੋਂ ਵੀ ਪੀ.ਐਮ.ਓ. ਨੇ ਉਨ੍ਹਾਂ ਦਾ ਕੋਈ ਜਵਾਬ ਨਹੀਂ ਦਿੱਤਾ ਹੈ। ਇਸ ਵਾਰ ਪੰਜਾਬ, ਹਰਿਆਣਾ, ਯੂਪੀ ਅਤੇ ਹੋਰ ਰਾਜਾਂ ਤੋਂ ਕਿਸਾਨ ਵੀ ਅੰਨਾ ਦੇ ਅੰਦੋਲਨ ਦਾ ਹਿੱਸਾ ਬਣ ਰਹੇ ਹਨ।

## ਭਾਰਤੀ ਪੇਂਡੂ ਔਰਤਾਂ ਛਾਤੀ ਦੇ ਕੈਂਸਰ ਤੋਂ ਅਣਜਾਣ

**ਲੰਡਨ:** ਭਾਰਤ ਦੇ ਪਿੰਡਾਂ ਦੀਆਂ ਤੀਜਾ ਹਿੱਸਾ (33 ਫੀਸਦੀ) ਔਰਤਾਂ ਨੂੰ ਛਾਤੀ ਦੇ ਕੈਂਸਰ ਦੀ ਬਿਮਾਰੀ ਦਾ ਹੀ ਇਲਮ ਨਹੀਂ ਹੈ। ਇਹ ਗੱਲ




ਸਵੀਡਨ ਅਧਾਰਤ ਭਾਰਤੀ ਮੂਲ ਦੇ ਇਕ ਡਾਕਟਰ ਦੀ ਅਗਵਾਈ ਹੇਠ ਕੀਤੇ ਗਏ ਅਧਿਐਨ ਵਿਚ ਸਾਹਮਣੇ ਆਈ ਹੈ। ਦੱਸ ਦਈਏ ਕਿ ਛਾਤੀ ਦੇ ਕੈਂਸਰ ਦੇ ਇਲਾਜ ਵਿਚ ਇਸ ਦਾ ਛੇਤੀ ਪਤਾ ਲਾਏ ਜਾਣ ਨੂੰ ਅਹਿਮ ਮੰਨਿਆ ਜਾਂਦਾ ਹੈ।

ਭਾਰਤ ਵਿਚ ਹੋਣ ਵਾਲੇ ਕੈਂਸਰਾਂ ਵਿਚੋਂ ਛਾਤੀ ਦੇ ਕੈਂਸਰ ਨੂੰ ਸਭ ਤੋਂ ਆਮ ਮੰਨਿਆ ਜਾਂਦਾ ਹੈ ਤੇ ਇਸ ਤੋਂ ਬਾਅਦ ਫੇਫੜਿਆਂ ਦੇ ਕੈਂਸਰ ਅਤੇ ਸਰਵਾਈਕਲ ਕੈਂਸਰ ਦਾ ਨੰਬਰ ਆਉਂਦਾ ਹੈ। ਇਸ ਅਧਿਐਨ ਵਿਚ ਇਹ ਗੱਲ ਵੀ ਦੇਖੀ ਗਈ ਹੈ ਕਿ ਭਾਰਤ ਦੀਆਂ ਕਰੀਬ 90 ਫੀਸਦੀ ਪੇਂਡੂ ਔਰਤਾਂ ਇਸ ਗੱਲ ਤੋਂ ਅਣਜਾਣ ਹਨ ਕਿ ਉਹ ਆਪਣੀ ਛਾਤੀ ਦੀ ਆਪ ਜਾਂਚ ਕਰ ਕੇ ਕੈਂਸਰ ਦੀ ਬਿਮਾਰੀ ਦਾ ਪਤਾ ਲਾ ਸਕਦੀਆਂ ਹਨ।

ਇੰਨਾ ਹੀ ਨਹੀਂ ਮਹਿੰਗੇ ਇਲਾਜ ਕਾਰਨ ਇਸ ਬਿਮਾਰੀ ਦਾ ਇਲਾਜ ਸ਼ੁਰੂ ਕਰਨ ਵਿਚ ਵੀ ਭਾਰਤ 'ਚ ਦੇਰ ਹੋ ਜਾਂਦੀ ਹੈ। ਸਵੀਡਨ ਦੀ ਉਮੇਆ ਯੂਨੀਵਰਸਿਟੀ ਵੱਲੋਂ ਜਾਰੀ ਬਿਆਨ ਵਿਚ ਮੈਡੀਕਲ ਵਿਦਿਆਰਥੀ ਨਿਤਿਨ ਗੰਗਾਣੇ ਨੇ ਕਿਹਾ ਹੈ ਕਿ ਛਾਤੀ ਦੇ ਕੈਂਸਰ ਦੇ ਸਫਲ ਇਲਾਜ ਲਈ ਔਰਤਾਂ ਨੂੰ ਅਲਾਮਤਾਂ ਬਾਰੇ ਜਾਗਰੂਕ ਕਰਨਾ ਜ਼ਰੂਰੀ ਹੈ।

# ਦਾਊਦ ਦੀ ਡੀ-ਕੰਪਨੀ ਨੇ ਕਈ ਮੁਲਕਾਂ 'ਚ ਜਮਾਏ ਪੈਰ

**ਵਾਸ਼ਿੰਗਟਨ:** ਭਾਰਤ ਵੱਲੋਂ ਭਗੌੜੇ ਕਰਾਰ ਦਿੱਤੇ ਗਏ ਦਾਊਦ ਇਬਰਾਹਿਮ ਦੇ ਪਾਕਿਸਤਾਨ



ਸਥਿਤ ਅਪਰਾਧਿਕ ਗਰੁੱਪ ਡੀ-ਕੰਪਨੀ ਨੇ ਕਈ ਮੁਲਕਾਂ ਵਿਚ ਆਪਣੇ ਪੈਰ ਫੈਲਾ ਲਏ ਹਨ। ਜੌਰਜ ਮੈਸਨ ਯੂਨੀਵਰਸਿਟੀ ਦੇ ਸ਼ੈਸ਼ਰ ਸਕੂਲ ਆਫ ਪਾਲਿਸੀ ਦੇ ਪ੍ਰੋਫੈਸਰ ਡਾਕਟਰ ਲੂਈਸ ਸ਼ੈਲੀ ਨੇ ਅਮਰੀਕੀ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਡੀ-ਕੰਪਨੀ ਨੇ ਨਸ਼ੀਲੀਆਂ ਵਸਤਾਂ ਦੀ ਤਸਕਰੀ ਲਈ ਕਈ ਦੇਸ਼ਾਂ 'ਚ ਪੈਰ ਪਸਾਰ ਲਏ ਹਨ ਅਤੇ ਉਸ ਨੇ ਇਕ ਤਾਕਤਵਰ ਸੰਗਠਨ ਦਾ ਰੂਪ ਧਾਰ ਲਿਆ ਹੈ।

ਅਤਿਵਾਦ ਅਤੇ ਗੈਰਕਾਨੂੰਨੀ ਵਿੱਤ ਬਾਰੇ ਸਦਨ ਦੀ ਵਿੱਤੀ ਸੇਵਾਵਾਂ ਬਾਰੇ ਸਬ ਕਮੇਟੀ ਵੱਲੋਂ ਕੀਤੀ ਗਈ ਸੁਣਵਾਈ ਦੌਰਾਨ ਸ਼ੈਲੀ ਨੇ ਕਿਹਾ ਕਿ ਮੈਕਸਿਕੋ ਦੇ ਨਸ਼ੀਲੇ ਪਦਾਰਥਾਂ ਦੇ ਸੰਗਠਨਾਂ ਵਾਂਗ ਡੀ-ਕੰਪਨੀ ਦਾ ਜਾਲ ਵੱਖ ਵੱਖ ਮੁਲਕਾਂ 'ਚ ਫੈਲਿਆ ਹੋਇਆ ਹੈ। ਉਹ ਹਥਿਆਰਾਂ, ਨਕਲੀ ਡੀ.ਵੀ.ਡੀ. ਦੀ ਤਸਕਰੀ ਕਰਦੇ ਹਨ ਅਤੇ ਹਵਾਲਾ ਅਪਰੇਟਰਾਂ ਰਾਹੀਂ ਵਿੱਤੀ ਸੇਵਾਵਾਂ ਮੁਹੱਈਆ ਕਰਵਾਉਂਦੇ ਹਨ।

# ਲੰਗਰ ਹਾਲ 'ਚ ਫਰਸ਼ ਤੋਂ ਤਿਲਕੀ ਔਰਤ ਨੂੰ ਦੋ ਲੱਖ ਡਾਲਰ ਮੁਆਵਜ਼ਾ

**ਸਿਡਨੀ:** ਆਸਟਰੇਲੀਆ ਦੇ ਸਭ ਤੋਂ ਵੱਡੇ ਗੁਰਦੁਆਰੇ ਗਲੈਨਵੁੱਡ ਦੇ ਲੰਗਰ ਹਾਲ ਵਿਚ ਫਰਸ਼ ਤੋਂ ਤਿਲਕ ਕੇ ਡਿੱਗੀ ਔਰਤ ਨੂੰ ਦੋ ਲੱਖ ਆਸਟਰੇਲਿਆਈ ਡਾਲਰ (ਤਕਰੀਬਨ ਇਕ ਕਰੋੜ ਰੁਪਏ) ਮੁਆਵਜ਼ਾ ਦੇਣ ਉਤੇ ਸਹਿਮਤੀ ਬਣੀ ਹੈ। ਇਸ ਸਬੰਧੀ ਅਦਾਲਤ ਤੋਂ ਬਾਹਰ ਕਾਨੂੰਨੀ ਮਾਹਿਰਾਂ ਵਿਚਾਲੇ ਲਿਖਤੀ ਸਮਝੌਤਾ ਹੋਇਆ ਹੈ।

ਵੇਰਵਿਆਂ ਅਨੁਸਾਰ ਪੀੜਤ ਔਰਤ ਨੇ ਅਦਾਲਤ ਵਿਚ ਸਾਲ 2014 ਵਿਚ ਪਹੁੰਚ ਕੀਤੀ ਸੀ। ਉਹ ਬ੍ਰਾਹਮਣ ਪਰਿਵਾਰ ਨਾਲ ਸਬੰਧਤ ਹੈ। ਉਸ ਨੇ ਦਾਅਵਾ ਕੀਤਾ ਸੀ ਕਿ ਉਹ ਗੁਰਦੁਆਰੇ ਵਿਚ ਸ਼ਰਧਾ ਵਜੋਂ ਗਈ ਸੀ ਪਰ ਲੰਗਰ ਹਾਲ ਵਿਚ ਫਰਸ਼ ਗਿੱਲਾ ਹੋਣ ਕਰ ਕੇ ਉਹ ਅਚਾਨਕ ਤਿਲਕ ਕੇ ਡਿੱਗ ਪਈ। ਉਸ ਨੂੰ ਇਲਾਜ ਲਈ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਗਿਆ। ਉਸ ਨੇ ਗੁਰਦੁਆਰੇ ਉਪਰ ਹਰਜਾਨੇ ਦਾ ਕੇਸ ਕੀਤਾ। ਗੁਰਦੁਆਰਾ ਪ੍ਰਬੰਧਕਾਂ ਨੂੰ ਇਸ ਮਾਮਲੇ ਦਾ ਉਦੋਂ ਪਤਾ ਲੱਗਿਆ ਜਦੋਂ ਪੀੜਤ ਔਰਤ ਵੱਲੋਂ ਭੇਜਿਆ ਦਾ ਕਾਨੂੰਨੀ ਨੋਟਿਸ ਗੁਰਦੁਆਰੇ ਵਿਚ ਪੁੱਜਿਆ। ਇਸ ਉਤੇ ਗੁਰਦੁਆਰੇ ਦੇ ਤਤਕਾਲੀ ਸੈਕਟਰੀ ਨੇ ਆਪਣੇ ਸਟਾਫ ਨੂੰ ਦੁਰਘਟਨਾ ਬਾਰੇ ਪੁੱਛਿਆ ਤਾਂ ਕਿਸੇ ਨੂੰ ਕੁਝ ਪਤਾ ਨਹੀਂ ਸੀ। ਨੋਟਿਸ ਦੀ ਲਿਖਤ ਵਿਚ ਦੁਰਘਟਨਾ ਬਿਆਨ ਕੀਤੀ ਗਈ ਸੀ ਪਰ ਪੀੜਤ ਔਰਤ ਨਾਲ ਦੁਰਘਟਨਾ ਕਦੋਂ, ਕਿਥੇ ਤੇ ਕਿਹੜੇ ਹਾਲਾਤ ਵਿਚ ਵਾਪਰੀ, ਇਸ ਦਾ ਰਿਕਾਰਡ ਗੁਰਦੁਆਰੇ ਵਿਚ ਨਹੀਂ ਮਿਲਦਾ। ਗੁਰਦੁਆਰੇ ਦੇ ਸੀਸੀਟੀਵੀ ਕੈਮਰੇ ਅਤੇ ਰਜਿਸਟਰ ਆਦਿ ਦੁਰਘਟਨਾ ਬਾਰੇ ਰਿਕਾਰਡ ਤੋਂ ਸੱਖਣੇ ਹਨ। ਬੁਝਾਰਤ ਬਣ ਚੁੱਕੀ ਦੁਰਘਟਨਾ ਦੇ ਇਸ ਕੇਸ ਨੂੰ ਪ੍ਰਬੰਧਕਾਂ ਨੇ ਗੁਰਦੁਆਰੇ ਦੀ ਇੰਸ਼ੋਰੈਂਸ ਕੰਪਨੀ ਹਵਾਲੇ ਕਰ ਦਿੱਤਾ।

ਹਾਲ ਹੀ ਵਿਚ ਅਦਾਲਤੀ ਤੋਂ ਬਾਹਰ ਪੀੜਤ ਅਤੇ ਇੰਸ਼ੋਰੈਂਸ ਕੰਪਨੀ ਦੇ ਕਾਨੂੰਨੀ ਮਾਹਿਰਾਂ ਵਿਚ ਮਾਮਲੇ ਨੂੰ ਨਿਪਟਾਉਣ ਲਈ ਆਪਸੀ ਸਹਿਮਤੀ ਬਣੀ ਹੈ, ਜਿਸ ਤਹਿਤ ਕਰੀਬ ਦੋ ਲੱਖ ਆਸਟਰੇਲਿਆਈ ਡਾਲਰ ਪੀੜਤ ਔਰਤ ਨੂੰ ਦੇਣੇ ਤੈਅ ਹੋਏ ਹਨ।

# ਪਾਕਿਸਤਾਨ ਦਿਵਸ: ਪਹਿਲੀ ਵਾਰ ਸ਼ਾਮਲ ਹੋਏ ਭਾਰਤੀ ਅਫਸਰ

**ਇਸਲਾਮਾਬਾਦ:** ਪਾਕਿਸਤਾਨ ਦਿਵਸ ਮਨਾਉਣ ਸਬੰਧੀ ਹੋਈ ਮਿਲਟਰੀ ਪਰੇਡ ਵਿਚ ਇਥੇ ਤਾਇਨਾਤ ਭਾਰਤੀ ਦੂਤਾਵਾਸ ਦੇ ਅਧਿਕਾਰੀ ਅਤੇ ਸੀਨੀਅਰ ਫੌਜੀ ਅਧਿਕਾਰੀ ਪਹਿਲੀ ਵਾਰ ਸ਼ਾਮਲ ਹੋਏ। ਰਿਪੋਰਟਾਂ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨੀ ਫੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਨੇ ਭਾਰਤ ਨੂੰ ਸ਼ਾਂਤੀ ਦਾ ਸੁਨੇਹਾ ਲਾਉਣ ਲਈ ਇਹ ਕਦਮ ਚੁੱਕਿਆ ਹੈ।

ਦੋਵਾਂ ਦੇਸ਼ਾਂ ਵਿਚ ਉਪਜੇ ਭਾਰੀ ਤਣਾਅ ਦੇ ਚੱਲਦਿਆਂ ਪਾਕਿਸਤਾਨ ਦੀ ਫੌਜ ਨੇ ਪਹਿਲੀ ਵਾਰ ਭਾਰਤ ਦੇ ਡਿਫੈਂਸ ਅਟੈਚੀ ਅਤੇ ਭਾਰਤੀ ਦੂਤਾਵਾਸ ਦੇ ਸੀਨੀਅਰ ਅਧਿਕਾਰੀਆਂ ਨੂੰ 23 ਮਾਰਚ ਨੂੰ ਪਾਕਿਸਤਾਨ ਦਿਵਸ ਮੌਕੇ ਹੁੰਦੀ ਪਰੇਡ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਇਸ ਸਮਾਰੋਹ ਵਿਚ ਭਾਰਤ ਦੇ ਡਿਪਟੀ ਹਾਈ ਕਮਿਸ਼ਨਰ ਜੇ.ਪੀ. ਸਿੰਘ ਅਤੇ ਡਿਫੈਂਸ ਮਿਲਟਰੀ ਸਲਾਹਕਾਰ ਬ੍ਰਿਗੇਡੀਅਰ ਸੰਜੇ ਪੀ ਵਿਸ਼ਵਾਸਰਾਓ ਸ਼ਾਮਲ ਹੋਏ। ਇਸ ਮੌਕੇ



ਪਾਕਿਸਤਾਨ ਦੇ ਰਾਸ਼ਟਰਪਤੀ ਨੇ ਗੋਲੀਬੰਦੀ ਦੀ ਉਲੰਘਣਾ ਲਈ ਭਾਰਤ ਨੂੰ ਦੋਸ਼ੀ ਠਹਿਰਾਇਆ। ਉਨ੍ਹਾਂ ਕਿਹਾ ਕਿ ਭਾਰਤ ਦੀ ਕਾਰਵਾਈ ਨੇ ਖੇਤਰੀ ਸੁਰੱਖਿਆ ਨੂੰ ਦਾਅ ਉਤੇ ਲਾ ਦਿੱਤਾ ਹੈ। ਉਨ੍ਹਾਂ ਕਸ਼ਮੀਰੀਆਂ ਨੂੰ ਸਵੈ ਨਿਰਣੇ ਦਾ ਹੱਕ ਦੇਣ ਦੀ ਗੱਲ ਵੀ ਕੀਤੀ।

# ਪ੍ਰੈਜ਼ੀਡੈਂਟ ਰੀਗਨ ਦੀ ਬਾਗੀ ਧੀ-ਪੈਟੀ ਡੇਵਿਸ

**ਵਿੱਕੋਲਿੱਤਰੀਆਂ**

ਸਭਿਅਕ ਦੇਸ਼ਾਂ ਵਿਚ ਆਮ ਤੌਰ 'ਤੇ ਚੰਗੇ ਨਾਮੀ ਪਰਿਵਾਰਾਂ ਦੀ ਔਲਾਦ ਵੀ ਵਧੀਆ ਹੁੰਦੀ ਹੈ। ਉਨ੍ਹਾਂ ਦੇ ਬੱਚਿਆਂ ਦਾ ਪਾਲਣ-ਪੋਸਣ ਵੀ ਚੰਗੇ ਢੰਗ ਨਾਲ ਹੁੰਦਾ ਹੈ। ਉਹ ਉਚ ਦਰਜੇ ਦੇ ਸਕੂਲਾਂ-ਕਾਲਜਾਂ ਵਿਚ ਸਿਖਿਆ ਪ੍ਰਾਪਤ ਕਰਦੇ ਹਨ। ਮਾਪੇ, ਉਨ੍ਹਾਂ ਦੀ ਸੋਚ ਨੂੰ ਤਰਾਸ਼ ਕੇ ਚੰਗੇ ਤੇ ਸਫਲ ਰਸਤੇ ਵੱਲ ਨੂੰ ਤੋਰਦੇ ਹਨ। ਇਹ ਲੋਕ ਅਮੀਰ ਕਾਰੋਬਾਰੀ ਹੁੰਦੇ ਹਨ ਜਾਂ ਉਚ ਪੱਧਰ ਦੇ ਸਿਆਸੀ ਨੇਤਾ।

ਅਮਰੀਕਾ ਦੇ ਮਸ਼ਹੂਰ ਪ੍ਰੈਜ਼ੀਡੈਂਟ ਰੋਨਾਲਡ ਰੀਗਨ ਦੀ ਧੀ ਪੈਟੀ ਡੇਵਿਸ ਵੀ ਹਮੇਸ਼ਾ ਚਰਚਾ

**ਪਰਦੀਪ ਸੈਨ ਹੋਜੇ**

ਵਿਚ ਰਹੀ ਹੈ ਪਰ ਵਜ੍ਹਾ ਕੁਝ ਹੋਰ ਸੀ। ਇਹ ਗੱਲ ਤਾਂ ਉਸ ਦੇ ਨਾਂ ਤੋਂ ਪਤਾ ਲੱਗਦੀ ਹੈ ਕਿ ਉਹ ਪੈਟੀ ਰੀਗਨ ਦੀ ਥਾਂ ਪੈਟੀ ਡੇਵਿਸ ਲਿਖਦੀ ਹੈ। ਉਹ ਆਪਣੀ ਅਲੱਗ ਆਜ਼ਾਦ ਪਛਾਣ ਬਣਾਉਣਾ ਚਾਹੁੰਦੀ ਸੀ। ਆਪਣੇ ਪਿਓ ਰੀਗਨ ਦੇ ਨਾਂ ਦਾ ਸਹਾਰਾ ਨਹੀਂ ਲੈਣਾ ਚਾਹੁੰਦੀ ਸੀ। ਡੇਵਿਸ, ਉਸ ਦੀ ਮਾਂ ਨੈਂਸੀ ਰੀਗਨ ਦਾ ਵਿਚਕਾਰਲਾ ਨਾਂ ਸੀ।

ਪੈਟੀ ਬਚਪਨ ਤੋਂ ਹੀ ਬਾਗੀ ਸੁਰ ਵਾਲੀ ਕੁੜੀ ਸੀ। ਆਪਣੀ ਮਾਂ ਨਾਲ ਝਗੜਾ, ਡਰੱਗ ਲੈਣਾ, ਪਿਓ ਦੇ ਵਿਚਾਰਾਂ ਦਾ ਵਿਰੋਧ ਕਰਨਾ ਅਤੇ ਸੋਲਾਂ ਸਾਲ ਦੀ ਉਮਰ ਵਿਚ ਹੀ ਰੋਮਾਂਸ ਵਾਲੇ ਚੱਕਰਾਂ ਵਿਚ ਪੈਣਾ, ਇਹ ਸਭ ਕੁਝ ਪੈਟੀ ਨੇ ਸ਼ੱਰ੍ਹੇਆਮ ਕੀਤਾ। ਉਸ ਦਾ ਪਿਓ ਰੀਗਨ ਅੱਠ ਸਾਲ ਅਮਰੀਕਾ ਦਾ ਪ੍ਰੈਜ਼ੀਡੈਂਟ ਰਿਹਾ ਪਰ ਪੈਟੀ ਸਿਰਫ ਚਾਰ-ਪੰਜ ਵਾਰ ਵ੍ਹਾਈਟ ਹਾਊਸ ਗਈ। ਆਪਣੀ ਕਿਤਾਬ 'The Way I See It' ਵਿਚ ਉਸ ਨੇ ਆਪਣੇ ਬਾਰੇ ਅਤੇ ਰੀਗਨ ਪਰਿਵਾਰ ਬਾਰੇ ਖੁੱਲ੍ਹ ਕੇ ਲਿਖਿਆ ਹੈ।

ਪੈਟੀ ਦਾ ਜਨਮ 21 ਅਕਤੂਬਰ 1952 ਨੂੰ ਲਾਸ ਏਂਜਲਸ ਵਿਚ ਰੋਨਾਲਡ ਅਤੇ ਨੈਂਸੀ ਰੀਗਨ ਦੇ ਘਰ ਹੋਇਆ। ਉਸ ਦਾ ਬਚਪਨ ਦਾ ਨਾਂ ਪੈਟਰੀਸ਼ੀਆ ਐਨ. ਰੀਗਨ ਸੀ। ਉਸ ਦੀ ਮਾਂ ਅਨੁਸਾਰ ਪੈਟੀ ਸਮੇਂ ਤੋਂ ਪਹਿਲਾਂ ਪੈਦਾ ਹੋਈ ਸੀ। ਪਰ ਪੈਟੀ ਦਾ ਕਹਿਣਾ ਹੈ ਕਿ ਉਸ ਦੀ ਮਾਂ ਸ਼ਾਦੀ ਤੋਂ ਪਹਿਲਾਂ ਗਰਭਵਤੀ ਹੋ ਗਈ ਸੀ, ਜੋ ਇਕ ਕ੍ਰਿਸ਼ਚੀਅਨ ਪਰਿਵਾਰ ਲਈ ਸ਼ਰਮ ਵਾਲੀ ਗੱਲ ਸੀ। ਇਸ ਗੱਲ ਨੂੰ ਲੁਕਾਉਣ ਲਈ ਉਸ ਝੂਠ ਬੋਲਿਆ। ਨੈਂਸੀ ਰੀਗਨ ਆਪਣੀ ਪਹਿਲੀ ਔਲਾਦ ਨੂੰ ਮੁੰਡੇ ਦੇ ਰੂਪ ਵਿਚ ਵੇਖਣਾ ਚਾਹੁੰਦੀ ਸੀ, ਇਸ ਕਰਕੇ ਉਹ ਪੈਟੀ ਦੇ ਜਨਮ ਤੋਂ ਖੁਸ਼ ਨਹੀਂ ਸੀ। ਬਾਅਦ ਵਿਚ ਉਸ ਦੇ ਭਰਾ ਰੌਨ ਨੇ ਜਨਮ ਲਿਆ ਪਰ ਪੈਟੀ ਕਦੀ ਵੀ ਆਪਣੀ ਮਾਂ ਦੀ ਪਸੰਦ ਨਾ ਬਣ ਸਕੀ। ਬਚਪਨ ਤੋਂ ਹੀ ਨਿੱਕੀ-ਨਿੱਕੀ ਗੱਲ ਤੋਂ ਆਪਣੀ ਮਾਂ ਦੇ ਗੁੱਸੇ ਦਾ ਸਾਹਮਣਾ ਕਰਨਾ



*ਪੈਟੀ ਡੇਵਿਸ*

ਪੈਂਦਾ। ਕਈ ਵਾਰ ਸੜਕ ਉਪਰ ਕਾਰ ਖੜ੍ਹੀ ਕਰਕੇ ਪੈਟੀ ਨੂੰ ਕੁਟਿਆ ਵੀ ਗਿਆ।

ਨੈਂਸੀ ਅਤੇ ਰੀਗਨ ਇੱਕ ਦੂਜੇ ਨੂੰ ਬਹੁਤ ਪਿਆਰ ਕਰਦੇ ਸਨ, ਪੈਟੀ ਦੇ ਦੱਸਣ 'ਤੇ ਵੀ ਉਸ ਦੇ ਪਿਓ ਨੇ ਉਸ ਦਾ ਯਕੀਨ ਨਾ ਕੀਤਾ। ਉਸ ਦੀ ਮਾਂ ਪੈਟੀ ਦੇ ਭਰਾ ਨੂੰ ਵੀ ਉਸ ਤੋਂ ਦੂਰ ਰੱਖਦੀ ਸੀ। ਪੈਟੀ ਅਨੁਸਾਰ ਘਰ ਵਿਚ ਕੰਮ ਕਰਦੇ ਨੌਕਰਾਂ ਨਾਲ ਵੀ ਉਸ ਦੀ ਮਾਂ ਦਾ ਵਿਹਾਰ ਚੰਗਾ ਨਹੀਂ ਸੀ, ਇਸ ਕਰਕੇ ਨੌਕਰ ਛੇਤੀ ਕੰਮ ਛੱਡ ਜਾਂਦੇ ਸਨ।

ਕਿਸੇ ਸਮੇਂ ਨੈਂਸੀ ਅਤੇ ਰੀਗਨ ਹਾਲੀਵੁੱਡ ਵਿਚ ਕੰਮ ਕਰਦੇ ਸਨ। ਪੈਟੀ ਦੇ ਬਚਪਨ ਸਮੇਂ ਰੀਗਨ ਜਨਰਲ ਇਲੈਕਟ੍ਰਿਕ ਨਾਂ ਦੀ ਕੰਪਨੀ ਵਿਚ ਕੰਮ ਕਰਦਾ ਸੀ। ਘਰ ਦੀ ਹਾਲਤ ਠੀਕ ਹੀ ਸੀ ਪਰ ਰਾਜਨੀਤੀ ਦੀ ਚਰਚਾ ਹਮੇਸ਼ਾ ਹੁੰਦੀ ਸੀ। ਰੀਗਨ ਰਿਪਬਲਿਕਨ ਪਾਰਟੀ ਦਾ ਚੋਟੀ ਦਾ ਲੀਡਰ ਸੀ। ਜਦ ਨਿਕਸਨ ਪ੍ਰੈਜ਼ੀਡੈਂਟ ਦੀ ਚੋਣ ਕੈਨੇਡੀ ਨੂੰ ਹਾਰ ਗਿਆ ਤਾਂ ਰੀਗਨ ਨੂੰ ਬਹੁਤ ਦੁੱਖ ਹੋਇਆ। ਉਹ ਕੈਨੇਡੀ ਦੀਆਂ ਨੀਤੀਆਂ ਨੂੰ ਪਸੰਦ ਨਹੀਂ ਸੀ ਕਰਦਾ ਤੇ ਮਾਰਟਨ ਲੂਥਰ ਕਿੰਗ ਦਾ ਵੀ ਆਪਣੇ ਮਨੋ ਵਿਰੋਧ ਕਰਦਾ ਸੀ। ਕਮਿਊਨਿਸਟਾਂ ਨੂੰ ਤਾਂ ਉਹ ਦੁਸ਼ਮਣ ਸਮਝਦਾ ਸੀ।


ਪਰ ਪੈਟੀ ਦੇ ਵਿਚਾਰ ਆਪਣੇ ਪਿਓ ਤੋਂ ਬਿਲਕੁਲ ਉਲਟ ਸਨ। ਉਸ ਨੂੰ ਪ੍ਰੈਜ਼ੀਡੈਂਟ ਕੈਨੇਡੀ ਅਤੇ ਡਾਕਟਰ ਕਿੰਗ ਦੀ ਮੌਤ ਦਾ ਬਹੁਤ ਦੁੱਖ ਹੋਇਆ। ਫਿਰ ਜਦੋਂ ਗੋਲਡਵਾਟਰ ਪ੍ਰੈਜ਼ੀਡੈਂਟ ਦੀ ਚੋਣ ਲਈ ਉਮੀਦਵਾਰ ਬਣਿਆ ਤਾਂ ਰੀਗਨ ਉਸ ਦਾ ਸਪੋਕਸਮੈਨ ਬਣਿਆ। ਗੋਲਡਵਾਟਰ ਤਾਂ ਹਾਰ ਗਿਆ ਪਰ ਰੀਗਨ ਮਸ਼ਹੂਰ ਹੋ ਗਿਆ। ਉਹ ਕੈਲੀਫੋਰਨੀਆ ਦਾ ਗਵਰਨਰ ਚੁਣਿਆ ਗਿਆ।

ਹੁਣ ਰੀਗਨ ਵਧੇਰੇ ਸਮਾਂ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਗੁਜਾਰਦਾ ਅਤੇ ਕਦੀ ਲਾਸ ਏਂਜਲਸ ਵੀ ਚਲਾ ਜਾਂਦਾ। ਫਿਰ ਅੱਠਵੀਂ ਕਲਾਸ ਵਿਚ ਪੈਟੀ ਐਰੀਜ਼ੋਨਾ ਪੜ੍ਹਨ ਚਲੀ ਗਈ। ਹੈਲ ਹੋਸਟਲ ਵਿਚ ਰਹਿੰਦਿਆਂ ਉਹ ਡਰੱਗ ਲੈਣ ਲੱਗੀ। ਇਹ ਸਕੂਲ ਸਿਰਫ ਕੁੜੀਆਂ ਲਈ ਸੀ ਪਰ ਪੈਟੀ ਸੋਲਾਂ ਸਾਲ ਦੀ ਉਮਰੇ ਰਸੋਈ ਵਿਚ ਕੰਮ ਕਰਦੇ ਇੱਕ ਮੁੰਡੇ ਨੂੰ ਇਸ਼ਕ ਕਰਨ ਲੱਗੀ। ਉਸ ਨੇ ਅਠਾਰਾਂ ਸਾਲ ਦੀ ਉਮਰ ਵਿਚ ਆਪਣੇ ਇੰਗਲਿਸ਼ ਟੀਚਰ ਅਤੇ ਟੈਨਿਸ ਕੋਚ ਨਾਲ ਰੋਮਾਂਸ ਕੀਤਾ। ਇਹ ਸਾਰਾ ਕੁਝ ਉਹ ਆਪਣੀ ਮਾਂ ਨੂੰ ਦੱਸਦੀ ਅਤੇ ਉਸ ਨੂੰ ਪ੍ਰੇਸ਼ਾਨ ਕਰਦੀ।

ਸਕੂਲ ਖਤਮ ਕਰਕੇ ਪੈਟੀ ਨਾਰਥ ਵੈਸਟਰਨ ਯੂਨੀਵਰਸਿਟੀ, ਸ਼ਿਕਾਗੋ ਚਲੀ ਗਈ। ਉਥੇ ਵੀ ਉਹ ਡਰੱਗ ਲੈਂਦੀ ਰਹੀ। ਪੈਟੀ ਦਾ ਸੁਪਨਾ ਲੇਖਕ ਅਤੇ ਐਕਟਰੈਸ ਬਣਨ ਦਾ ਸੀ, ਇਸ ਲਈ ਉਹ ਯੂਨੀਵਰਸਿਟੀ ਆਫ ਕੈਲੀਫੋਰਨੀਆ ਚਲੀ ਗਈ। ਪਹਿਲਾਂ ਉਹ ਹੋਸਟਲ ਵਿਚ ਰਹੀ, ਫਿਰ ਆਪਣੇ ਮਾਂ-ਪਿਓ ਦੇ ਲਾਸ ਏਂਜਲਸ ਵਾਲੇ ਘਰ ਵਿਚ ਰਹਿਣ ਲੱਗੀ। ਉਸ ਦਾ ਭਰਾ ਹੋਸਟਲ ਚਲਾ ਗਿਆ ਸੀ ਅਤੇ ਮਾਂ ਸੈਕਰਾਮੈਂਟੋ ਆਪਣੇ ਪਤੀ ਕੋਲ ਰਹਿੰਦੀ ਸੀ। ਇੱਕ ਦਿਨ ਉਸ ਦੀ ਮਾਂ ਉਸ ਕੋਲ ਆਈ ਹੋਈ ਸੀ। ਦੋਹਾਂ ਦਾ ਝਗੜਾ ਹੋ ਗਿਆ। ਇਹ ਝਗੜਾ ਹੱਥੋਪਾਈ ਤਕ ਚਲਾ ਗਿਆ ਅਤੇ ਪੈਟੀ ਨੂੰ ਘਰ ਛੱਡਣਾ ਪਿਆ। ਆਪਣੇ ਖਰਚ-ਪਾਣੀ ਲਈ ਉਸ ਨੂੰ ਰੈਸਟੋਰੈਂਟ ਵਿਚ ਕੰਮ ਕਰਨਾ ਪਿਆ। ਜਦੋਂ ਫਿਰ ਵੀ ਗੁਜ਼ਾਰਾ ਨਾ ਹੋਇਆ ਤਾਂ ਉਸ ਨੇ ਡਰੱਗ ਵੇਚਣੀ ਸ਼ੁਰੂ ਕਰ ਦਿੱਤੀ।

ਇਨ੍ਹੀਂ ਦਿਨੀਂ ਪੈਟੀ ਦੀ ਮੁਲਾਕਾਤ ਮਸ਼ਹੂਰ ਬੈਂਡ ਈਗਲ ਦੇ ਬਰਨੀ ਲਿਓਡਨ ਨਾਲ ਹੋਈ। ਪੈਟੀ ਉਸ ਨੂੰ ਚਾਹੁਣ ਲੱਗੀ ਅਤੇ ਉਸ ਦੇ ਨਾਲ ਹੀ ਰਹਿਣ ਲੱਗੀ। ਪੈਟੀ ਨੇ ਆਪਣੇ ਪਿਓ ਨੂੰ ਬਰਨੀ ਨਾਲ ਮਿਲਣ ਲਈ ਪੁਛਿਆ ਤਾਂ ਉਸ ਨੇ ਇਨਕਾਰ ਕਰ ਦਿੱਤਾ। ਪੈਟੀ ਨੇ ਪੜ੍ਹਾਈ ਛੱਡ ਦਿੱਤੀ ਅਤੇ ਬਰਨੀ ਦੇ ਗਰੁਪ ਨਾਲ ਯੂਰਪ ਚਲੀ ਗਈ। ਉਦੋਂ ਹੀ ਪੈਟੀ ਨੇ ਆਪਣਾ ਨਾਂ ਰੀਗਨ ਤੋਂ ਬਦਲ ਕੇ ਡੇਵਿਸ ਰੱਖ ਲਿਆ। ਉਸ ਨੇ ਕਦੀ ਵੀ ਮਾਂ ਨਾ ਬਣਨ ਦਾ ਫੈਸਲਾ ਕੀਤਾ ਅਤੇ ਸਰਜਰੀ ਕਰਵਾ ਲਈ। ਆਪਣੇ ਮਰਦਾਂ ਨਾਲ ਸਬੰਧਾਂ ਬਾਰੇ ਪੈਟੀ ਈਮਾਨਦਾਰ ਨਹੀਂ ਸੀ। ਇਸ ਲਈ ਉਸ ਦਾ ਰਿਸ਼ਤਾ ਆਪਣੇ ਪ੍ਰੇਮੀ ਬਰਨੀ ਨਾਲੋਂ ਟੁੱਟ ਗਿਆ। ਹੁਣ ਫਿਰ ਉਹ ਕਿਰਾਏ ਦੇ ਘਰ ਵਿਚ ਰਹਿਣ ਲੱਗੀ। ਗੁਜ਼ਾਰੇ ਲਈ ਉਸ ਨੇ ਘਰ ਵਿਚ ਭੰਗ ਬੀਜ ਕੇ ਵੇਚਣੀ ਸ਼ੁਰੂ ਕੀਤੀ।

1980 ਵਿਚ ਰੀਗਨ ਅਮਰੀਕਾ ਦਾ ਪ੍ਰੈਜ਼ੀਡੈਂਟ ਚੁਣਿਆ ਗਿਆ ਪਰ ਪੈਟੀ ਨੂੰ ਨਿਰਾਸ਼ਾ ਹੋਈ। ਉਹ ਉਸ ਦੀਆਂ ਨੀਤੀਆਂ ਦਾ ਵਿਰੋਧ ਕਰਦੀ



*ਨੈਂਸੀ ਤੇ ਰੋਨਾਲਡ ਰੀਗਨ ਆਪਣੀ ਧੀ ਪੈਟੀ ਡੇਵਿਸ ਤੇ ਪੁੱਤਰ ਰੌਨ ਰੀਗਨ ਨਾਲ*

ਸੀ। ਉਸ ਲਈ ਇੱਕ ਹੋਰ ਨਵੀਂ ਮੁਸੀਬਤ ਖੜ੍ਹੀ ਹੋ ਗਈ। ਪ੍ਰੈਜ਼ੀਡੈਂਟ ਦੀ ਧੀ ਹੋਣ ਕਰਕੇ ਹਰ ਸਮੇਂ ਸੀਕਰੇਟ ਸਰਵਿਸ ਵਾਲੇ ਉਸ ਦੇ ਨਾਲ ਰਹਿਣ ਲੱਗੇ। ਨਸ਼ਾ ਕਰਨ ਵਾਲੀ ਅਤੇ ਆਜ਼ਾਦ ਰਹਿਣ ਵਾਲੀ ਪੈਟੀ ਲਈ ਇਹ ਇਕ ਸਜ਼ਾ ਵਾਂਗ ਸੀ। ਉਹ ਕਈ ਵਾਰ ਉਨ੍ਹਾਂ ਨੂੰ ਧੋਖਾ ਦੇ ਕੇ ਨਿਕਲ ਜਾਂਦੀ ਪਰ ਉਸ ਦੀ ਸ਼ਿਕਾਇਤ ਵ੍ਹਾਈਟ ਹਾਊਸ ਪਹੁੰਚ ਜਾਂਦੀ।

ਇੱਕ ਵਾਰ ਉਹ ਆਪਣੇ ਕਿਸੇ ਪ੍ਰੇਮੀ ਨੂੰ ਨਿਊ ਯਾਰਕ ਦੇ ਹੋਟਲ ਵਿਚ ਮਿਲਣ ਗਈ ਤਾਂ ਸੀਕਰੇਟ ਸਰਵਿਸ ਵਾਲੇ ਵਿਚਾਰੇ ਸਾਰੀ ਰਾਤ ਬਰਫ 'ਚ ਖੜ੍ਹੇ ਰਹੇ। ਕਈ ਪ੍ਰੈਸ ਵਾਲੇ ਉਸ ਨਾਲ ਇੰਟਰਵਿਊ ਕਰਨਾ ਚਾਹੁੰਦੇ ਪਰ ਉਸ ਦੀ ਮਾਂ ਹਮੇਸ਼ਾ ਕਹਿੰਦੀ ਕਿ ਪਰਿਵਾਰ ਦੀ ਕੋਈ ਮਾੜੀ ਗੱਲ ਨਾ ਕਰੀਂ।

ਰੀਗਨ ਪ੍ਰੈਜ਼ੀਡੈਂਟ ਤਾਂ ਬਣ ਗਿਆ ਪਰ ਆਪਣੀ ਧੀ ਦੀ ਸੋਚ ਅਤੇ ਵਿਚਾਰਾਂ ਨੂੰ ਨਾ ਬਦਲ ਸਕਿਆ। ਪੈਟੀ ਪ੍ਰੈਸ ਵਿਚ ਉਸ ਦੀਆਂ ਨੀਤੀਆਂ ਦਾ ਵਿਰੋਧ ਕਰਦੀ। ਆਪਣੇ ਪਿਓ ਦੇ ਖਿਲਾਫ ਐਂਟੀ ਨਿਊਕਲਰ ਰੈਲੀਆਂ ਦੀ ਸਟੇਜ 'ਤੇ ਬੋਲਦੀ। ਇਹ ਇੱਕ ਬਾਗੀ ਧੀ ਦੀ ਸੁਰ ਸੀ। 1983 ਵਿਚ ਪੈਟੀ ਨੇ ਪੌਲ ਗਰੀਸੇ ਨਾਂ ਦੇ ਯੋਗਾ ਟੀਚਰ ਨਾਲ ਵਿਆਹ ਕਰ ਲਿਆ ਪਰ 1990 ਵਿਚ ਤਲਾਕ ਹੋ ਗਿਆ।

ਪੈਟੀ ਦੀ ਆਰਥਕ ਹਾਲਤ ਸਦਾ ਮਾੜੀ ਰਹੀ। ਇੱਕ ਵਾਰ ਉਸ ਨੇ ਆਪਣੇ ਪਿਓ ਤੋਂ 5,000 ਡਾਲਰ ਉਧਾਰ ਮੰਗੇ ਤਾਂ ਉਸ ਨੂੰ ਵਕੀਲ ਕੋਲ ਐਗਰੀਮੈਂਟ ਕਰਨਾ ਪਿਆ ਕਿ ਉਹ ਹਰ ਮਹੀਨੇ ਪੱਚੀ ਡਾਲਰ ਦਾ ਚੈਕ ਵ੍ਹਾਈਟ ਹਾਊਸ ਵਿਚ ਆਪਣੇ ਪਿਓ ਨੂੰ ਭੇਜਿਆ ਕਰੇਗੀ। ਪੈਟੀ ਨੇ ਦੋ ਨਾਵਲ 'Home Front' ਅਤੇ 'Dead Fall' ਲਿਖੇ। 1994 ਵਿਚ ਮੈਗਜ਼ੀਨ 'ਪਲੇਅ ਬੁਆਏ' ਦੇ ਕਵਰ 'ਤੇ ਉਸ ਦੀ ਫੋਟੋ ਛਪੀ। ਆਪਣੇ ਮਾਂ-ਪਿਓ ਦੀ ਮੌਤ ਤੋਂ ਬਾਅਦ ਉਹ ਲਾਸ ਏਂਜਲਸ ਵਿਚ ਰਹਿੰਦੀ ਹੈ ਅਤੇ ਕਈ ਨਾਮੀਂ ਅਖਬਾਰਾਂ ਲਈ ਲਿਖਦੀ ਹੈ।

###

# ਦੁਨੀਆਂ ਦਾ ਸਭ ਤੋਂ ਉਚਾ ਰੇਲਵੇ ਪੁਲ ਭਾਰਤ 'ਚ

**ਵਿਗਿਆਨਕ ਅਚੰਭੇ**

ਸਾਇੰਸ ਨੇ ਤਰੱਕੀ ਕਰਕੇ ਮਨੁੱਖ ਨੂੰ ਕਿਤੇ ਦਾ ਕਿਤੇ ਪਹੁੰਚਾ ਦਿੱਤਾ ਹੈ। ਵਿਗਿਆਨੀਆਂ ਅਤੇ ਡਾਕਟਰਾਂ ਦੇ ਨਾਲ ਨਾਲ ਇੰਜੀਨੀਅਰ ਵੀ ਕਈ ਵਾਰ ਅਜਿਹਾ ਅਦਭੁੱਤ ਕਾਰਨਾਮਾ ਕਰ ਦਿਖਾਉਂਦੇ ਹਨ ਕਿ ਦੇਖ ਕੇ ਅੱਖਾਂ ਅੱਡੀਆਂ ਰਹਿ ਜਾਂਦੀਆਂ ਹਨ ਅਤੇ ਸੁਣ ਕੇ ਹੋਸ਼ ਉਡ ਜਾਂਦੇ ਹਨ। ਦੁਬਈ 'ਚ ਸਿਵਲ ਇੰਜੀਨੀਅਰਾਂ ਨੇ ਇੰਜੀਨੀਅਰਿੰਗ ਦਾ ਇੱਕ ਨਮੂਨਾ ਪੇਸ਼ ਕੀਤਾ ਹੈ। ਸਭ ਤੋਂ ਉੱਚੀਆਂ ਅੰਬਰ ਛੂੰਹਦੀਆਂ ਬਿਲਡਿੰਗਾਂ ਹਰ ਇਕ ਨੂੰ ਅਚੰਭੇ ਵਿਚ ਹੀ ਨਹੀਂ ਪਾਉਂਦੀਆਂ ਸਗੋਂ ਮੂੰਹ ਵਿਚ



**ਸਤਨਾਮ ਸਿੰਘ ਮੱਟੂ**
**ਫੋਨ: 91-97797-08257**

ਉਂਗਲਾਂ ਲੈਣ ਲਈ ਮਜਬੂਰ ਕਰ ਦਿੰਦੀਆਂ ਹਨ।

ਇੰਜੀਨੀਅਰਿੰਗ ਦੇ ਖੇਤਰ ਵਿਚ ਭਾਰਤ ਦੇ ਇੰਜੀਨੀਅਰਾਂ ਨੇ ਵੀ ਦੁਨੀਆਂ ਦਾ ਸਭ ਤੋਂ ਉਚਾ ਰੇਲਵੇ ਪੁਲ ਬਣਾਉਣ ਦਾ ਰਿਕਾਰਡ ਕਾਇਮ ਕੀਤਾ ਹੈ। ਜੰਮੂ-ਕਸ਼ਮੀਰ ਦੇ ਜਿਲ੍ਹਾ ਰਿਆਸੀ ਵਿਚ ਚਨਾਬ ਦਰਿਆ ਅਤੇ ਊਧਮਪੁਰ-ਸ੍ਰੀਨਗਰ-ਬਾਰਾਮੂਲਾ ਰੇਲਵੇ ਲਾਈਨ 'ਤੇ ਬਕਾਲ ਤੇ ਕੌੜੀ ਵਿਚਕਾਰ ਇਹ ਪੁਲ ਉਸਾਰਿਆ ਜਾ ਰਿਹਾ ਹੈ। ਸਾਲ 2004 ਵਿਚ ਬਣਨਾ ਸ਼ੁਰੂ ਹੋਏ ਇਸ ਰੇਲਵੇ ਪੁਲ 'ਤੇ 512 ਕਰੋੜ ਰੁਪਏ ਦੀ ਲਾਗਤ ਆਉਣ ਦਾ ਅਨੁਮਾਨ ਸੀ। ਸਟੀਲ ਅਥਾਰਟੀ ਆਫ ਇੰਡੀਆ ਦੇ ਭਿਲਾਈ ਪਲਾਂਟ 'ਚ ਤਿਆਰ ਕੀਤੇ ਸਟੀਲ ਅਤੇ ਕੰਕਰੀਟ ਨਾਲ ਬਣੇ ਇਸ ਪੁਲ ਦੀ ਉਚਾਈ 359 ਮੀਟਰ ਜਾਂ 1178 ਫੁੱਟ ਹੈ ਜੋ ਦੁਨੀਆਂ ਦੇ ਸਭ ਤੋਂ ਉਚੇ ਫਰਾਂਸ ਦੇ ਆਈਫਲ ਟਾਵਰ ਤੋਂ ਵੀ 30 ਮੀਟਰ ਵੱਧ ਹੈ। ਇਹ ਪੁਲ ਦਿੱਲੀ ਦੇ ਕੁਤਬ ਮੀਨਾਰ ਤੋਂ ਪੰਜ ਗੁਣਾਂ ਉਚਾ ਹੈ। ਇਸ ਨਾਲ ਫਰਾਂਸ ਦੀ ਟਾਰ ਨਦੀ 'ਤੇ ਬਣੇ ਰੇਲਵੇ ਦੇ 340 ਮੀਟਰ ਉਚਾਈ ਵਾਲੇ ਸਭ ਤੋਂ ਉਚੇ ਪੁਲ ਦਾ ਰਿਕਾਰਡ ਵੀ ਟੁੱਟ ਜਾਵੇਗਾ। ਜੰਮੂ-ਕਸ਼ਮੀਰ ਦੇ ਬਾਰਾਮੂਲਾ ਨੂੰ ਰੇਲਵੇ ਰਾਹੀਂ ਭਾਰਤ ਦੇ ਹੋਰਨਾਂ ਹਿਸਿਆਂ ਨਾਲ ਜੋੜਨ ਲਈ ਹੁਣ 1250 ਕਰੋੜ ਰੁਪਏ ਦੀ ਲਾਗਤ ਨਾਲ ਇਹ ਪੁਲ ਮਈ 2019 ਵਿਚ ਬਣ ਕੇ ਤਿਆਰ ਹੋ ਜਾਵੇਗਾ।

ਸਿਵਲ ਇੰਜੀਨੀਅਰਾਂ ਦੀ ਮਿਹਨਤ ਦਾ ਇਹ ਨਮੂਨਾ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ ਹੋਵੇਗਾ ਜਦੋਂ ਰੇਲ ਗੱਡੀ 90 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਨਦੀ ਦੇ ਵਗਦੇ ਪਾਣੀ ਦੇ ਤਲ ਤੋਂ 1178 ਫੁੱਟ ਦੀ ਉਚਾਈ 'ਤੇ ਲੰਘੇਗੀ। ਦਿਲ ਦੇ ਮਰੀਜ ਇਸ ਤੋਂ ਥੱਲੇ ਡੂੰਘਾਈ ਤਕ ਨਹੀਂ ਦੇਖ ਪਾ ਸਕਣਗੇ ਅਤੇ ਰੇਲ ਗੱਡੀ ਆਸਮਾਨ ਵਿਚ ਉਡਦੀ ਨਜ਼ਰ ਆਵੇਗੀ। ਇਹ ਨਜ਼ਾਰਾ ਕਿਸੇ ਹਵਾਈ ਜਹਾਜ ਦੇ ਸਫਰ ਤੋਂ ਘੱਟ ਨਹੀਂ ਹੋਵੇਗਾ। ਜੇ ਗੱਡੀ ਦੀ ਸਪੀਡ ਇਸ ਤੋਂ ਵੱਧ ਹੋਵੇਗੀ ਤਾਂ ਪੁਲ ਵਿਚ ਫਿੱਟ ਕੀਤੇ ਨਵੀਂ ਤਕਨੀਕ ਦੇ ਉਪਕਰਣ ਨਾਲ ਲਾਲ ਰੰਗ ਦੀ ਬੱਤੀ ਜਗੇਗੀ ਅਤੇ ਰੇਲ ਗੱਡੀ ਰੁਕ ਜਾਵੇਗੀ।

ਇਸ ਰੇਲਵੇ ਪੁਲ ਦੀ ਕੁੱਲ ਲੰਬਾਈ 1375 ਮੀਟਰ ਹੈ ਅਤੇ ਪੁਲ ਦਾ 476 ਮੀਟਰ ਹਿੱਸਾ ਦਰਿਆ ਚਨਾਬ ਉਪਰ ਬਣਾਇਆ ਗਿਆ ਹੈ। ਇਸ ਪੁਲ ਨੂੰ ਮਿੱਥੇ ਸਮੇਂ 'ਚ ਪੂਰਾ ਕਰਨ ਲਈ 300 ਸਿਵਲ ਇੰਜੀਨੀਅਰਾਂ ਦੀ ਟੀਮ ਅਤੇ 1300 ਅਨੁਭਵੀ ਮਜਦੂਰ ਤੇ ਮਸ਼ੀਨਾਂ ਦੇ ਆਪਰੇਟਰ ਮਦਦ ਲਈ ਗਈ। ਇਸ ਪੁਲ ਤੋਂ ਰੇਲ ਗੱਡੀ ਦੇ ਲੰਘਣ ਸਮੇਂ ਇਸ 'ਤੇ ਹੋਣ ਵਾਲੇ ਹਵਾ ਦੇ ਦਬਾਅ ਤੋਂ ਬਚਾਓ ਲਈ ਡਿਜ਼ਾਈਨ ਸਮੇਂ ਆਈ. ਟੀ. ਰੁੜਕੀ ਅਤੇ ਆਈ. ਟੀ. ਕਾਨ੍ਹਪੁਰ ਦੇ ਮਾਹਰਾਂ ਦੀਆਂ ਵਿਸ਼ੇਸ਼ ਸੇਵਾਵਾਂ ਲਈਆਂ ਗਈਆਂ ਹਨ।



ਦਿਨ-ਰਾਤ ਕੰਮ ਕਰ ਰਹੇ ਹਨ। ਪੁਲ ਦੀ ਉਸਾਰੀ ਸ਼ੁਰੂ ਹੋਣ ਤੋਂ ਪਹਿਲਾਂ ਜਿਊਲੌਜੀਕਲ ਅਤੇ ਇੰਜੀਨੀਅਰਿੰਗ ਪੱਖ ਤੋਂ ਇਸ ਥਾਂ ਅਤੇ ਮੌਸਮ ਦੇ ਮੱਦੇਨਜ਼ਰ ਬਹੁਤ ਸਾਰੇ ਟੈਸਟ ਕੀਤੇ ਗਏ ਸਨ, ਜਿਸ ਲਈ ਇੰਜੀਨੀਅਰਿੰਗ ਸਾਇੰਸ, ਜਿਊਲੌਜੀਕਲ ਅਤੇ ਤਕਨਾਲੋਜੀ ਦੇ ਮਾਹਰਾਂ ਦੀ

ਇਸ ਅਦਭੁੱਤ ਤਕਨੀਕ ਦੇ ਪੁਲ ਦਾ ਡਿਜ਼ਾਈਨ ਫਿਨਲੈਂਡ ਦੀ ਕੰਪਨੀ ਨੇ ਤਿਆਰ ਕੀਤਾ ਹੈ। ਭਿਲਾਈ ਸਟੀਲ ਪਲਾਂਟ ਤੋਂ ਤਿਆਰ ਕਰਵਾਇਆ ਸਪੈਸ਼ਲ ਸਟੀਲ ਇਸ ਪੁਲ ਦੀ ਉਸਾਰੀ ਲਈ ਵਰਤਿਆ ਗਿਆ ਹੈ। ਪੁਲ ਦੇ ਨੇੜੇ ਹੀ ਇੱਕ ਪੂਰੀ ਫੈਕਟਰੀ ਬਣਾਈ ਗਈ ਹੈ, ਜਿਸ ਵਿਚ ਪੁਲ ਦੇ ਵੱਖ ਵੱਖ ਹਿੱਸੇ ਤਿਆਰ ਕੀਤੇ ਜਾਂਦੇ ਹਨ। ਹਵਾਈ ਜਹਾਜ ਅਤੇ ਆਧੁਨਿਕ ਤਕਨੀਕ ਦੀਆਂ ਸਪੈਸ਼ਲ ਮਸ਼ੀਨਾਂ ਨਾਲ ਪੁਲ ਦੇ ਤਿਆਰ ਕੀਤੇ ਹਿੱਸਿਆਂ ਨੂੰ ਜੋੜਿਆ ਜਾਂਦਾ ਹੈ। ਇਸ ਪੁਲ ਦੀ ਹਰ ਗਤੀਵਿਧੀ 'ਤੇ ਨਜ਼ਰ ਰੱਖਣ ਲਈ ਆਧੁਨਿਕ ਤਕਨੀਕ ਵਾਲੇ ਕਰੀਬ 100 ਸੀ. ਸੀ. ਟੀ. ਵੀ. ਕੈਮਰੇ ਲਾਏ ਜਾਣੇ ਹਨ, ਜਿਨ੍ਹਾਂ ਰਾਹੀਂ ਇਕੱਲੇ ਭਾਰਤ ਹੀ ਨਹੀਂ, ਸੰਸਾਰ ਵਿਚ ਕਿਤੋਂ ਵੀ ਨੈਟਵਰਕ ਰਾਹੀਂ ਪੁਲ ਨੂੰ ਸੁਰੱਖਿਅਤ ਰੱਖਣ ਲਈ ਨਜ਼ਰ ਰੱਖੀ ਜਾ ਸਕੇਗੀ।

ਇਸ ਪੁਲ ਨੂੰ 8.0 ਰਿਐਕਟਰ ਪੈਮਾਨੇ ਦਾ ਭੁਚਾਲ ਵੀ ਕੋਈ ਨੁਕਸਾਨ ਨਹੀਂ ਪਹੁੰਚਾ ਸਕੇਗਾ। ਪੁਲ ਵਿਚ ਫਿੱਟ ਕੀਤੇ ਵਿਸ਼ੇਸ਼ ਉਪਕਰਣ ਨਾਲ ਭੁਚਾਲ ਆਉਣ 'ਤੇ ਅਲਾਰਮ ਵੱਜੇਗਾ, ਜੋ ਬਚਾਅ ਲਈ ਅਗਾਊਂ ਸੂਚਨਾ ਦੇਵੇਗਾ। ਪਾਕਿਸਤਾਨ ਬਾਰਡਰ ਤੋਂ ਮਹਿਜ 50 ਕਿਲੋਮੀਟਰ ਦੂਰੀ 'ਤੇ ਬਣੇ ਇਸ ਪੁਲ 'ਤੇ ਬੰਬ ਬਲਾਸਟ ਦਾ ਵੀ ਕੋਈ ਅਸਰ ਨਹੀਂ ਹੋਵੇਗਾ।

ਪੁਲ ਦੇ ਬਣਨ ਅਤੇ ਰੇਲਵੇ ਲਾਈਨ ਚਾਲੂ ਹੋਣ ਨਾਲ ਜੰਮੂ ਤੋਂ ਬਾਰਾਮੂਲਾ ਤਕ ਦਾ 13 ਘੰਟੇ ਦਾ ਸਫਰ ਮਹਿਜ ਸਾਢੇ ਛੇ ਘੰਟੇ ਦਾ ਰਹਿ ਜਾਵੇਗਾ। ਸਰਦੀਆਂ ਵਿਚ ਬਰਫ ਪੈਣ 'ਤੇ ਜੰਮੂ-ਸ੍ਰੀਨਗਰ ਸੜਕ ਦਾ ਰਸਤਾ ਬੰਦ ਹੋ ਜਾਂਦਾ ਹੈ, ਪਰ ਰੇਲਵੇ ਸਫਰ ਸਾਰਾ ਸਾਲ ਕੀਤਾ ਜਾ ਸਕੇਗਾ। ਇਸ ਕੰਮ ਲਈ ਉਥੇ ਸਿਰੜੀ ਹੋ ਕੇ ਦਿਨ-ਰਾਤ ਕੰਮ ਕਰਦੇ ਇੰਜੀਨੀਅਰਾਂ ਅਤੇ ਹੋਰ ਸਹਾਇਕਾਂ ਨੂੰ ਸਲਾਮ ਕਰਨੀ ਬਣਦੀ ਹੈ ਜੋ ਜ਼ੀਰੋ ਤੋਂ ਵੀ ਘੱਟ ਡਿਗਰੀ ਤਾਪਮਾਨ ਵਿਚ ਤਕਲੀਫਾਂ-ਔਕੜਾਂ ਨੂੰ ਝੱਲਦਿਆਂ ਅਤੇ ਹਾਲਾਤ ਨਾਲ ਜੂਝਦਿਆਂ ਇਸ ਕੰਮ ਨੂੰ ਪੂਰਾ ਕਰਨ ਵਿਚ ਲੱਗੇ ਹੋਏ ਹਨ।

# ਜਪੁਜੀ ਦਾ ਰੱਬ

**ਗੁਰਮਤਿ ਵਿਚਾਰ**

***ਆਪਣੇ ਇਸ ਲੰਮੇ ਲੇਖ ਵਿਚ ਡਾ. ਗੋਬਿੰਦਰ ਸਿੰਘ ਸਮਰਾਓ ਨੇ ਜਪੁਜੀ ਸਾਹਿਬ ਦੇ ਹਵਾਲੇ ਨਾਲ ਗੁਰਬਾਣੀ ਦੇ ਤਰਕਸ਼ੀਲ ਤੇ ਵਿਗਿਆਨਕ ਸੱਚ ਉਤੇ ਚਾਨਣਾ ਪਾਇਆ ਹੈ। ਲੇਖ ਵਿਚ ਉਨ੍ਹਾਂ ਕਈ ਥਾਂ ਆਮ ਸਿੱਖਾਂ ਦੀ ਸ਼ਰਧਾਲੂ ਸੋਚ ਤੋਂ ਵਿਪਰੀਤ ਗੱਲਾਂ ਵੀ ਕੀਤੀਆਂ ਹਨ ਜਿਨ੍ਹਾਂ ਨਾਲ ਹੋ ਸਕਦਾ ਹੈ, ਕੁਝ ਪਾਠਕ ਸਹਿਮਤ ਨਾ ਵੀ ਹੋਣ ਪਰ ਡਾ. ਸਮਰਾਓ ਵਲੋਂ ਪੇਸ਼ ਕੀਤੇ ਗਏ ਤਰਕ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਾਠਕਾਂ ਦੀ ਨਜ਼ਰ ਹੈ, ਲੇਖ ਦੀ ਅਗਲੀ ਕਿਸ਼ਤ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਜਪੁ ਇਕ ਪਰੰਪਰਾਗਤ ਸ਼ਬਦ ਹੈ ਜਿਸ ਦਾ ਪ੍ਰਚਲਿਤ ਅਰਥ ਹੈ, 'ਵਾਰ ਵਾਰ ਮੂੰਹੋਂ ਬੋਲਣਾ' ਭਾਵ ਕਿਸੇ ਦਿੱਤੇ ਸ਼ਬਦ ਜਾਂ ਇਬਾਰਤ ਦਾ ਲਗਾਤਾਰ ਉਚਾਰਨ ਕਰਨਾ। ਕਈ ਲੋਕ ਇਸ ਦਾ ਮਤਲਬ ਗੁਣ-ਗੁਣਾ ਕੇ ਜਾਂ ਖਾਮੋਸ਼ ਰਹਿ ਕੇ ਮਨ ਵਿਚ ਹੀ ਸਿਮਰਨ/ਯਾਦ ਕਰਨ ਦੀ ਕ੍ਰਿਆ ਵੀ ਸਮਝਦੇ ਹਨ। ਇਹ ਇਕ ਬ੍ਰਾਹਮਣਵਾਦੀ ਪ੍ਰਕ੍ਰਿਆ ਹੈ, ਜਿਸ ਰਾਹੀਂ ਪੰਡਿਤ ਲੋਕ ਵੇਦ ਪੁਰਾਣਾਂ ਦੇ ਮੰਤਰਾਂ ਦਾ ਜਾਪ ਕਰਦੇ ਹਨ। ਉਹ ਅਜਿਹਾ ਗਿਣ ਕੇ ਕਰਦੇ ਹਨ ਤੇ ਗਿਣਤੀ ਦਾ ਹਿਸਾਬ ਰੱਖਣ ਲਈ ਮਣਕਿਆਂ ਦੀ ਮਾਲਾ ਫੇਰਦੇ ਹਨ। ਜਾਪ ਰਾਹੀਂ ਉਹ ਆਮ ਤੌਰ 'ਤੇ ਕਿਸੇ ਦੇਵੀ-ਦੇਵਤੇ ਜਾਂ ਸ਼ਕਤੀ ਨੂੰ ਪ੍ਰਸੰਨ ਕਰ ਕੇ ਕਿਸੇ ਮੰਤਵ ਲਈ ਪ੍ਰਾਰਥਨਾ ਕਰਦੇ ਹਨ। ਇਹ ਮੰਤਵ ਮੁਕਤੀ ਪ੍ਰਾਪਤੀ ਦਾ ਵੀ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਹੋ ਸਕਦਾ ਹੈ ਤੇ ਯੱਗ, ਹਵਨ ਤੇ ਵਿਆਹ ਸ਼ਾਦੀ ਜਿਹੇ ਕਿਸੇ ਕਾਰਜ ਨੂੰ ਸਹੀ ਸਲਾਮਤ ਪੂਰ ਚਾੜ੍ਹਨ ਦਾ ਵੀ। ਇਸ ਕ੍ਰਿਆ ਦਾ ਕੋਈ ਫਾਇਦਾ ਹੈ ਜਾਂ ਨਹੀਂ, ਇਹ ਹਿੰਦੂ ਮੱਤ ਵਾਲੇ ਹੀ ਜਾਣਨ।

ਮੂਲ ਮੰਤਰ ਪਿੱਛੇ 'ਜਪੁ' ਲਿਖਿਆ ਵੇਖ ਕੇ ਕਈ ਸਿੱਖ ਵਿਦਵਾਨ ਸਮਝਦੇ ਹਨ ਕਿ ਗੁਰੂ ਜੀ ਨੇ ਮੂਲ ਮੰਤਰ ਨੂੰ ਵੀ ਹਿੰਦੂ ਮੰਤਰਾਂ ਵਾਂਗ ਜਪਣ ਦੀ ਤਾਕੀਦ ਕੀਤੀ ਹੈ। ਕਈ ਸਿੱਖਾਂ ਨੇ ਤਾਂ ਇਹ ਹਿਸਾਬ ਵੀ ਲਾ ਰੱਖਿਆ ਹੈ ਕਿ ਕਿੰਨੀ ਵਾਰ ਜਪ ਭਾਵ ਜਾਪ ਕਰਨ ਨਾਲ ਕੀ ਪ੍ਰਭਾਵ ਪੈਣਾ ਹੈ। ਦੂਜੇ ਪਾਸੇ ਕਈ ਕੱਟੜ-ਪੰਥੀ ਸਿੱਖ ਵਿਦਵਾਨ ਜਪੁ ਨੂੰ ਮੂਲ ਮੰਤਰ ਦਾ ਭਾਗ ਹੀ ਨਹੀਂ ਮੰਨਦੇ। ਉਹ ਸਿੱਖਾਂ ਨੂੰ ਹਿੰਦੂਆਂ ਤੋਂ ਵੱਖ ਮੰਨਦੇ ਹਨ, ਇਸ ਲਈ ਚਿੰਤਾ ਕਰਦੇ ਹਨ ਕਿ ਜਪੁ ਨੂੰ ਮੂਲ ਮੰਤਰ ਦਾ ਹਿੱਸਾ ਸਮਝ ਕੇ ਕਿਤੇ ਸਿੱਖ ਇਸ ਦਾ ਮੰਤਰਾਂ ਵਾਂਗ ਜਾਪ ਹੀ ਨਾ ਕਰਨ ਲਗ ਜਾਣ। ਉਨ੍ਹਾਂ ਦਾ ਤਰਕ ਹੈ ਕਿ ਗੁਰੂ ਸਾਹਿਬ ਨੇ ਜਪੁ ਨੂੰ ਮੂਲ ਮੰਤਰ ਤੋਂ ਨਿਖੇੜ ਕੇ ਲਿਖਿਆ ਹੈ, ਇਸ ਲਈ ਇਹ ਮੂਲ ਮੰਤਰ ਦਾ ਭਾਗ ਹੋਣ ਦੀ ਥਾਂ ਜਪੁਜੀ ਦਾ ਸਿਰਲੇਖ ਹੈ। ਪਰ ਇਹ ਦੋਵੇਂ ਵਿਚਾਰ ਦਰੁਸਤ ਨਹੀਂ ਹਨ। ਗੁਰੂ ਸਾਹਿਬ ਨੇ ਤਾਂ ਕੇਵਲ ਜਪੁ ਸ਼ਬਦ ਲਿਖਿਆ ਹੈ, ਸਿਰਲੇਖ ਦੀ ਗੱਲ ਨਹੀਂ ਲਿਖੀ। ਉਨ੍ਹਾਂ ਨੇ ਉਪਰਲੇ ਭਾਗ ਦਾ ਨਾਂ ਮੂਲ ਮੰਤਰ ਵੀ ਨਹੀਂ ਰੱਖਿਆ। ਇਹ ਸੰਗਿਆ ਸਿੱਖ ਵਿਦਵਾਨਾਂ ਨੇ ਆਪ ਹੀ ਦਿੱਤੀ ਹੈ। ਜੇ ਉਹ ਮੂਲ ਮੰਤਰ ਨੂੰ ਮੰਤਰ ਦਾ ਦਰਜਾ ਦੇ ਸਕਦੇ ਹਨ ਤਾਂ ਜਪੁ ਨੂੰ ਜਾਪ ਸਮਝਣ ਵੇਲੇ ਸੰਗਦੇ ਕਿਉਂ ਹਨ? ਮੰਤਰ ਤਾਂ ਜਪਿਆ ਹੀ ਜਾਂਦਾ ਹੈ। ਇਹ ਮੰਨ ਕੇ ਇਸ ਤੋਂ ਇਨਕਾਰੀ ਹੋਣਾ ਤਰਕਹੀਣ ਹੈ। ਇੱਥੇ ਫਿਰ ਵਿਦਵਾਨ ਆਪ ਮੁਹਾਰੀ ਸੋਚ ਦੇ ਜਾਲ ਵਿਚ ਫਸ ਜਾਂਦੇ ਹਨ। ਜੇ ਉਹ ਗੁਰੂ ਸਾਹਿਬ ਦੇ ਵਿਅਕਤਿਤਵ ਤੇ ਉਨ੍ਹਾਂ ਦੀ ਬਾਣੀ ਵਲ ਥੋੜ੍ਹਾ ਧਿਆਨ ਦੇਣ ਤਾਂ ਕਦੇ ਅਜਿਹੇ ਧਰਮ ਸੰਕਟ ਵਿਚ ਨਾ ਫਸਣ।

ਪਹਿਲੀ ਗੱਲ, ਗੁਰੂ ਨਾਨਕ ਨੇ ਕਦੇ ਆਪਣੀ ਬਾਣੀ ਨੂੰ ਸਿਰਲੇਖ ਨਹੀਂ ਦਿੱਤੇ। ਗੁਰੂ ਗ੍ਰੰਥ ਸਾਹਿਬ ਵਿਚ ਜੋ ਸਿਰਲੇਖ ਮਿਲਦੇ ਹਨ, ਉਹ ਰਾਗਾਂ, ਛੰਦਾਂ ਤੇ ਮਹੱਲਿਆਂ ਮੁਤਾਬਕ ਹਨ, ਜੋ ਗੁਰੂ ਅਰਜਨ ਦੇਵ ਨੇ ਸੰਪਾਦਨਾ ਵੇਲੇ ਦਿੱਤੇ ਸਨ। ਜੇ ਗੁਰੂ ਨਾਨਕ ਦੇ ਦਿੱਤੇ ਕੋਈ ਸਿਰਲੇਖ ਹੁੰਦੇ ਤਾਂ ਪੰਚਮ ਗੁਰੂ ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਜਰੂਰ ਦਰਜ ਕਰਦੇ। ਅਜਿਹੇ ਪ੍ਰਮਾਣ ਦੀ ਅਣਹੋਂਦ ਵਿਚ ਜਪੁ ਨੂੰ ਜਪੁਜੀ ਦਾ ਸਿਰਲੇਖ ਨਹੀਂ ਮੰਨਿਆ ਜਾ ਸਕਦਾ। ਦੂਜੇ, ਜੇ ਇੱਦਾਂ ਮੰਨ ਵੀ ਲਈਏ ਤਾਂ ਜਪੁਜੀ ਦਾ ਸਿਰਲੇਖ ਬਣ ਕੇ ਵੀ ਜਪੁ ਸ਼ਬਦ ਤਾਂ ਉਥੇ ਹੀ ਰਹੇਗਾ ਤੇ ਇਸ ਦੇ ਅਰਥ ਵੀ ਉਹੀ ਰਹਿਣਗੇ, ਜਿਨ੍ਹਾਂ ਤੋਂ ਕੁਝ ਵਿਦਵਾਨ ਖਿਸਕਣਾ ਚਾਹੁੰਦੇ ਹਨ। ਫਰਕ ਇਹ ਹੈ ਕਿ ਫਿਰ ਇਹ ਮੂਲ ਮੰਤਰ ਦੀ ਥਾਂ ਜਪੁਜੀ 'ਤੇ ਲਾਗੂ ਹੋਣਗੇ। ਦਰਅਸਲ ਇਸ ਦੇ ਇੱਥੇ ਦਰਜ ਕਰਨ ਦੇ ਅਰਥ ਤੇ ਮੰਤਵ ਕੁਝ ਹੋਰ ਹੀ ਹਨ, ਜੋ ਵਿਚਾਰਨ ਦੀ ਲੋੜ ਹੈ।

ਇਸ ਸਬੰਧੀ ਸਪਸ਼ਟ ਕਰ ਦੇਣਾ ਬਣਦਾ ਹੈ ਕਿ ਮੂਲ ਮੰਤਰ ਸ਼ਬਦ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਸਿਰਫ ਇਕ ਵਾਰ ਆਇਆ ਹੈ। ਗੁਰੂ ਨਾਨਕ ਨੇ 'ਮੂਲ ਮੰਤ੍ਰ ਹਰਿ ਨਾਮੁ ਰਸਾਇਣੁ' ਲਿਖ ਕੇ ਇਸ ਨੂੰ ਪਰਮ ਸਤਿ ਦੇ ਅਸਲ ਨਾਮ ਦਾ ਰਸਾਇਣ ਭਾਵ ਅੰਦਰੂਨੀ ਰਚਨਾ ਦੇ ਗਿਆਨ ਦਾ ਵਿਧੀ-ਸਾਰ ਦੱਸਿਆ ਹੈ। ਮੂਲ ਮੰਤਰ ਕਹੇ ਜਾਣ ਵਾਲੇ ਸਾਰੇ ਸ਼ਬਦ-ਸੰਗ੍ਰਿਹ ਵਿਚ ਕੇਵਲ ੴ ਦਾ ਸੂਤਰ ਹੀ ਇਸ ਵਿਗਿਆਨਿਕ ਮੁਦਰਾ ਵਾਲੀ ਪਰਿਭਾਸ਼ਾ 'ਤੇ ਪੂਰਾ ਉਤਰਦਾ ਹੈ। ਬਾਕੀ ਦੇ ਸਾਰੇ ਸ਼ਬਦ ਉਹ ਗੁਣ ਹਨ ਜੋ ੴ ਦੇ 'ਗੁਰ' ਮੁਤਾਬਕ ਪਤਾ ਲੱਗੇ ਹਨ। ਪਰ ਪਰੰਪਰਾ ਅਨੁਸਾਰ ਵਿਦਵਾਨ ਅੱਜ ਕੱਲ ੴ ਤੋਂ ਲੈ ਕੇ ਗੁਰਪ੍ਰਸਾਦਿ ਤੀਕ ਦੀ ਸਾਰੀ ਇਬਾਰਤ ਨੂੰ ਹੀ ਮੂਲ ਮੰਤਰ ਕਹਿਣ ਲੱਗ ਪਏ ਹਨ। ਉਨ੍ਹਾਂ ਦੇ ਅਜਿਹਾ ਕਰਨ ਕਰਕੇ ਹਥਲੀ ਲਿਖਤ ਵਿਚ ਵੀ ਇਵੇਂ ਹੀ ਮੰਨਿਆ ਗਿਆ ਹੈ।

ਗੁਰੂ ਨਾਨਕ ਨੇ ਹਿੰਦੂ ਮਤ ਦੀਆਂ ਬਹੁਤ ਸਾਰੀਆਂ ਮਾਨਤਾਵਾਂ ਤੇ ਰਸਮਾਂ ਨੂੰ ਨਕਾਰਿਆ ਹੈ। ਇਨ੍ਹਾਂ ਵਿਚ ਜਾਪ ਜਾਂ ਜਪਣ ਦੀ ਕ੍ਰਿਆ ਵੀ ਸ਼ਾਮਲ ਹੈ। ਉਨ੍ਹਾਂ ਨੇ ਇਸ ਨੂੰ ਅੰਧ-ਵਿਸ਼ਵਾਸ 'ਤੇ ਆਧਾਰਤ ਦੱਸਿਆ ਹੈ ਕਿਉਂਕਿ ਇਹ ਤਰਕ-ਸੰਗਤ ਨਹੀਂ ਹੈ। ਦੁਨਿਆਵੀ ਕਾਰਜ ਜਪਣ ਜਾਂ ਸੋਚਣ ਨਾਲ ਨਹੀਂ ਹੁੰਦੇ ਸਗੋਂ ਕੁਦਰਤ ਦੇ ਨਿਯਮਾਂ ਨੂੰ ਸਮਝਣ ਤੇ ਉਨ੍ਹਾਂ ਅਨੁਸਾਰ ਯੋਗ ਕੰਮ ਕਰਨ ਨਾਲ ਹੁੰਦੇ ਹਨ। ਗੁਰੂ ਜੀ ਨੇ ਯੋਗ ਕੰਮ ਨੂੰ 'ਕਰਮ' ਦਾ ਨਾਂ ਦਿੱਤਾ ਹੈ। ਇਸ ਦਾ ਸਬੂਤ ਬਹਿਸ ਵਿਚ ਨਹੀਂ, ਅਨੁਭਵ ਵਿਚ ਹੈ। ਇਹ ਸਬੂਤ ਗੁਰੂ ਜੀ ਨੇ ਅੱਗੇ ਚਲ ਕੇ ਬਿਆਨਿਆ ਵੀ ਹੈ, 'ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥' ਅਰਥਾਤ ਸਾਰੀ ਸ੍ਰਿਸ਼ਟੀ ਗਾਹ ਕੇ ਵੇਖ ਲਵੋ, ਯੋਗ ਕੰਮ ਕੀਤੇ ਬਿਨਾ ਨਾ ਕਿਸੇ ਨੂੰ ਕੁਝ ਮਿਲਦਾ ਹੈ ਤੇ ਨਾ ਕੋਈ ਕੁਝ ਲੈ ਸਕਦਾ ਹੈ। ਇਹ ਦਲੀਲ ਉਨ੍ਹਾਂ ਨੇ ਕਿਸੇ ਦੇਵੀ-ਦੇਵਤੇ ਨੂੰ ਪੁੱਛ ਕੇ ਜਾਂ ਕੋਈ ਧਰਮ ਗ੍ਰੰਥ ਪੜ੍ਹ ਕੇ ਨਹੀਂ ਦਿੱਤੀ ਸਗੋਂ ਸਾਰੀ ਦੁਨੀਆਂ ਘੁੰਮ ਕੇ ਇਸ ਦੇ ਵਰਤਾਰਿਆਂ ਨੂੰ ਵੇਖ-ਪਰਖ ਕੇ ਆਪਣੇ ਤਜਰਬੇ ਨਾਲ ਲਿਖੀ ਹੈ। ਅਰਥਾਤ ਗੁਰੂ ਨਾਨਕ ਦੇ 'ਜਪੁ' ਦੇ ਅਰਥ ਪਰੰਪਰਾਗਤ ਅੰਧ-ਵਿਸ਼ਵਾਸੀ ਰਟਨ ਦੇ ਬਿਲਕੁਲ ਉਲਟ ਹਨ। ਜਪੁ ਦੇ ਇਹ ਅਰਥ ਮਨ ਵਿਚ ਬਿਠਾਉਣੇ ਤੇ ਸਮਝਾਉਣੇ ਬਣਦੇ ਹਨ, ਨਾ ਕਿ ਇਨ੍ਹਾਂ ਨੂੰ ਹਿੰਦੂ ਸਮਝ ਕੇ ਕੰਨੀ ਕਤਰਾਉਣੀ।

ਇਥੇ 'ਜਪੁ' ਦੇ ਕੀ ਅਰਥ ਹਨ? ਭਗਤੀ ਮਾਰਗ ਤੇ ਗਿਆਨ ਮਾਰਗ ਦੇ ਉਦੇਸ਼, ਦਿਸ਼ਾ ਅਤੇ ਕ੍ਰਿਆ-ਸ਼ੈਲੀ ਇਕ ਦੂਜੇ ਤੋਂ ਬਿਲਕੁਲ ਉਲਟ ਹਨ। ਭਗਤੀ ਮਾਰਗ ਦੇ ਪੈਰੋਕਾਰਾਂ ਦਾ ਉਦੇਸ਼ ਭਗਤੀ ਰਾਹੀਂ ਕੋਈ ਸਵਾਰਥ ਪੂਰਾ ਕਰਨਾ, ਲਾਭ ਜਾਂ ਮੋਕਸ਼ ਪ੍ਰਾਪਤ ਕਰਨਾ, ਕਰਾਮਾਤ ਦਿਖਾਉਣ ਜਿਹਾ ਕੋਈ ਮਕਸਦ ਹੁੰਦਾ ਹੈ। ਗਿਆਨ ਮਾਰਗ ਦਾ ਮਨੋਰਥ ਗਿਆਨ ਜਾਂ ਜਾਣਕਾਰੀ ਰਾਹੀਂ ਭਾਣੇ ਦੇ ਹੁਕਮ ਭਾਵ ਨਿਯਮਾਂ ਨੂੰ ਭਾਲ ਕੇ ਉਨ੍ਹਾਂ ਅਨੁਸਾਰ ਯੋਗ ਕਾਰਜ ਕਰਨਾ ਹੁੰਦਾ ਹੈ।

ਕਿਉਂਕਿ ਗੁਰੂ ਨਾਨਕ ਦਾ ਮਨੋਰਥ ੴ ਦੀ ਗਣਿਤੀ ਵਿਧੀ ਭਾਵ ਸਮੁੱਚੇ ਵਿਗਿਆਨ ਦੇ ਵਿਧੀ-ਵਿਧਾਨ ਰਾਹੀਂ ਕੁਦਰਤ ਦੇ ਨਿਯਮਾਂ ਦਾ ਗਿਆਨ ਹਾਸਲ ਕਰਨਾ ਸੀ, ਇਸ ਲਈ ਉਹ ਗਿਆਨ ਮਾਰਗੀ ਸਨ। ਸ਼ਬਦ 'ਜਪੁ' ਤੋਂ ਉਨ੍ਹਾਂ ਦਾ ਭਾਵ ਭਗਤੀ ਮਾਰਗ ਵਾਲਾ ਭਾਵ ਗੁਣ ਗੁਣਾ ਕੇ ਰਟਨ ਵਾਲਾ ਪਾਠ ਨਹੀਂ ਸੀ ਸਗੋਂ ਤਰਕ, ਵਿਵੇਕ ਤੇ ਬੁੱਧੀ ਦੀ ਵਰਤੋਂ ਰਾਹੀਂ ਸਹੀ ਜਾਣਕਾਰੀ ਪ੍ਰਾਪਤ ਕਰਨ ਦਾ ਅਨੁਭਵ-ਪ੍ਰਧਾਨ ਉਪਰਾਲਾ ਸੀ। ਜਿਨ੍ਹਾਂ ਨੇ ਗੁਰੂ ਨਾਨਕ ਦੇ ਇਸ ਸ਼ਬਦ ਦੇ ਸਹੀ ਅਰਥ ਸਮਝਣੇ ਹੋਣ, ਉਹ ਆਈਜ਼ਾਕ ਐਸੀਮੋਵ (Isaac Asimov) ਦੀ ਪੁਸਤਕ 'ਵਰਲਡਜ਼ ਵਿਦਇਨ ਵਰਲਡਜ਼' (Worlds within Worlds) ਨੂੰ ਪੜ੍ਹਨ, ਜਿਸ ਵਿਚ ਉਸ ਨੇ ਦੱਸਿਆ ਹੈ ਕਿ ਕਿਵੇਂ ਤਰਕ ਤੇ ਅਨੁਭਵ ਸਹਾਰੇ ਮਨੁੱਖਤਾ ਇਕ ਇਕ ਕਰਕੇ ਪਿਛਲੇ ਦੋ ਸੌ ਸਾਲਾਂ ਵਿਚ ਗਿਆਨ ਦੀਆਂ ਪੁਲਾਂਘਾਂ ਭਰ ਕੇ ਕਿੱਥੇ ਤੋਂ ਕਿੱਥੇ ਪਹੁੰਚ ਗਈ ਹੈ। ਦੂਜੇ ਪਾਸੇ ਰਵਾਇਤੀ ਜਾਪ ਦਾ ਅਨੁਭਵ ਇਹ ਹੈ ਕਿ ਭਗਤ-ਜਨ ਪੂਜਾ-ਪਾਠ ਤੇ ਧਰਮ-ਕਰਮ ਦੇ ਨਾਂ ਹੇਠ ਧਰਮ ਸਥਾਨ ਬਣਾਉਣ 'ਚ ਹੀ ਉਲਝੇ ਹੋਏ ਹਨ।

ਹੁਣ ਪ੍ਰਸ਼ਨ ਉਠਦਾ ਹੈ ਕਿ ਜੇ 'ਜਪੁ' ਹਿੰਦੂਤਵੀ ਧਾਰਮਿਕ ਕਰਮ-ਕਾਂਡਾਂ ਨਾਲ ਜੁੜਿਆ ਨਿਰਾਰਥਕ ਸ਼ਬਦ ਹੈ ਤਾਂ ਫਿਰ ਗੁਰੂ ਨਾਨਕ ਨੇ ਇਸ ਸ਼ਬਦ ਦੀ ਵਰਤੋਂ ਗਿਆਨ ਵਿਗਿਆਨ ਦੇ ਮੰਤਵ ਲਈ ਕਿਉਂ ਕੀਤੀ? ਇਹ ਜਾਣਨ ਲਈ ਸਾਨੂੰ ਉਸ ਵੇਲੇ ਦੇ ਉਨ੍ਹਾਂ ਲੋਕਾਂ ਦੀ ਮਾਨਸਿਕਤਾ ਵਲ ਜਾਣਾ ਪਵੇਗਾ ਜਿਨ੍ਹਾਂ ਨੂੰ ਗੁਰੂ ਜੀ ਸਿੱਖ ਮੱਤ ਦਾ ਰਾਹ ਦੱਸ ਰਹੇ ਸਨ। ਇਹ ਉਹ ਲੋਕ ਸਨ ਜੋ ਕਿਸੇ ਖਲਾਅ ਵਿਚੋਂ ਨਹੀਂ ਸਨ ਆਏ ਸਗੋਂ ਪੁਰਾਤਨ ਰੂੜੀਵਾਦੀ ਵਿਚਾਰਧਾਰਾਵਾਂ ਦੇ ਪੈਰੋਕਾਰ ਸਨ। ਪੂਜਾ-ਪਾਠੀ ਬਿਰਤੀਆਂ ਤੇ ਰੂੜੀਵਾਦੀ ਪਰੰਪਰਾਵਾਂ ਵਲੋਂ ਉਹ ਜਪੁ ਸ਼ਬਦ ਨਾਲ ਪਹਿਲਾਂ ਤੋਂ ਹੀ ਪੱਕੇ ਜੁੜੇ ਹੋਏ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਕੋਈ ਨਵਾਂ ਸ਼ਬਦ ਦੇਣ ਦੀ ਥਾਂ ਪ੍ਰਚਲਿਤ ਸ਼ਬਦ ਦੇ ਹੀ ਬਦਲਵੇਂ ਵੱਡੇ ਅਰਥ ਦੱਸ ਕੇ ਗਿਆਨ ਦੇ ਰਾਹ ਮੋੜਨ ਦੀ ਕੋਸ਼ਿਸ਼ ਕੀਤੀ। ਨਵਾਂ ਸ਼ਬਦ ਦੱਸਣ ਨਾਲ ਉਨ੍ਹਾਂ ਨੂੰ ਆਪਣੇ ਕੁਰਾਹੇਪਣ ਦਾ ਉਨਾ ਅਹਿਸਾਸ ਨਹੀਂ ਸੀ ਹੋ ਸਕਣਾ, ਜਿੰਨਾ ਪੁਰਾਣੇ ਸ਼ਬਦ ਵਿਚ ਨਵੇਂ ਅਰਥ ਪਾ ਕੇ ਹੋ ਸਕਦਾ ਸੀ। ਉਹ ਨਵਾਂ ਸ਼ਬਦ ਦੇ ਕੇ ਲੋਕਾਂ ਦੀ ਬੌਧਿਕਤਾ ਵਿਚ ਤਰੇੜ ਨਹੀਂ ਸੀ ਪਾਉਣਾ ਚਾਹੁੰਦੇ ਸਗੋਂ ਪੁਰਾਣੇ ਵਿਚ ਨਵੇਂ ਵਿਵੇਕਪੂਰਨ ਅਰਥ ਭਰ ਕੇ ਪਰੰਪਰਾਗਤ ਬੁੱਧੀ ਵਿਚ ਸੋਧ ਕਰਨੀ ਚਾਹੁੰਦੇ ਸਨ। ਅਜਿਹਾ ਕਰਕੇ ਉਨ੍ਹਾਂ ਨੇ ਕਰਮ-ਕਾਂਡੀ ਭਗਤਾਂ ਨੂੰ ਅੰਧ-ਵਿਸ਼ਵਾਸ ਤੇ ਅਗਿਆਨ ਦੀ ਲੀਹ ਤੋਂ ਲਾਹ ਕੇ ਸਹਿਜੇ ਹੀ ਸਿੱਖੀ ਦੀ ਅਨੁਭਵ-ਪ੍ਰਧਾਨ ਲੀਹ 'ਤੇ

***ਜੋ ਲੋਕ ਮਾਰਕਸਵਾਦ ਤੇ ਸਿੱਖੀ ਨੂੰ ਪਰਸਪਰ ਵਿਰੋਧੀ ਮੰਨ ਕੇ ਇਕ ਦੂਜੇ ਲਈ ਹਊਆ ਸਮਝਦੇ ਹਨ, ਉਨ੍ਹਾਂ ਨੇ ਨਾ ਮਾਰਕਸਵਾਦ ਪੜ੍ਹਿਆ ਹੈ ਤੇ ਨਾ ਸਿੱਖੀ ਨੂੰ ਸਮਝਿਆ ਹੈ। ਸੱਚ ਤਾਂ ਇਹ ਹੈ ਕਿ ਸਿੱਖੀ ਤੇ ਮਾਰਕਸਵਾਦ ਦੋਵੇਂ ਵਿਗਿਆਨਕ ਲੀਹਾਂ 'ਤੇ ਚਲਦੀਆਂ ਇਕੋ ਭਾਵ ਦੀਆਂ ਵਿਚਾਰਧਾਰਾਵਾਂ ਹਨ। ਬੱਸ ਫਰਕ ਇਹ ਹੈ ਕਿ ਸਿੱਖੀ ਵਿਗਿਆਨ ਨੂੰ ਸੇਧ ਦਿੰਦੀ ਹੈ ਤੇ ਮਾਰਕਸਵਾਦ ਵਿਗਿਆਨ ਤੋਂ ਸੇਧ ਲੈਂਦਾ ਹੈ।***

ਪਾਉਣ ਦਾ ਯਤਨ ਕੀਤਾ। ਉਨ੍ਹਾਂ ਨੇ ਪੁਰਾਤਨ ਨੂੰ ਤਾਕਤ ਨਾਲ ਮਿਟਾਇਆ ਨਹੀਂ ਭਾਵ ਸ਼ਰਧਾਲੂ ਭੇਜ ਕੇ ਬਾਬਰੀ ਮਸਜਿਦ ਵਾਂਗੂੰ ਢੁਹਾਇਆ ਨਹੀਂ ਸਗੋਂ ਤਰਕ ਨਾਲ ਨਵਿਆਇਆ ਹੈ।

ਰਵਾਇਤੀ ਜਪ ਨੂੰ ਸਹੀ ਜਪੁ ਦੇ ਅਰਥ ਦੇ ਕੇ ਗੁਰੂ ਸਾਹਿਬ ਨੇ ਪੁਰਾਤਨ ਪਰੰਪਰਾਵਾਂ ਨਾਲ ਜੁੜੇ ਲੋਕਾਂ ਨੂੰ ਅੰਧ-ਵਿਸ਼ਵਾਸੀ ਵਿਚਾਰਾਂ ਤੇ ਰਹੁ-ਰੀਤਾਂ ਨੂੰ ਅਨੁਭਵ ਦੀ ਕਸੌਟੀ 'ਤੇ ਪਰਖਣ ਦੀ ਸਿੱਖਿਆ ਦਿੱਤੀ। ਜਾਣੇ-ਪਛਾਣੇ ਜਪੁ ਸ਼ਬਦ ਨੂੰ ਹੀ ਗਿਆਨ ਦੀ ਪੁੱਠ ਦੇ ਕੇ ਉਨ੍ਹਾਂ ਨੇ ਸ਼ਰਧਾ-ਪੰਥੀਆਂ ਨੂੰ ਸਹਿਜ ਸੁਭਾਅ ਸਿੱਖ ਵਿਚਾਰਧਾਰਾ ਨਾਲ ਜੋੜਿਆ। ਉਂਜ ਕੋਈ ਕਿਸੇ ਨਵੀਂ ਵਿਚਾਰਧਾਰਾ ਨਾਲ ਜੁੜੇ ਜਾਂ ਨਾ, ਇਹ ਉਸ ਦੀ ਮਰਜ਼ੀ, ਪਰ ਗਲਤੀ ਦੇ ਅਹਿਸਾਸ ਦੇ ਗਹਿਰੇ ਝਟਕੇ ਨਾਲ ਪੁਰਾਣੇ ਪਾਸੇ ਤੋਂ ਨਵੇਂ ਪਾਸੇ ਜੁੜਨਾ ਲਗਭਗ ਨਿਸ਼ਚਿਤ ਹੁੰਦਾ ਹੈ। ਇਥੇ ਗੁਰੂ ਜੀ ਪੁਰਾਣੇ ਤੇ ਨਵੇਂ ਜਪੁ ਦੀ ਤੁਲਨਾ ਕਰਦਿਆਂ ਇਹ ਕਹਿੰਦੇ ਨਜ਼ਰ ਆ ਰਹੇ ਹਨ, "ਦੇਖੋ ਭਾਈ! ਉਹ ਕੀ 'ਜਪੁ' ਹੈ, ਅਸਲ ਜਪੁ ਤਾਂ ਇਹ ਹੈ!" ਇੱਦਾਂ ਲੱਗਦਾ ਹੈ ਕਿ ਮੂਲ ਮੰਤਰ ਵਿਚ ਨਵੀਂ ਧਾਰਨਾ ਤੇ ਨਵੀਂ ਵਿਧੀ ਪਰੋਸ ਕੇ ਉਨ੍ਹਾਂ ਕਿਹਾ ਹੋਵੇ, 'ਉਹ ਜਾਪ ਤਾਂ ਕਰੋ ਜੇ ਜਪੁ ਕਰਨ ਵਾਲੀ ਚੀਜ਼ ਦਾ ਤੁਹਾਨੂੰ ਪਤਾ ਹੋਵੇ। ਜੇ ਉਸ ਦਾ ਪਤਾ ਹੀ ਨਹੀਂ ਤਾਂ ਇਹ ਤੋਤੇ-ਰੱਟ ਕਿਹਦੇ ਲਈ ਕਰਦੇ ਹੋ?

ਇਹ ਉਨ੍ਹਾਂ ਦਾ ਗੱਲ ਨੂੰ ਅਸਰਦਾਰ ਢੰਗ ਨਾਲ ਕਰਨ ਤੇ ਸਮਝਾਉਣ ਦਾ ਕੌਤਕੀ ਢੰਗ ਸੀ, ਜੋ ਉਨ੍ਹਾਂ ਉਦੋਂ ਵਰਤਿਆ, ਜਦੋਂ ਬ੍ਰਹਿਮੰਡੀ ਤੇ ਵਾਯੂ-ਮੰਡਲੀ ਵਰਤਾਰਿਆਂ ਦੀ ਸਦੀਵੀ ਆਰਤੀ ਦੀ ਤੁਲਨਾ ਵਿਚ ਬ੍ਰਾਹਮਣਾਂ ਵਲੋਂ ਮੰਦਿਰਾਂ ਵਿਚ ਕੀਤੀ ਆਰਤੀ ਨੂੰ ਕਰਮ-ਕਾਂਡ ਦੱਸਿਆ। ਇਸੇ ਤਰ੍ਹਾਂ ਭੁੱਖੇ ਸਾਧੂਆਂ ਨੂੰ ਭੋਜਨ ਖਵਾਉਣ ਨੂੰ ਸੱਚਾ-ਸੌਦਾ ਕਿਹਾ ਸੀ। ਭਾਈ ਲਾਲੋ ਦੇ ਘਰ ਕੋਧਰੇ ਦੀ ਰੋਟੀ ਵਿਚ ਦੁੱਧ ਅਤੇ ਮਲਕ ਭਾਗੋ ਦੇ ਖਾਣੇ ਵਿਚ ਖੂਨ ਦਰਸਾ ਕੇ ਸੱਚੀ ਕਿਰਤ ਦਾ ਸਿਰ ਉਚਾ ਕੀਤਾ। ਇਵੇਂ ਹੀ ਹਰਿਦੁਆਰ ਵਿਚ ਗੰਗਾ ਤੋਂ ਕਰਤਾਰਪੁਰ ਦੇ ਖੇਤਾਂ ਵਲ ਪਾਣੀ ਸੁੱਟ ਕੇ ਅਤੇ ਇਕ ਦੂਜੀ ਥਾਂ ਚੰਗੇ ਲੋਕਾਂ ਨੂੰ ਉਜੜ ਜਾਣ ਤੇ ਮੰਦਿਆਂ ਨੂੰ ਵਸੇ ਰਹਿਣ ਦੀ ਭਾਖਾ ਬੋਲ ਕੇ ਉਨ੍ਹਾਂ ਨੇ ਅਨੇਕਾਂ ਵਾਰ ਅਜਿਹੀਆਂ ਹੀ ਮਨ ਝੰਜੋੜਨ ਵਾਲੀਆਂ ਕੌਤਕੀ ਗੱਲਾਂ ਕੀਤੀਆਂ। ਹਰ ਵਾਰ ਉਨ੍ਹਾਂ ਨੇ ਪ੍ਰਚਲਿਤ ਸ਼ਬਦਾਂ 'ਚ ਨਵੇਂ ਅਰਥ ਪਾ ਕੇ ਲੋਕਾਂ ਨੂੰ ਤਰਕ ਤੇ ਵਿਵੇਕ ਵਲ ਮੁੜਨ ਦਾ ਉਪਦੇਸ਼ ਦਿੱਤਾ। ਪੁਰਾਣੇ ਰਿਵਾਜਾਂ ਨੂੰ ਛੱਡਣ ਲਈ ਕਹਿਣ ਦੇ ਨਾਲ ਉਨ੍ਹਾਂ ਨੇ ਉਨ੍ਹਾਂ ਵਿਚ ਉਹ ਅਰਥ ਪਾਏ ਸਨ ਜੋ ਉਹ ਲੋਕਾਂ ਨੂੰ ਵਿਗਿਆਨਕ ਢੰਗ ਵਰਤ ਕੇ ਗਿਆਨ ਹਿਤ ਕਾਰਜ ਕਰਨ ਦੀ ਸੇਧ ਦੇਣ।

ਜੇ ਗੁਰੂ ਸਾਹਿਬ ਦੇ ਇਸ ਸੰਦੇਸ਼ ਨੂੰ ਸਾਧਾਰਨ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਇਸ ਨੂੰ ਇਵੇਂ ਕਿਹਾ ਜਾ ਸਕਦਾ ਹੈ, "ੴ ਸੂਤਰ ਦੀ ਵਿਗਿਆਨਕ ਤਰਕ ਵਾਲੀ ਗਣਿਤੀ ਵਿਧੀ ਵਰਤਦਿਆਂ ਜਿਵੇਂ ਪਰਮ ਸਤਿ ਦੇ ਕੁਝ ਮੁੱਖ ਗੁਣ ਅਰਥਾਤ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਪ੍ਰਾਪਤ ਹੋਏ ਹਨ, ਉਵੇਂ ਹੀ ਇਹ ਗੁਰ (ਵਿਧੀ) ਵਰਤ ਕੇ ਉਸ ਦੀਆਂ ਹੋਰ ਵਿਸ਼ੇਸ਼ਤਾਈਆਂ ਖੋਜਣ ਵਿਚ ਮਨ ਲਾਓ ਤਾਂ ਜੋ ਉਸ ਦੇ ਗੁਣਾਂ ਦੀ ਪਛਾਣ ਨਾਲ ਉਸ ਦਾ ਤੇ ਉਸ ਦੇ ਅਸਲ ਨਾਮ ਦਾ ਪੂਰਾ ਗਿਆਨ ਹੋ ਸਕੇ। ਇਹੀ ਅਸਲ ਜਪੁ ਹੈ।"

ਇਸ ਦੇ ਜੋ ਅਰਥ ਅਜੋਕੇ ਸਿੱਖ ਵਿਦਵਾਨ ਕਰਦੇ ਹਨ, ਉਹ ਹਨ, "ੴ ਸਰਬਉਚ ਸਰਬ-ਸ਼ਕਤੀਮਾਨ ਪਰਮਾਤਮਾ ਹੈ, ਉਹ ਸੱਚਾ ਪਾਤਸ਼ਾਹ ਹੈ, ਉਸ ਦਾ ਨਾਮ ਸੱਚਾ ਹੈ, ਦੁਨੀਆਂ ਨੂੰ ਬਣਾਉਣ ਵਾਲਾ ਉਹ ਕਰਤਾ-ਪੁਰਖ ਕਿਸੇ ਦੇ ਭੈ ਵਿਚ ਨਹੀਂ ਤੇ ਸਭ ਨੂੰ ਪਿਆਰ ਕਰਦਾ ਹੈ। ਉਹ ਮਨੁੱਖਾਂ ਤੋਂ ਉਚਾ ਤੇ ਭਿੰਨ ਹੈ। ਉਹ ਜੀਵਾਂ ਵਾਂਗ ਮਰਦਾ ਨਹੀਂ ਤੇ ਆਵਾਗਵਨ ਤੋਂ ਮੁਕਤ ਹੈ। ਉਹ ਆਪਣੀ ਸ਼ਕਤੀ ਨਾਲ ਆਪੇ ਹੀ ਦੁਨੀਆਂ ਦਾ ਮਾਲਕ ਹੈ। ਉਸ ਦਾ ਪਤਾ ਗੁਰੂ ਦੀ ਕਿਰਪਾ-ਦ੍ਰਿਸ਼ਟੀ ਨਾਲ ਲੱਗਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਉਸ ਪਰਮਪਿਤਾ ਪਰਮਾਤਮਾ ਦੀਆਂ ਬਖਸ਼ਿਸ਼ਾਂ ਪਾਉਣ ਲਈ ਇਸ ਮੂਲ ਮੰਤਰ ਦਾ ਲਗਾਤਾਰ ਜਾਪ ਕਰੋ ਭਾਵ ਹਰ ਸਾਹ ਨਾਲ ਇਸ ਨੂੰ ਮੂੰਹੋਂ ਉਚਾਰਦੇ ਰਹੋ।" ਜ਼ਾਹਰ ਹੈ, ਇਸ ਵਿਆਖਿਆ ਵਿਚ ਮੂਲ ਮੰਤਰ ਅਤੇ ਜਪੁ ਦੇ ਭਾਵ-ਅਰਥ ਗਿਆਨਮੁਖੀ ਨਹੀਂ ਹਨ, ਸੋ ਗੁਰੂ ਨਾਨਕ ਦੇ ਆਸ਼ੇ ਮੁਤਾਬਕ ਨਹੀਂ ਹਨ। ਪਰ ਬਹੁਤੇ ਸਿੱਖ ਵਿਦਵਾਨ ਇਸ ਅਹਿਮ ਫਰਕ ਨੂੰ ਨਜ਼ਰ-ਅੰਦਾਜ਼ ਕਰਦੇ ਹਨ। ਇਸ ਕੁਤਾਹੀ ਕਾਰਨ ਆਮ ਸਿੱਖਾਂ ਵਿਚ ਪਖੰਡ-ਕਰਮੀ ਤੇ ਅਗਿਆਨਤਾਵਾਦੀ ਮਨੋ-ਬਿਰਤੀਆਂ ਪ੍ਰਵੇਸ਼ ਕਰ ਰਹੀਆਂ ਹਨ।

ਜਿਵੇਂ ਉਪਰ ਕਿਹਾ ਗਿਆ ਹੈ, ਅੱਜ ਮੂਲ ਮੰਤਰ ਤੇ ਜਪੁਜੀ ਸਾਹਿਬ ਸੱਚ ਦੀ ਸੇਧ ਹਾਸਲ ਕਰਨ ਲਈ ਨਹੀਂ ਸਗੋਂ ਇਕ ਕਰਮ-ਕਾਂਡ ਵਾਂਗ ਕਾਰਜ-ਸਿਧੀ ਲਈ ਪੜ੍ਹੇ ਜਾਂਦੇ ਹਨ। ਕੋਈ ਕਹਿੰਦਾ ਹੈ, ਸਵੇਰੇ ਉਠ ਕੇ ਜਪੁਜੀ ਦਾ ਪਾਠ ਕਰਨ ਨਾਲ ਦਿਨ ਦੇ ਸਭ ਕੰਮ ਆਸਾਨ ਹੋ ਜਾਂਦੇ ਹਨ। ਕੋਈ ਕਹਿੰਦਾ ਹੈ, ਇਸ ਨਾਲ ਜੂਨੀ-ਭ੍ਰਮਣ ਤੋਂ ਮੁਕਤੀ ਮਿਲ ਜਾਂਦੀ ਹੈ। ਸੰਤ ਅਖਵਾਉਂਦਾ ਕੋਈ ਸੱਜਣ ਕਹਿੰਦਾ ਹੈ ਕਿ ਜੇ ਪੂਰੇ ਜਪੁਜੀ ਦਾ ਪਾਠ ਨਹੀਂ ਹੋ ਸਕਦਾ ਤਾਂ ਪਹਿਲੀਆਂ ਪੰਜ ਪੌੜੀਆਂ ਦਾ ਹੀ ਪੰਜ ਵਾਰ ਕਰ ਲਵੋ, ਦੋਹਾਂ ਦਾ ਫਲ ਬਰਾਬਰ ਹੈ। ਕੋਈ ਸਾਧ ਕਹਿੰਦਾ ਹੈ, 360 ਜਪੁਜੀ ਪਾਠਾਂ ਨਾਲ ਪੁੱਤਰ-ਦਾਤ ਮਿਲਦੀ ਹੈ। ਕਈ ਭਾਈ ਪ੍ਰਚਾਰਦੇ ਹਨ ਕਿ ਜੇ ਪੰਜ ਪਉੜੀਆਂ ਦਾ ਪਾਠ ਵੀ ਨਹੀਂ ਹੋ ਸਕਦਾ, ਮੂਲ ਮੰਤਰ ਦਾ ਹੀ 108 ਵਾਰ ਕਰ ਲਵੋ, ਇਸ ਨਾਲ ਹੀ ਕਈ ਦੁਖ-ਦਲਿੱਦਰ ਤੇ ਡਰ-ਭੈ ਨੇੜੇ ਨਹੀਂ ਆਉਂਦੇ। ਕਈ ਵਿਦਵਾਨ ਲਗਦੇ ਗੁਰਮੁਖ ਚਿਹਰੇ-ਮੁਹਰੇ ਵਾਲੇ ਸਿੱਖ ਤਾਂ ਜਪੁਜੀ ਪਾਠ ਨਾਲ ਦਿਲ, ਦਿਮਾਗ ਤੇ ਗੁਰਦਿਆਂ ਦੀਆਂ ਗੰਭੀਰ ਬਿਮਾਰੀਆਂ ਠੀਕ ਕਰਨ ਦਾ ਵੀ ਦਾਅਵਾ ਕਰਦੇ ਹਨ ਤੇ ਇਸ ਖਾਤਰ ਬਾਕਾਇਦਾ ਕੈਂਪ ਲਾਉਂਦੇ ਹਨ। ਉਨ੍ਹਾਂ ਦੇ ਵਧੇਰੇ ਕੈਂਪ ਵਿਦੇਸ਼ਾਂ ਵਿਚ ਲੱਗਦੇ ਹਨ ਜਿੱਥੇ ਮਾਇਆ 60-70 ਗੁਣਾ ਵੱਧ ਮਿਲਦੀ ਹੈ। ਜਿੰਨਾ ਵੱਡਾ ਕੰਮ, ਉਨੇ ਵੱਧ ਪਾਠ। ਕੀ ਪੁਰਸ਼, ਕੀ ਬੀਬੀਆਂ, ਕੀ ਸਾਬਤ-ਸਰੂਪ ਤੇ ਕੀ ਸਹਿਜਧਾਰੀ, ਸਵੇਰੇ ਉਠਦਿਆਂ ਹੀ ਕਿਸੇ ਨਾ ਕਿਸੇ ਕਾਰਜ-ਸਿਧੀ ਨਮਿੱਤ ਮੂਲ ਮੰਤਰ ਜਾਂ ਜਪੁਜੀ ਪਾਠ ਅਰੰਭ ਕਰ ਦਿੰਦੇ ਹਨ। ਮਾਲਾ ਤੋਂ ਬਿਨਾ ਕੋਈ ਪਾਠ ਨਹੀਂ ਕਰਦਾ, ਕਿਉਂਕਿ ਪਾਠ ਗਿਣ ਕੇ ਕਰਨੇ ਹੁੰਦੇ ਹਨ। ਕਈ ਸੰਤ ਮਹੰਤ ਤਾਂ ਪੜ੍ਹਨ-ਪੜ੍ਹਾਉਣ ਤੇ ਪਾਠਾਂ ਦੀ ਗੱਲ ਛੱਡ ਸਿੱਧਾ 'ਨਾਮ' ਹੀ ਵੇਚਦੇ ਹਨ। ਗੱਲ ਕੀ, ਗੁਰੂ ਨਾਨਕ ਦਾ ਗਿਆਨ ਤੇ ਵਿਵੇਕ ਦਾ 'ਮੂਲ ਮੰਤਰ' ਅੱਜ ਧਰਮ ਤੇ ਸਵਾਰਥ ਦੀ ਆੜ ਵਿਚ ਇਕ ਤਾਂਤਰਿਕ ਵਸਤੂ ਦੇ ਤੌਰ 'ਤੇ ਵਰਤਿਆ ਜਾਣ ਲੱਗਾ ਹੈ।

ਇਹ ਗੁਰੂ ਨਾਨਕ ਦੀ ਸਿੱਖੀ ਵਿਚਾਰਧਾਰਾ ਨਾਲ ਖਿਲਵਾੜ ਹੈ। ਉਨ੍ਹਾਂ ਨੇ ਜਪੁਜੀ ਸਾਹਿਬ ਦੀ ਬਾਣੀ ਸਿੱਖਾਂ ਨੂੰ ਪੜ੍ਹ ਕੇ ਸਿੱਖਣ ਅਤੇ ਸਿੱਖ ਕੇ ਸਹੀ ਅਮਲ ਕਰਨ ਲਈ ਦਿੱਤੀ ਸੀ, ਪਰ ਉਨ੍ਹਾਂ ਦੇ ਸਿੱਖਾਂ ਨੇ ਕੁਰਾਹੇ ਪੈ ਕੇ ਇਸ ਦਾ ਪੁਰਾਣਕ ਮੰਤਰਾਂ ਵਾਂਗ ਬਿਨਾ ਸਮਝੇ-ਬੁੱਝੇ ਰੱਟੇ ਲਾਉਣਾ ਸ਼ੁਰੂ ਕਰ ਦਿੱਤਾ ਹੈ। ਹਿੰਦੂ ਪੰਡਿਤਾਂ ਦੀ ਤਾਂ ਰੱਟੇ ਲਾਉਣ ਦੀ ਮਜਬੂਰੀ ਵੀ ਸੀ ਕਿ ਪੁਰਾਤਨ ਕਾਲ ਵਿਚ ਕਾਗਜ਼, ਕਲਮ, ਦਵਾਤ ਤੇ ਕਿਤਾਬਾਂ ਨਾ ਹੋਣ ਕਰ ਕੇ ਉਨ੍ਹਾਂ ਨੂੰ ਸਭ ਕੁਝ ਮੂੰਹ ਜ਼ੁਬਾਨੀ ਯਾਦ ਰੱਖਣਾ ਪੈਂਦਾ ਸੀ। ਪਰ ਅੱਜ ਗੁਰੂ ਦੀ ਬਾਣੀ ਗੁਟਕਿਆਂ, ਗ੍ਰੰਥਾਂ, ਸੀਡੀਆਂ ਤੇ ਹੋਰ ਕਈ ਮਾਧਿਅਮਾਂ ਵਿਚ ਆਮ ਮਿਲਦੀ ਹੈ। ਹਰ ਕੋਈ ਸੌਖ ਨਾਲ ਪੜ੍ਹ-ਸੁਣ ਕੇ ਵਿਚਾਰ ਕਰ ਸਕਦਾ ਹੈ। ਚਾਰੇ ਪਾਸੇ ਗੁਰਦੁਆਰੇ ਹਨ ਜਿੱਥੇ ਜਾ ਕੇ ਵਿਚਾਰ-ਵਟਾਂਦਰਾ ਹੋ ਸਕਦਾ ਹੈ। ਫਿਰ ਵੀ ਅਜੋਕੇ ਸਿੱਖ ਬਾਣੀ ਨੂੰ ਸੋਚਣ ਸਮਝਣ ਦੀ ਥਾਂ ਇਸ ਦਾ ਮੁਹਾਰਨੀ ਵਾਂਗ ਮਕਾਨਕੀ ਰਟਨ ਕਰਦੇ ਹਨ। ਇਹ ਸਹੀ ਰੁਝਾਨ ਨਹੀਂ ਹੈ।

ਕਹਿਣ ਨੂੰ ਅੱਜ ਦੇ ਸਿੱਖ ਸਿੱਖੀ ਨੂੰ ਬ੍ਰਾਹਮਣਵਾਦ ਤੋਂ ਅੱਲਗ ਦੱਸਦੇ ਹਨ, ਜੋ ਬਿਲਕੁਲ ਠੀਕ ਹੈ, ਪਰ ਨਕਲ ਉਹ ਬ੍ਰਾਹਮਣਵਾਦੀਆਂ ਦੀ ਹੀ ਕਰਦੇ ਹਨ। ਉਨ੍ਹਾਂ ਨੇ ਗੁਰੂ ਸਾਹਿਬ ਤੋਂ ਬਾਣੀ ਤਾਂ ਲੈ ਲਈ ਪਰ ਗੁਰੂ ਸਾਹਿਬ ਦੇ ਸੰਕਲਪ ਨਹੀਂ ਲਏ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪੁਰਾਤਨ ਸੰਕਲਪਾਂ ਨੂੰ ਵਿਵੇਕ ਦੀ ਕਸੌਟੀ 'ਤੇ ਪਰਖਣ ਲਈ ਕਿਹਾ ਸੀ ਪਰ ਉਹ ਸਿੱਖੀ ਸੰਕਲਪਾਂ ਨੂੰ ਬ੍ਰਾਹਮਣਵਾਦੀ ਦ੍ਰਿਸ਼ਟੀ ਨਾਲ ਪਰਖੀ ਜਾਂਦੇ ਹਨ। ਬ੍ਰਾਹਮਣਵਾਦ ਉਹ ਆਪਣੇ ਅੰਦਰ ਪਾਲਦੇ ਹਨ, ਬਾਹਰ ਇਸ ਦਾ ਸ਼ੋਰ ਮਚਾਉਂਦੇ ਹਨ। ਇਹ ਦਵੰਧ ਖਤਮ ਕਰਨ ਲਈ ਉਹ ਬਾਣੀ ਨੂੰ ਸਹੀ ਅਰਥਾਂ ਨਾਲ ਵਿਚਾਰਨ ਤੇ ਸਹੀ ਸਿੱਖੀ ਸੋਚ ਧਾਰਨ ਕਰਨ।

ਇਸ ਤਰ੍ਹਾਂ ਪਤਾ ਲਗੇਗਾ ਕਿ ਜਿਸ ਜਪੁਜੀ ਨੂੰ ਉਹ ਦੂਜੇ ਧਾਰਮਿਕ ਸ਼ਾਸਤਰਾਂ ਵਾਂਗ ਇਕ ਕਰਮ-ਕਾਂਡ ਦਾ ਪ੍ਰਵਚਨ ਸਮਝਦੇ ਹਨ, ਉਹ ਕਿੰਨੀ ਉਚੀ ਬਾਣੀ ਹੈ। ਇਹ ਉਹ ਬ੍ਰਹਿਮੰਡੀ ਗਿਆਨ ਹੈ ਜੋ ਪਰਮ-ਸਤਿ ਵਾਂਗ ਹੀ ਸਦੀਵੀ ਹੈ। ਅਸੰਖ ਵਾਰ ਦੁਨੀਆਂ ਮਿਟੇ ਤੇ ਅਸੰਖ ਵਾਰ ਮਿਟ ਕੇ ਫਿਰ ਬਣੇ, ਤਦ ਵੀ ਇਸ ਦੇ ਸੱਚ ਨੂੰ ਆਂਚ ਨਹੀਂ ਆਵੇਗੀ। ਇਹ ਸੱਚ ਇੰਨਾ ਸਥਿਰ ਹੈ ਕਿ ਇਸ ਨੂੰ ਹਿੰਦੂਵਾਦ ਤਾਂ ਕੀ, ਕੋਈ ਹੋਰ ਵਿਚਾਰਧਾਰਾ ਵੀ ਖਰੋਂਚ ਨਹੀਂ ਲਾ ਸਕਦੀ। ਜੇ ਹਿੰਦੂਵਾਦ ਇੰਨਾ ਨਵਾਂ-ਨਰੋਆ ਹੁੰਦਾ ਤਾਂ ਸਿੱਖ ਸਿਧਾਂਤ ਪੈਦਾ ਹੀ ਨਾ ਹੁੰਦਾ। ਸਿੱਖੀ ਨੂੰ ਵਿਗਿਆਨ ਤੋਂ ਵੀ ਕੋਈ ਖਤਰਾ ਨਹੀਂ ਹੈ ਕਿਉਂਕਿ ਉਸ ਦੀ ਮੁਹਾਰ ਤਾਂ ਇਸ ਦੇ ਹੱਥ ਵਿਚ ਹੈ। ਹੋਰ ਤਾਂ ਹੋਰ, ਇਸ ਨੂੰ ਮਾਰਕਸਵਾਦ ਤੋਂ ਵੀ ਕੋਈ ਡਰ ਨਹੀਂ ਜਿਵੇਂ ਕਿ ਬਹੁਤੇ ਸਿੱਖ ਕਹੇ-ਸੁਣੇ ਸ਼ੰਕਾ ਕਰਦੇ ਹਨ। ਜੋ ਲੋਕ ਮਾਰਕਸਵਾਦ ਤੇ ਸਿੱਖੀ ਨੂੰ ਆਪਸ ਵਿਰੋਧੀ ਮੰਨ ਕੇ ਇਕ ਦੂਜੇ ਲਈ ਹਊਆ ਸਮਝਦੇ ਹਨ, ਉਨ੍ਹਾਂ ਨੇ ਨਾ ਮਾਰਕਸਵਾਦ ਪੜ੍ਹਿਆ ਹੈ ਤੇ ਨਾ ਸਿੱਖੀ ਨੂੰ ਸਮਝਿਆ ਹੈ। ਸੱਚ ਤਾਂ ਇਹ ਹੈ ਕਿ ਸਿੱਖੀ ਤੇ ਮਾਰਕਸਵਾਦ ਦੋਵੇਂ ਵਿਗਿਆਨਕ ਲੀਹਾਂ 'ਤੇ ਚਲਦੀਆਂ ਇਕੋ ਭਾਵ ਦੀਆਂ ਵਿਚਾਰਧਾਰਾਵਾਂ ਹਨ। ਫਰਕ ਇਹ ਹੈ ਕਿ ਸਿੱਖੀ ਵਿਗਿਆਨ ਨੂੰ ਸੇਧ ਦਿੰਦੀ ਹੈ ਤੇ ਮਾਰਕਸਵਾਦ ਵਿਗਿਆਨ ਤੋਂ ਸੇਧ ਲੈਂਦਾ ਹੈ। ਇਹ ਕਥਨ ਪ੍ਰਸਿੱਧ ਰੋਮਨ ਚਿੰਤਕ ਥਾਮਸ ਐਕੁਆਨਸ (Thomas Aquinas) ਵਾਂਗ ਧਰਮ ਅਤੇ ਵਿਗਿਆਨ ਦੇ ਗੱਠਜੋੜ ਸਿਰ ਆਸਤਿਕਤਾ ਦੀ ਟੋਪੀ ਪਹਿਨਾਉਣ ਵਾਲੀ ਗੱਲ ਨਹੀਂ ਸਗੋਂ ਨਿਰਪੇਖ ਢੰਗ ਨਾਲ ਪਰਖਿਆ ਤੇ ਵਿਚਾਰਿਆ ਵਿਗਿਆਨਕ ਤੱਥ ਹੈ। ਕੋਈ ਮੰਨੇ ਜਾਂ ਨਾ, ਇਹ ਉਸ ਦੀ ਸਮਝ, ਪਰ ਇਕ ਉਚਾਈ ਤੋਂ ਵੇਖਿਆਂ ਇਹ ਇਕ ਨਿਰ-ਵਿਵਾਦ ਸੱਚਾਈ ਹੈ।

***(ਚਲਦਾ)***

ਬਾਰਹਮਾਹ

# ਜੇਠ: ਜਿਸੁ ਅਗੈ ਸਭਿ ਨਿਵੰਨਿ

*ਪੰਜਾਬ ਵਿਚ ਜੇਠ-ਹਾੜ ਦੀ ਗਰਮੀ ਬੰਦੇ ਦਾ ਜਿਉਣਾ ਦੁੱਭਰ ਕਰ ਦਿੰਦੀ ਹੈ ਪਰ ਇਸ ਦਾ ਦੂਜਾ ਪੱਖ ਇਹ ਹੈ ਕਿ ਇਹ ਵੀ ਕੁਦਰਤ ਦੀ ਇਕ ਨਿਆਮਤ ਹੈ। ਇਸ ਗਰਮੀ ਨਾਲ ਬਹੁਤ ਸਾਰੀਆਂ ਅਲਾਮਤਾਂ ਖਤਮ ਹੋ ਜਾਂਦੀਆਂ ਹਨ। ਉਂਜ ਕੁਦਰਤ ਨੇ ਇਸ ਗਰਮੀ ਦੇ ਮੁਕਾਬਲੇ ਲਈ ਬਹੁਤ ਕੁਝ ਬਖਸ਼ਿਆ ਹੈ। ਜੋ ਕੁਝ ਬੰਦੇ ਨੇ ਬਣਾਇਆ ਹੈ, ਉਹ ਕੁਦਰਤ ਦੀਆਂ ਬਖਸ਼ੀਆਂ ਨਿਆਮਤਾਂ ਦੇ ਮੁਕਾਬਲੇ ਕੁਝ ਵੀ ਨਹੀਂ। ਇਸੇ ਸਭ ਕੁਝ ਦਾ ਵਿਖਿਆਨ ਇਸ ਲੇਖ ਵਿਚ ਲੇਖਕ ਨੇ ਕੀਤਾ ਹੈ। -ਸੰਪਾਦਕ*

ਆਸਾ ਸਿੰਘ ਘੁਮਾਣ
ਫੋਨ: 91-98152-53245

ਭਾਈ ਕਾਹਨ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਅਨੁਸਾਰ ਜੇਠ ਦੇ ਦੋ ਅਰਥ ਹਨ: ਇਕ ਹੈ, ਯਮਰਾਜ ('ਜੇਠ ਦੇ ਨਾਮ ਡਰਿਉ') ਅਤੇ ਦੂਜਾ 'ਜੇਸ਼ਟ' ਸ਼ਬਦ ਤੋਂ ਬਣਿਆ ਹੈ, ਜਿਸ ਤੋਂ ਭਾਵ ਹੈ, ਵੱਡਾ ਬਜ਼ੁਰਗ, ਕਰਤਾਰ, ਵਾਹਿਗੁਰੂ। ਸੋ ਜੇਠ ਦਾ ਮਹੀਨਾ ਵੱਡਾ ਵੀ ਹੁੰਦਾ ਹੈ ਅਤੇ ਰੱਬ ਵੀ ਯਾਦ ਕਰਾ ਦਿੰਦਾ ਹੈ। ਗੁਰੂ ਅਰਜਨ ਦੇਵ ਲਿਖਦੇ ਹਨ:

ਹਰਿ ਜੇਠ ਜੁੜੰਦਾ ਲੋੜੀਐ
ਜਿਸੁ ਅਗੈ ਸਭਿ ਨਿਵੰਨਿ॥
ਹਰਿ ਸਜਣ ਦਾਵਣਿ ਲਗਿਆ
ਕਿਸੈ ਨ ਦੇਈ ਬੰਨਿ॥

ਜੇਠ ਹਾੜ੍ਹ ਦੀ ਗਰਮੀ ਵਾਕਿਆ ਹੀ ਸਭ ਨੂੰ ਨਿਵਾ ਦੇਣ ਵਾਲੀ ਹੁੰਦੀ ਹੈ। ਜੇਠ ਦੀ ਸੰਗਰਾਂਦ ਤੱਕ ਦਿਨ ਪੂਰੇ ਭਖਣ ਲੱਗਦੇ ਹਨ ਅਤੇ ਰਾਤਾਂ ਵੀ ਪੂਰੀਆਂ ਗਰਮ ਹੋ ਜਾਂਦੀਆਂ ਹਨ। ਪੰਜਾਬ ਵਿਚ ਜੇਠ ਦੇ ਅਖੀਰਲੇ ਦਿਨਾਂ ਵਿਚ ਤਾਪਮਾਨ 44-45 ਸੈਂਟੀਗਰੇਡ ਤੱਕ ਪਹੁੰਚ ਜਾਂਦਾ ਹੈ। ਦੁਪਹਿਰ ਵੇਲੇ ਬਾਹਰ ਨਿਕਲਣਾ ਡਾਢਾ ਮੁਹਾਲ ਹੋ ਜਾਂਦਾ ਹੈ। ਦਿਨ ਲੰਬੇ ਹੋ ਜਾਂਦੇ ਹਨ, ਦੁਪਹਿਰਾ ਹੋਰ ਵੀ ਲੰਬੇਰਾ ਲੱਗਦਾ ਹੈ, ਮੁੱਕਣ ਵਿਚ ਹੀ ਨਹੀਂ ਆਉਂਦਾ। ਸ਼ਾਮ ਜਿਹੀ ਨੂੰ ਜਾ ਕੇ ਸੂਰਜ ਦਾ ਪ੍ਰਤਾਪ ਢਲਦਾ ਹੈ।

ਇਹ ਗਰਮੀ ਬਾਹਰ ਦੀਆਂ ਸਰਗਰਮੀਆਂ ਨੂੰ ਕਾਫੀ ਹੱਦ ਤੱਕ ਘਟਾ ਦਿੰਦੀ ਹੈ। ਵੱਧ ਤਾਪਮਾਨ ਹਨੇਰੀਆਂ ਲਿਆਉਂਦਾ ਹੈ। ਹਨੇਰੀ ਆਉਣ ਨਾਲ ਗਰਮੀ ਤੋਂ ਕੁਝ ਸਮੇਂ ਲਈ ਰਾਹਤ ਮਿਲਦੀ ਹੈ, ਉਂਜ ਇਸ ਤੋਂ ਕੁਝ ਮਿੰਟ ਪਹਿਲਾਂ ਮਾਹੌਲ ਡਰਾਉਣਾ ਅਤੇ ਅਣਸੁਖਾਵਾਂ ਬਣ ਜਾਂਦਾ ਹੈ। ਆਲੇ-ਦੁਆਲੇ ਹਨੇਰਾ ਜਿਹਾ ਪਸਰ ਜਾਂਦਾ ਹੈ ਜਿਵੇਂ ਸੂਰਜ ਗ੍ਰਹਿਣ ਲੱਗਾ ਹੋਵੇ। ਇਹ ਹਨੇਰੀਆਂ ਘਰਾਂ ਵਿਚ ਘੱਟੇ-ਮਿੱਟੀ ਦੇ 'ਤੋਹਫੇ' ਸੁੱਟ ਕੇ ਜਾਂਦੀਆਂ ਹਨ ਅਤੇ ਵਿਚਾਰੀਆਂ ਸੁਆਣੀਆਂ ਨੂੰ ਵਖਤ ਪਾ ਜਾਂਦੀਆਂ ਹਨ। ਜਿੰਨੇ ਮਰਜ਼ੀ ਬੂਹੇ ਬਾਰੀਆਂ ਬੰਦ ਕਰ ਲਓ, ਬਾਰੀਕ ਘੱਟਾ ਧੁਰ ਅੰਦਰ ਤੱਕ ਪਹੁੰਚ ਜਾਂਦਾ ਹੈ ਅਤੇ ਇਕ ਇਕ ਚੀਜ਼ 'ਤੇ ਪਸਰ ਜਾਂਦਾ ਹੈ। ਇਕ ਇਕ ਚੀਜ਼ ਪੂੰਝਣੀ ਪੈਂਦੀ ਹੈ।

ਪਹਿਲੀਆਂ ਵਿਚ ਪੰਜਾਬਣਾਂ ਲਈ ਜੇਠ ਦਾ ਮਹੀਨਾ ਖਾਸਾ ਮੁਸੀਬਤਾਂ ਭਰਿਆ ਹੁੰਦਾ ਸੀ। ਅਜਿਹੀ ਗਰਮੀ ਵਿਚ ਚੁੱਲ੍ਹੇ ਅੱਗ ਬਾਲਣੀ ਅਤੇ ਦਾਲ-ਸਬਜ਼ੀ ਵਗੈਰਾ ਬਣਾਉਣੀ ਡਾਢਾ ਔਖਾ ਕਾਰਜ ਹੁੰਦਾ ਹੈ। ਇਸ ਪੱਖੋਂ ਪੰਜਾਬੀ ਮਰਦਾਂ ਨੂੰ ਮੌਜਾਂ ਸਨ। ਬਹੁਤੇ ਪੰਜਾਬੀ ਘੱਟੋ-ਘੱਟ ਘਰ ਵਿਚ ਤਾਂ ਕੱਛੇ-ਬੁਨੈਣ ਵਿਚ ਹੀ ਤੁਰੇ ਫਿਰਦੇ। ਗਰਮੀ ਤੋਂ ਰਾਹਤ ਲਈ ਟੂਟੀ ਥੱਲੇ, ਬੰਬੀ ਅੱਗੇ, ਚੁਬੱਚੇ ਵਿਚ, ਲਾਗੇ ਵਗਦੀ ਨਦੀ-ਨਹਿਰ ਵਿਚ ਨਹਾਇਆ-ਧੋਇਆ ਜਾ ਸਕਦਾ ਹੈ, ਪਰ ਵਿਚਾਰੀਆਂ ਪੰਜਾਬਣਾਂ ਵੱਟਾਂ ਵਾਲੀਆਂ ਸਲਵਾਰਾਂ ਅਤੇ ਲੰਬੀਆਂ ਕਮੀਜ਼ਾਂ ਪਾਈ ਪਸੀਨੋ-ਪਸੀਨੀ ਹੋਈ ਫਿਰਦੀਆਂ ਹਨ। ਸ਼ੁਕਰ ਹੈ, ਵਿਗਿਆਨ ਦਾ ਅਤੇ ਆਧੁਨਿਕ ਵਿਕਾਸ ਦਾ ਕਿ ਅੱਜ ਦੇ ਜ਼ਮਾਨੇ ਵਿਚ ਪਿੰਡਾਂ ਵਿਚ ਵੀ ਫਰਿਜ ਆ ਗਏ ਹਨ, ਘਰਾਂ ਵਿਚ ਮੋਟਰਾਂ ਲੱਗ ਗਈਆਂ ਹਨ ਅਤੇ ਬਾਥਰੂਮ ਬਣ ਗਏ ਹਨ, ਨਹੀਂ ਤਾਂ ਪਿੰਡਾਂ ਵਿਚ ਵਿਚਾਰੀਆਂ ਔਰਤਾਂ ਕਈ ਵਾਰੀ ਤਾਂ ਗਰਮੀ ਤੋਂ ਬਚਣ ਲਈ ਕਪੜਿਆਂ ਸਮੇਤ ਹੀ ਪਾਣੀ ਦੀਆਂ ਦੋ ਬਾਲਟੀਆਂ ਉਤੇ ਸੁੱਟ ਲੈਂਦੀਆਂ ਜਾਂ ਨਲਕੇ ਲਾਗੇ ਮੰਜੀ ਖੜ੍ਹੀ ਕਰ ਕੇ ਕਾਹਲੀ ਕਾਹਲੀ ਵਿਚ ਪਾਣੀ ਦੇ ਦੋ-ਚਾਰ ਮੱਗੇ ਉਤੇ ਪਾ ਲੈਂਦੀਆਂ ਜਾਂ ਫਿਰ ਖੁੱਲ੍ਹ ਕੇ ਨਹਾਉਣ ਲਈ ਰਾਤ ਦੇ ਹਨੇਰੇ ਨੂੰ ਉਡੀਕਦੀਆਂ ਰਹਿੰਦੀਆਂ।

ਪੰਜਾਬ ਦੇ ਅਨੇਕਾਂ ਕਵੀਆਂ ਨੇ ਜੇਠ ਦੇ ਮਹੀਨੇ ਨੂੰ ਤੰਦੂਰ, ਅੱਗ, ਲਾਟਾਂ, ਆਤਸ਼ ਆਦਿ ਨਾਲ ਤਸ਼ਬੀਹ ਦਿੱਤੀ ਹੈ। ਬੁੱਲ੍ਹੇ ਸ਼ਾਹ ਲਿਖਦਾ ਹੈ:

ਜੇਠ ਜੈਸੀ ਮੁਝ ਅਗਨ ਹੈ
ਜਬ ਕੇ ਬਿਛਰੇ ਮੀਤ।

ਭਾਈ ਵੀਰ ਸਿੰਘ ਵੀ ਜੇਠ ਮਹੀਨੇ ਦਾ ਜ਼ਿਕਰ ਕਰਦਿਆਂ ਇਸ ਦੇ ਤਲਖ ਸੁਭਾਅ ਦੀ ਤਸਵੀਰ ਖਿੱਚਦੇ ਹਨ:

ਚੜ੍ਹ ਪਿਆ ਜੇਠ ਵੇ ਕੰਤਾ
ਤਪੀਆਂ ਭੋਆਂ ਤੇ 'ਵਾਵਾਂ।

ਪੰਜਾਬੀ ਲੋਕ ਗੀਤਾਂ ਦੀ ਨਾਇਕਾ ਵੀ ਧੁੱਪਾਂ ਨੂੰ ਡਾਢੀਆਂ ਬਲਾਵਾਂ ਨਾਲ ਤੁਲਨਾਉਂਦੀ ਹੈ:

ਜੇਠ ਘੋੜਾ ਹੇਠ
ਧੁੱਪਾਂ ਪੈਣ ਬਲਾਈਂ।
ਵੇ ਲਾਲ ਦਮਾਂ ਦਿਆ ਲੋਭੀਆ
ਪਰਦੇਸ ਨਾ ਜਾਈਂ।
ਮੈਂ ਕੱਤਾਂਗੀ ਨਿੱਕਤਾ ਤੂੰ ਬੈਠਾ ਖਾਈਂ।

ਮਹਾਂਪੁਰਖਾਂ ਅਨੁਸਾਰ ਹਰ ਮੌਸਮ, ਰੁੱਤ ਤੇ ਦਿਨ ਉਸ ਪਰਮਾਤਮਾ ਦੇ ਭਾਣੇ ਵਿਚ ਹਨ, ਮਨੁੱਖ ਨੂੰ ਕੁਦਰਤ ਦੇ ਭਾਣੇ ਵਿਚ ਰਹਿੰਦਿਆਂ ਅਗਾਊਂ ਯਤਨ ਜੁਟਾਉਂਦੇ ਰਹਿਣਾ ਚਾਹੀਦਾ ਹੈ। ਜੇ ਮਨੁੱਖ ਉਸ ਪਰਮਾਤਮਾ ਦੇ ਭਾਣੇ ਨੂੰ ਜਾਣ ਲਵੇ ਤਾਂ ਹਰ ਮਹੀਨਾ ਹੀ ਭਲਾ ਹੈ। ਗੁਰੂ ਨਾਨਕ ਦੇਵ ਇਸ ਗਰਮ ਮਹੀਨੇ ਨੂੰ ਵੀ ਭਲਾ ਹੀ ਕਹਿੰਦੇ ਹਨ:

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥
ਥਲ ਤਾਪਹਿ ਸਰ ਭਾਰ
ਸਾ ਧਨ ਬਿਨਉ ਕਰੈ॥
ਧਨ ਬਿਨਉ ਕਰੇਂਦੀ ਗੁਣ ਸਾਰੇਂਦੀ
ਗੁਣ ਸਾਰੀ ਪ੍ਰਭ ਭਾਵਾ॥
ਸਾਚੈ ਮਹਲਿ ਰਹੈ ਬੈਰਾਗੀ
ਆਵਣ ਦੇਹਿ ਤ ਆਵਾ॥
ਨਿਮਾਣੀ ਨਿਤਾਣੀ ਹਰਿ ਬਿਨ
ਕਿਉ ਪਾਵੈ ਸੁਖ ਮਹਲੀ॥
ਨਾਨਕ ਜੇਠਿ ਜਾਣੈ ਤਿਸੁ ਜੈਸੀ
ਕਰਮਿ ਮਿਲੈ ਗੁਣ ਗਹਿਲੀ॥


ਇਸ ਮਹੀਨੇ ਵਿਚ ਮਹਾਂ-ਮਿਲਾਪ ਦੀ ਗੱਲ ਘੱਟ ਹੈ, ਕਿਉਂਕਿ ਇਹ ਮਹੀਨਾ ਤਪਸ਼ ਦਾ ਹੈ। ਤਪਸ਼ ਦੇ ਇਸ ਮਹੀਨੇ ਵਿਚ ਮਹਿਲਾਂ ਵਿਚ ਸੌ ਸੁੱਖ ਸਹੂਲਤਾਂ ਪ੍ਰਾਪਤ ਹੁੰਦੀਆਂ ਹਨ, ਪਰ ਮਹਿਲ ਕਰਮਾਂ ਨਾਲ ਹੀ ਨਸੀਬ ਹੁੰਦੇ ਹਨ। ਉਂਜ ਇਹ ਵੀ ਸੱਚ ਹੈ ਕਿ ਸੁੱਖ ਮਹਿਲਾਂ ਵਿਚ ਵੀ ਤਾਂ ਹੀ ਮਾਣੇ ਜਾ ਸਕਦੇ ਹਨ, ਜੇ ਨਾਰ ਆਪਣੇ ਮਾਲਕ ਦੀਆਂ ਨਿਗਾਹਾਂ ਵਿਚ ਗੁਣਵੰਤੀ ਹੋਵੇ। ਅਜਿਹੀ ਅਵਸਥਾ ਵਿਚ ਆਪਣੇ ਅੰਦਰ ਭਾਤੀ ਮਾਰਨ ਦੀ ਲੋੜ ਹੈ। ਜੇ ਗੁਣ ਨਾ ਹੋਣ ਤਾਂ ਵੀ ਜੀਵਨ ਵਿਅਰਥ ਅਤੇ ਜੇ ਗੁਣਾਂ ਦਾ ਗੁਮਾਨ ਹੋ ਜਾਵੇ ਤਾਂ ਵੀ ਜੀਵਨ ਬੇਅਰਥ। ਜੇਠ ਦਾ ਮਹੀਨਾ ਸੁਖਾਵੇਂ ਮਾਹੌਲ ਵਾਲਾ ਮਹੀਨਾ ਨਹੀਂ। ਮੌਸਮ ਵਿਚ ਸੌ ਨੁਕਸ ਕੱਢੇ ਜਾ ਸਕਦੇ ਹਨ, ਪਰ ਅਸਲੀਅਤ ਤਾਂ ਇਹ ਹੈ ਕਿ ਇਹ ਮਹੀਨਾ ਸਾਡਾ ਸਬਰ-ਸੰਤੋਖ ਪਰਖਦਾ ਹੈ।

ਕੁਦਰਤ ਦੇ ਅਨੇਕਾਂ ਸਾਕਾਰਾਤਮਕ ਪੱਖ ਇਸ ਮਹੀਨੇ ਵਿਚ ਵੀ ਨਜ਼ਰ ਆਉਂਦੇ ਹਨ। ਕੁਦਰਤ ਗਰਮੀ ਤੋਂ ਬਚਾਅ ਦੇ ਕਈ ਤਰੀਕੇ ਆਪਣੀ ਬੁੱਕਲ ਵਿਚ ਲੈ ਕੇ ਆਉਂਦੀ ਹੈ। ਜਿਥੇ ਕੁਦਰਤ ਰੁੱਖ-ਬੂਟਿਆਂ ਨੂੰ ਗਰਮ ਮੌਸਮ ਲਈ ਅਗਾਊਂ ਤਿਆਰ ਕਰਨ ਦਾ ਸੋਚਦੀ ਹੈ, ਉਥੇ ਗਰਮੀ ਦੇ ਫਲ ਵੀ ਅਜਿਹੇ ਮਿਲਦੇ ਹਨ, ਜਿਨ੍ਹਾਂ ਵਿਚ ਪਾਣੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਖਰਬੂਜ਼ਾ, ਤਰਬੂਜ਼, ਅੰਬ, ਲੀਚੀ ਆਦਿ ਸਭ ਪਾਣੀ ਨਾਲ ਭਰਪੂਰ ਫਲ ਹਨ। ਤਰ, ਖੀਰਾ, ਟਮਾਟਰ ਆਦਿ ਵੀ ਪਾਣੀ ਨਾਲ ਤਰੋ-ਤਰ ਹੁੰਦੇ ਹਨ। ਧਨੀ ਰਾਮ ਚਾਤ੍ਰਿਕ ਜੇਠ ਦੇ ਮਹੀਨੇ ਵਿਚ ਮਿਲਦੀਆਂ ਖੇਤੀ ਸੌਗਾਤਾਂ ਬਾਰੇ ਕਿਆ ਖੂਬ ਲਿਖਦਾ ਹੈ:

ਖੀਰੇ, ਖਰਬੂਜੇ, ਹਦਵਾਣੇ
ਖੂਹੀਂ ਪੱਕਦੀ ਤਰ ਤਰਕਾਰੀ।
ਆੜੂ ਸਖਤ, ਫਾਲਸੇ ਖੱਟੇ
ਜਾਮਨ ਕੱਚੇ, ਅੰਬ ਅਚਾਰੀ।

ਪੰਜਾਬ ਵਿਚ ਜੇਠ ਦੇ ਮਹੀਨੇ ਵਿਚ ਫਸਲ ਸਾਂਭ ਲੈਣ ਪਿਛੋਂ ਕਾਫੀ ਵਿਹਲ ਹੁੰਦੀ ਹੈ। ਅਗਲੀ ਫਸਲ ਦੀ ਤਿਆਰੀ ਲਈ ਪਾਣੀ ਦੀ ਚੋਖੀ ਲੋੜ ਹੁੰਦੀ ਹੈ, ਇਸ ਲਈ ਬਰਸਾਤ ਦੀ ਉਡੀਕ ਕੀਤੀ ਜਾਂਦੀ ਹੈ। ਪਹਿਲੇ ਸਮਿਆਂ ਵਿਚ ਇਨ੍ਹੀਂ ਦਿਨੀਂ ਸੱਥਾਂ ਅਤੇ ਬਾਗਾਂ ਵਿਚ ਰੌਣਕਾਂ ਵਧ ਜਾਂਦੀਆਂ ਸਨ। ਬਾਗ ਦੀ ਵੱਖਰੀ ਹੀ ਬਹਾਰ ਹੁੰਦੀ ਸੀ। ਇਥੇ ਦੁਪਹਿਰ ਵੇਲੇ ਬਚਪਨ, ਜੁਆਨੀ ਤੇ ਬੁਢਾਪਾ ਆਪੋ-ਆਪਣੇ ਰੰਗਾਂ ਵਿਚ ਨਜ਼ਰ ਆਉਂਦੇ। ਨਿਆਣੇ ਆਪਣੀਆਂ ਖੇਡਾਂ ਖੇਡਦੇ, ਨੱਚਦੇ-ਟੱਪਦੇ, ਰੁੱਖਾਂ 'ਤੇ ਚੜ੍ਹਦੇ-ਲਹਿੰਦੇ। ਜੁਆਨ ਤਾਸ਼, ਸ਼ਤਰੰਜ, ਬਾਰਾਂ ਟਾਹਣੀ ਵਗੈਰਾ ਖੇਡਣ ਵਿਚ ਮਸਤ ਹੋ ਜਾਂਦੇ। ਬਜ਼ੁਰਗ ਬੈਠੇ ਊਂਘੀ ਜਾਂਦੇ ਜਾਂ ਜੁਆਨੀ ਵੇਲੇ ਦੀਆਂ ਕਹਾਣੀਆਂ ਸੁਣੀ-ਸੁਣਾਈ ਜਾਂਦੇ। ਜੇ ਬਾਗ ਪਿੰਡ ਦੇ ਨਜ਼ਦੀਕ ਹੁੰਦਾ ਤਾਂ ਕੁੜੀਆਂ-ਚਿੜੀਆਂ-ਬੁੜ੍ਹੀਆਂ ਦਾ ਵੱਖਰਾ ਸੰਸਾਰ ਬੱਝ ਜਾਂਦਾ। ਵਿਚੇ ਗਾਣੇ-ਵਜਾਣੇ, ਵਿਚੇ ਗਿੱਧੇ ਤੇ ਵਿਚੇ ਮਸਖਰੀਆਂ।

ਪੁਰਾਤਨ ਪੰਜਾਬ ਵਿਚ ਇਨ੍ਹੀਂ ਦਿਨੀਂ ਗਰਮੀ ਦਾ ਮੁਕਾਬਲਾ ਕਰਨ ਲਈ ਕੁਦਰਤ ਦੀਆਂ ਬਖਸ਼ੀਆਂ ਕਈ ਚੀਜ਼ਾਂ-ਵਸਤਾਂ ਖਾਣ-ਪੀਣ ਨੂੰ ਉਪਲਬਧ ਹੁੰਦੀਆਂ ਸਨ। ਪੀਣ ਲਈ ਸਭ ਤੋਂ ਵਧੀਆ ਚੀਜ਼ ਸੀ-ਲੱਸੀ, ਦੁਨੀਆਂ ਦਾ ਕੋਈ ਕੋਕਾ-ਕੋਲਾ ਇਸ ਦਾ ਮੁਕਾਬਲਾ ਨਹੀਂ ਕਰ ਸਕਦਾ। ਜੇ ਆਪਣੇ ਘਰ ਲਵੇਰਾ ਨਾ ਹੁੰਦਾ ਤਾਂ ਇਹ ਆਂਢ-ਗੁਆਂਢ ਤੋਂ ਲੈ ਲੈਂਦੇ। ਸਰਦੀਆਂ ਵਿਚ ਕੱਢਿਆ ਗੁੜ, ਸ਼ੱਕਰ ਅਤੇ ਕੱਕੋਂ ਇਨ੍ਹੀਂ ਦਿਨੀਂ ਸ਼ਰਬਤ ਬਣਾਉਣ ਦੇ ਕੰਮ ਆਉਂਦੇ। ਜੌਆਂ ਦੇ ਸੱਤੂ ਸ਼ਰਬਤ



ਵਿਚ ਘੋਲ ਕੇ ਪੀਣ ਨਾਲ ਅੰਦਰ ਠੰਢਾ ਸੀਤ ਹੋ ਜਾਂਦਾ। ਰਾਤ ਨੂੰ ਤਾਜ਼ੇ ਚੋਏ ਦੁੱਧ ਵਿਚ ਥੋੜ੍ਹਾ ਪਾਣੀ ਪਾ ਕੇ ਬਣਾਈ ਕੱਚੀ ਲੱਸੀ ਜਿਨ੍ਹਾਂ ਨੂੰ ਪਚ ਜਾਵੇ, ਬੜੀ ਗੁਣਕਾਰੀ ਸਾਬਤ ਹੁੰਦੀ। ਪਿੰਡ ਦੀ ਦੁਕਾਨ ਤੋਂ ਮਿਲਦੇ ਬੱਤੇ ਵਿਚ ਦੁੱਧ ਰਲਾ ਕੇ ਪੀਣ ਦਾ ਵੀ ਆਪਣਾ ਹੀ ਲੁਤਫ ਹੁੰਦਾ ਸੀ। ਆਪਣੇ ਜਾਂ ਮੁੱਲ ਦੇ ਨਿੰਬੂਆਂ ਦੀ ਸ਼ਿਕੰਜਵੀ ਵੀ ਗਰਮੀ ਦਾ ਤੋਹਫਾ ਹੀ ਹੈ।

ਕੁਦਰਤ ਤੋਂ ਬਲਿਹਾਰੇ ਜਾਣਾ ਬਣਦਾ ਹੈ ਕਿ ਗਰਮੀ ਦੀ ਇਸ ਰੁੱਤੇ ਵੀ ਕੁਝ ਰੁੱਖਾਂ-ਬੂਟਿਆਂ ਉਤੇ ਫੁੱਲ ਖਿੜਨ ਦੀ ਹਿੰਮਤ ਕਰੀ ਜਾਂਦੇ ਹਨ। ਅਮਲਤਾਸ ਦੇ ਪੀਲੇ ਫੁੱਲ ਧੁੱਪ ਵਿਚ ਵੀ ਖੂਬ ਖਿੜੇ ਰਹਿੰਦੇ ਹਨ। ਗੁਲਮੋਹਰ ਅਤੇ ਅਨਾਰ ਦੇ ਬੂਟਿਆਂ 'ਤੇ ਲਾਲ ਸੂਹੇ ਫੁੱਲ ਮੁਸੀਬਤ ਵਿਚ ਖਿੜੇ ਰਹਿਣ ਦਾ ਸੁਨੇਹਾ ਦਿੰਦੇ ਹਨ। ਕਿਆਰੀਆਂ ਵਿਚ ਲੱਗੇ ਫੋਟੋਲੀਕਾ ਅਤੇ ਜੀਨੀਆ ਦੇ ਫੁੱਲ ਤਾਂ ਧੁੱਪ ਦੇ ਆਸ਼ੀ ਹੁੰਦੇ ਹਨ। ਜੇਠ ਦੇ ਦਿਨਾਂ ਵਿਚ ਸੂਰਜਮੁਖੀ ਦੀ ਫਸਲ ਭਰ ਜੋਬਨ 'ਤੇ ਹੁੰਦੀ ਹੈ, ਇਸ ਦੇ ਵੱਡੇ ਵੱਡੇ ਫੁੱਲ ਕਣਕ ਦੇ ਵੱਢਾਂ ਦੀ ਪਿੱਠ-ਭੂਮੀ ਵਿਚ ਕਮਾਲ ਦਾ ਨਜ਼ਾਰਾ ਪੇਸ਼ ਕਰਦੇ ਹਨ।

ਜੇਠ ਮਹੀਨੇ ਪੰਜਾਬ ਵਿਚ ਕੁਦਰਤ ਪੀਲੇ ਅਤੇ ਹਰੇ ਰੰਗ ਦਾ ਵਧੀਆ ਸੁਮੇਲ ਪੇਸ਼ ਕਰਦੀ ਹੈ। ਖੇਤਾਂ ਵਿਚ ਹਰੀਆਂ ਵੇਲਾਂ ਅਤੇ ਪੌਦਿਆਂ ਉਤੇ ਪੀਲੇ ਫੁੱਲ ਖਿੜ ਪੈਂਦੇ ਹਨ। ਇਸ ਮਹੀਨੇ ਪੀਲੇ ਰੰਗ ਦਾ ਮਤਲਬ ਹੈ, ਪੱਕੇ ਹੋਣਾ। ਬਾਜ਼ਾਰ ਵਿਚ ਵਿਕਦੇ ਕੇਲੇ, ਪਪੀਤੇ, ਅੰਬ, ਸੇਬ ਆਦਿ ਪੀਲੀ ਭਾਅ ਮਾਰਦੇ ਹਨ। ਖਰਬੂਜ਼ੇ ਵੀ ਪੀਲੇ ਰੰਗ ਦੇ ਹੀ ਵਧੀਆ ਗਿਣੇ ਜਾਂਦੇ ਹਨ।

ਪੰਜਾਬੀ ਸਾਹਿਤ ਵਿਚ ਭਾਵੇਂ ਕਿੰਨੇ ਹੀ ਬਾਰਹ-ਮਾਂਹ ਉਪਲਬਧ ਹਨ, ਜਿਨ੍ਹਾਂ ਵਿਚ ਹਰ ਮਹੀਨੇ ਦਾ ਕੁਝ ਨਾ ਕੁਝ ਵੇਰਵਾ ਮਿਲਦਾ ਹੈ, ਪਰ ਇਨ੍ਹਾਂ ਵਿਚੋਂ ਬਹੁਤਿਆਂ ਵਿਚ ਕੁਦਰਤ ਚਿਤਰਨ ਆਪਣੇ ਆਪ ਵਿਚ ਕੇਂਦਰ-ਬਿੰਦੂ ਨਹੀਂ। ਜ਼ਿਆਦਾ ਮਹੱਤਵ ਵਿਯੋਗ-ਭਾਵ ਜਾਂ ਇਸਤਰੀ ਸ਼ਿੰਗਾਰ ਨੂੰ ਦਿੱਤਾ ਗਿਆ ਹੈ। ਆਸ਼ਕ-ਮਾਸ਼ੂਕ ਦੇ ਹਾਵ-ਭਾਵ ਦੇ ਅਨੁਕੂਲ ਵਾਤਾਵਰਣ ਦਾ ਚਿੱਤਰ ਖਿਚਿਆ ਜਾਂਦਾ ਹੈ। ਵਸਲ ਮੌਕੇ ਕੁਦਰਤ ਸੁਹਾਵਣੀ ਹੋ ਜਾਂਦੀ ਹੈ ਅਤੇ ਵਿਛੋੜੇ ਵਿਚ ਹਰ ਰੁੱਤ ਹੀ ਦੁਖੀ ਕਰਦੀ ਹੈ। ਹਿੰਦੁਸਤਾਨੀ ਸਾਹਿਤ ਵਿਚ ਕਾਲੀਦਾਸ ਨੂੰ ਕੁਦਰਤ ਚਿਤਰਨ ਦਾ ਨਿਪੁੰਨ ਸਾਹਿਤਕਾਰ ਸਮਝਿਆ ਜਾਂਦਾ ਹੈ, ਪਰ ਕਾਲੀਦਾਸ ਵੀ ਝਟ ਹੀ ਔਰਤ ਚਿਤਰਨ ਵੱਲ ਆ ਜਾਂਦਾ ਹੈ। ਉਂਜ ਗਰਮ ਰੁੱਤ ਦਾ ਵਰਣਨ ਕਰਦਿਆਂ ਕਾਲੀਦਾਸ ਜੰਗਲ ਦੇ ਦ੍ਰਿਸ਼ ਦਾ ਬਹੁਤ ਖੂਬ ਵਰਣਨ ਕਰਦਾ ਹੈ:

"ਤੇਜ਼ ਧੁੱਪਾਂ ਕਰ ਕੇ, ਸੜੇ-ਸੁੱਕੇ ਟੋਭਿਆਂ ਕਾਰਨ, ਤਿਹਾਏ ਮ੍ਰਿਗ ਨਿਰਮਲ ਅਸਮਾਨ ਨੂੰ ਤੱਕ ਕੇ ਪਾਣੀ ਦੇ ਭੁਲੇਖੇ ਵੱਸ ਦੂਸਰੇ ਜੰਗਲ ਨੂੰ ਦੌੜੇ ਜਾ ਰਹੇ ਹਨ। ਸੂਰਜੀ ਕਿਰਨਾਂ ਨਾਲ ਤਪ ਰਹੀ ਧੂੜੀ ਵਾਲੇ ਰਾਹ ਵਿਚੋਂ ਰੀਂਗਦਾ ਹੋਇਆ ਸੱਪ ਸਿਰ ਸੁੱਟ ਕੇ ਮੋਰ ਦੇ ਖੰਭਾਂ ਹੇਠ ਹੀ ਆ ਟਿਕਿਆ ਹੈ। ਬਲਹੀਣ ਅਤੇ ਸਾਹਸਹੀਣ ਤਿਹਾਇਆ ਸ਼ੇਰ, ਜਿਸ ਦੀ ਗਰਮੀ ਨਾਲ ਜੀਭ ਨਿਕਲੀ ਹੋਈ ਹੈ, ਸਿਰ ਦੇ ਵਾਲ ਕੰਬ ਰਹੇ ਹਨ, ਨਜ਼ਦੀਕ ਬੈਠੇ ਹਾਥੀਆਂ ਨੂੰ ਕੁਝ ਨਹੀਂ ਕਹਿ ਰਿਹਾ, ਜੰਗਲ ਵਿਚ ਗਰਮੀ ਮਾਰੇ ਤਿਹਾਏ ਬੌਂਦਲੇ ਹਾਥੀ ਸੁੱਕੇ ਸੁੰਡਾਂ ਵਿਚ ਜਲ ਬੂੰਦਾਂ ਪਾ ਰਹੇ ਹਨ ਤੇ ਸ਼ੇਰਾਂ ਤੋਂ ਜ਼ਰਾ ਭੈ ਨਹੀਂ ਖਾ ਰਹੇ। ਬਨਸਪਤੀ ਦਾ ਵੀ ਅਜਿਹੇ ਮੌਸਮ ਵਿਚ ਬੁਰਾ ਹਾਲ ਹੈ, ਤੇਜ਼ ਦਾਵਾਨਲ ਨਾਲ ਸੜੇ ਫੂਕੇ ਘਾਹ-ਫੂਸ, ਹਨੇਰੀਆਂ, ਝੱਖੜਾਂ ਦੀ ਤੇਜ਼ੀ ਨਾਲ ਉਡਾਏ ਜਾ ਰਹੇ ਸੁੱਕੇ ਪੱਤੇ ਅਤੇ ਧੁੱਪਾਂ ਦੇ ਸਾੜੇ ਪਾਣੀ ਵਿਹੂਣੇ ਜੰਗਲੀ ਇਲਾਕੇ ਡਰਾਉਣੇ ਲੱਗਦੇ ਹਨ। ਸੁੱਕੇ ਪੱਤਿਆਂ ਵਾਲੇ ਬ੍ਰਿਛਾਂ ਉਤੇ ਪੰਛੀ ਮੂੰਹ ਅੱਡੀ ਬੈਠੇ ਹਨ। ਜੰਗਲ ਵਿਚ ਸੁੱਕੇ ਬਾਂਸਾਂ ਦੇ ਰੁੱਖ ਤੜ ਤੜ ਕਰ ਕੇ ਸੜ ਰਹੇ ਹਨ। ਬ੍ਰਿਛਾਂ ਦੇ ਪੱਤੇ ਝੁਲਸ ਕੇ ਥੱਲੇ ਡਿੱਗ ਰਹੇ ਹਨ। ਤਲਾਅ ਵਿਚ ਕੌਲ ਖਿੜੇ ਹੋਏ ਹਨ, ਗੁਲਾਬ ਦੀ ਖੁਸ਼ਬੋ ਆ ਰਹੀ ਹੈ, ਨਹਾਉਣਾ ਚੰਗਾ ਚੰਗਾ ਲੱਗਦਾ ਹੈ।"

ਵਾਕਿਆ ਹੀ ਇਹ ਰੁੱਤ ਨਹਾਉਣ ਦੀ ਹੁੰਦੀ ਹੈ। ਲੋਕੀਂ ਦਿਹਾੜੀ ਵਿਚ ਦੋ ਦੋ, ਤਿੰਨ ਤਿੰਨ ਵਾਰ ਨਹਾਉਂਦੇ ਹਨ। ਪਿੰਡਾਂ ਵਿਚ ਚਲਦੀਆਂ ਮੋਟਰਾਂ ਅਤੇ ਬੰਬੀਆਂ ਦੇ ਖੁੱਲ੍ਹੇ-ਡੁੱਲ੍ਹੇ ਪਾਣੀ ਥੱਲੇ ਵਾਰ ਵਾਰ ਨਹਾਉਣਾ ਚੰਗਾ ਲੱਗਦਾ ਹੈ। ਜਿਥੇ ਕਿਤੇ ਸਰੋਵਰ ਹੋਵੇ, ਤਲਾਬ ਹੋਵੇ ਜਾਂ ਨਹਿਰ ਵਗਦੀ ਹੋਵੇ, ਨੌਜੁਆਨ ਦੁਪਹਿਰੇ ਅਕਸਰ ਪਾਣੀ ਵਿਚ ਛਾਲਾਂ ਮਾਰਦੇ ਨਜ਼ਰ ਆਉਂਦੇ ਹਨ। ਸ਼ਹਿਰਾਂ ਵਿਚ ਲੋਕੀਂ ਕਿੰਨੀ ਕਿੰਨੀ ਦੇਰ ਸ਼ਾਵਰਾਂ ਥੱਲੇ ਬੈਠੇ ਰਹਿੰਦੇ ਹਨ।

ਜਿਥੇ ਸਰਦੀਆਂ ਦੀ ਰੁਤ ਨੇੜੇ ਨੇੜੇ ਆਉਣ ਦੀ ਹੈ, ਉਥੇ ਜੇਠ-ਹਾੜ੍ਹ ਦੀ ਰੁੱਤ ਦੂਰ ਰਹਿਣ ਦੀ ਹੈ। ਸਰੀਰਾਂ ਦੀ ਛੋਹ ਗਰਮੀ ਹੋਰ ਵਧਾਉਂਦੀ ਅਤੇ ਪਸੀਨੇ ਵਗਾਉਂਦੀ ਹੈ। ਉਂਜ ਇਸ ਤਰ੍ਹਾਂ ਦਾ ਮੌਸਮ ਵੀ ਮਨੁੱਖ ਅੰਦਰ ਕਈ ਗੁਣ ਪੈਦਾ ਕਰਨ ਦੇ ਅਨੁਕੂਲ ਹੈ। ਕੁਦਰਤ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਉਸ ਦੇ ਹਰ ਪੱਖ ਨੂੰ ਸਹਿਜ ਨਾਲ ਹੰਢਾਇਆ ਜਾਵੇ। ਉਸ ਰੁੱਤ ਨੂੰ ਆਪਣੇ ਅਨੁਕੂਲ ਅਤੇ ਆਪਣੇ ਆਪ ਨੂੰ ਉਸ ਦੇ ਅਨੁਕੂਲ ਬਣਾਉਣ ਦੇ ਹੀਲੇ-ਵਸੀਲੇ ਕੀਤੇ ਜਾਣ। ਦੁਨੀਆਂ ਦੇ ਠੰਢੇ ਮੁਲਕਾਂ ਨੇ ਅਤਿ ਵਿਰੋਧੀ ਹਾਲਾਤ ਦਾ ਮੁਕਾਬਲਾ ਕਰਨ ਲਈ ਨਿੱਘ ਮੁਹੱਈਆ ਕਰਨ ਦੇ ਕਾਰਗਰ ਸਾਧਨ ਲੱਭ ਲਏ ਹਨ, ਇਸੇ ਤਰ੍ਹਾਂ ਗਰਮ ਮੁਲਕਾਂ ਨੇ ਅਤਿ ਗਰਮੀ ਦਾ ਮੁਕਾਬਲਾ ਕਰਨ ਲਈ ਬਿਜਲੀ ਨਾਲ ਚੱਲਣ ਵਾਲੇ ਕਈ ਉਪਕਰਣ ਬਣਾ ਲਏ ਹਨ ਜਿਨ੍ਹਾਂ ਨਾਲ ਗਰਮੀ ਦਾ ਮੁਕਾਬਲਾ ਕਰਨਾ ਸੌਖਾ ਹੋ ਗਿਆ ਹੈ। ਖੇਤੀਬਾੜੀ ਦੇ ਕੰਮਾਂ ਵਿਚ ਭਾਵੇਂ ਅਜੇ ਵੀ ਕੁਦਰਤੀ ਗਰਮੀ ਅਤੇ ਲੂਅ ਵਗੈਰਾ ਦਾ ਮੁਕਾਬਲਾ ਕਰਨਾ ਔਖਾ ਹੈ, ਪਰ ਖੇਤੀ ਮਸ਼ੀਨਰੀ ਨੇ ਬਹੁਤ ਕਠਿਨ ਕੰਮਾਂ ਨੂੰ ਹੁਣ ਸੁਖਾਲਾ ਬਣਾ ਦਿੱਤਾ ਹੈ।

ਇਹ ਮੰਨਣਾ ਪਵੇਗਾ ਕਿ ਕਈ ਸਹੂਲਤਾਂ ਦੇ ਬਾਵਜੂਦ ਪੰਜਾਬ ਵਿਚ ਗਰਮੀ ਦੇ ਮਹੀਨੇ ਕੱਟਣੇ ਕਾਫੀ ਮੁਸ਼ਕਿਲ ਹੁੰਦੇ ਹਨ। ਗਰਮੀ ਵਧਣ ਨਾਲ ਬਿਜਲੀ ਦੇ ਕੱਟ ਲੰਬੇ ਹੋ ਜਾਂਦੇ ਹਨ। ਜਿਨ੍ਹਾਂ ਕੋਲ ਅੱਜ ਦੇ ਯੁੱਗ ਵਿਚ ਏ. ਸੀ. ਦੀਆਂ ਸਹੂਲਤਾਂ ਹਨ, ਉਨ੍ਹਾਂ ਲਈ ਹੋਰ ਵੀ ਵੱਡੀ ਮੁਸੀਬਤ ਬਣ ਜਾਂਦੀ ਹੈ, ਕਿਉਂਕਿ ਇਨ੍ਹਾਂ ਸਹੂਲਤਾਂ ਦੀ ਆਦਤ ਹੋਰ ਜ਼ਿਆਦਾ ਪ੍ਰੇਸ਼ਾਨ ਕਰਦੀ ਹੈ। ਇਸੇ ਕਰ ਕੇ ਜੈਨਰੇਟਰਾਂ ਤੇ ਇਨਵਰਟਰਾਂ ਦਾ ਪ੍ਰਬੰਧ ਕਰਨਾ ਪੈਂਦਾ ਹੈ। ਪੁਰਾਣੇ ਦਿਨਾਂ ਵਿਚ ਇਨ੍ਹੀਂ ਦਿਨੀਂ ਅੰਦਰ ਰਹਿ ਕੇ ਗਰਮੀ ਕੱਟਣ ਦੀ ਨਸੀਹਤ ਦਿੱਤੀ ਜਾਂਦੀ ਸੀ, ਕਿਉਂਕਿ ਬਾਹਰ ਗਰਮ ਹਵਾਵਾਂ ਵਗ ਰਹੀ ਹੁੰਦੀਆਂ ਹਨ, ਪਹਿਲੇ ਜ਼ਮਾਨੇ ਵਿਚ ਕੋਠੇ ਕੱਚੇ ਹੁੰਦੇ ਸਨ ਤੇ ਉਹ ਅੱਜ ਦੇ ਮਕਾਨਾਂ ਦੇ ਮੁਕਾਬਲੇ ਘਟ ਤਪਦੇ ਸਨ:

ਜੇਠ-ਹਾੜ੍ਹ ਕੁੱਖੀਂ
ਸਾਉਣ-ਭਾਦੋਂ ਰੁੱਖੀਂ।

ਕੁਦਰਤ ਅਤੇ ਮਨੁੱਖ ਵਿਚ ਜੁਗਾਂ ਜੁਗਾਤਰਾਂ ਤੋਂ ਟਕਰਾਅ ਚਲਦਾ ਆਇਆ ਹੈ। ਕੁਦਰਤ ਵੱਲੋਂ ਬਖਸ਼ੇ ਦਿਮਾਗ ਸਦਕਾ ਮਨੁੱਖ ਨੇ ਆਪਣੀ ਸਹੂਲਤ ਲਈ ਬਹੁਤ ਸਾਰੇ ਸਾਧਨਾਂ ਦਾ ਜੁਗਾੜ ਬਣਾ ਲਿਆ ਹੈ, ਭਾਵੇਂ ਮਨੁੱਖ 'ਤੇ ਬਹੁਤ ਵੱਡਾ ਦੋਸ਼ ਇਹ ਵੀ ਲੱਗਦਾ ਹੈ ਕਿ ਉਸ ਨੇ ਕੁਦਰਤ ਨਾਲ ਇਸ ਕਦਰ ਛੇੜ-ਛਾੜ ਕੀਤੀ ਹੈ ਕਿ ਕਈ ਕਿਸਮ ਦੇ ਸੰਤੁਲਨ ਗੁਆ ਦਿੱਤੇ ਹਨ। ਇਸ ਬਾਰੇ ਉਘੇ ਸ਼ਾਇਰ ਅਲਾਮਾ ਇਕਬਾਲ ਦੀ ਕਵਿਤਾ ਬੜੀ ਪਿਆਰੀ ਹੈ, ਜਿਸ ਵਿਚ ਖੁਦਾ ਅਤੇ ਇਨਸਾਨ ਦਾ ਆਪਸੀ ਸੰਵਾਦ ਰਚਾਇਆ ਗਿਆ ਹੈ। ਇਨਸਾਨ ਖੁਦਾ ਨੂੰ ਮੁਖਾਤਬ ਹੋ ਕੇ ਕਹਿੰਦਾ ਹੈ:


ਤੂਨੇ ਐ ਮੇਰੇ ਮਾਲਕ, ਰਾਤ ਬਨਾਈ,
ਮੈਂਨੇ ਦੀਏ ਜਲਾਏ।
ਤੂਨੇ ਮਿੱਟੀ ਉਤਪੰਨ ਕੀ,
ਮੈਂਨੇ ਉਸ ਸੇ ਪਿਆਲੇ ਬਨਾਏ।
ਤੂਨੇ ਧਰਤੀ ਕੋ ਵਨ, ਪਰਬਤ
ਔਰ ਮਾਰੂਸਥਲ ਪ੍ਰਦਾਨ ਕੀਏ
ਮੈਂਨੇ ਉਨ ਮੇਂ ਰੰਗੀਨ ਫੂਲ ਖਿਲਾਏ,
ਹੰਸਤੀ ਹੁਈ ਵਾਟਕਾਏਂ ਸਜਾਈ।
ਮੈਂ ਵਿਸ਼ ਸੇ ਤਿਰਆਕ ਬਨਾਤਾ ਹੂੰ
ਔਰ ਪੱਥਰ ਸੇ ਆਈਨਾ
ਐ ਮਾਲਿਕ! ਸਚ ਸਚ ਬਤਾ!
ਤੂ ਬੜਾ ਹੈ ਯਾ ਮੈਂ?

ਪਰ ਇਹ ਮੰਨਣਾ ਪਵੇਗਾ ਕਿ ਇਕਬਾਲ ਵੀ ਕਾਦਰ ਨੂੰ ਹੀ 'ਮਾਲਕ' ਮੰਨਦਾ ਹੈ। ਅਲਾਮਾ ਇਕਬਾਲ ਦੀ ਰਚਨਾ ਇਹ ਵੀ ਸੰਕੇਤ ਕਰਦੀ ਹੈ ਕਿ ਸ੍ਰਿਸ਼ਟੀ ਵਿਚ ਸਭ ਕੁਝ ਸਾਡੇ ਅਨੁਕੂਲ ਨਹੀਂ ਹੈ। ਕੁਦਰਤ ਬਹੁਤ ਵਿਸ਼ਾਲ ਅਤੇ ਰਹੱਸਮਈ ਹੈ, ਪਰ ਮਨੁੱਖ ਨੂੰ ਹੋਰ ਚੰਗੇਰਾ ਅਤੇ ਸੁਖਾਲਾ ਜੀਵਨ ਬਤੀਤ ਕਰਨ ਲਈ ਕੁਦਰਤ ਦੇ ਕਰੋਪੀ ਪੱਖ ਨਾਲ ਸਦੀਆਂ ਤੋਂ ਟਾਕਰਾ ਰਿਹਾ ਹੈ ਅਤੇ ਇਹੀ ਮਨੁੱਖੀ ਵਿਕਾਸ ਦੀ ਮਾਣਮੱਤੀ ਕਹਾਣੀ ਹੈ।

# ਸਰਦਾਰ ਜੱਸਾ ਸਿੰਘ ਆਹਲੂਵਾਲੀਆ

**ਸਿੱਖ ਇਤਿਹਾਸ**

ਜਿਸ ਸਾਲ (1718) ਸ. ਜੱਸਾ ਸਿੰਘ ਦਾ ਜਨਮ ਹੋਇਆ ਸੀ, ਉਸ ਤੋਂ ਦੋ ਸਾਲ ਪਹਿਲਾਂ ਬਾਬਾ ਬੰਦਾ ਸਿੰਘ ਦੀ ਸ਼ਹੀਦੀ ਹੋਈ ਸੀ। ਇਤਿਹਾਸ ਵਿਚ ਇਹੋ ਜਿਹੀਆਂ ਦੇਵਨੇਤ ਵਾਪਰੀਆਂ ਘਟਨਾਵਾਂ ਨੂੰ ਲੈ ਕੇ ਵਡੇ ਬਿਰਤਾਂਤ ਸਿਰਜੇ ਜਾ ਸਕਦੇ ਹਨ। ਸਿੱਖਾਂ ਨੇ ਇਸ ਪਾਸੇ ਅਜੇ ਤੁਰਨਾ ਹੈ। ਵਿਸਾਖੀ 1699 ਨੂੰ ਦਸਮ ਪਾਤਸ਼ਾਹ ਹਜ਼ੂਰ ਵੱਲੋਂ ਪੰਥ ਦੀ ਸਾਜਨਾ ਦਾ ਅਵਸਰ ਪੈਦਾ ਕਰਕੇ, ਸਿੱਖ ਭਾਈਚਾਰੇ ਨੂੰ ਕੌਮ ਦੇ ਰੂਪ ਵਿਚ ਪ੍ਰਗਟ ਕਰ ਦਿੱਤਾ ਗਿਆ ਸੀ ਅਤੇ ਇਥੋਂ ਹੀ ਸਿੱਖਾਂ ਦਾ ਸਿਰਾਂ ਨਾਲ ਸਰਦਾਰੀਆਂ ਨਿਭਾਉਣ ਦਾ ਸਫਰ ਸ਼ੁਰੂ ਹੋ ਗਿਆ। ਜਿਸ ਮੰਤਵ ਲਈ ਗ੍ਰੰਥ ਅਤੇ ਪੰਥ ਦੇ ਦੋ ਕੰਢਿਆਂ ਵਿਚਕਾਰ ਖਾਲਸਾ ਵਹਾਅ ਨੂੰ ਪ੍ਰਚੰਡ ਕਰ ਦਿੱਤਾ ਗਿਆ ਸੀ, ਉਸ ਦਾ ਇਤਿਹਾਸ ਵਿਚ ਪ੍ਰਗਟਾਵਾ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸ਼ੁਰੂ ਹੋ ਗਿਆ ਸੀ। ਇਹ ਸ਼ੁਰੂਆਤ ਗੁਰੂ




**ਬਲਕਾਰ ਸਿੰਘ**
**ਪ੍ਰੋਫੈਸਰ ਆਫ ਐਮੀਨੈਂਸ**
**ਫੋਨ: 91-93163-01328**


ਸਾਹਿਬਾਨ ਦੀ ਥਾਂ ਤੇ ਸ਼ਬਦ-ਗੁਰੂ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਪੰਥਕ-ਯਾਤਰਾ ਵਾਂਗ ਸ਼ੁਰੂ ਹੋ ਗਈ ਸੀ।

ਇਹੀ ਸਮਾਂ ਸੀ ਜਦੋਂ ਪਹਿਲੀ ਵਾਰ ਧਰਮ ਦੇ ਇਤਿਹਾਸ 'ਚ ਅਜਿਹਾ ਵਾਪਰਨਾ ਸ਼ੁਰੂ ਹੋਇਆ, ਜਿਸ ਦਾ ਨਿਸ਼ਾਨਾ ਬੰਦੇ ਨੂੰ ਬੰਦੇ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਦੇ ਨਾਲ ਨਾਲ ਪੰਥਕ ਪ੍ਰਚੰਡਤਾ ਨੂੰ ਸਾਹਮਣੇ ਲਿਆਉਣਾ ਵੀ ਸੀ। ਇਸ ਕਿਸਮ ਦੀ ਸਕਰਮਕ-ਧਾਰਮਿਕਤਾ ਦੀ ਮਿਸਾਲ ਨਾ ਇਸ ਤੋਂ ਪਹਿਲਾਂ ਤੇ ਨਾ ਇਸ ਤੋਂ ਪਿਛੋਂ ਧਰਮ ਦੇ ਇਤਿਹਾਸ ਵਿਚ ਮਿਲਦੀ ਹੈ। ਅਧਿਆਤਮਕ ਸੁਰ ਵਿਚ ਸਿਧਾਂਤ ਅਤੇ ਅਮਲ ਦੀ ਇਕਸੁਰਤਾ ਦੀ ਨੀਂਹ ਬੇਸ਼ੱਕ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ ਅਤੇ ਇਸੇ ਨੂੰ ਗੁਰੂ-ਜੋਤਿ ਅਤੇ ਗੁਰੂ-ਜੁਗਤਿ ਰਾਹੀਂ ਦਸਮ ਪਾਤਸ਼ਾਹ ਹਜ਼ੂਰ ਨੇ ਧਰਮ ਅਤੇ ਕੌਮ ਦੇ ਰੂਪ ਵਿਚ ਪ੍ਰਗਟ ਕਰ ਦਿੱਤਾ ਸੀ।

ਵੇਈਂ ਨਦੀ ਪਰਵੇਸ਼ (1499) ਤੋਂ ਸ਼ੁਰੂ ਹੋਈ ਸਿੱਖ ਲਹਿਰ 17ਵੀਂ ਸਦੀ ਦੇ ਅਖੀਰ ਤੱਕ ਭਾਰਤ ਵਿਚ ਦੂਰ ਦੂਰ ਤੱਕ ਆਪਣੇ ਪ੍ਰਭਾਵ ਦੇ ਰੂਪ ਵਿਚ ਪਹੁੰਚ ਚੁਕੀ ਸੀ। ਇਸੇ ਦਾ ਸਿੱਟਾ ਸੀ ਕਿ ਸਰਕਾਰੀ ਤੇ ਸਮਾਜਿਕ ਵਧੀਕੀਆਂ ਵਿਰੁਧ ਕੁਝ ਕਰਨ ਦੇ ਚਾਹਵਾਨ ਲੋਕ ਦਸਮ ਪਾਤਸ਼ਾਹ ਦੀ ਰਖਵਾਲੀ ਵਿਚ ਪਹੁੰਚਣੇ ਸ਼ੁਰੂ ਹੋ ਗਏ ਸਨ। ਇਨ੍ਹਾਂ ਵਿਚ ਸੂਰਮੇ, ਕਲਾਕਾਰ ਅਤੇ ਆਮ ਆਦਮੀ ਸ਼ਾਮਲ ਸਨ। ਵੈਸੇ ਤਾਂ ਇਹ ਵਰਤਾਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਤੋਂ ਨਾਬਰੀ-ਮੁਹਿੰਮ ਵਾਂਗ ਸ਼ੁਰੂ ਹੋ ਗਿਆ ਸੀ ਜੋ ਦਸਮ ਪਾਤਸ਼ਾਹ ਵੇਲੇ ਸਿਖਰ ਨੂੰ ਪਹੁੰਚਣ ਲੱਗ ਪਿਆ ਸੀ।

ਆਹਲੂਵਾਲੀਆ ਖਾਨਦਾਨ ਦਾ ਬਜ਼ੁਰਗ ਰਾਣਾ ਤੁਲਸੀ ਰਾਜਸਥਾਨ ਤੋਂ ਇਸ ਕਰਕੇ ਪੰਜਾਬ ਆ ਗਿਆ ਕਿ ਉਥੇ ਉਸ ਦਾ ਰਾਜਪੂਤ ਭਾਈਚਾਰਾ ਹੁਕਮਰਾਨ ਮੁਗਲ ਹਾਕਮਾਂ ਨਾਲ ਰੋਟੀ ਬੇਟੀ ਦੀ ਸਾਂਝ ਪਾ ਕੇ ਗੋਡੇ ਟੇਕਣ ਦੇ ਹੱਕ ਵਿਚ ਨਹੀਂ ਸੀ। ਇਹੋ ਜਿਹੇ ਹਾਲਾਤ ਵਿਚ ਜੱਸਾ ਸਿੰਘ ਆਹਲੂਵਾਲੀਆ ਦੇ ਪੁਰਖੇ ਪਹਿਲਾਂ ਮਾਲਵੇ ਦੇ ਲੱਖੀ ਜੰਗਲ ਵਿਚ ਰਹਿਣ ਲੱਗੇ ਅਤੇ ਫਿਰ ਤਰਨਤਾਰਨ ਸਾਹਿਬ ਦੇ ਇਕ ਪਿੰਡ ਗੋਰਖ ਚੱਕ ਆ ਵੱਸੇ। ਇਸੇ ਖਾਨਦਾਨ ਵਿਚੋਂ ਦੁੱਲਾ ਭੱਟੀ ਦੀਆਂ ਨਾਬਰੀ ਮੁਹਿੰਮਾਂ ਦੀਆਂ ਕਹਾਣੀਆਂ ਪੰਜਾਬੀ ਮਾਨਸਿਕਤਾ ਵਿਚ ਵੱਸੀਆਂ ਹੋਈਆਂ ਹਨ (ਵਿਸਥਾਰ ਵਾਸਤੇ ਬਲਦੇਵ ਸਿੰਘ ਸੜਕਨਾਮਾ ਦਾ ਨਾਵਲ 'ਢਾਹਾਂ ਦਿੱਲੀ ਦੇ ਕਿੰਗਰੇ' ਵੇਖਿਆ ਜਾ ਸਕਦਾ ਹੈ)।

ਮਾਝੇ ਦਾ ਤਰਨਤਾਰਨ ਵਾਲਾ ਇਲਾਕਾ ਸਦਾ ਹੀ ਕਿਸਾਨੀ ਅਤੇ ਸਿੱਖ ਬਹੁਗਿਣਤੀ ਵਾਲਾ ਸੀ। ਇਸੇ ਇਲਾਕੇ ਵਿਚ ਆਹਲੂਵਾਲੀਆ ਦੇ ਪੁਰਖੇ ਰਾਜਸਥਾਨੀ ਪਿਛੋਕੜ ਨੂੰ ਪਿੱਛੇ ਛੱਡ ਕੇ ਸਿੱਖ ਭਾਈਚਾਰੇ ਦਾ ਹਿੱਸਾ ਹੋ ਗਏ ਸਨ। ਇਸੇ ਖਾਨਦਾਨ ਦੇ ਵਡੇਰੇ ਭਾਈ ਸੈਨਾ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਵਧਾਵਾ ਸਿੰਘ ਫ਼ੈਦੇ ਵੱਲੋਂ ਪਾਤਸ਼ਾਹ ਹਜ਼ੂਰ ਦੀ ਦੁਸ਼ਟ ਦਮਨ ਵਾਲੀ ਫੌਜ ਦਾ ਹਿੱਸਾ ਰਹੇ ਸਨ। ਇਹ ਸਮਾਂ ਲੋੜ ਮੁਤਾਬਕ ਹਿਜਰਤ ਕਰਨ ਦਾ ਸੀ ਅਤੇ ਆਹਲੂਵਾਲੀਆ ਖਾਨਦਾਨ ਦੇ ਵਡੇਰੇ ਗੋਰਖ ਚੱਕ ਤੋਂ ਗੁੱਜਰ ਚੱਕ ਆ ਵੱਸੇ। ਇਸ ਖਾਨਦਾਨ ਨੇ ਭਾਈ ਗੰਡਾ ਸਿੰਘ ਦੀ ਅਗਵਾਈ ਵਿਚ ਆਪਣੀ ਸੁਤੰਤਰ ਸਰਦਾਰੀ ਕਾਇਮ ਕਰ ਲਈ ਅਤੇ ਸਮੇਂ ਦੀ ਹਕੂਮਤ ਤੋਂ ਸੁਤੰਤਰ ਵਿਚਰਦੇ ਰਹੇ। ਲਾਹੌਰ ਦੇ ਉਸ ਵੇਲੇ ਦੇ ਹਾਕਮ ਦਿਲਾਵਰ ਖਾਨ ਨੂੰ ਇਹ ਖਾਨਦਾਨ ਬਹੁਤ ਰੜਕਦਾ ਸੀ, ਪਰ ਉਸ ਦੀ ਪੇਸ਼ ਨਹੀਂ ਸੀ ਜਾਂਦੀ। ਉਸ ਨੇ ਸਿਆਸੀ ਫੈਸਲਾ ਲੈ ਕੇ ਸ. ਗੰਡਾ ਸਿੰਘ ਨੂੰ ਆਹਲੂ ਪਿੰਡ ਦੀ ਮਾਫੀ ਲਿਖ ਦਿੱਤੀ। ਅਸਲ ਵਿਚ ਉਸ ਨੂੰ ਅਜਿਹਾ ਕਰਨਾ ਪਿਆ ਸੀ। ਇਥੋਂ ਹੀ ਉਸ ਆਹਲੂਵਾਲੀਆ ਖਾਨਦਾਨ ਦੀ ਸ਼ੁਰੂਆਤ ਹੁੰਦੀ ਹੈ, ਜਿਸ ਦੇ ਹਵਾਲੇ ਨਾਲ ਸ. ਜੱਸਾ ਸਿੰਘ ਆਹਲੂਵਾਲੀਆ ਬਾਰੇ ਚਰਚਾ ਕੀਤੀ ਜਾ ਰਹੀ ਹੈ।

ਆਹਲੂਵਾਲੀਆ ਖਾਨਦਾਨ ਦੇ ਇਕ ਬਜ਼ੁਰਗ ਸਾਧੂ ਸਿੰਘ ਦਾ ਪ੍ਰੇਮ ਉਸ ਦੇ ਨਾਨਕੇ ਪਿੰਡ ਦੀ ਕਲਾਲਾਂ ਦੀ ਲੜਕੀ ਨਾਲ ਹੋ ਗਿਆ ਅਤੇ ਇਸੇ ਨਾਲ ਵਿਆਹ ਹੋ ਜਾਣ ਤੋਂ ਬਾਅਦ ਇਸ ਖਾਨਦਾਨ ਨਾਲ ਕਲਾਲ ਸ਼ਬਦ ਵੀ ਜੁੜ ਗਿਆ। ਕਲਾਲ ਭਾਈਚਾਰੇ ਦੀ ਮੰਗ 'ਤੇ ਸਾਧੂ ਸਿੰਘ ਨੇ ਇਹ ਵੀ ਮੰਨ ਲਿਆ ਸੀ ਕਿ ਅੱਗੇ ਤੋਂ ਆਹਲੂਵਾਲੀਆਂ ਦੀਆਂ ਸ਼ਾਦੀਆਂ ਕਲਾਲਾਂ ਨਾਲ ਹੀ ਹੋਇਆ ਕਰਨਗੀਆਂ। ਕਿਸੇ ਨਾ ਕਿਸੇ ਰੂਪ ਵਿਚ ਆਹਲੂਆਂ ਦੇ ਪੁਰਖੇ ਦੇ ਇਸ ਬਚਨ ਦੀ ਪਾਲਨਾ ਲਗਾਤਾਰ ਹੁੰਦੀ ਆ ਰਹੀ ਹੈ।

ਸ. ਜੱਸਾ ਸਿੰਘ ਦੇ ਪਿਤਾ ਸ. ਬਦਰ ਸਿੰਘ ਆਪਣੇ ਪਿਤਾ ਦੇਵਾ ਸਿੰਘ ਆਹਲੂਵਾਲੀਏ ਦੇ ਨਾਲ ਦਸਮ ਪਾਤਸ਼ਾਹ ਹਜ਼ੂਰ ਦੇ ਦਰਸ਼ਨ ਕਰ ਚੁਕੇ ਸਨ। ਇਨ੍ਹਾਂ ਨੇ ਅੰਮ੍ਰਿਤ ਵੀ ਗੁਰੂ ਜੀ ਦੇ ਹਜ਼ੂਰੀ ਸਿੰਘਾਂ ਤੋਂ ਛਕਿਆ ਸੀ। ਬਦਰ ਸਿੰਘ ਦੀ ਸ਼ਾਦੀ ਸ. ਬਾਘ ਸਿੰਘ ਦੀ ਭੈਣ ਨਾਲ ਹੋਈ। ਇਹ ਬੀਬੀ ਵੀ ਅੰਮ੍ਰਿਤਧਾਰੀ ਸਿੰਘਣੀ ਸੀ ਅਤੇ ਆਪਣੇ ਸਹਿਜ ਵਿਸ਼ਵਾਸ ਅਤੇ ਸਿੱਖ ਵਚਨਬੱਧਤਾ ਕਰਕੇ ਜਾਣੀ ਜਾਂਦੀ ਸੀ। ਇਨ੍ਹਾਂ ਦੇ ਘਰ ਸ. ਜੱਸਾ ਸਿੰਘ ਨੇ 1718 ਈ. ਵਿਚ ਜਨਮ ਲਿਆ। ਮੰਨਿਆ ਜਾਂਦਾ ਹੈ ਕਿ ਜੱਸਾ ਸਿੰਘ ਦੇ ਜਨਮ ਵਿਚ ਦਸਮ ਪਾਤਸ਼ਾਹ ਦੀ ਇਹ ਅਸੀਸ ਸ਼ਾਮਲ ਸੀ ਕਿ "ਵਾਹਿਗੁਰੂ ਅਕਾਲ ਪੁਰਖ ਦੀ ਅਰਾਧਨਾ ਕਰੋ, ਸਾਧ ਸੰਗਤ ਦੀ ਸੇਵਾ ਕਰੋ, ਗੁਰੂ ਨਾਨਕ ਦਾ ਧਿਆਨ ਧਰੋ, ਗੁਰੂ ਅੰਗ ਸੰਗ ਹੈ, ਤੁਹਾਡਾ ਪੁੱਤਰ ਗੁਰੂ ਕਾ ਲਾਲ ਹੋਵੇਗਾ।"[1]

ਇਸ ਸਮੇਂ ਦੇ ਸਿੱਖ ਸੰਘਰਸ਼ ਦੀ ਸਿਖਰ ਬਾਬਾ ਬੰਦਾ ਸਿੰਘ ਦੀ ਸ਼ਹੀਦੀ (1716) ਸੀ ਅਤੇ ਸਿੱਖਾਂ ਦੇ ਸਿਦਕ ਤੇ ਬਹਾਦਰੀ ਦੇ ਇਮਤਿਹਾਨ ਦਾ ਵੀ ਇਹੀ ਸਮਾਂ ਸੀ। ਇਹੀ ਸਮਾਂ ਸੀ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਚੜ੍ਹਤ ਸਿੰਘ ਦਾ ਜਨਮ ਹੋਇਆ। ਇਸੇ ਸਮੇਂ ਮਿਸਲਾਂ ਦੇ ਬਾਨੀ ਜਨਮ ਲੈ ਰਹੇ ਸਨ। ਇਸੇ ਸਮੇਂ ਸਿੱਖਾਂ ਨੇ ਪੰਥਕ ਫੁਲਵਾੜੀ ਨੂੰ ਆਪਣੇ ਲਹੂ ਨਾਲ ਸਿੰਜਣ ਦੀਆਂ ਵੱਡੀਆਂ ਪਿਰਤਾਂ ਪਾਈਆਂ। ਇਹੀ ਸਮਾਂ ਸੀ ਜਦੋਂ ਬਾਲਕ ਜੱਸਾ ਸਿੰਘ ਅਜੇ ਤਿੰਨ ਸਾਲਾਂ ਦੇ ਸਨ ਅਤੇ ਪਿਤਾ ਬਦਰ ਸਿੰਘ ਚੜ੍ਹਾਈ ਕਰ ਗਏ।

ਸਰਕਾਰੀ ਜ਼ੁਲਮ ਤੋਂ ਬਚਣ ਲਈ ਮਾਂ-ਪੁੱਤ ਨੇ ਮਾਤਾ ਸੁੰਦਰੀ ਦੀ ਸ਼ਰਨ ਵਿਚ ਦਿੱਲੀ ਜਾਣ ਦਾ ਫੈਸਲਾ ਕਰ ਲਿਆ। ਜੱਸਾ ਸਿੰਘ ਅਜੇ ਪੰਜ ਸਾਲ (1723) ਦਾ ਸੀ ਕਿ ਮਾਂ-ਪੁੱਤ ਦਿੱਲੀ ਪਹੁੰਚ ਗਏ ਅਤੇ ਉਥੇ ਸੱਤ ਕੁ ਸਾਲ ਰਹੇ। ਮਾਂ, ਬਹੁਤ ਸੁਰੀਲਾ ਕੀਰਤਨ ਕਰਦੀ ਸੀ ਅਤੇ ਬਾਲਕ ਜੱਸਾ ਸਿੰਘ ਵੀ ਉਨ੍ਹਾਂ ਦੀ ਸੰਗਤ ਕਰਦਾ। ਇਥੇ ਹੀ ਬਾਲਕ ਨੇ ਮਕਤਬ ਵਿਚ ਜਾ ਕੇ ਫਾਰਸੀ ਪੜ੍ਹੀ ਅਤੇ ਸਿੱਖੀ ਦੇ ਰੰਗ ਵਿਚ ਰੰਗਦੇ ਗਏ। ਜੱਸਾ ਸਿੰਘ ਦੇ ਮਾਮੇ ਬਾਘ ਸਿੰਘ ਦੀ ਕੋਈ ਔਲਾਦ ਨਹੀਂ ਸੀ ਅਤੇ ਉਹ ਆਪਣੇ ਭਾਣਜੇ ਨੂੰ ਹੀ ਆਪਣਾ ਵਾਰਸ ਮੰਨਣ ਲੱਗੇ।

ਜਦੋਂ ਪੰਜਾਬ ਦੇ ਹਾਲਾਤ ਕੁਝ ਸੁਧਰਨੇ ਸ਼ੁਰੂ ਹੋਏ ਅਤੇ ਸਿੱਖ ਸਰਦਾਰਾਂ ਦੀ ਚੜ੍ਹਤ ਹੋਣ ਲੱਗੀ ਤਾਂ ਮਾਮੇ ਨੇ ਭਾਣਜੇ ਨੂੰ ਪੰਜਾਬ ਲੈ ਕੇ ਆਉਣ ਦਾ ਮਨ ਬਣਾ ਲਿਆ। ਇਹ ਤਾਂ ਕੁਦਰਤੀ ਹੈ ਕਿ ਦਿੱਲੀ ਰਹਿੰਦਿਆਂ ਜੱਸਾ ਸਿੰਘ ਨੇ ਪੰਥ ਦੀ ਮਾਤਾ ਸਾਹਿਬ ਕੌਰ ਦੀ ਸੰਗਤ ਵੀ ਮਾਣੀ ਹੋਵੇਗੀ। ਮਾਤਾ ਸੁੰਦਰੀ ਨੇ ਮਾਂ-ਪੁੱਤ ਨੂੰ ਪੰਜਾਬ ਜਾਣ ਦੀ ਆਗਿਆ ਦੇ ਦਿੱਤੀ ਅਤੇ ਜੱਸਾ ਸਿੰਘ ਨੂੰ ਵਿਦਾਇਗੀ ਵਜੋਂ ਇਕ ਤਲਵਾਰ, ਇਕ ਗੁਰਜ, ਢਾਲ, ਕਮਾਨ, ਤੀਰਾਂ ਦਾ ਭੱਥਾ, ਪੁਸ਼ਾਕਾਂ ਅਤੇ ਚਾਂਦੀ ਦੀ ਚੋਬ ਅਰਥਾਤ ਅਸਾ ਆਸਾ ਬਖਸ਼ ਕੇ ਅਸੀਸ ਦਿੱਤੀ ਸੀ, "ਤੇਰੇ ਔਰ ਤੇਰੀ ਸੰਤਾਨ ਆਗੇ ਆਸਿਆਂ ਵਾਲੇ (ਚੋਬਦਾਰ) ਚਲਿਆ ਕਰਨਗੇ।"[2] ਅਸੀਸਾਂ ਦੇ ਮੀਂਹ ਵਿਚ ਭਿੱਜਿਆ ਜੱਸਾ ਸਿੰਘ ਆਪਣੇ ਨਾਨਕੇ ਪਰਤ ਆਇਆ।

ਮਾਤਾ ਸੁੰਦਰੀ ਦੀ ਮੁਹੱਬਤੀ ਸ਼ਰਨ ਵਿਚੋਂ ਨਿਕਲ ਕੇ ਸ. ਕਪੂਰ ਸਿੰਘ ਦੀ ਇਮਤਿਹਾਨੀ ਸ਼ਰਨ ਵਿਚ ਜਾਣ ਦੇ ਮੌਕੇ ਨਾਲ ਸ. ਜੱਸਾ ਸਿੰਘ ਦੀ ਪੰਥਕ ਹੋਣੀ ਦੀਆਂ ਪੈੜਾਂ ਉਘੜਨੀਆਂ ਸ਼ੁਰੂ ਹੋਈਆਂ। ਉਨ੍ਹੀਂ ਦਿਨੀਂ ਸ. ਕਪੂਰ ਸਿੰਘ ਕਰਤਾਰਪੁਰ ਦੀ ਜੂਹ ਵਿਚ ਟਿਕੇ ਹੋਏ ਸਨ ਅਤੇ ਸਿੱਖ ਸੰਗਤਾਂ ਉਨ੍ਹਾਂ ਨੂੰ ਹਰ ਕਿਸਮ ਦੀ ਅਗਵਾਈ ਅਤੇ ਮਦਦ ਲਈ ਮਿਲਦੀਆਂ ਰਹਿੰਦੀਆਂ ਸਨ। ਸਿੱਖ ਭਾਈਚਾਰੇ ਵਿਚ ਉਨ੍ਹਾਂ ਦੀ ਸਾਖ ਭਜਨੀਕ ਗੁਰਸਿੱਖ, ਦਲੇਰ ਆਗੂ ਅਤੇ ਸੂਰਬੀਰ ਜੋਧੇ ਵਜੋਂ ਸਥਾਪਤ ਹੋ ਚੁੱਕੀ ਸੀ।

ਬਾਲਕ ਜੱਸਾ ਸਿੰਘ ਆਪਣੀ ਮਾਂ ਤੇ ਮਾਮੇ ਨਾਲ ਇਕ ਗੁਰਪੁਰਬ ਵਾਲੇ ਦਿਨ ਸਰਦਾਰ ਸਾਹਿਬ ਨੂੰ ਮਿਲਣ ਚਲੇ ਗਏ ਅਤੇ ਉਥੇ ਸਵੇਰੇ ਅੰਮ੍ਰਿਤ ਵੇਲੇ ਸਜੇ ਦੀਵਾਨ ਵਿਚ ਆਸਾ ਦੀ ਵਾਰ ਦਾ ਕੀਰਤਨ ਕੀਤਾ। ਪ੍ਰਭਾਵ ਇਹ ਪਿਆ ਕਿ ਸੰਗਤਾਂ ਦੇ ਕਹਿਣ 'ਤੇ ਮਾਂ-ਪੁੱਤ ਮਹੀਨਾ ਭਰ ਉਥੇ ਹੀ ਟਿਕੇ ਰਹੇ ਅਤੇ ਕੀਰਤਨ ਦੀ ਸੇਵਾ ਨਿਭਾਉਂਦੇ ਰਹੇ। ਇਹੀ ਸਮਾਂ ਸੀ ਜਦੋਂ ਜਵਾਨ ਹੁੰਦੇ ਜੱਸਾ ਸਿੰਘ ਨੇ ਨਵਾਬ ਸਾਹਿਬ ਦੇ ਦਿਲ 'ਤੇ ਅਜਿਹਾ ਅਸਰ ਕੀਤਾ ਕਿ ਉਨ੍ਹਾਂ ਨੇ ਬਾਲਕ ਦੇ ਮਾਂ ਅਤੇ ਮਾਮੇ ਤੋਂ ਪੰਥਕ ਸੇਵਾ ਵਾਸਤੇ ਜੱਸਾ ਸਿੰਘ ਨੂੰ ਆਪਣੇ ਕੋਲ ਰੱਖਣ ਦੀ ਮੰਗ ਕਰ ਲਈ। ਇਸੇ ਦਿਨ ਤੋਂ ਜੱਸਾ ਸਿੰਘ ਨੂੰ ਨਵਾਬ ਸਾਹਿਬ ਦੇ ਧਰਮ-ਪੁੱਤਰ ਵਜੋਂ ਜਾਣਿਆ ਜਾਣ ਲੱਗਾ। ਨਵਾਬ ਸਾਹਿਬ ਨੇ ਖੁਦ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਜੱਸਾ ਸਿੰਘ ਨੂੰ ਅੰਮ੍ਰਿਤ ਛਕਾਇਆ। ਨਵਾਬੀ ਪ੍ਰਵਾਨ ਕਰਨ ਵੇਲੇ ਖਾਲਸੇ ਦੇ ਘੋੜਿਆਂ ਦੀ ਜੋ ਸੇਵਾ ਪੰਥ ਤੋਂ ਨਵਾਬ ਸਾਹਿਬ ਨੇ ਮੰਗ ਕੇ ਲਈ ਸੀ, ਓਹੀ ਸੇਵਾ ਉਨ੍ਹਾਂ ਨੇ ਆਪ ਜੱਸਾ ਸਿੰਘ ਨੂੰ ਸੌਂਪ ਦਿੱਤੀ ਅਤੇ ਅਸੀਸ ਦਿੱਤੀ, "ਭੁਝੰਗੀਆ, ਨਿਹਾਲ। ਇਤਨੀ ਛੋਟੀ ਉਮਰ ਵਿਚ ਵੀ ਤੂੰ ਇਤਨਾ ਹੁਸ਼ਿਆਰ ਅਤੇ ਆਗਿਆਕਾਰ ਹੈਂ। ਨਿਹਾਲ।"[3]

ਇਹੀ ਸਮਾਂ ਸੀ ਜਦੋਂ ਸਰਕਾਰੀ ਦਮਨ ਨਾਲ ਜੂਝਣ ਦੇ ਪੰਥਕ ਪੈਂਤੜੇ ਸਾਹਮਣੇ ਆ ਰਹੇ ਸਨ। ਜੰਗਲ ਬੇਲੇ ਲੁਕ ਛਿਪ ਕੇ ਸੰਘਰਸ਼ ਕਰਨ ਵਾਲੇ ਸਿੱਖ ਗੱਭਰੂਆਂ ਦੇ ਜੁਝਾਰੂ ਜਥੇ ਨੂੰ 'ਰਾਠ ਸਿੰਘ' ਕਿਹਾ ਜਾਣ ਲੱਗਾ ਸੀ ਅਤੇ ਚੁੱਪ ਚਾਪ ਸਮਾਜ ਵਿਚ ਵਿਚਰਦੇ ਦਸਾਂ ਨਹੁੰਆਂ ਦੀ ਕਿਰਤ ਕਰਦਿਆਂ ਗੁਰੂਕਿਆਂ ਨੂੰ 'ਗੁਰਮੁਖ' ਕਿਹਾ ਜਾਂਦਾ ਸੀ। ਭਾਣਾ ਮੰਨ ਕੇ ਚੜ੍ਹਦੀ ਕਲਾ ਵਿਚ ਰਹਿਣ ਵਾਸਤੇ ਇਸ ਸਮੇਂ ਨੂੰ ਮਿਸਾਲ ਮੰਨਿਆ ਜਾ ਸਕਦਾ ਹੈ।

ਇਸੇ ਸਮੇਂ ਜੂਝਣ ਦੀਆਂ ਦੋ ਵਿਧੀਆਂ ਬੁੱਢਾ ਦਲ ਅਤੇ ਤਰੁਣਾ ਦਲ ਸਾਹਮਣੇ ਆ ਗਈਆਂ। ਬੁੱਢਾ ਦਲ ਦੀ ਅਗਵਾਈ ਨਵਾਬ ਸਾਹਿਬ ਕੋਲ ਸੀ ਅਤੇ ਤਰੁਣਾ ਦਲੀਏ ਪੰਜ ਹਿੱਸਿਆਂ ਵਿਚ ਵੰਡੇ ਗਏ। ਇਸ ਵੇਲੇ ਜੱਸਾ ਸਿੰਘ ਦੀ ਉਮਰ ਕੇਵਲ 12 ਸਾਲ ਸੀ ਅਤੇ ਉਹ ਨਵਾਬ ਸਾਹਿਬ ਦੇ ਸਹਾਇਕ ਦੀ ਭੂਮਿਕਾ ਨਿਭਾ ਰਹੇ ਸਨ। ਨਵਾਬੀ ਮਿਲਣ ਵੇਲੇ ਉਹ 16 ਵਰ੍ਹਿਆਂ ਦੇ ਸਨ। ਇਸ ਨਾਲ ਸ. ਕਪੂਰ ਸਿੰਘ ਨੇ ਪੰਥਕ ਅਗਵਾਈ ਅੰਮ੍ਰਿਤਸਰ ਤੋਂ ਕਰਨੀ ਸ਼ੁਰੂ ਕਰ ਦਿੱਤੀ ਸੀ। ਬਾਣੀ ਪੜ੍ਹਨ ਤੇ ਸ਼ਸਤਰ ਵਿਦਿਆ ਨੂੰ ਅਹਿਮੀਅਤ ਦੇ ਸਕਣ ਦਾ ਵੀ ਇਹੀ ਸਮਾਂ ਸੀ ਅਤੇ ਸ. ਆਹਲੂਵਾਲੀਆ ਨੇ ਇਸ ਦਾ ਖੂਬ ਲਾਹਾ ਲਿਆ।

ਸ. ਜੱਸਾ ਸਿੰਘ ਦੇ ਜੀਵਨ ਵਿਚ ਮੁਹਿੰਮ ਮੁਕਤ ਸਮਾਂ ਕਦੇ ਆਇਆ ਹੀ ਨਹੀਂ। ਉਹ 17 ਸਾਲ ਦੇ ਸਨ, ਜਦੋਂ ਪੰਥ ਨੂੰ ਨਵਾਬੀ ਨਾਲ ਮਿਲੀ ਜਗੀਰ ਤਤਕਾਲੀ ਮੁਗਲੀਆ ਹਾਕਮ ਜ਼ਕਰੀਆ ਖਾਨ ਨੇ ਜ਼ਬਤ ਕਰ ਲਈ ਸੀ ਅਤੇ ਨਾਲ ਹੀ ਅੰਮ੍ਰਿਤਸਰ ਦੇ ਦਰਸ਼ਨਾਂ 'ਤੇ ਵੀ ਪਾਬੰਦੀ ਲਾ ਦਿੱਤੀ ਸੀ। ਇਹੀ ਸਮਾਂ ਭਾਈ ਮਨੀ ਸਿੰਘ ਦੀ ਸ਼ਹੀਦੀ (1734 ਈ.) ਦਾ ਵੀ ਸੀ। ਇਹੀ ਸਮਾਂ ਭਾਰਤ 'ਤੇ ਨਾਦਰ ਸ਼ਾਹ ਦੇ ਹਮਲੇ ਦਾ ਵੀ ਸੀ ਅਤੇ ਨਾਦਰ ਸ਼ਾਹ ਦੀ ਲੁਟ ਦੀ ਲੁਟ (1739 ਈ.) ਸ. ਜੱਸਾ ਸਿੰਘ ਦੀ ਅਗਵਾਈ ਵਿਚ ਇਸੇ ਸਮੇਂ ਕੀਤੀ ਗਈ ਸੀ। ਇਸੇ ਦੇ ਸਿੱਟੇ ਵਜੋਂ ਨਾਦਰ ਸ਼ਾਹ ਨੂੰ ਟਿਪਣੀ ਕਰਨੀ ਪਈ ਸੀ ਕਿ ਇਨ੍ਹਾਂ ਤੋਂ ਡਰਨਾ ਚਾਹੀਦਾ ਹੈ। ਉਹ ਸਮਾਂ ਲਾਗੇ ਹੀ ਹੈ ਜਦ ਇਹ ਸਿਰ ਕਢਣਗੇ ਅਤੇ ਇਸ ਮੁਲਕ ਦੇ ਵਾਲੀ ਬਣ ਜਾਣਗੇ (ਅਹਿਮਦ ਸ਼ਾਹ ਬਟਾਲਵੀ)।

ਇਹ ਸਮਾਂ ਮੱਸੇ ਰੰਘੜ ਦੀ ਚੜ੍ਹਤ ਦਾ ਸੀ ਅਤੇ ਉਸ ਦਾ ਸਿਰ ਵੱਢਣ (1740 ਈ.) ਦਾ ਵੀ। ਇਹੀ ਸਮਾਂ ਬੋਤਾ ਅਤੇ ਗਰਜਾ ਸਿੰਘ ਦਾ ਸੀ। ਇਹੀ ਸਮਾਂ ਭਾਈ ਤਾਰੂ ਸਿੰਘ ਦੀ ਸ਼ਹੀਦੀ (1745 ਈ.) ਦਾ ਸੀ। ਇਥੋਂ ਹੀ ਸ਼ੁਰੂ ਹੁੰਦਾ ਹੈ ਸ. ਜੱਸਾ ਸਿੰਘ ਆਹਲੂਵਾਲੀਏ ਦਾ ਸਿਆਸੀ ਸਫਰ ਅਤੇ ਇਸੇ ਵਿਚ ਸ਼ਾਮਲ ਰਹਿੰਦੀ ਗੁਰੂ ਦੀ ਬਖਸ਼ੀ ਹੋਈ ਪੰਥਕਤਾ। ਇਸੇ ਸਮੇਂ ਦੀ ਹਕੂਮਤ ਦੇ ਸਾਰੇ ਸਿਆਸੀ ਹੱਥਕੰਡੇ ਸਿੱਖਾਂ ਦੀ ਚੜ੍ਹਤ ਨੂੰ ਨਹੀਂ ਸਨ ਰੋਕ ਸਕੇ। ਹਾਲਾਂਕਿ ਸਿੱਖਾਂ ਦੇ ਘਰ ਵੀ ਘੋੜਿਆਂ ਦੀਆਂ ਕਾਠੀਆਂ 'ਤੇ ਹੀ ਸਨ। ਵੇਖਣ ਨੂੰ ਲੱਗਦੇ ਇਸ ਸੰਕਟ ਕਾਲ ਨਾਲ ਸਿੱਖਾਂ ਦਾ ਇਹ ਯਕੀਨ ਹੋਰ ਵੀ ਪੱਕਾ ਹੋ ਗਿਆ ਸੀ ਕਿ ਉਨ੍ਹਾਂ ਨੂੰ ਪਾਤਸ਼ਾਹੀ ਗੁਰੂ ਨੇ ਬਖਸ਼ੀ ਹੋਈ ਹੈ ਅਤੇ ਇਹ ਸਾਰੇ ਸੰਕਟ ਗੁਰੂ ਦੀਆਂ ਬਖਸ਼ਿਸ਼ਾਂ ਤੱਕ ਪਹੁੰਚਣ ਦਾ ਇਮਤਿਹਾਨ ਹੀ ਹਨ।

ਇਸੇ ਤਰ੍ਹਾਂ ਦੀ ਅਸੀਸ ਨਵਾਬ ਕਪੂਰ ਸਿੰਘ ਨੇ ਸ. ਜੱਸਾ ਸਿੰਘ ਨੂੰ ਇਹ ਕਹਿ ਕੇ ਦਿੱਤੀ ਸੀ, "ਮੈਨੂੰ ਇਸ ਗਰੀਬ ਨਿਵਾਜ਼ ਪੰਥ ਨੇ ਨਵਾਬ ਬਣਾ ਦਿੱਤਾ ਹੈ, ਤੈਨੂੰ, ਕੀ ਪਤਾ, ਪਾਤਸ਼ਾਹੀ ਬਖਸ਼ ਦੇਣ।"[4] ਸ. ਜੱਸਾ ਸਿੰਘ ਦੇ ਗੁਣ, ਪੰਥਕ ਸੁਰ ਵਿਚ ਉਸ ਦੀ ਸ਼ਖਸੀਅਤ ਨੂੰ ਨਿਖਾਰਦੇ ਚਲੇ ਗਏ ਅਤੇ ਜੰਗਾਂ ਵਿਚ ਸਭ ਨਾਲੋਂ ਅੱਗੇ ਲੜਨ ਦੇ ਜਜ਼ਬੇ ਨੇ ਉਸ ਨੂੰ "ਸੁਲਤਾਨੁਲ ਕੌਮ" ਬਣਾ ਦਿਤਾ ਸੀ। ਦੋਹਾਂ ਹੀ ਘੱਲੂਘਾਰਿਆਂ ਵਿਚ ਜੱਸਾ ਸਿੰਘ ਦੀ ਅਹਿਮ ਭੂਮਿਕਾ ਰਹੀ। ਪੱਤਾ ਪੱਤਾ ਅਤੇ ਵੱਟਾ ਵੱਟਾ ਸਿੱਖਾਂ ਦਾ ਵੈਰੀ ਹੋਇਆ ਪਿਆ ਸੀ। ਪਰ ਸਿੱਖ ਚੜ੍ਹਤ ਦਾ ਵਹਾਅ ਨਿਰੰਤਰ ਵਹੀ ਜਾ ਰਿਹਾ ਸੀ।



ਜਿਵੇਂ ਜਿਵੇਂ ਸ. ਜੱਸਾ ਸਿੰਘ ਦੀ ਉਮਰ ਵੱਧ ਰਹੀ ਸੀ ਤਿਵੇਂ ਤਿਵੇਂ ਪੰਥਕ ਦੁਸ਼ਵਾਰੀਆਂ ਵੀ ਵਧਦੀਆਂ ਜਾ ਰਹੀਆਂ ਸਨ। ਨਾਦਰ ਸ਼ਾਹ ਵਾਂਗ ਅਹਿਮਦ ਸ਼ਾਹ ਨੇ ਭਾਰਤ 'ਤੇ ਹਮਲੇ 1748 ਈ. ਵਿਚ ਸ਼ੁਰੂ ਕੀਤੇ ਅਤੇ ਉਸ ਨਾਲ ਪਹਿਲਾ ਮੁਕਾਬਲਾ ਸਿੰਘਾਂ ਨੂੰ ਹੀ ਕਰਨਾ ਪੈਂਦਾ ਰਿਹਾ ਸੀ। ਜੱਸਾ ਸਿੰਘ ਉਸ ਵੇਲੇ 56 ਸਾਲ ਦਾ ਸੀ। ਕਮਾਲ ਇਹ ਸੀ ਕਿ ਨਵਾਬ ਕਪੂਰ ਸਿੰਘ ਵੀ ਨਾਲ ਹੀ ਜੂਝ ਰਹੇ ਸਨ। ਬੜੀ ਦੇਰ ਤੋਂ ਅੰਮ੍ਰਿਤਸਰ 'ਤੇ ਮੁਗਲਾਂ ਦਾ ਕਬਜ਼ਾ ਸੀ ਅਤੇ ਇਸ ਨੂੰ ਸ. ਜੱਸਾ ਸਿੰਘ ਦੀ ਅਗਵਾਈ ਵਿਚ 1747 ਈ. ਵਿਚ ਛੁਡਾ ਲਿਆ ਗਿਆ ਤੇ ਦੇਰ ਪਿਛੋਂ ਵੈਸਾਖੀ ਪੰਥਕ ਸੁਰ 'ਚ ਮਨਾਈ ਗਈ। ਇਸ ਮੌਕੇ ਫੈਸਲਾ ਲਿਆ ਗਿਆ ਕਿ ਇਥੇ ਹੀ ਕਿਲਾ ਬਣਾਇਆ ਜਾਵੇ। ਸਿੱਟੇ ਵਜੋਂ ਰਾਮ ਰਾਉਣੀ ਦਾ ਕਿਲਾ ਬਣਿਆ। ਭਾਈ ਰਤਨ ਸਿੰਘ ਭੰਗੂ ਆਪਣੀ ਪੁਸਤਕ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਦੱਸਦੇ ਹਨ ਕਿ ਇਸ ਨੂੰ ਪੰਥ ਨੇ ਆਪਣੇ ਹੱਥੀਂ ਉਸਾਰਿਆ ਸੀ:

ਹੁਤੀ ਖੂਹੀ ਤਹ ਗੁਰੂ ਲਵਾਈ।
ਤਿਹ ਥਾਂ ਲੀਨੀ ਨੀਂਹ ਧਰਾਈ।
ਆਪੇ ਰਾਜ ਆਪ ਮਜੂਰ।
ਬਡੇ ਭੁਜੰਗੀ ਦਿਲ ਕੇ ਸੂਰ।

ਕਿਲੇ ਦੀ ਉਸਾਰੀ ਪਿਛੇ ਅਕਾਲ ਤਖਤ ਸਾਹਿਬ ਦੀ ਉਸਾਰੀ ਵੇਲੇ 'ਬੁੱਢੇ ਤੇ ਗੁਰਦਾਸ ਬਨਾਇਓ' ਵਾਲੀ ਭਾਵਨਾ ਕੰਮ ਕਰ ਰਹੀ ਸੀ। ਸਿੱਖੀ 'ਤੇ ਹਮਲੇ, ਸਿੱਖ ਪਛਾਣ 'ਤੇ ਹਮਲੇ ਅਤੇ ਸਿੱਖ ਸੰਸਥਾਵਾਂ 'ਤੇ ਹਮਲੇ ਲਗਾਤਾਰ ਹੋ ਰਹੇ ਸਨ, ਤੇ ਇਸ ਹਾਲਤ ਵਿਚ ਜਦੋਂ ਕੂਟਨੀਤਕ ਚਲਾਕੀਆਂ ਰਾਹੀਂ ਸਿੱਖਾਂ ਨੂੰ ਸਿਆਸੀ ਜਾਲ ਵਿਚ ਫਸਾਉਣ ਦੀ ਕੋਸ਼ਿਸ਼ ਹੁੰਦੀ ਸੀ ਤਾਂ ਜੱਸਾ ਸਿੰਘ ਦਾ ਇਹੀ ਜਵਾਬ ਹੁੰਦਾ ਕਿ ਖਾਲਸੇ ਨੂੰ ਰਾਜ ਗੁਰੂ ਨੇ ਦੇਣਾ ਹੈ ਅਤੇ ਉਸ ਵਾਸਤੇ ਸੰਘਰਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕੇਵਲ ਦੀਵਾਨ ਕੌੜਾ ਮੱਲ 'ਤੇ ਹੀ ਭਰੋਸਾ ਕੀਤਾ ਅਤੇ ਉਸੇ ਦੇ ਯਤਨਾਂ ਸਦਕਾ ਸਮੇਂ ਦੀ ਹਕੂਮਤ ਨੂੰ ਸਿੰਘਾਂ ਨਾਲ ਰਲ ਕੇ ਤੁਰਨਾ ਪਿਆ ਸੀ।

ਡਾ. ਗੰਡਾ ਸਿੰਘ ਦੇ ਹਵਾਲੇ ਨਾਲ ਸਿੰਘਾਂ ਦੀ ਚੜ੍ਹਤ ਵੱਲ ਦੀਵਾਨ ਕੌੜਾ ਮੱਲ ਦੇ ਹਵਾਲੇ ਨਾਲ ਇਸ਼ਾਰਾ ਹੋ ਜਾਂਦਾ ਹੈ: "ਦੀਵਾਨ ਕੌੜਾ ਮੱਲ ਇਸ ਸਫਰ ਵਿਚ ਹਰ ਰੋਜ਼ ਕੜਾਹ ਪ੍ਰਸ਼ਾਦ ਦੇ ਬਾਟੇ ਲੈ ਕੇ ਖਾਲਸੇ ਦੇ ਦੀਵਾਨ ਵਿਚ ਹਾਜ਼ਰ ਹੁੰਦਾ ਅਤੇ ਗੁਰਸਿੱਖਾਂ ਵਾਂਗੂ ਰਹਿਰਾਸ ਅਤੇ ਅਰਦਾਸ ਸੁਣਦਾ। ਹੁੱਕਾ ਮੁਆਫ ਕਰਵਾਉਣ ਲਈ ਨਿਹੰਗ ਸਿੰਘਾਂ ਨੇ ਕੌੜਾ ਮੱਲ ਨੂੰ ਪੰਜ ਰੁਪਏ ਰੋਜ਼ ਤਨਖਾਹ ਲਾ ਦਿੱਤੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਕਹਿਣ ਪਰ ਦੀਵਾਨ ਨੇ ਨਨਕਾਣਾ ਸਾਹਿਬ ਦਾ ਬਾਲ ਲੀਲ੍ਹਾ ਗੁਰਦੁਆਰਾ ਬਣਾ ਦੇਣਾ ਪਰਵਾਨ ਕਰ ਲਿਆ। ਕੌੜਾ ਮੱਲ ਨਿਹੰਗ ਸਿੰਘਾਂ ਨੂੰ ਹਰ ਰੋਜ਼ ਮਿਠੀਆਂ ਸ਼ਰਦਾਈਆਂ ਦੇ ਖੂਬ ਗਹਿਰੇ ਗੱਫੇ ਛਕਾਉਂਦਾ ਅਤੇ ਸਿੰਘ ਜੀ ਪ੍ਰਸੰਨ ਹੋ ਕੇ ਉਸ ਨੂੰ 'ਮਿੱਠਾ ਮੱਲ' ਦੇ ਨਾਮ ਨਾਲ ਬੁਲਾਉਂਦੇ।"[5]

ਇਨ੍ਹਾਂ ਉਤਰਾਵਾਂ ਚੜ੍ਹਾਵਾਂ ਵਿਚ ਸਿਰਲੱਥ ਪੰਥਕ ਸੂਰਮਿਆਂ ਦੀ ਪੰਥਕ ਫਸਲ ਵਿਚੋਂ 1753 ਈ. ਵਿਚ ਨਵਾਬ ਕਪੂਰ ਸਿੰਘ ਅਕਾਲ ਚਲਾਣਾ ਕਰ ਗਏ। ਸ. ਜੱਸਾ ਸਿੰਘ, ਨਵਾਬ ਕਪੂਰ ਸਿੰਘ ਦੇ ਹਰ ਤਰ੍ਹਾਂ ਵਾਰਸ ਵਜੋਂ ਜਾਣੇ ਜਾਂਦੇ ਸਨ। ਪੰਥ ਨੇ ਇਸੇ ਨੂੰ ਮਾਨਤਾ ਦਿੰਦਿਆਂ 1754 ਈ. ਵਿਚ ਅਕਾਲ ਤਖਤ ਸਾਹਿਬ 'ਤੇ ਹੋਏ ਪੰਥਕ ਇਕੱਠ ਵਿਚ ਗੁਰਮਤਾ ਕਰਕੇ ਖਾਲਸੇ ਦਾ ਰਾਜਸੀ ਤੇ ਧਾਰਮਿਕ ਆਗੂ ਸ. ਜੱਸਾ ਸਿੰਘ ਨੂੰ ਥਾਪਿਆ ਅਤੇ ਨਾਲ ਹੀ ਸਰਕਾਰ ਦੀ ਥਾਂ ਪੰਥ ਵਲੋਂ 'ਨਵਾਬ' ਦਾ ਖਿਤਾਬ ਬਖਸ਼ਿਸ਼ ਕੀਤਾ।[6]

ਇਹ ਠੀਕ ਹੈ ਕਿ ਸੰਘਰਸ਼ ਕਰਦੇ ਸਿੰਘਾਂ ਨੇ ਵੱਖ ਵੱਖ ਇਲਾਕਿਆਂ 'ਤੇ ਕਬਜੇ ਬਾਬਾ ਬੰਦਾ

(ਬਾਕੀ ਅਗਲੇ ਸਫੇ 'ਤੇ)

ਸਿੰਘ ਦੇ ਸਮੇਂ ਤੋਂ ਹੀ ਕਰਨੇ ਸ਼ੁਰੂ ਕਰ ਲਏ ਸਨ, ਪਰ ਇਨ੍ਹਾਂ ਕਬਜਿਆਂ ਨੂੰ ਪ੍ਰਬੰਧਕੀ ਵਿਧੀ ਵਿਚ ਢਾਲਣ ਦਾ ਕੰਮ ਸ. ਜੱਸਾ ਸਿੰਘ ਨੇ ਹੀ ਕੀਤਾ ਸੀ। ਖਾਲਸੇ ਦੀਆਂ ਮਿਸਲਾਂ ਅਤੇ ਮਿਸਲਾਂ ਦਾ ਰਾਖੀ ਪ੍ਰਬੰਧ ਵੀ ਉਨ੍ਹਾਂ ਦੀ ਹੀ ਦੇਣ ਸੀ। ਮਿਸਲਦਾਰਾਂ ਵਿਚੋਂ ਉਹ ਸਭ ਨਾਲੋਂ ਵੱਧ ਪੜ੍ਹੇ ਲਿਖੇ ਸਨ ਅਤੇ ਇਸ ਗੁਣ ਨੂੰ ਉਨ੍ਹਾਂ ਨੇ ਮਿਸਲਦਾਰੀ ਪ੍ਰਬੰਧ ਨੂੰ ਪੱਕੇ ਪੈਰੀਂ ਕਰਨ ਵਾਸਤੇ ਖੂਬ ਵਰਤਿਆ। ਇਹ ਪ੍ਰਬੰਧ ਸਥਾਪਤ ਕਰਨ ਤੋਂ ਪਹਿਲਾਂ ਸਰਦਾਰੀਆਂ ਦੇ ਦਾਅਵੇਦਾਰ ਸਿੱਖਾਂ ਦੀ ਗਿਣਤੀ ਪੰਜ ਦਰਜਨ ਤੋਂ ਵੀ ਵੱਧ ਗਈ ਸੀ ਅਤੇ ਇਸ ਨਾਲ ਬੇਲੋੜੀ ਸ਼ਰੀਕੇਬਾਜੀ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ। ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਇਨ੍ਹਾਂ ਸਰਦਾਰੀਆਂ ਨੂੰ ਜਗੀਰਦਾਰੀਆਂ ਵਿਚ ਢਾਲ ਕੇ ਗਿਣਤੀ ਬਾਰਾਂ ਪ੍ਰਵਾਨ ਕਰ ਲਈ ਗਈ। ਸ. ਜੱਸਾ ਸਿੰਘ ਇਨ੍ਹਾਂ ਵਿਚੋਂ ਮਿਸਲ ਆਹਲੂਵਾਲੀਆ ਦੇ ਮੋਢੀ ਹੋ ਗਏ ਅਤੇ ਇਸ ਜਗੀਰਦਾਰੀ ਵਿਚ ਜਲੰਧਰੋਂ ਉਤਰ ਲਹਿੰਦੇ, ਲਹਿੰਦੇ ਅਤੇ ਦੱਖਣ ਲਹਿੰਦੇ ਵੱਲ ਬਿਆਸਾ ਦੇ ਚੜ੍ਹਦੇ ਚੜ੍ਹਦੇ ਸਤਲੁਜ ਦੇ ਸੰਗਮ ਤੱਕ ਦਾ ਇਲਾਕਾ ਸ਼ਾਮਲ ਸੀ। ਕੁਝ ਪਿੰਡ ਪਾਰ ਦੱਖਣ ਵਿਚ ਭੀ ਸਨ ਅਤੇ ਕੁਝ ਹੁਸ਼ਿਆਰਪੁਰ ਦੇ ਜ਼ਿਲੇ ਵਿਚ ਹਰਿਆਣੇ ਦੇ ਉਤਰ ਲਹਿੰਦੇ ਨੂੰ ਭੂੰਗੇ ਦੇ ਆਲੇ ਦੁਆਲੇ। ਕੁਝ ਪਿੰਡ ਅੰਮ੍ਰਿਤਸਰ ਵਿਚ ਤਰਨਤਾਰਨ ਦੇ ਲਾਗੇ ਵੀ ਸਨ।[7]

ਮਿਸਲਦਾਰੀਆਂ ਦੀਆਂ ਫਰਦਾਂ ਬਣਾਉਣ ਦਾ ਕੰਮ ਸ. ਜੱਸਾ ਸਿੰਘ ਨੇ ਹੀ ਸ਼ੁਰੂ ਕੀਤਾ ਸੀ ਅਤੇ ਇਸ ਨਾਲ ਕੋਈ ਵੀ ਮਿਸਲਦਾਰ ਇਕ ਦੂਜੇ ਵਿਚ ਬੇਲੋੜੀ ਦਖਲਅੰਦਾਜ਼ੀ ਦੀ ਸੰਭਾਵਨਾ ਤੋਂ ਬਚਿਆ ਰਹਿੰਦਾ। ਰਾਖੀ ਪ੍ਰਬੰਧ ਵਾਸਤੇ ਵੀ ਇਸੇ ਨੂੰ ਵਰਤਿਆ ਜਾਂਦਾ ਸੀ ਅਤੇ ਹਰ ਸਾਲ ਅਕਾਲ ਤਖਤ ਸਾਹਿਬ 'ਤੇ ਇਕੱਠੇ ਹੋ ਕੇ ਜਗੀਰਦਾਰੀਆਂ ਨਾਲ ਸਬੰਧਤ ਦੁਸ਼ਵਾਰੀਆਂ ਨੂੰ ਸੁਲਝਾ ਲਿਆ ਜਾਂਦਾ। ਇਸ ਨਾਲ ਲੋਕਤੰਤਰ ਦਾ ਸਿੱਖ ਰੰਗ ਸਾਹਮਣੇ ਆਉਣ ਲੱਗਾ ਅਤੇ ਸਿੱਖ ਜਗੀਰਦਾਰੀਆਂ ਨੂੰ ਮਿਸਲ-ਜਥੇਦਾਰਾਂ ਵਜੋਂ ਲੋਕਾਂ ਦੇ ਹਿਤ ਵਾਂਗ ਮਾਨਤਾ ਮਿਲਣ ਲੱਗੀ। ਵਡੀਆਂ ਮੁਹਿੰਮਾਂ ਨੂੰ ਪੰਥਕ ਮੁਹਿੰਮ ਸਮਝ ਕੇ ਸਾਰੇ ਮਿਸਲਦਾਰ ਇਕਠੇ ਹੋ ਜਾਂਦੇ। ਆਮ ਆਦਮੀ ਨੂੰ ਇਨ੍ਹਾਂ ਮਿਸਲਦਾਰੀਆਂ ਨੇ ਕੀ ਦਿੱਤਾ, ਇਸ ਦਾ ਅੰਦਾਜ਼ਾ ਇਥੋਂ ਲਾਇਆ ਜਾ ਸਕਦਾ ਹੈ ਕਿ ਇਸ ਨਾਲ 'ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ' ਵਾਲਾ ਮੁਹਾਵਰਾ ਬਦਲ ਕੇ ਇਸ ਖਿੱਤੇ ਨੂੰ 'ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ' ਵਾਲੇ ਰਾਹ ਪਾ ਦਿੱਤਾ ਗਿਆ ਸੀ। ਇਸ ਵਿਚ ਸ. ਆਹਲੂਵਾਲੀਏ ਦੀ ਭੂਮਿਕਾ ਬਹੁਤ ਅਹਿਮ ਸੀ।

ਇਸਲਾਮੀ ਦਹਿਸ਼ਤ ਨੂੰ ਆਮ ਪੰਜਾਬੀਆਂ ਦੇ ਅੰਦਰੋਂ ਕੱਢਣ ਲਈ ਸਿੱਖ ਸੰਘਰਸ਼ ਨੇ ਵਡੀ ਭੂਮਿਕਾ ਨਿਭਾਈ। ਅਜਿਹੇ ਹਾਲਾਤ ਵਿਚ ਵਧੀਕੀਆਂ ਦੀ ਸੰਭਾਵਨਾ ਬਣੀ ਰਹਿੰਦੀ ਹੈ ਪਰ ਸ. ਜੱਸਾ ਸਿੰਘ ਦੀ ਅਗਵਾਈ ਵਿਚ ਜੰਗੀ ਨੈਤਿਕਤਾ ਨੂੰ ਸਿੱਖ ਰੰਗ ਵਿਚ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ। ਬਹਾਦਰੀ ਦੀ ਕਦਰ ਕੀਤੀ ਜਾਂਦੀ ਸੀ ਅਤੇ ਜੰਗ ਦੇ ਮੈਦਾਨ ਵਿਚ ਸੂਰਮਿਆਂ ਵਾਂਗ ਮਰਨ ਵਾਲੇ ਦੁਸ਼ਮਣਾਂ ਦੀ ਵੀ ਕਦਰ ਕੀਤੀ ਜਾਂਦੀ ਸੀ। ਸਿੱਖ ਸੰਘਰਸ਼ ਨਾਲ ਇਹ ਪ੍ਰਭਾਵ ਆਮ ਬੰਦੇ ਤੱਕ ਪਹੁੰਚ ਗਿਆ ਕਿ ਸਿੱਖਾਂ ਦੇ ਹੁੰਦਿਆਂ ਸਰਕਾਰੀ ਤਸ਼ੱਦਦ ਨਾਲ ਪੰਜਾਬੀਆਂ ਦੀ ਮਾਨਸਿਕਤਾ ਨੂੰ ਨਹੀਂ ਤੋੜਿਆ ਜਾ ਸਕਦਾ।

ਸ. ਜੱਸਾ ਸਿੰਘ ਦੀ ਅਗਵਾਈ ਵਿਚ ਖਾਲਸੇ ਨੇ ਹਮਲਾ ਕਰਕੇ ਲਾਹੌਰ ਦੀਆਂ ਬਾਹਰਲੀਆਂ ਬਸਤੀਆਂ 'ਤੇ ਕਬਜਾ ਕਰ ਲਿਆ ਅਤੇ ਲਾਹੌਰ ਦੇ ਹਾਕਮ ਮੀਰ ਮੁਹੰਮਦ ਖਾਨ ਤੋਂ 1760 ਈ. ਵਿਚ ਤੀਹ ਹਜ਼ਾਰ ਨਜ਼ਰਾਨਾ ਵਸੂਲ ਕੀਤਾ। ਇਸ ਰਕਮ ਨੂੰ 'ਕੜਾਹ ਪ੍ਰਸ਼ਾਦ' ਵਾਸਤੇ ਭੇਟਾ ਦਾ ਨਾਮ ਦਿੱਤਾ ਗਿਆ। ਇਹ ਕਦਮ ਨਿਰਸੰਦੇਹ ਸਿੱਖ ਰਾਜ ਵੱਲ ਜਾਂਦੇ ਕਦਮਾਂ ਵਿਚੋਂ ਇਕ ਗਿਣਿਆ ਜਾ ਸਕਦਾ ਹੈ। ਇਹੀ ਸਮਾਂ ਸੀ ਜਦੋਂ ਅਬਦਾਲੀ ਦੀ ਕੈਦ ਵਿਚੋਂ ਕੈਦੀਆਂ ਨੂੰ ਛੁਡਾਇਆ ਗਿਆ ਅਤੇ ਇਨ੍ਹਾਂ ਵਿਚ ਬਾਈ ਸੌ ਹਿੰਦੂ ਔਰਤਾਂ ਸ਼ਾਮਲ ਸਨ। ਇਹ ਦੇਵਨੇਤ ਹੀ ਸਮਝੋ ਕਿ ਇਨ੍ਹਾਂ ਹਿੰਦੂ ਔਰਤਾਂ ਦੇ ਵਾਰਸਾਂ ਨੂੰ ਜਦੋਂ ਕਿਸੇ ਪਾਸਿਉਂ ਮਦਦ ਨਾਂ ਮਿਲੀ ਤਾਂ ਉਹ ਕਸ਼ਮੀਰੀ ਪੰਡਿਤਾਂ ਵਾਂਗ ਪੰਥਕ ਪੁਰਖਿਆਂ ਕੋਲ ਅੰਮ੍ਰਿਤਸਰ ਪਹੁੰਚ ਗਏ। ਖਾਲਸੇ ਨੇ ਗੁਰੂ ਦਾ ਜਿਉਂਦਾ ਜਾਗਦਾ ਰੂਪ ਹੋਣ ਦਾ ਸਬੂਤ ਦਿੰਦਿਆਂ ਸ. ਜੱਸਾ ਸਿੰਘ ਦੀ ਅਗਵਾਈ ਵਿਚ ਬੰਧਕ ਔਰਤਾਂ ਨੂੰ ਛੁਡਾ ਕੇ ਘਰੋ ਘਰ ਪਹੁੰਚਾਇਆ ਸੀ। ਇਸ ਨਾਲ ਭਾਰਤੀ ਮਾਨਸਿਕਤਾ ਵਿਚ ਸ. ਜੱਸਾ ਸਿੰਘ ਦੀ ਨਿਸ਼ਕਾਮ ਬਹਾਦਰੀ ਦੇ ਚਰਚੇ 'ਬੰਦੀ ਛੋੜ' ਪੰਥਕ ਆਗੂ ਵਜੋਂ ਹੋਣ ਲੱਗ ਪਏ। (ਵਿਸਥਾਰ ਲਈ ਕਨ੍ਹਈਆਂ ਲਾਲ ਕਪੂਰ ਦੀ ਪੁਸਤਕ 'ਤਾਰੀਖਿ ਪੰਜਾਬ' ਅਤੇ ਗਿਆਨੀ ਗਿਆਨ ਸਿੰਘ ਦੀ ਪੁਸਤਕ 'ਸ਼ਮਸ਼ੇਰ ਖਾਲਸਾ' ਵੇਖੀ ਜਾ ਸਕਦੀ ਹੈ)।

ਇਹੋ ਸਮਾਂ ਸੀ ਜਦੋਂ ਪੰਥ ਨੇ ਸ. ਆਹਲੂਵਾਲੀਆ ਨੂੰ 'ਸੁਲਤਾਨੁਲ ਕੌਮ' ਦੀ ਪਦਵੀ ਨਾਲ ਨਿਵਾਜਿਆ ਅਤੇ ਬਾਬਾ ਬੰਦਾ ਸਿੰਘ ਵਲੋਂ ਜਾਰੀ ਕੀਤਾ ਸਿੱਕਾ (ਦੇਗ ਓ ਤੇਗ ਓ ਫਤਹਿ ਓ ਨੁਸਰਤ ਬੇਦਰੰਗ। ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ) ਫਿਰ ਤੋਂ ਜਾਰੀ ਕੀਤਾ ਗਿਆ। ਕੁਝ ਹਵਾਲੇ ਅਜਿਹੇ ਵੀ ਮਿਲਦੇ ਹਨ, ਜਿਨ੍ਹਾਂ ਮੁਤਾਬਕ ਅਬਦਾਲੀ ਤੋਂ ਜੱਸਾ ਸਿੰਘ ਵਲੋਂ ਰਾਜ ਖੋਹ ਲੈਣ ਦੀ ਗੱਲ ਜਾਰੀ ਕੀਤੇ ਗਏ ਸਿੱਕੇ ਵਿਚ ਸ਼ਾਮਲ ਸੀ (ਸਿੱਕਾ ਜ਼ਦ ਦਰ ਜਹਾਂ ਬਾ ਫਜ਼ਲਿ ਅਕਾਲ। ਮੁਲਕਿ ਅਹਿਮਦ ਗ੍ਰਿਫਤ ਜੱਸਾ ਕਲਾਲ)।[8]

ਇਹੀ ਸਮਾਂ ਸੀ ਜਦੋਂ ਮੁਗਲ ਹਾਕਮ ਕਿਲਿਆਂ ਤੱਕ ਸੀਮਿਤ ਸ਼ਾਹੀ ਜ਼ਿੰਦਗੀ ਜਿਉਣ ਲਈ ਮਜਬੂਰ ਹੋ ਗਏ ਅਤੇ ਲੋਕਾਂ 'ਤੇ ਰਾਜ ਖਾਲਸੇ ਦਾ ਹੋ ਜਾਣ ਦੇ ਸੰਕੇਤ ਸਾਹਮਣੇ ਆਉਣ ਲੱਗ ਪਏ। ਇਥੋਂ ਤੱਕ ਪਹੁੰਚਣ ਦਾ ਰਸਤਾ ਕਿੰਨਾ ਬਿਖਮ ਸੀ, ਇਸ ਦਾ ਅੰਦਾਜ਼ਾ ਵੱਡੇ ਘੱਲੂਘਾਰੇ ਅਤੇ ਛੋਟੇ ਘੱਲੂਘਾਰੇ ਤੋਂ ਲਾਇਆ ਜਾ ਸਕਦਾ ਹੈ। ਰਤਨ ਸਿੰਘ ਭੰਗੂ ਦੀ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚੋਂ ਇਸ ਟੂਕ ਨਾਲ ਇਸ ਪਾਸੇ ਇਸ਼ਾਰਾ ਵੀ ਹੋ ਜਾਂਦਾ ਹੈ ਅਤੇ ਪੁਸ਼ਟੀ ਵੀ ਹੋ ਜਾਂਦੀ ਹੈ:

ਜੱਸਾ ਸਿੰਘ ਖਾਏ ਬਾਈ ਘਾਇ।
ਤੋ ਭੀ ਸਿੰਘ ਜੀ ਲੜਤੇ ਜਾਇ।

ਪੰਥਕ ਧਿਰਾਂ ਵਿਚ ਇਹ ਵਿਸ਼ਵਾਸ ਪੱਕਾ ਹੋ ਗਿਆ ਸੀ ਕਿ ਗੁਰੂ ਵੱਲੋਂ ਪੰਥ ਨੂੰ ਬਖਸ਼ੀ ਹਰ ਮੈਦਾਨ ਫਤਿਹ ਨੂੰ ਕੋਈ ਨਹੀਂ ਰੋਕ ਸਕਦਾ। ਇਸੇ ਜਜ਼ਬੇ ਤਹਿਤ ਅਬਦਾਲੀ ਦੀ ਲਾਹੌਰ ਵਿਖੇ ਹਾਜ਼ਰੀ ਵਿਚ ਹੀ ਜੱਸਾ ਸਿੰਘ ਦੀ ਅਗਵਾਈ ਵਿਚ ਸਰਹਿੰਦ ਜਿੱਤ (1764) ਲਈ ਗਈ ਸੀ। ਘੱਲੂਘਾਰਿਆਂ ਦਾ ਬਦਲਾ ਉਸੇ ਤਰ੍ਹਾਂ ਸਰਹਿੰਦ ਫਤਿਹ ਕਰਕੇ ਲਿਆ ਗਿਆ ਸੀ ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਸਰਹਿੰਦ ਫਤਿਹ ਕਰਕੇ ਲਿਆ ਸੀ। ਸਰਹਿੰਦ ਦੀ ਜਿੱਤ ਨਾਲ ਹੱਥ ਆਈ ਆਰਥਿਕ ਹਿੱਸੇਦਾਰੀ ਵਜੋਂ ਸ. ਜੱਸਾ ਸਿੰਘ ਨੇ ਨੌਂ ਲੱਖ ਰੁਪਏ ਸਭ ਮਿਸਲਦਾਰਾਂ ਦੀ ਹਾਜ਼ਰੀ ਵਿਚ ਹਰਿਮੰਦਰ ਸਾਹਿਬ ਦੀ ਮੁੜ ਉਸਾਰੀ ਵਾਸਤੇ ਦਿੱਤੇ ਸਨ ਅਤੇ ਹੋਰ ਮਾਇਆ ਵਾਸਤੇ ਗੁਰੂ ਦੇ ਨਾਮ 'ਤੇ ਚਾਦਰ ਵਿਛਾ ਦਿੱਤੀ ਸੀ। ਇਸ ਨਾਲ ਦੋ ਗੱਲਾਂ ਸਾਹਮਣੇ ਆਈਆਂ। ਪਹਿਲੀ, ਪੰਥਕਤਾ ਵਿਚ ਹਰਿਮੰਦਰ ਸਾਹਿਬ, ਗੁਰਦੁਆਰਾ ਸੰਸਥਾ ਦਾ ਰੋਲ ਮਾਡਲ ਹੈ ਅਤੇ ਸਿੱਖ ਵਿਸ਼ਵਾਸ ਦਾ ਪ੍ਰਾਣ ਕੇਂਦਰ ਹੈ। ਦੂਜੀ, ਗੁਰਦੁਆਰਾ ਸੰਸਥਾ ਨੂੰ ਰਾਜਸੀ ਪ੍ਰਾਪਤੀਆਂ ਨਾਲੋਂ ਵੀ ਪੰਥਕਤਾ ਵਿਚ ਸਦਾ ਪਹਿਲ ਪ੍ਰਾਪਤ ਰਹੀ ਹੈ। ਇਸ ਦੀ ਦੂਜੀ ਮਿਸਾਲ ਵੀ ਸ. ਆਹਲੂਵਾਲੀਆ ਦੀ ਅਗਵਾਈ ਵਿਚ ਹੀ ਮਿਲਦੀ ਹੈ, ਜਦੋਂ ਦਿੱਲੀ ਦੇ ਰਾਜ ਨਾਲੋਂ ਪਹਿਲ ਦਿੱਲੀ ਦੇ ਗੁਰਦੁਆਰਿਆਂ ਨੂੰ ਦਿੱਤੀ ਗਈ ਸੀ। ਦਰਬਾਰ ਸਾਹਿਬ ਨੂੰ ਮੁੜ ਉਸਾਰਨ ਦੀ ਸੇਵਾ ਦੀ ਜਿੰਮੇਵਾਰੀ ਭਾਈ ਦੇਸ ਰਾਜ ਬਿਧੀਚੰਦੀਏ ਨੂੰ ਸੌਂਪੀ ਗਈ। ਇਸ ਨਾਲ ਇਸ ਸੱਚਾਈ ਵੱਲ ਸੰਕੇਤ ਹੋ ਜਾਂਦਾ ਹੈ ਕਿ ਸ. ਜੱਸਾ ਸਿੰਘ ਦੀ ਅਗਵਾਈ ਵਿਚ ਸਿੱਖ ਪੱਕੇ ਤਾਂ ਸਨ, ਪਰ ਕੱਟੜ ਨਹੀਂ। ਇਸੇ ਕਰਕੇ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਪੰਜਾਬ ਸਾਰੇ ਦਾ ਸਾਰਾ ਗੁਰੂ ਦੇ ਨਾਮ 'ਤੇ ਜਿਉਂਦਾ ਰਿਹਾ ਹੈ। ਮਾੜੇ ਹਾਲਾਤ ਵਿਚ ਵੀ ਸਿੱਖ, ਦੁਸ਼ਮਣਾਂ ਨਾਲ ਵੀ ਰਲ ਬੈਠਣ ਦਾ ਰਾਹ ਨਹੀਂ ਸਨ ਰੋਕਦੇ, ਪਰ ਸਮਝੌਤਿਆਂ ਵੇਲੇ ਪੰਥਕ ਨੈਤਿਕਤਾ ਨੂੰ ਅੱਖੋਂ ਓਹਲੇ ਨਹੀਂ ਸੀ ਹੋਣ ਦਿੰਦੇ।

ਕਾਜ਼ੀ ਨੂਰ ਮੁਹੰਮਦ ਦੇ ਕਿੱਸੇ ਵਿਚਲੀਆਂ ਗਾਲ੍ਹਨੁਮਾ ਟਿਪਣੀਆਂ ਸ. ਜੱਸਾ ਸਿੰਘ ਵਰਗੇ ਗੁਰਸਿੱਖਾਂ ਦੇ ਹਵਾਲੇ ਨਾਲ ਹੀ ਸਮਝੀਆਂ ਜਾ ਸਕਦੀਆਂ ਹਨ। ਕਾਜ਼ੀ ਨੂਰ ਮੁਹੰਮਦ ਤਾਂ ਇਹ ਵੀ ਕਹਿੰਦਾ ਹੈ ਕਿ ਸਿੱਖਾਂ ਦੀ ਫੌਜ ਨੂੰ ਜੇ ਭਾਜੜ ਵੀ ਪੈ ਜਾਵੇ ਤਾਂ ਇਸ ਨੂੰ ਭਾਜੜ ਨਾ ਸਮਝੋ ਕਿਉਂਕਿ ਇਹ ਇਨ੍ਹਾਂ ਦੀ ਲੜਾਈ ਦਾ ਇਕ ਦਾਉ ਹੈ। ਇਨ੍ਹਾਂ ਤੋਂ ਬਚੋ, ਡਰੋ ਅਤੇ ਦੋਬਾਰਾ ਡਰੋ। ਉਸ ਦੀਆਂ ਇਹੋ ਜਿਹੀਆਂ ਟਿਪਣੀਆਂ ਤੋਂ ਇਹੀ ਲਗਦਾ ਹੈ ਕਿ ਸਿੱਖਾਂ ਨੇ ਆਪਣੀ ਜੰਗੀ ਕੁਸ਼ਲਤਾ ਦਾ ਸਿੱਕਾ ਵਿਰੋਧੀਆਂ 'ਤੇ ਵੀ ਜਮਾ ਲਿਆ ਸੀ। ਲੋਕਾਂ ਵਿਚ ਇਹ ਪ੍ਰਭਾਵ ਆਮ ਸੀ ਕਿ ਸਿੱਖ ਹਾਕਮ ਆਮ ਲੋਕਾਂ ਦਾ ਭਲਾ ਚਾਹੁਣ ਵਾਲੇ ਨੇਕ ਬੰਦੇ ਹਨ। ਜਿੱਤ ਕੇ ਵੀ ਇਹ ਹਿੰਦੂ-ਮੁਸਲਮਾਨ ਵਿਚ ਵਿਤਕਰਾ ਨਹੀਂ ਕਰਦੇ।

ਆਖਰੀ ਹਮਲੇ (1766-67) ਵੇਲੇ ਅਬਦਾਲੀ ਚਾਹੁੰਦਾ ਸੀ ਕਿ ਸਿੱਖ ਸੰਘਰਸ਼ ਦੇ ਮੁਖੀਏ ਉਸ ਦੀ ਖਿਦਮਤ ਵਿਚ ਆ ਜਾਣ। ਪਰ ਸ. ਜੱਸਾ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਅਬਦਾਲੀ ਨਾਲ ਗੱਲ ਕਰਨ ਤੋਂ ਇਸ ਕਰਕੇ ਨਾਂਹ ਕਰ ਦਿੱਤੀ ਕਿ ਦੇਣ ਵਾਲਾ ਗੁਰੂ ਹੈ, ਫਿਰ ਕਿਸੇ ਬੰਦੇ ਦੀ ਈਨ ਕਿਉਂ ਮੰਨੀ ਜਾਵੇ? ਅਬਦਾਲੀ ਨੂੰ ਸਿੱਖਾਂ ਦੀ ਦ੍ਰਿੜ੍ਹਤਾ ਸਾਹਮਣੇ ਨਿਰਾਸ਼ ਹੋ ਕੇ ਵਾਪਸ ਆਪਣੇ ਵਤਨ ਮੁੜਨਾ ਪਿਆ ਸੀ ਅਤੇ ਸਿੱਖਾਂ ਦੀਆਂ ਪੰਜਾਬ ਵਿਚ ਮਿਸਲਦਾਰੀਆਂ ਪੱਕੇ ਪੈਰੀਂ ਸਥਾਪਤ ਹੋ ਗਈਆਂ ਸਨ। ਮੁਗਲ ਜਿਵੇਂ ਜਿਵੇਂ ਕਮਜ਼ੋਰ ਹੁੰਦੇ ਗਏ, ਸ. ਜੱਸਾ ਸਿੰਘ ਦੀ ਅਗਵਾਈ ਵਿਚ ਪੰਥ ਤਿਵੇਂ ਤਿਵੇਂ ਮਜਬੂਤ ਹੁੰਦਾ ਗਿਆ। ਦਿੱਲੀ ਦੇ ਤਤਕਾਲੀ ਬਾਦਸ਼ਾਹ ਸ਼ਾਹ ਆਲਮ ਨੂੰ ਪਤਾ ਲੱਗ ਗਿਆ ਸੀ ਕਿ ਸਿੱਖਾਂ ਦੇ ਸਹਿਯੋਗ ਬਿਨਾ ਦਿੱਲੀ ਦੇ ਤਖਤ ਨੂੰ ਸੁਰਖਿਅਤ ਨਹੀਂ ਰੱਖਿਆ ਜਾ ਸਕਦਾ। ਇਸੇ ਵਾਸਤੇ ਉਸ ਨੇ ਸ. ਜੱਸਾ ਸਿੰਘ ਦੀ ਅਗਵਾਈ ਵਿਚ ਵਿਚਰਦੇ ਸ. ਬਘੇਲ ਸਿੰਘ ਤੋਂ ਰਾਖੀਨੁਮਾ ਸਹਿਯੋਗ ਮੰਗ ਲਿਆ ਸੀ। ਅਜਿਹੇ ਹਾਲਾਤ ਵਿਚ ਹੀ ਤਤਕਾਲੀ ਹਾਕਮ ਜ਼ਾਬਿਤਾ ਖਾਨ ਸਿੱਖਾਂ ਨਾਲ ਦੁਸ਼ਮਣੀ ਛੱਡ ਕੇ ਸਿੰਘ ਸਜ ਗਿਆ ਸੀ। ਸ. ਜੱਸਾ ਸਿੰਘ ਹੀ ਸਨ ਜਿਨ੍ਹਾਂ ਦੀ ਪੰਥਕ ਸਾਖ ਕਰਕੇ ਸਿੰਘਾਂ ਵਿਚ ਵਿਰੋਧੀਆਂ ਵਲੋਂ ਸੇਹ ਦਾ ਤੱਕਲਾਂ ਗੱਡਣ ਦੀਆਂ ਸਾਰੀਆਂ ਸਾਜਿਸ਼ਾਂ ਫੇਲ੍ਹ ਹੁੰਦੀਆਂ ਗਈਆਂ। ਜਨਤਾ ਵਿਚ ਸਿੱਖਾਂ ਦੀ ਮਕਬੂਲੀਅਤ ਦਾ ਇਕ ਕਾਰਨ ਇਹ ਵੀ ਸੀ ਕਿ ਉਹ ਆਰਥਿਕ ਸਾਧਨ ਜੁਟਾਉਣ ਲਈ ਲੋਕਾਂ ਨੂੰ ਨਹੀਂ, ਸਰਕਾਰ ਨੂੰ ਲੁੱਟਦੇ ਸਨ। ਇਸ ਪਾਸੇ ਵਧਣ ਵਾਸਤੇ ਲੋੜੀਂਦੀ ਤਾਕਤ ਦੀ ਧੁਰੋਹਰ ਬੇਸ਼ਕ ਸ. ਆਹਲੂਵਾਲੀਆ ਹੀ ਸਨ, ਪਰ ਦਿੱਲੀ ਵੱਲ ਵਧਣ ਦੀ ਅਗਵਾਈ ਸ. ਬਘੇਲ ਸਿੰਘ ਕਰ ਰਹੇ ਸਨ। ਯੁੱਧ ਨੀਤੀ ਨੂੰ ਆਮ ਤੌਰ 'ਤੇ ਸ. ਜੱਸਾ ਸਿੰਘ ਹੀ ਘੜਦੇ ਅਤੇ ਇਸ ਨੂੰ ਲਾਗੂ ਕਰਨ ਦਾ ਮੌਕਾ ਜਿਸ ਮਿਸਲਦਾਰ ਨੂੰ ਵੀ ਮਿਲਦਾ, ਉਹੀ ਕਰ ਲੈਂਦਾ।

ਮੁਗਲਾਂ ਦਾ ਹੁਕਮਰਾਨੀ ਭਰਮ ਦਿਨੋ ਦਿਨ ਕਮਜ਼ੋਰ ਹੁੰਦਾ ਗਿਆ ਅਤੇ ਸਿੱਖਾਂ ਦਾ ਪਾਤਸ਼ਾਹੀ ਵਿਸ਼ਵਾਸ ਖਾਲਸਾ ਭਾਈਚਾਰੇ ਨੂੰ ਦਿਨੋ ਦਿਨ ਮਜਬੂਤ ਕਰਦਾ ਗਿਆ। ਗੁਰੂ ਦੇ ਨਾਮ 'ਤੇ ਸ਼ਹੀਦ ਹੋਣ ਦੇ ਸਿੱਖ ਜਜ਼ਬੇ ਦਾ ਸਿੱਕਾ ਸਿੱਖਾਂ ਨੇ ਦੁਸ਼ਮਣਾਂ ਤੋਂ ਵੀ ਮੰਨਵਾ ਲਿਆ ਸੀ। ਲੜਾਈ ਦੇ ਗੁਰੀਲੇ ਪੈਂਤੜੇ ਵਿਉਂਤਣ ਅਤੇ ਅਮਲ ਵਿਚ ਲਿਆਉਣ ਪੱਖੋਂ ਸਿੱਖ ਸਭ ਨੂੰ ਪਿੱਛੇ ਛੱਡ ਗਏ ਸਨ। ਸਿੱਖਾਂ ਦੇ ਕੂਟਨੀਤਕ ਪ੍ਰਗਟਾਵੇ ਲਗਾਤਾਰ ਸਾਹਮਣੇ ਆ ਰਹੇ ਸਨ ਅਤੇ ਬਿਨਾ ਲੜਿਆਂ ਜੰਗ ਜਿੱਤਣ ਦੇ ਮੌਕੇ ਪੈਦਾ ਹੋ ਰਹੇ ਸਨ।

ਸ. ਜੱਸਾ ਸਿੰਘ ਸਿੱਖ ਭਾਈਚਾਰੇ ਵਿਚ ਸੰਤੋਖੀ ਸਿੱਖ ਦੇ ਪੰਥਕ ਬਿੰਬ ਵਜੋਂ ਸਥਾਪਤ ਹੋ ਚੁਕੇ ਸਨ ਅਤੇ ਵਿਰੋਧੀਆਂ ਵਿਚ ਅਜਿੱਤ ਸੂਰਮੇ ਵਜੋਂ। ਉਨ੍ਹਾਂ ਦੇ ਆਖਰੀ ਸਾਲਾਂ ਵਿਚ ਸਿੱਖ, ਹਾਕਮਾਂ ਵਾਂਗ ਦਿੱਲੀ ਵਿਚ ਪਰਵੇਸ਼ ਕਰ ਚੁਕੇ ਸਨ ਅਤੇ ਦਿੱਲੀ ਦਾ ਮਾਲੀਆ ਉਗਰਾਹੁਣ ਲੱਗੇ ਸਨ। ਅਗਵਾਈ ਬੇਸ਼ੱਕ ਸ. ਬਘੇਲ ਸਿੰਘ ਕਰ ਰਹੇ ਸਨ ਪਰ ਉਹ ਲਗਾਤਾਰ ਸ. ਜੱਸਾ ਸਿੰਘ ਦੇ ਸੰਪਰਕ ਵਿਚ ਰਹਿੰਦੇ ਸਨ। ਉਨ੍ਹਾਂ ਬਾਰੇ ਡਾ. ਗੰਡਾ ਸਿੰਘ ਦੀ ਇਹ ਟਿਪਣੀ ਬਹੁਤ ਅਹਿਮ ਹੈ, "ਕੁਝ ਇਉਂ ਮਲੂਮ ਹੁੰਦਾ ਹੈ ਕਿ ਸਰਦਾਰ ਜੱਸਾ ਸਿੰਘ ਜੀ ਇਹ ਸਮਝਦੇ ਸਨ ਕਿ ਪੰਜਾਬ ਦੀ ਦੇਸੀ ਅਤਿਆਚਾਰੀਆਂ ਅਤੇ ਬਿਦੇਸੀ ਜਰਵਾਣਿਆਂ ਤੋਂ ਆਜ਼ਾਦੀ ਨਾਲ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਪੂਰਾ ਹੋ ਗਿਆ ਹੈ, ਹੁਣ ਉਨ੍ਹਾਂ ਨੂੰ ਬਾਕੀ ਦੇ ਮਾਮਲਿਆਂ ਵਿਚ ਬਹੁਤਾ ਦਖਲ ਨਹੀਂ ਦੇਣਾ ਚਾਹੀਦਾ, ਅਤੇ ਮੱਲਾਂ ਮਾਰਾਂ ਦੀ ਸੰਭਾਲ ਅਤੇ ਪ੍ਰਬੰਧ ਦਾ ਕੰਮ ਨਵੇਂ ਨੌਜਵਾਨ ਸਰਦਾਰਾਂ ਪਰ ਛਡ ਦੇਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਆਜ਼ਾਦ ਹੋ ਕੇ ਕੰਮ ਚਲਾ ਸਕਣ ਦਾ ਤਜਰਬਾ ਹੋ ਜਾਵੇ। ਉਂਜ ਸੁਭਾਵਕ ਤੌਰ 'ਤੇ ਭੀ ਉਹ ਬਹੁਤ ਹੱਦ ਤੱਕ ਨਿਰਲੇਪ ਤੇ ਸੰਤੋਖੀ ਸਨ। ਇਸ ਲਈ ਆਪਣੀ ਜ਼ਿੰਦਗੀ ਦੇ ਅੰਤਿਮ ਚਾਰ ਪੰਜ ਸਾਲ ਉਨ੍ਹਾਂ ਸ੍ਰੀ ਦਰਬਾਰ ਸਾਹਿਬ ਦੀ ਸੇਵਾ, ਬੁੰਗਿਆਂ ਦੀ ਉਸਾਰੀ, ਸ਼ਹਿਰ ਦੀ ਆਬਾਦੀ ਅਤੇ ਹੋਰ ਅਜਿਹੇ ਕੰਮਾਂ ਵਿਚ ਲਾਏ ਅਤੇ ਅਣਸਰਦੇ ਨੂੰ ਬਾਹਰ ਕਿਸੇ ਮੁਹਿੰਮ ਉਤੇ ਜਾਂ ਕਿਸੇ ਦੀ ਸਹਾਇਤਾ ਲਈ ਗਏ।"[9]

ਲੋੜਵੰਦਾਂ ਨੂੰ ਅੰਮ੍ਰਿਤ ਛਕਾਉਣਾ ਅਤੇ ਅੰਮ੍ਰਿਤ ਛਕਾ ਕੇ ਪੰਥ ਤੋਂ ਭਟਕ ਗਿਆਂ ਨੂੰ ਵਾਪਸ ਲਿਆਉਣਾ, ਉਨ੍ਹਾਂ ਦੇ ਪੰਥਕ ਕਾਰਜਾਂ ਵਿਚ ਪੰਥਕ ਸੰਘਰਸ਼ ਵਾਂਗ ਹੀ ਵਿਚ ਸ਼ਾਮਲ ਸੀ। ਖਾਲਸੇ ਦੀ ਚੜ੍ਹਤ ਕਰਕੇ ਕਰਤਾਰਪੁਰੀਏ ਧੀਰਮੱਲੀਏ ਵੀ ਪੰਥ ਵਿਚ ਸ਼ਾਮਲ ਹੋਣਾ ਚਾਹੁੰਦੇ ਸਨ। ਸ. ਜੱਸਾ ਸਿੰਘ ਨੇ ਸੋਢੀ ਗੁਲਾਬ ਸਿੰਘ ਨੂੰ ਆਪ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਗੁਰੂ ਵਾਲੇ ਬਣਾਇਆ। ਫੂਲਕਿਆਂ ਦੇ ਬਾਬਾ ਆਲਾ ਸਿੰਘ ਅਤੇ ਮਹਾਰਾਜਾ ਅਮਰ ਸਿੰਘ ਨੇ ਵੀ ਸ. ਜੱਸਾ ਸਿੰਘ ਤੋਂ ਅੰਮ੍ਰਿਤ ਛਕਿਆ ਸੀ। ਉਹ ਆਪਣੇ ਪੁੱਤਰ ਟਿੱਕਾ ਸਾਹਿਬ ਸਿੰਘ ਨੂੰ ਵੀ ਸ. ਜੱਸਾ ਸਿੰਘ ਦੀ ਸ਼ਮੂਲੀਅਤ ਵਾਲੇ ਪੰਜ ਪਿਆਰਿਆਂ ਰਾਹੀਂ ਅੰਮ੍ਰਿਤਧਾਰੀ ਬਣਾਉਣਾ ਚਾਹੁੰਦੇ ਸਨ। ਇਹ ਇੱਛਾ ਲੈ ਕੇ ਹੀ ਉਹ ਸਵਰਗ ਸਿਧਾਰ ਗਏ। ਇਸ ਨਾਲ ਨਾਨੂ ਮੱਲ ਦਾ ਦਖਲ ਪਟਿਆਲਾ ਰਿਆਸਤ ਦੇ ਮਾਮਲਿਆਂ ਵਿਚ ਬਹੁਤ ਵਧ ਗਿਆ ਅਤੇ ਤਤਕਾਲੀ ਛੋਟੀ ਉਮਰ ਦਾ ਮਹਾਰਾਜਾ ਸਾਹਿਬ ਸਿੰਘ ਪੰਥਕਤਾ ਤੋਂ ਦੂਰ ਹੁੰਦਾ ਜਾ ਰਿਹਾ ਸੀ। (ਵਿਸਥਾਰ ਲਈ ਪ੍ਰੋ. ਮੋਹਨ ਸਿੰਘ ਦੀ 'ਸਾਹਿਬ ਕੌਰ ਦੀ ਵਾਰ' ਵੇਖੀ ਜਾ ਸਕਦੀ ਹੈ)।

ਇਸ ਹਾਲਤ ਵਿਚ ਵੀ ਸ. ਜੱਸਾ ਸਿੰਘ ਨੇ ਇਹ ਰਾਏ ਜੱਗ ਜ਼ਾਹਰ ਕਰ ਦਿੱਤੀ ਕਿ ਮਹਾਰਾਜਾ ਸਾਹਿਬ ਸਿੰਘ ਨੂੰ ਆਪਣੇ ਵਿਆਹ ਤੋਂ ਪਹਿਲਾਂ ਅੰਮ੍ਰਿਤ ਛਕ ਲੈਣਾ ਚਾਹੀਦਾ ਹੈ। ਵਿਆਹ ਲਈ ਜਦੋਂ ਜੰਜ ਕਪੂਰਥਲੇ ਪੁੱਜੀ ਤਾਂ ਸ. ਜੱਸਾ ਸਿੰਘ ਨੇ ਕਿਹਾ ਸੀ ਕਿ ਮਹਾਰਾਜੇ ਨੂੰ ਅੰਮ੍ਰਿਤ ਤਰਨਤਾਰਨ ਵਿਖੇ ਛਕਾਉਣਾ ਚਾਹੀਦਾ ਹੈ। ਜੰਜ ਤਰਨਤਾਰਨ ਪੁੱਜੀ ਅਤੇ ਅੰਮ੍ਰਿਤ ਛਕਣ ਤੋਂ ਬਾਅਦ ਵਿਆਹ ਦੀਆਂ ਰਸਮਾਂ ਪੰਜਵੜ ਵਿਖੇ ਪੂਰੀਆਂ ਕੀਤੀਆਂ ਗਈਆਂ। ਇਹ ਘਟਨਾ ਸ. ਜੱਸਾ ਸਿੰਘ ਦੇ ਅਕਾਲ ਚਲਾਣੇ ਤੋਂ ਇਕ ਸਾਲ ਪਹਿਲਾਂ ਦੀ ਹੈ ਅਤੇ ਇਸ ਨਾਲ ਉਨ੍ਹਾਂ ਦੀ ਪੰਥਕ ਸਾਖ ਦਾ ਪਤਾ ਲੱਗ ਜਾਂਦਾ ਹੈ। ਗੁਰੂਕਿਆਂ ਵਿਚੋਂ ਜਿਸ ਤਰ੍ਹਾਂ ਦੀ ਸਰਬਪੱਖੀ ਪੰਥਕ ਭੂਮਿਕਾ ਸ. ਜੱਸਾ ਸਿੰਘ ਆਹਲੂਵਾਲੀਆ ਨੇ ਨਿਭਾਈ, ਉਸ ਨਾਲ ਉਹ ਵਿਅਕਤੀ ਤੋਂ ਸੰਸਥਾ ਦਾ ਰੂਪ ਧਾਰਨ ਕਰ ਗਏ ਸਨ। ਸਿੱਖ ਅਧਿਆਤਮਕਤਾ, ਪੰਥਕਤਾ, ਸਮਾਜਿਕਤਾ, ਸੂਰਮਗਤੀ ਤੇ ਸਿਆਸਤ ਦੇ ਖੇਤਰ ਅਤੇ ਪ੍ਰਬੰਧਨ ਦੇ ਖੇਤਰ ਵਿਚ, ਉਹ ਸਿੱਖ ਰੋਲ ਮਾਡਲ ਵਾਂਗ ਵਿਚਰਦੇ ਰਹੇ, ਅਤੇ ਅੱਜ ਵੀ ਉਨ੍ਹਾਂ ਦੀ ਪੰਥਕ ਛਵੀ ਨੂੰ ਸਿੱਖ ਰੋਲ ਮਾਡਲ ਵਾਂਗ ਵਰਤਿਆ ਜਾ ਸਕਦਾ ਹੈ।

ਜੋ ਵੇਰਵੇ ਸ. ਜੱਸਾ ਸਿੰਘ ਆਹਲੂਵਾਲੀਆ ਬਾਰੇ ਪ੍ਰਾਪਤ ਹਨ, ਉਨ੍ਹਾਂ ਤੋਂ ਟੋਹ ਮਿਲ ਜਾਂਦੀ ਹੈ ਕਿ ਦੀਵਾਲੀ ਅਤੇ ਵੈਸਾਖੀ ਨੂੰ ਉਹ ਅੰਮ੍ਰਿਤਸਰ ਵਿਚ ਹਾਜ਼ਰ ਹੋਣ ਦਾ ਨੇਮ ਲਗਾਤਾਰ ਪਾਲਦੇ ਰਹੇ। ਮਿਸਲਦਾਰੀਆਂ ਦੇ ਮਸਲੇ ਸੁਲਝਾਉਣ ਵਾਸਤੇ ਵੀ ਉਹ ਇਨ੍ਹਾਂ ਮੌਕਿਆਂ ਨੂੰ ਪੰਥਕਤਾ ਦੀ ਬਹਾਲੀ ਵਾਸਤੇ ਵਰਤਦੇ। ਬੇਸ਼ੱਕ ਮਿਸਲਾਂ ਨਾਲ ਜਗੀਰਦਾਰੀ ਸਿਆਸਤ ਭਾਰੂ ਹੋਈ ਸਾਹਮਣੇ ਆਉਣ ਲੱਗ ਪਈ ਸੀ, ਪਰ ਸ. ਆਹਲੂਵਾਲੀਆ ਸਦਾ ਹੀ ਸਿੱਖ ਲੋਕਤੰਤਰ ਦੀ ਭਾਵਨਾ ਨੂੰ ਨਾਲ ਲੈ ਕੇ ਤੁਰਨ ਦੀ ਕੋਸ਼ਿਸ਼ ਕਰਦੇ। ਉਹ ਸੰਗਤੀ ਲੀਡਰਸ਼ਿਪ ਅਤੇ ਗੁਰਮਤਾ-ਵਿਧੀ ਵਿਚ ਫੈਸਲੇ ਲੈਣ ਦੇ ਮੁੱਦਈ ਸਨ ਅਤੇ ਉਨ੍ਹਾਂ ਦੀ ਪੰਥਕ ਚੜ੍ਹਤਲ ਅੱਗੇ ਕੋਈ ਬੋਲਦਾ ਵੀ ਨਹੀਂ ਸੀ।

1783 ਦੀ ਦੀਵਾਲੀ 25 ਅਕਤੂਬਰ ਨੂੰ ਸੀ ਅਤੇ ਸ. ਆਹਲੂਵਾਲੀਆ ਦੀਵਾਲੀ ਮਨਾਉਣ ਅੰਮ੍ਰਿਤਸਰ ਆ ਰਹੇ ਸਨ। ਰਾਹ ਵਿਚ ਉਨ੍ਹਾਂ ਨੇ ਕਹਿੰਦੇ ਹਨ ਕਿ ਤਰਬੂਜ਼ ਖਾਧਾ ਅਤੇ ਬਿਨਾ ਬਹੁਤਾ ਰੁਕੇ ਚੱਲਦੇ ਰਹੇ। ਰਸਤੇ ਵਿਚ ਹੀ ਉਨ੍ਹਾਂ ਦੇ ਪੇਟ ਵਿਚ ਦਰਦ ਹੋਣ ਲੱਗਾ, ਪਰ ਉਹ ਬਿਨਾ ਰੁਕੇ ਆਪਣੇ ਸੁਭਾਵਕ ਸਿਰੜ ਕਰਕੇ ਚੱਲਦੇ ਰਹੇ। 20 ਅਕਤੂਬਰ 1783 ਨੂੰ ਉਨ੍ਹਾਂ ਦੀ ਤਬੀਅਤ ਬਹੁਤੀ ਖਰਾਬ ਹੋ ਗਈ ਅਤੇ ਉਹ ਅੰਮ੍ਰਿਤਸਰ ਪਹੁੰਚਣ ਤੋਂ ਪਹਿਲਾਂ ਹੀ ਆਖਰੀ ਫਤਿਹ ਬੁਲਾ ਗਏ। ਉਨ੍ਹਾਂ ਦਾ ਸਸਕਾਰ ਉਨ੍ਹਾਂ ਦੀ ਇੱਛਾ ਮੁਤਾਬਕ ਬਾਬਾ ਅਟੱਲ ਦੇ ਸਥਾਨ 'ਤੇ ਨਵਾਬ ਕਪੂਰ ਸਿੰਘ ਦੇ ਸਥਾਨ ਦੇ ਨਾਲ ਹੀ ਕੀਤਾ ਗਿਆ।

ਉਨ੍ਹਾਂ ਦੇ ਨਾਲ ਹੀ ਉਹ ਸਾਰੇ ਪੰਥਕ ਗੁਣ ਇਕ ਵਾਰ ਦਫਨ ਹੋ ਗਏ, ਜੋ ਗੁਰੂ ਜੀ ਨੇ ਆਪਣੀ ਮਿਹਰ ਨਾਲ ਉਨ੍ਹਾਂ ਦੁਆਰਾ ਪ੍ਰਚੰਡਿਤ ਕੀਤੇ ਸਨ। ਉਸ ਦੇ ਨਾਲ ਹੀ ਮਿਸਲਦਾਰੀਆਂ ਦਾ ਜਗੀਰਦਾਰੀ ਰੰਗ ਪੰਥਕਤਾ ਉਤੇ ਭਾਰੀ ਪੈਣ ਲੱਗ ਪਿਆ। ਇਸ ਦਾ ਅੰਦਾਜ਼ਾ ਇਸ ਗੱਲੋਂ ਲਾਇਆ ਜਾ ਸਕਦਾ ਹੈ ਕਿ ਜੋ ਕੁਝ ਸ. ਆਹਲੂਵਾਲੀਆ ਘੋੜੇ ਦੀ ਕਾਠੀ ਤੋਂ ਕਰਦੇ ਰਹੇ, ਉਹ ਮਿਸਲਦਾਰਾਂ ਕੋਲੋਂ ਮਹਿਲਾਂ ਅਤੇ ਕਿਲਿਆਂ ਵਿਚ ਸੁਰਖਿਅਤ ਵਿਚਰਦਿਆਂ ਵੀ ਨਾ ਕੀਤਾ ਜਾ ਸਕਿਆ। ਜੋ ਆਪਸੀ-ਇਤਫਾਕ ਸ. ਆਹਲੂਵਾਲੀਆ ਦੀ ਅਗਵਾਈ ਵਿਚ ਮੱਲਾਂ ਮਾਰਦਾ ਰਿਹਾ, ਉਹ ਉਨ੍ਹਾਂ ਦੇ ਅਕਾਲ ਚਲਾਣੇ ਦੇ ਨਾਲ ਹੀ ਕਮਜ਼ੋਰ ਪੈਣਾ ਸ਼ੁਰੂ ਹੋ ਗਿਆ। ਮਿਸਲਦਾਰੀਆਂ ਵਿਚ ਧਰਮ ਅਤੇ ਸਿਆਸਤ ਇਕੱਠੇ ਤੁਰਨ ਦੀ ਥਾਂ ਸਮਾਨੰਤਰਤਾ ਵਿਚ ਤੁਰਨੇ ਸ਼ੁਰੂ ਹੋ ਗਏ ਅਤੇ ਧਰਮ ਉਤੇ ਸਿਆਸਤ ਭਾਰੂ ਪੈਣ ਲੱਗ ਪਈ।

ਬੇਸ਼ੱਕ ਸ. ਬਘੇਲ ਸਿੰਘ ਦੀ ਅਗਵਾਈ ਵਿਚ ਸਿੱਖ ਸੰਘਰਸ਼ ਵਿਚੋਂ ਲੰਘ ਕੇ ਆਈ ਲੀਡਰਸ਼ਿਪ ਪੰਥਕਤਾ ਨੂੰ ਨਾਲ ਲੈ ਕੇ ਤੁਰਨ ਦੀ ਕੋਸ਼ਿਸ਼ ਕਰ ਰਹੀ ਸੀ, ਪਰ ਮਿਸਲਦਾਰੀ ਦੀ ਅਗਲੀ ਪੀੜ੍ਹੀ ਰਾਜਸੀ ਤਾਕਤ ਨਾਲ ਆਉਣ ਵਾਲੀਆਂ ਕਮਜ਼ੋਰੀਆਂ ਤੋਂ ਬਚ ਨਾ ਸਕੀ ਅਤੇ ਅਜਿਹਾ ਬਹੁਤ ਕੁਝ ਸਾਹਮਣੇ ਆਉਣ ਲੱਗਾ, ਜੋ ਪੰਥਕ ਘੱਟ ਅਤੇ ਸਿਆਸੀ ਵੱਧ ਸੀ। ਨਾਸ਼-ਮਾਡਲ (ਧਰਮ-ਨਾਸ਼, ਕੁਲ-ਨਾਸ਼ ਅਤੇ ਕਿਰਤ-ਨਾਸ਼) ਦਾ ਮੁੱਦਈ ਪੰਥ, ਮਿਸਲਦਾਰਾਂ ਦੇ ਪੈਰੋਂ ਜਾਤਾਂ ਗੋਤਾਂ ਮੁਤਾਬਕ ਗੁਰੂ ਦੀਆਂ ਬਖਸ਼ਿਸ਼ਾਂ ਨੂੰ ਵੀ ਗ੍ਰਹਿਣ ਕਰਨ ਲੱਗ ਪਿਆ ਸੀ। ਸਿੱਖ ਸਸ਼ਕਤੀਕਰਣ (Sikh Empoferment) ਅਕਾਲੀ ਫੂਲਾ ਸਿੰਘ ਤੱਕ ਪਹੁੰਚਦਿਆਂ ਸੁਲਤਾਨੁਲ-ਕੌਮ ਵਾਲੇ ਤੜਪ-ਮਾਡਲ ਦੀ ਥਾਂ ਸਰਕਾਰ-ਏ-ਖਾਲਸਾ ਵਾਲਾ ਸੰਤੁਸ਼ਟੀ-ਮਾਡਲ ਹੋ ਗਿਆ। ਸੰਤੁਸ਼ਟੀ ਇਹ ਕਿ "ਰਾਜ ਬਿਨਾ ਨਹਿ ਧਰਮ ਚਲਹਿ ਹੈ" ਵਾਲੀ ਗੱਲ ਪੂਰੀ ਹੋ ਗਈ। ਇਸ ਨਾਲ "ਧਰਮ ਬਿਨਾ ਸਭ ਦਲਹਿ ਮਲਹਿ ਹੈ" ਵਾਲੀ ਸਿੱਖ ਤੜਪ ਇਤਿਹਾਸ ਹੋਣ ਲੱਗ ਪਈ ਸੀ। ਇਸ ਰਾਹ ਸਿਆਸੀ ਸੁਰ ਵਿਚ ਸਿੱਖ ਕੌਮ ਲਗਾਤਾਰ ਪਈ ਹੋਈ ਹੈ ਅਤੇ ਕਦਮ ਰੋਕ ਕੇ ਜਦੋਂ ਵੀ ਸੋਚਾਂਗੇ ਤਾਂ ਸਮਝ ਆ ਜਾਵੇਗੀ ਕਿ ਸ. ਜੱਸਾ ਸਿੰਘ ਆਹਲੂਵਾਲੀਆ ਵਾਂਗ ਬਾਣੀ ਦੇ ਸਿੱਖ ਹੋ ਜਾਣ ਨਾਲ ਜੋ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ, ਉਹ ਸਿਆਸੀ ਸੁਰ ਵਿਚ ਇਤਿਹਾਸ ਦੇ ਸਿੱਖ ਹੋ ਜਾਣ ਨਾਲ ਨਹੀਂ।

---

**ਹਵਾਲੇ:**


1. ਡਾ. ਗੰਡਾ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆਂ, ਪੰਜਾਬੀ ਯੂਨੀਵਰਸਟੀ ਪਟਿਆਲਾ, 2011, ਪੰਨਾ 6-7
2. ਉਹੀ, ਪੰਨਾ 8
3. ਉਹੀ, ਪੰਨਾ 11
4. ਉਹੀ, ਪੰਨਾ 31
5. ਉਹੀ, ਪੰਨਾ 62
6. ਉਹੀ, ਪੰਨਾ 75
7. ਉਹੀ, ਪੰਨਾ 82
8. ਉਹੀ, ਪੰਨਾ 109
9. ਉਹੀ, ਪੰਨਾ 207


###

## ਜੰਗ

ਇਨਸਾਨ ਤੜਫ ਰਿਹਾ ਹੈ,
ਜੰਗ ਦੀ ਭਰਮਾਰ ਹੈ।
ਅਫਸੋਸ ਹੈ ਕਿ ਜੰਗਬਾਜ਼,
ਨਾ ਅਜੇ ਸ਼ਰਮਸਾਰ ਹੈ।

ਨਿੱਤ ਬੰਦੂਕਾਂ ਚੱਲਦੀਆਂ,
ਅੰਬਰਾਂ ਤੋਂ ਬੰਬ ਵਰਸਦੇ।
ਪਿਆਰੇ ਜਿਨ੍ਹਾਂ ਦੇ ਵਿਛੜੇ,
ਭਰ ਨੈਣ ਤਿਨ੍ਹਾਂ ਦੇ ਛਲਕਦੇ।

ਪਰਲੋ ਜਿਹੀ ਆ ਗਈ,
ਹੋਈਆਂ ਥਾਂਵਾਂ ਵੀਰਾਨ ਨੇ।
ਕੁਦਰਤ ਅਤੇ ਜ਼ਿੰਦਗੀ ਦਾ,
ਮਿਟਿਆ ਨਾਮੋ ਨਿਸ਼ਾਨ ਏ।

ਅਪਾਹਜ ਕੋਈ ਹੋ ਗਿਆ,
ਸੜਿਆ ਹੈ ਧੜ ਕਿਸੇ ਦਾ।
ਬਾਰੂਦ ਦੇ ਧਮਾਕਿਆਂ ਨੇ,
ਪੁੱਟਿਆ ਹੈ ਜੜ੍ਹ ਕਿਸੇ ਦਾ।

ਮਹਿਲ ਢੇਰੀ ਹੋ ਰਹੇ,
ਮੱਚ ਗਿਆ ਕੋਹਰਾਮ ਹੈ।
ਅਫਗਾਨ, ਇਰਾਕ, ਸੀਰੀਆ 'ਚ,
ਹੋਇਆ ਜੀਣਾ ਹਰਾਮ ਹੈ।

ਬੱਚੇ ਅਨਾਥ ਹੋ ਰਹੇ,
ਨਾ ਪੁੱਛਦਾ ਕੋਈ ਹਾਲ ਹੈ।
ਕਾਫਰਾਂ ਨੂੰ ਤਰਸ ਨਹੀਂ,
ਸਮੇਂ ਨੇ ਬਦਲੀ ਚਾਲ ਹੈ।

ਨਾ ਹੈ ਕੋਈ ਦਰਦਮੰਦ,
ਨਾ ਸਿਸਕੀਆਂ ਸੁਣਦਾ ਕੋਈ।
ਹੋ ਰਿਹਾ ਘਾਣ ਮਨੁੱਖਤਾ ਦਾ,
ਜਾਪਦੈ ਅਧਮੋਈ ਹੋਈ।

ਅੱਜ ਦੀ ਹੈ ਬਾਬਰਵਾਣੀ ਹੈ,
ਕਿਰਪਾ ਕਰੇ ਕਰਤਾਰ।
ਆਸ ਦੀ ਕਿਰਨ ਜਗਾਈ ਹੈ,
ਵਿਚ ਸੀਰੀਆ ਦੇ ਸਰਦਾਰ।

ਲੈ ਸੁਨੇਹਾ 'ਘਨੱਈਆ' ਵਾਲਾ,
ਨਿੱਤਰਿਆ ਹੈ ਅੱਜ ਖਾਲਸਾ।
ਸੀਵੇ ਜ਼ਖਮ ਤੇ ਲਾਵੇ ਮੱਲ੍ਹਮ,
ਰਵੀ ਸਿੰਘ ਦਾ 'ਏਡ ਖਾਲਸਾ।'

ਦੂਜਿਆਂ ਲਈ ਕੁਰਬਾਨ ਹੋਣਾ,
ਨੌਂਵੇ ਗੁਰੂ ਨੇ ਰੀਤ ਚਲਾਈ।
ਤਿਆਗ ਕੇ ਸੰਸਾਰ ਦੇ ਸੁੱਖ,
ਜ਼ਿੰਦਗੀ ਧਰਮ ਦੇ ਲੇਖੇ ਲਾਈ।

ਸ਼ਾਲਾ ਲੰਬੀਆਂ ਹੋਵਣ ਉਮਰਾਂ,
ਸਦਾ ਨੱਸੇ ਦੂਰ ਬਲਾ।
ਲੋੜਵੰਦਾਂ ਦਾ ਬਣੇ ਮਸੀਹਾ,
ਰਹੇ ਹਮੇਸ਼ਾਂ ਚੜ੍ਹਦੀ ਕਲਾ!

***-ਸੇਵਾ ਸਿੰਘ ਨੂਰਪੁਰੀ, ਬੰਗਾ।***

# ਕੌਨ ਜੀਤਾ ਹੈ ਤੇਰੀ ਜ਼ੁਲਫ ਕੇ ਸਰ ਹੋਨੇ ਤੱਕ...

**ਸੰਗੀਤ ਦੀ ਸੰਗਤ**
**3**

**'ਸੰਗੀਤ ਦੀ ਸੰਗਤ' ਦੀ ਤੀਜੀ ਕੜੀ ਵਿਚ ਵੀ ਸੀਨੀਅਰ ਪੱਤਰਕਾਰ ਗੁਰਦਿਆਲ ਸਿੰਘ ਬੱਲ ਨੇ ਸੁਰਾਂ ਦੀ ਛਹਿਬਰ ਲਾਉਂਦਿਆਂ ਦੰਗ ਕਰਨ ਵਾਲੇ ਬਿਰਤਾਂਤ ਸਾਂਝੇ ਕੀਤੇ ਹਨ। ਇਹ ਬਿਰਤਾਂਤ ਦਿਲਚਸਪ ਤਾਂ ਹੈ ਹੀ ਹਨ, ਪਾਠਕ ਅੰਦਰ ਸੰਗੀਤ ਦੀਆਂ ਤਰਬਾਂ ਵੀ ਛੇੜ ਦਿੰਦੇ ਹਨ। ਇਸ ਲੇਖ ਲੜੀ ਵਿਚ ਲਿਖਾਰੀ ਨੇ ਪੁਰਾਣੇ ਵੇਲਿਆਂ ਵਿਚ ਪਿੱਪਲਾਂ-ਬੋਹੜਾਂ ਹੇਠ ਛਿੜਦੀਆਂ ਸੰਗੀਤ-ਸੁਰਾਂ ਵਾਲਾ ਰੰਗ ਬੰਨ੍ਹਿਆ ਹੈ। ਇਹ ਬਿਰਤਾਂਤ ਅਤੇ ਇਸ ਦਾ ਅੰਦਾਜ਼ ਪਾਠਕ ਦੀਆਂ ਭਾਵਨਾਵਾਂ ਨੂੰ ਆਪਣੇ ਨਾਲ ਹੜ੍ਹਾ ਕੇ ਲੈ ਜਾਂਦਾ ਹੈ। ਇਸ ਵਾਰ ਇਸ ਲੇਖ-ਲੜੀ ਦੀ ਤੀਜੀ ਅਤੇ ਆਖਰੀ ਕੜੀ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ**

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਜ਼ਾਹਰ ਹੈ ਕਿ ਇਥੇ ਵੀ ਮੁੜ ਮਸਲਾ ਇਸ਼ਕ ਦਾ ਹੈ; ਚਾਹਤ ਇਸ਼ਕ ਦੀ ਇੰਤਹਾ ਦੀ ਹੈ ਅਤੇ ਅੱਗੇ ਫਿਰ ਗਜ਼ਲ ਦੇ ਬੋਲਾਂ ਨੂੰ ਹੋਰ ਵੀ ਵੱਧ ਗਹਿਰਾਈ ਤੇ ਕਰਤਾਰੀ ਪ੍ਰਦਾਨ ਕੀਤੀ ਹੈ, ਮਲਿਕਾ ਪੁਖਰਾਜ ਦੇ ਗਾਇਨ ਨੇ।

ਇਕ ਵਾਰ ਉਸਤਾਦ ਸੋਹਣ ਸਿੰਘ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਸੁਣਿਆ ਸੀ। ਬਾਹਰੀ ਸ਼ਕਲ ਸੂਰਤ ਤੋਂ ਉਨ੍ਹਾਂ ਦਾ ਚਿਹਨ ਚੱਕਰ ਸਾਈਂ ਅਖਤਰ ਜਾਂ ਸਾਈਂ ਜ਼ਹੂਰ ਤੋਂ ਜ਼ਿਆਦਾ ਬਿਹਤਰ ਨਹੀਂ ਸੀ ਪਰ ਅਲਾਪ ਲੈ ਕੇ ਉਨ੍ਹਾਂ ਦਾ ਗਾਇਨ ਜਿਉਂ ਜਿਉਂ ਅੱਗੇ ਵਧਿਆ, ਉਨ੍ਹਾਂ ਦੇ ਆਭਾ ਮੰਡਲ ਵਿਚ ਤੇਜ਼ੀ ਨਾਲ ਨੂਰਾਨੀ ਰੰਗ ਭਰਦਾ ਗਿਆ ਸੀ। ਉਨ੍ਹਾਂ ਨੂੰ ਵੇਂਹਦਿਆਂ ਲਗਦਾ ਇਉਂ ਸੀ, ਜਿਵੇਂ ਕੋਈ ਬੱਬਰ ਸ਼ੇਰ ਸਟੇਜ 'ਤੇ ਆ ਬੈਠਾ ਹੋਵੇ ਅਤੇ ਉਸ ਨੇ ਦਹਾੜਨਾ ਭੁੱਲ ਕੇ ਕੋਈ ਦਰਦ ਭਰਿਆ ਮਿੱਠਾ ਰਾਗ ਅਲਾਪਣਾ ਸ਼ੁਰੂ ਕਰ ਦਿਤਾ



**ਗੁਰਦਿਆਲ ਸਿੰਘ ਬੱਲ**
**ਫੋਨ: 647-982-6091**

ਹੋਵੇ...। ਤੇ ਉਸ ਸ਼ਾਮ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਮਲਿਕਾ ਪੁਖਰਾਜ ਨੂੰ ਇਕ ਸ਼ਬਦ 'ਤੇ ਰੁਕ ਰੁਕ ਕੇ (ਤੇਰੇ ਇਸ਼ਕ ਕੀ ਇੰਤਹਾ ਚਾਹਤਾ ਹੂੰ) ਦਾ ਗਾਇਨ ਕਰਦਿਆਂ ਮੈਨੂੰ ਐਨ ਉਸੇ ਤਰ੍ਹਾਂ ਮਹਿਸੂਸ ਹੋਇਆ ਸੀ।

ਮਲਿਕਾ ਪੁਖਰਾਜ ਅਤੇ ਤਾਹਿਰਾ ਸੱਈਅਦ ਦੇ ਚੰਡੀਗੜ੍ਹ ਕਿਆਮ ਦੌਰਾਨ ਟ੍ਰਿਬਿਊਨ ਦੇ ਫੋਟੋਗ੍ਰਾਫਰ ਯੋਗ ਜੁਆਏ ਨੇ ਮਾਂ-ਧੀ ਦੀ ਤਸਵੀਰ ਜੋ ਲੈ ਲਈ ਸੀ, ਉਹ ਉਸ ਸਮੇਂ ਤੋਂ ਹੀ ਮੇਰੇ ਘਰ ਡਰਾਇੰਗ ਰੂਮ ਵਿਚ ਸਜੀ ਰਹੀ ਹੈ। ਭਲੇ ਵਕਤਾਂ 'ਚ ਉਸ ਤਸਵੀਰ ਅੱਗੇ ਕਲੀਆਂ ਵੀ ਧਰਦਾ ਰਿਹਾ ਹਾਂ।

ਮਲਿਕਾ ਨੇ ਪਹਾੜੀ ਅਤੇ ਡੋਗਰੀ ਗੀਤ ਬੇਮਿਸਾਲ ਮਿਠਾਸ ਭਰੀ ਆਵਾਜ਼ ਵਿਚ ਗਾਏ। ਉਸ ਦਾ ਤਾਹਿਰਾ ਨਾਲ ਮਿਲ ਕੇ ਗਾਇਆ 'ਕੂੰਜਾਂ ਆਏ ਪਈਆਂ ਪਪਰੋਲੇ' ਲੋਕ ਗੀਤ ਅੱਜ ਵੀ ਸੁਣਿਆਂ ਦਿਲ ਵਿਚ ਧੂਹ ਪਾ ਜਾਂਦਾ ਹੈ। ਤਾਹਿਰਾ ਨੇ 'ਤੂੰ ਚੁੰਨੀ ਲੈ ਸੁਰਮਈ ਕੁੜੇ, ਤੂੰ ਦਿੱਸੇਂ ਬੱਦਲੀ ਜਿਹੀ ਕੁੜੇ', 'ਧਰਤੀ ਕਲੀ ਕਰਾ ਦੇ, ਨੱਚਾਂ ਮੈਂ ਸਾਰੀ ਰਾਤ', ਤੇ 'ਲੰਘ ਆ ਜਾ ਪੱਤਣ ਝਨਾਂ ਦਾ ਯਾਰ' ਵਰਗੇ ਅਨੇਕਾਂ ਖੂਬਸੂਰਤ ਪੰਜਾਬੀ ਗੀਤ ਗਾਏ। ਉਂਜ, ਮਲਿਕਾ ਪੁਖਰਾਜ ਗਜ਼ਲ ਗਾਇਨ ਦੀਆਂ ਜੋ ਸਿਖਰਾਂ ਦਾਗ ਦੇਹਲਵੀ ਦੀ ਗਜ਼ਲ:

ਜਾਹਿਦ ਨਾ ਕਹਿ ਬੁਰੀ
ਕਿ ਯੇ ਮਸਤਾਨੇ ਆਦਮੀ ਹੈਂ,
ਤੁਮ ਕੋ ਲਿਪਟ ਪੜੇਂਗੇ
ਦੀਵਾਨੇ ਆਦਮੀ ਹੈਂ

ਦੇ ਗਾਇਨ ਦੌਰਾਨ ਛੂੰਹਦੀ ਹੈ, ਉਸ ਦਾ ਕੋਈ ਪਾਰਾਵਾਰ ਹੀ ਨਹੀਂ।

ਖੈਰ! ਇਕ ਵਾਰ ਫਿਰ ਆਰਿਫ ਲੋਹਾਰ ਅਤੇ ਮੀਸ਼ਾ ਸ਼ਫੀ ਦੇ 'ਜੁਗਨੀ' ਗਾਇਨ ਦੇ ਜਲਵੇ ਦੀ ਗੱਲ ਕਰਦੇ ਹਾਂ। ਸੱਚਾਈ ਇਹੀ ਹੈ ਕਿ ਇਸ 'ਜੁਗਨੀ' ਗਾਇਨ ਬਾਰੇ ਜੋ ਕੁਝ ਮੇਰੇ ਜੀਅ 'ਚ ਹੈ, ਉਸ ਦਾ ਹਜ਼ਾਰਵਾਂ ਹਿੱਸਾ ਵੀ ਮੇਰੇ ਕੋਲੋਂ ਦੱਸਿਆ ਨਹੀਂ ਜਾ ਸਕਿਆ ਹੋਵੇਗਾ। ਮੀਸ਼ਾ ਸ਼ਫੀ ਦਾ 'ਇਸ਼ਕ ਆਪ ਵੀ ਅਵੱਲਾ, ਇਹਦੇ ਕੰਮ ਵੀ ਅਵੱਲੇ' ਅਤੇ ਕਈ ਹੋਰ ਗੀਤ ਮੈਨੂੰ ਬੇਹੱਦ ਪਿਆਰੇ ਹਨ। ਤਾਹਿਰਾ ਤੋਂ ਬਿਲਕੁਲ ਹੀ ਅਲੱਗ, ਪਰ ਕਹਿਰਾਂ ਦਾ ਸੁਹੱਪਣ ਹੈ ਉਸ ਦੀ ਸਮੁੱਚੀ ਹਸਤੀ ਅਤੇ ਗਾਇਨ ਦੀ ਅਦਾਇਗੀ ਵਿਚ।

ਇਸੇ ਤਰ੍ਹਾਂ ਆਰਿਫ ਲੋਹਾਰ ਹੈ, ਉਸ ਦੇ ਬਾਪ ਆਲਮ ਲੋਹਾਰ ਨੇ 70ਵਿਆਂ ਦੇ ਸ਼ੁਰੂ ਵਿਚ ਲੰਡਨ ਜਾ ਕੇ ਜਦੋਂ 'ਬੋਲ ਮਿੱਟੀ ਦਿਆ ਬਾਵਿਆ' ਗੀਤ ਨਾਲ ਚਿਮਟਾ ਖੜਕਾਇਆ ਸੀ ਤਾਂ ਧੰਨ ਧੰਨ ਕਰਵਾ ਦਿਤੀ ਸੀ ਪਰ ਆਰਿਫ ਨੇ ਉਸ ਤੋਂ ਵੀ ਕਿਤੇ ਲੰਮੀ ਉਡਾਣ ਭਰ ਕੇ ਦੁਨੀਆਂ ਭਰ ਵਿਚ ਪੰਜਾਬੀ ਸਰੋਤਿਆਂ ਨੂੰ ਨਿਹਾਲ ਕੀਤਾ ਹੈ। ਉਸ ਦੇ ਕ੍ਰਿਸ਼ਮੇ ਦੀ ਸਿਖਰ ਜੇ ਦੇਖਣੀ ਹੈ ਤਾਂ ਕੋਈ ਸੱਜਣ ਉਸ ਨੂੰ ਗੀਤ:

ਇਕ ਫੁੱਲ ਮੋਤੀਏ ਦਾ
ਮਾਰ ਕੇ ਜਗਾ ਸੋਹਣੀਏ...
ਬਾਜ਼ਾਰ ਵਿਕੇਂਦੀਆਂ ਛੁਰੀਆਂ
ਇਸ਼ਕੇ ਦੀਆਂ ਚੋਟਾਂ ਬੁਰੀਆਂ
ਇਕ ਫੁੱਲ ਮੋਤੀਏ ਦਾ...

ਤੇਰੀਆਂ ਅੱਖੀਆਂ ਤੋਂ ਸਦਕੇ ਜਾਵਾਂ
ਤੇਰੇ ਨਾਂ ਇਹ ਜਿੰਦੜੀ ਲਾਵਾਂ
ਇਕ ਫੁੱਲ ਮੋਤੀਏ ਦਾ...

ਬਾਜ਼ਾਰ ਵਿਕੇਂਦੀ ਆਰੀ
ਤੇਰੇ ਮੁਖੜੇ ਤੋਂ ਜਿੰਦੜੀ ਵਾਰੀ
ਨੀ ਇਕ ਫੁੱਲ ਮੋਤੀਏ ਦਾ...

ਬਾਜ਼ਾਰ ਵਿਕੇਂਦੇ ਪਾਵੇ
ਰੱਬ ਸੱਜਣਾਂ ਨਾਲ ਮਿਲਾਵੇ
ਤੇ ਇਕ ਫੁੱਲ ਮੋਤੀਏ ਦਾ
ਮਾਰ ਕੇ ਜਗਾ ਸੋਹਣੀਏ!

ਗਾਉਂਦਿਆਂ ਜ਼ਰਾ ਸੁਣੇ! ਮੇਰੇ ਮਨ 'ਚ ਥੋੜ੍ਹਾ ਖਦਸ਼ਾ ਸੀ ਕਿ 'ਜੁਗਨੀ' ਦੌਰਾਨ ਉਸ ਦੇ ਜਲਵੇ ਵਿਚ ਕਿਧਰੇ ਮੀਸ਼ਾ ਸ਼ਫੀ ਦੇ ਅਚੰਭੇ ਦੀ ਹੀ ਭੂਮਿਕਾ ਨਾ ਹੋਵੇ ਪਰ 'ਇਕ ਫੁੱਲ ਮੋਤੀਏ ਦਾ' ਵਾਲੇ ਗਾਇਨ ਨਾਲ ਉਹ ਮਾਹੌਲ ਵਿਚ ਜਿਵੇਂ ਫੈਲਦਾ ਹੈ, ਫੈਲਦਾ ਹੀ ਚਲਿਆ ਜਾਂਦਾ ਹੈ।

ਇਸ ਜ਼ਿਕਰ ਪਿਛੋਂ ਤਾਹਿਰਾ ਸੱਈਅਦ ਵਰਗੀ ਕਰਤਾਰੀ ਪ੍ਰਤਿਭਾ ਵਾਲੇ ਦੋ ਹੋਰ ਮਹਾਨ ਉਸਤਾਦਾਂ ਕੇ. ਐਲ. ਸਹਿਗਲ ਅਤੇ ਮਹਿਦੀ ਹਸਨ ਦੇ ਗਾਇਨ ਦੀ ਗੱਲ ਕੀਤਿਆਂ ਬਿਨਾ ਸਰ ਨਹੀਂ ਸਕਦਾ। ਮਹਿਦੀ ਹਸਨ ਨੇ ਪਿਛਲੀ ਸਦੀ ਦੇ 70ਵਿਆਂ ਦੇ ਸ਼ੁਰੂਆਤੀ ਸਾਲਾਂ ਦੌਰਾਨ:

ਯੇਹ ਧੂੰਆਂ ਸਾ ਕਹਾਂ ਸੇ ਉਠਤਾ ਹੈ
ਦੇਖ ਤੋ ਚਲ ਕੇ ਜਾਂ ਸੇ ਉਠਤਾ ਹੈ।

ਬੇਹੱਦ ਸੋਜ਼ਪੂਰਨ ਅੰਦਾਜ਼ 'ਚ ਗਾ ਕੇ ਸਨਸਨੀ ਹੀ ਤਾਂ ਫੈਲਾ ਦਿਤੀ ਸੀ। ਉਹਨੇ ਪਾਕਿਸਤਾਨੀ ਗਜ਼ਲ ਗਾਇਕੀ ਵਿਚ ਮਾਨੋ ਨਵਾਂ ਇਨਕਲਾਬ ਬਰਪਾ ਕਰ ਦਿਤਾ ਸੀ। ਫਿਰ ਜਦੋਂ



**ਬੇਗਮ ਅਖਤਰ**

ਉਹਨੇ 'ਕੂ-ਬ-ਕੂ ਫੈਲ ਗਈ ਬਾਤ ਸ਼ਨਾਸਾਈ ਕੀ' ਗਜ਼ਲ ਹੋਰ ਵੀ ਗਹਿਰੀ, ਰਹੱਸਮਈ ਤੇ ਪੁਰਜੋਸ਼ ਆਵਾਜ਼ ਵਿਚ ਗਾਈ ਤਾਂ ਮਾਹੌਲ ਅੰਦਰ ਸੰਨਾਟਾ ਹੋਰ ਗਾੜ੍ਹਾ ਹੋ ਗਿਆ ਸੀ। ਗਜ਼ਲ ਗਾਇਨ ਦੀ ਦੁਨੀਆਂ ਵਿਚ ਕੇ. ਐਲ. ਸਹਿਗਲ ਤੋਂ ਅਗਾਂਹ ਤਾਂ ਕੋਈ ਕੀ ਜਾਵੇਗਾ, ਪਰ ਮਹਿਦੀ ਹਸਨ ਨੇ ਵੀ ਉਸ ਦੇ ਕਿਧਰੇ ਆਸ ਪਾਸ ਹੀ ਆਪਣੀ ਗਾਇਕੀ ਦੇ ਸਿਗਨੇਚਰ ਕੀਤੇ ਹਨ। ਸਹਿਗਲ ਬਾਬੇ ਦਾ ਕੋਈ ਵੀ ਠੁਮਰੀ ਜਾਂ ਗਜ਼ਲ ਗਾਇਨ ਸਿਖਰ ਤੋਂ ਹੇਠਾਂ ਨਹੀਂ ਹੈ। ਗਾਲਿਬ ਨੂੰ ਬੇਗਮ ਅਖਤਰ ਨੇ ਵੀ ਗਾਇਆ ਪਰ:

ਆਹ ਕੋ ਚਾਹੀਏ ਇਕ ਉਮਰ
ਅਸਰ ਹੋਨੇ ਤੱਕ
ਕੌਨ ਜੀਤਾ ਹੈ ਤੇਰੀ ਜ਼ੁਲਫ ਕੇ
ਸਰ ਹੋਨੇ ਤੱਕ।

ਸਮੇਤ ਅਨੇਕਾਂ ਗਜ਼ਲਾਂ ਦੇ ਗਾਇਨ ਦੌਰਾਨ ਜਿਸ ਸਿਖਰ ਨੂੰ ਸਹਿਗਲ ਸਹਿਜੇ ਹੀ ਛੂਹ ਜਾਂਦਾ ਹੈ, ਉਹ ਅਚੰਭਾਜਨਕ ਹੈ; ਉਂਜ ਉਸ ਦੀ ਗਜ਼ਲ:

ਅਬ ਕਿਆ ਬਤਾਊਂ ਕਿ
ਤੇਰੇ ਮਿਲਨੇ ਸੇ ਕਿਆ ਮਿਲਾ
ਮੰਜ਼ਿਲ ਮਿਲੀ ਮੁਰਾਦ ਮਿਲੀ
ਮੁਦਾਅ ਮਿਲਾ
ਸਭ ਕੁਝ ਮੁਝੇ ਮਿਲਾ
ਜੋ ਤੇਰਾ ਨਕਸ਼ੇ ਪਾ ਮਿਲਾ।

ਸਦਾ ਹੀ ਸਭ ਤੋਂ ਵੱਧ ਕਸ਼ਿਸ਼ ਭਰਪੂਰ ਲਗਦੀ ਰਹੀ ਹੈ।

ਇਹ ਗੱਲ 1971 ਦੀ ਹੈ। ਸਿਆਲਾਂ ਦੇ ਦਿਨ ਸਨ। ਦੇਹਰਾਦੂਨ ਦੇ ਡੀ. ਏ. ਵੀ. ਕਾਲਜ ਵਿਚ ਪੜ੍ਹਦਿਆਂ ਮੇਰੀ ਯਾਰੀ ਮਾਨਸਾ ਵਾਲੇ ਦਰਵੇਸ਼ ਅਜੀਤ ਸਿੰਘ ਭੰਗੂ ਨਾਲ ਨਵੀਂ ਨਵੀਂ ਪਈ ਸੀ। ਅਸੀਂ ਕਾਲਜ ਵਾਲੇ ਏਰੀਏ 'ਚ ਹਰ ਸਨਿਚਰਵਾਰ ਕਰਨਪੁਰ ਮਹੱਲੇ ਦੀ ਸੁੰਨਸਾਨ ਜਿਹੀ ਸੜਕ 'ਤੇ ਚਾਹ ਦੀ ਛੋਟੀ ਜਿਹੀ ਦੁਕਾਨ ਉਪਰ ਮਹਿਜ਼ ਸਹਿਗਲ ਬਾਬੇ ਅਤੇ ਹਬੀਬ ਵਲੀ ਮੁਹੰਮਦ ਦੀ ਗਜ਼ਲ:

ਲਗਤਾ ਨਹੀਂ ਹੈ ਜੀਅ
ਮੇਰਾ ਉਜੜੇ ਦਿਆਰ ਮੇਂ
ਜਿਨਕੀ ਬਨੀ ਹੈ ਆਲਮੇ
ਨਾ ਪਾਇਦਾਰ ਮੇਂ।

ਸੁਣਨ ਜਾਂਦੇ ਸਾਂ। ਹਬੀਬ ਵੀ ਵਿਲੱਖਣ ਅੰਦਾਜ਼ ਵਾਲਾ ਗਜ਼ਲ ਗਾਇਕ ਸੀ। ਕਮਲਾ ਝਰੀਆ ਗਾਇਨ ਜਗਤ ਦੀ ਇਕ ਹੋਰ ਸਿਖਰ ਸੀ। ਉਸ ਦਾ ਗਾਇਆ ਗੀਤ:

ਨਾ ਤੁਮ ਮੇਰੇ ਨਾ ਦਿਲ ਮੇਰਾ,
ਨਾ ਜਾਨੇ ਨਾ ਤਵਾਂ ਮੇਰੀ
ਤਸੱਵਰ ਮੇਂ ਭੀ ਆ ਸਕਤੀ
ਨਹੀਂ ਮਜਬੂਰੀਆਂ ਮੇਰੀ।

ਵੀ ਅਸੀਂ ਉਸ ਦੁਕਾਨ ਉਪਰ ਅਨੇਕਾਂ ਵਾਰ ਸੁਣਿਆ ਸੀ। ਇਹ ਗਜ਼ਲ ਮੇਰੀ ਪਸੰਦ ਸੀ ਪਰ ਭੰਗੂ ਨੂੰ:

ਮਸਤੋਂ ਕੋ ਜੋ ਅਸੂਲ ਹੈ
ਉਨ ਕੋ ਨਿਭਾ ਕੇ ਪੀ
ਇਕ ਬੂੰਦ ਭੀ ਨਾ ਕੱਲ ਕੇ ਲੀਏ
ਤੂੰ ਬਚਾ ਕੇ ਪੀ
ਕਿਉਂ ਕਰ ਰਹਾ ਹੈ
ਕਾਲੀ ਘਟਾਓਂ ਕਾ ਇੰਤਜ਼ਾਰ
ਉਨ ਕੀ ਸਿਆਹ ਜ਼ੁਲਫੋਂ ਪੇ
ਨਜ਼ਰੇਂ ਜਮਾ ਕੇ ਪੀ...।

ਗਜ਼ਲ ਵਧੇਰੇ ਧੂ ਪਾਉਂਦੀ ਹੁੰਦੀ ਸੀ।

ਦੁਕਾਨ ਦਾ ਮਾਲਕ ਵੀ ਬੜਾ ਦਿਲਚਸਪ ਬੰਦਾ ਸੀ। ਗਾਹਕ ਉਥੇ ਕੋਈ ਵਿਰਲਾ ਟਾਵਾਂ ਹੀ ਆਉਂਦਾ ਸੀ। ਉਹਨੂੰ ਹੱਸਦਿਆਂ ਅਸੀਂ ਘੱਟ ਹੀ ਵੇਖਿਆ ਸੀ ਪਰ ਸਾਨੂੰ ਦੂਰੋਂ ਹੀ ਦੁਕਾਨ ਵੱਲ ਆਉਂਦਿਆਂ ਵੇਖ ਕੇ ਉਸ ਦੇ ਚਿਹਰੇ 'ਤੇ ਨਿੰਮੀ ਜਿਹੀ ਮੁਸਕਾਨ ਆ ਜਾਂਦੀ ਹੁੰਦੀ ਸੀ। ਮਾਸਟਰ ਮਦਨ ਦੀ ਆਵਾਜ਼ ਵਿਚ ਸਾਗਰ ਨਿਜ਼ਾਮੀ ਦੀਆਂ ਦੋਵੇਂ ਚਰਚਿਤ ਗਜ਼ਲਾਂ ਵੀ ਅਸੀਂ ਪਹਿਲੀ ਵਾਰੀਂ ਉਸ ਦੁਕਾਨ 'ਤੇ ਹੀ ਸੁਣੀਆਂ ਸਨ। ਮਦਨ ਬਾਰੇ ਕਹਿੰਦੇ ਹਨ ਕਿ ਉਹਨੇ 8 ਵਰ੍ਹਿਆਂ ਦੀ ਉਮਰੇ ਗਾਇਨ ਸ਼ੁਰੂ ਕੀਤਾ ਅਤੇ 12 ਵਰ੍ਹਿਆਂ ਦੀ ਉਮਰ ਤਕ ਪੁੱਜਦਿਆਂ ਉਸ ਦੀ ਕਲਾਤਮਕ ਪ੍ਰਤਿਭਾ ਪੂਰੀ ਤਰ੍ਹਾਂ ਨਿਖਾਰ ਵਿਚ ਆ ਗਈ ਸੀ ਤੇ ਕਲਾ ਪਾਰਖੂਆਂ ਨੇ ਉਸ ਨੂੰ ਮਾਸਟਰ ਦੇ ਖਿਤਾਬ ਨਾਲ ਨਿਵਾਜ਼ ਦਿਤਾ ਸੀ। ਉਨ੍ਹੀਂ ਦਿਨੀਂ ਲੋਕਾਂ ਨੂੰ ਉਸ ਦੀਆਂ ਉਨ੍ਹਾਂ ਦੋ ਗਜ਼ਲਾਂ ਦਾ ਹੀ ਪਤਾ ਸੀ! ਪਰ ਹੁਣ ਬਹੁਤ ਹੀ ਪਿਆਰੇ ਪੰਜਾਬੀ ਗੀਤ:

ਬਾਗਾਂ ਵਿਚ ਪੀਂਘਾਂ ਪਈਆਂ
ਸਭ ਸਈਆਂ ਟੁਰ ਗਈਆਂ...।

ਸਮੇਤ ਉਸ ਦੇ ਰਿਕਾਰਡ ਹੋਏ ਬਚੇ ਰਹਿ ਗਏ ਸੱਤੇ-ਅੱਠੇ ਗੀਤ ਸਹਿਜੇ ਹੀ ਨੈਟ ਉਪਰ ਸੁਣੇ ਜਾ ਸਕਦੇ ਹਨ।

ਸਹਿਗਲ, ਮਹਿਦੀ ਹਸਨ, ਮਾਸਟਰ ਮਦਨ ਅਤੇ ਕਮਲਾ ਝਰੀਆ ਤੋਂ ਬਾਅਦ ਮੇਰੀ ਸਿਮਰਤੀ ਵਿਚ ਪੰਡਿਤ ਹਰੀ ਪ੍ਰਸਾਦ ਚੌਰਸੀਆ ਦੇ ਕ੍ਰਿਸ਼ਨ ਭਗਤੀ ਦੇ ਰੰਗ ਵਿਚ ਰੰਗੇ ਹੋਏ ਬੰਸਰੀ ਵਾਦਨ ਦੀ ਯਾਦ ਆ ਗਈ ਹੈ। ਪਹਿਲਗਾਮ ਦੀ ਵਾਦੀ ਨੂੰ ਕਿਸੇ ਨੇ ਧਰਤੀ ਉਤੇ ਸਵਰਗ ਕਿਹਾ ਹੋਇਐ, ਗਰਮੀਆਂ ਦੇ ਦਿਨੀਂ ਵਾਦੀ 'ਚ ਕੋਈ ਪਹਿਲੀ ਵਾਰ ਗਿਆ ਹੋਵੇ, ਸਵੇਰ ਦੀ ਸੈਰ ਦੌਰਾਨ ਉਥੇ ਵਗਦੀ ਸੁਗੰਧ ਸਮੀਰ ਨੂੰ ਯਾਦ ਕਰੇ, ਪੰਡਿਤ ਜੀ ਦਾ ਬੰਸਰੀ ਵਾਦਨ ਸੁਣਦਿਆਂ ਮਨ 'ਤੇ ਐਨ ਉਸੇ ਤਰ੍ਹਾਂ ਦਾ ਆਲਮ ਤਾਰੀ ਹੋ ਜਾਂਦਾ ਹੈ। ਇਸੇ ਤਰ੍ਹਾਂ ਸਹਿਜੇ ਹੀ ਮੀਆਂ ਬੜੇ ਗੁਲਾਮ ਅਲੀ ਖਾਨ ਹੋਰਾਂ ਦੀ ਖਿਆਲ ਗਾਇਕੀ ਬਾਰੇ ਵੀ ਕਿਹਾ ਜਾ ਸਕਦਾ ਹੈ। ਬੜੇ ਗੁਲਾਮ ਅਲੀ ਦੀਆਂ ਠੁਮਰੀਆਂ:



*ਆਰਿਫ ਲੋਹਾਰ ਅਤੇ ਮੀਸ਼ਾ ਸ਼ਫੀ 'ਜੁਗਨੀ' ਗਾਉਂਦੇ ਹੋਏ*

ਮੋਰ, ਪਪਈਆ, ਕੋਇਲ ਬੋਲੇ
ਮੁੜ ਬਿਰਹਨ ਕਾ ਜੀਆ ਡੋਲੇ

ਕਾ ਕਰੂੰ ਸਾਜਨ ਆਏ ਨਾ ਬਾਲਮ
ਤੜਪਤ ਬੀਤੀ ਮੋਰੀ ਉਨ ਬਿਨ ਰਤੀਆਂ

ਨੈਣ ਮੋਰੇ ਤਰਸ ਗਏ
ਆ ਜਾ ਬਾਲਮ ਪਰਦੇਸੀ।

ਕਮਾਲ ਹਨ ਪਰ ਸਾਡੀ ਸਿਮਰਤੀ ਅੰਦਰ ਮਹਾਂ ਗਾਇਕ ਦੀ ਫਿਲਮ 'ਮੁਗਲ-ਏ-ਆਜ਼ਮ' ਲਈ ਗਾਈ ਠੁਮਰੀ 'ਪ੍ਰੇਮ ਜੋਗਨ ਬਨ ਕੇ' ਦੇ ਗਾਇਨ ਦਾ ਜਲਵਾ ਜ਼ਿਆਦਾ ਗਾੜ੍ਹੇ ਰੰਗ 'ਚ ਅੰਕਿਤ ਹੋਇਆ ਰਿਹਾ ਹੈ। ਇਸ ਦਾ ਇਕ ਕਾਰਨ ਸ਼ਾਇਦ ਇਹ ਵੀ ਹੈ ਕਿ ਇਥੇ ਗਾਇਨ ਦੇ ਨਿਰਮਲ ਭਾਵ ਦੀ ਸਮੁੱਚੀ ਉਠਾਨ ਵਿਚ ਉਸ ਦੇ ਫਿਲਮਾਂਕਨ, ਅਰਥਾਤ ਕੇ. ਆਸਿਫ ਦੀ ਨਿਰਦੇਸ਼ਨਾ ਅਤੇ ਦਲੀਪ ਕੁਮਾਰ ਤੇ ਮਧੂਬਾਲਾ ਦੀ ਪ੍ਰਤਿਭਾ ਦਾ ਜੋੜ ਵੀ ਸ਼ਾਮਲ ਹੈ। ਮੁਹੱਬਤ ਦੇ ਪਵਿਤਰ ਜਜ਼ਬੇ ਦੇ ਇਜ਼ਹਾਰ ਦੀ ਸੂਖਮ ਕੋਮਲਤਾ, ਅਜਿਹੀ ਸਿਖਰ ਅਤੇ ਸ਼ਿੱਦਤ ਨਾਲ ਪ੍ਰਗਟਾਈ ਹੋਰ ਕਿਧਰੇ ਕਦੀ ਘੱਟ ਹੀ ਦੇਖੀ ਹੈ। ਕੇ. ਆਸਿਫ ਦੀ ਵੀ ਦਾਦ ਦੇਣੀ ਬਣਦੀ ਹੈ ਕਿ ਉਸ ਨੇ ਅਜਿਹੇ ਭਾਵ ਨੂੰ ਉਜਾਗਰ ਕਰਨ ਹਿਤ ਪਿੱਠ ਭੂਮੀ ਗਾਇਕ ਵਜੋਂ ਬੜੇ ਗੁਲਾਮ ਅਲੀ ਖਾਂ ਵਰਗੇ ਦਿਗੰਬਰ ਗਾਇਕ ਨੂੰ ਚੁਣਿਆ।

ਫਿਲਮਾਂ ਦੀ ਗੱਲ ਆਈ ਹੈ ਤਾਂ ਇਹ ਅਸੰਭਵ ਹੈ ਕਿ ਲਤਾ ਮੰਗੇਸ਼ਕਰ ਦੀ ਯਾਦ ਨਾ ਆਵੇ। ਲਤਾ ਦੇ ਬੇਸ਼ੁਮਾਰ ਸੁੰਦਰ ਗੀਤ ਹਨ ਪਰ ਸਭ ਤੋਂ ਵੱਧ ਸ਼ਿੱਦਤ ਨਾਲ ਚੇਤੇ ਆ ਰਿਹਾ ਹੈ, ਫਿਲਮ 'ਆਹ' ਲਈ ਮੁੱਦਤਾਂ ਪਹਿਲਾਂ ਗਾਇਆ ਉਸ ਦਾ ਗੀਤ:

ਰਾਜਾ ਕੀ ਆਏਗੀ ਬਰਾਤ
ਰੰਗੀਲੀ ਹੋ ਗੀ ਰਾਤ
ਮਗਨ ਮੈਂ ਨਾਚੂੰਗੀ...।

ਮੁਹੱਬਤ ਦੇ ਜਜ਼ਬੇ ਦੀ ਨਿਰਮਲਤਾ ਜਿਸ ਮਸੂਮੀਅਤ ਨਾਲ ਇਸ ਗੀਤ 'ਤੇ ਅਦਾਕਾਰੀ ਕਰਦਿਆਂ ਨਰਗਿਸ ਨੇ ਉਜਾਗਰ ਕੀਤੀ ਹੈ, ਬੜੇ ਆਰਾਮ ਨਾਲ ਹੀ ਉਸ ਨੇ ਸਿਖਰ ਛੋਹੀ ਹੈ! ਔਰਤ ਦੇ ਹੁਸਨ ਦੀ ਸ਼ਾਨੋਸ਼ੌਕਤੀ ਪਵਿਤਰਤਾ ਦਾ ਇਕ ਹੋਰ ਆਯਾਮ ਫਿਲਮ 'ਨਾਗਿਨ' ਵਿਚ ਪਹਿਲਾਂ ਹੇਮੰਤ ਕੁਮਾਰ ਦੇ ਗੀਤ 'ਤੇਰੇ ਦੁਆਰ ਖੜ੍ਹਾ ਇੱਕ ਜੋਗੀ' ਦੌਰਾਨ ਪ੍ਰਦੀਪ ਕੁਮਾਰ ਅਤੇ ਉਸ ਤੋਂ ਪੂਰੇ 20 ਵਰ੍ਹੇ ਬਾਅਦ ਮੁੜ ਮੁਕੇਸ਼ ਕੁਮਾਰ ਦੇ ਗੀਤ:

ਤੇਰੇ ਮਨ ਕੀ ਗੰਗਾ
ਔਰ ਮੇਰੇ ਮਨ ਕੀ ਜਮਨਾ ਕਾ
ਬੋਲ ਰਾਧਾ ਬੋਲ
ਸੰਗਮ ਹੋਗਾ ਕਿ ਨਹੀਂ...।

ਵਿਚ ਵਿਜੈਂਤੀ ਮਾਲਾ ਨੇ ਆਪਣੇ ਮਹਿਬੂਬ ਸਾਥੀ ਰਾਜ ਕਪੂਰ ਨਾਲ ਮੋਹ ਦੇ ਪ੍ਰਗਟਾਵੇ ਦੇ ਪਲਾਂ ਦੇ ਫਿਲਮਾਂਕਣ ਦੌਰਾਨ ਖੜ੍ਹਾ ਕੀਤਾ ਸੀ।

ਦੋਵਾਂ ਫਿਲਮਾਂ ਦੇ ਇਨ੍ਹਾਂ ਅਨੂਠੇ ਦ੍ਰਿਸ਼ਾਂ ਵਿਚ ਵਿਜੈਂਤੀ ਮਾਲਾ ਤਲਾਬ ਅੰਦਰ ਤੈਰ ਰਹੀ ਹੈ, ਮਾਨੋ ਸ਼ਾਇਰੀ, ਸੰਗੀਤ ਦੀ ਆਤਮਾ ਅਤੇ ਕੁਦਰਤ ਦਾ ਕੁੱਲ ਸੁਹੱਪਣ ਉਸ ਦੇ ਵਜੂਦ ਅੰਦਰ ਇਕ ਜਾਨ ਹੋਏ ਪਏ ਹਨ।... ਤੇ ਵਿਜੈਂਤੀ ਮਾਲਾ ਦੇ ਉਮਰ ਦੇ ਵੱਖ ਵੱਖ ਪੜਾਵਾਂ ਤੇ ਇਲਾਹੀ ਮੌਜ ਵਿਚ ਕਿਸੇ ਜਲ ਪਰੀ ਦੇ ਹਾਰ ਤੈਰਨ ਦੇ ਨਜ਼ਾਰੇ ਤੱਕ ਕੇ ਕੋਈ ਵਿਰਲਾ ਸੱਜਣ ਹੀ ਹੋਵੇਗਾ ਜਿਸ ਦੇ ਜ਼ਿਹਨ ਅੰਦਰ ਆਪ-ਮੁਹਾਰੇ ਮਹਾਂ ਕਵੀ ਭਾਈ ਵੀਰ ਸਿੰਘ ਦਾ ਇਹ ਬੰਦ ਉਭਰ ਜਾਵੇ:

ਵੈਰੀ ਨਾਗ ਤੇਰਾ ਇਕ ਝਲਕਾਰਾ
ਜਦ ਅੱਖੀਆਂ ਵਿਚ ਵੱਜਦਾ
ਕਾਦਰ ਤੇ ਕੁਦਰਤ ਦਾ ਜਲਵਾ
ਲੈ ਲੈਂਦਾ ਇਕ ਸਜਦਾ...।

ਪੰਜਾਬੀ ਲੋਕ ਗਾਇਕਾਂ ਵਿਚ ਜਿਨ੍ਹਾਂ ਆਵਾਜ਼ਾਂ ਨੇ ਮੁਢਲੇ ਦਿਨਾਂ 'ਚ ਮਨ ਨੂੰ ਧੂਹ ਪਾਈ, ਉਹ ਢਾਡੀ ਅਮਰ ਸਿੰਘ ਸ਼ੌਕੀ ਦੇ 'ਸਾਹਿਬਾਂ ਵਾਜਾਂ ਮਾਰਦੀ' ਅਤੇ 'ਆ ਜਾ ਭਾਬੀ ਝੂਟ ਲੈ ਪੀਂਘ ਹੁਲਾਰੇ ਲੈਂਦੀ' ਵਰਗੇ ਪੁਰਾਣੇ ਗੀਤ ਵੀ ਜ਼ਿਕਰਯੋਗ ਹਨ। ਇਸੇ ਤਰ੍ਹਾਂ ਅਮਰਜੀਤ ਗੁਰਦਾਸਪੁਰੀ ਬਹੁਤ ਬੁਲੰਦ ਗਾਇਕ ਸੀ। ਐਸ. ਐਸ. ਮੀਸ਼ਾ ਦੇ ਉਦਮ ਨਾਲ 26 ਜਨਵਰੀ 1964 ਨੂੰ ਨੈਸ਼ਨਲ ਕਾਲਜ, ਸਠਿਆਲਾ 'ਚ ਕਰਵਾਏ ਗਏ ਸਮਾਗਮ ਵਿਚ ਪਹਿਲੀ ਵਾਰ ਉਸ ਨੂੰ ਸੁਣਨ ਦਾ ਸਬੱਬ ਬਣਿਆ। ਸਕੂਲੇ ਪੜ੍ਹਦਿਆਂ ਕਿਸੇ ਵਡੇਰੀ ਉਮਰ ਦੇ ਸਾਥੀ ਦੇ ਦੱਸਣ 'ਤੇ ਅਸੀਂ ਉਚੇਚੇ ਉਸ ਨੂੰ ਵੇਖਣ ਲਈ ਗਏ ਸਾਂ ਅਤੇ ਉਸ ਦੇ ਗੀਤ:

ਚਿੱਟੀ ਚਿੱਟੀ ਪਗੜੀ ਘੁੱਟ ਘੁੱਟ ਬੰਨ੍ਹ ਕੇ
ਵਿਚ ਵੇ ਗੁਲਾਬੀ ਫੁੱਲ ਟੰਗਿਆ ਕਰ



*ਅਮਰਜੀਤ ਸਿੰਘ ਗੁਰਦਾਸਪੁਰੀ*

ਭਲਾਂ ਤੈਨੂੰ ਮੇਰੀ ਸਹੁੰ ਈ...
ਵਿਚ ਵੇ ਗੁਲਾਬੀ...।

ਨੀਵੀਂ ਪਾਈ ਰੱਖਦਾ ਏਂ
ਨਿੱਤ ਸ਼ਰਮਾਕਲਾ ਵੇ
ਭਲਾਂ ਤੈਨੂੰ ਮੇਰੀ ਸਹੁੰ ਈ...
ਸਾਡੇ ਤਾਂ ਬਨੇਰੇ ਵੱਲ ਤੱਕਿਆ ਕਰ।

ਦੀ ਪਾਕ ਪਵਿਤਰ ਲਰਜ਼ਿਸ਼ ਵੀ ਸਦਾ ਲਈ ਸਿਮਰਤੀ ਵਿਚ ਅੰਕਿਤ ਹੋ ਗਈ ਸੀ।

ਸਾਡੇ ਵਕਤਾਂ ਦੇ ਬਥੇਰੇ ਲੋਕ 50ਵਿਆਂ ਦੀਆਂ ਅਮਨ ਕਾਨਫਰੰਸਾਂ ਵਿਚ 'ਬਾਬਾ' ਤੇਰਾ ਸਿੰਘ ਚੰਨ ਦੇ ਲਿਖੇ 'ਕਾਗ ਸਮੇਂ' ਦਾ ਬੋਲਿਆ

*(ਬਾਕੀ ਅਗਲੇ ਸਫੇ 'ਤੇ)*

ਕਹਾਣੀ

# ਰੇਸ਼ਮੀ ਰੁਮਾਲ

ਬਚਿੰਤ ਕੌਰ

"ਇਕ ਘੁੱਟ ਤੱਤਾ ਪਾਣੀ ਦੇਈਂ ਧੀਏ, ਐ ਗੋਲੀ ਹੇਠਾਂ ਲਾਹ ਲਵਾਂ ਸੰਘ ਤੋਂ।" ਬਿਸ਼ਨੀ ਅੰਮਾ ਨੇ ਆਪਣੀ ਤੇਰਾਂ-ਚੌਦਾਂ ਵਰ੍ਹਿਆਂ ਦੀ ਪੋਤੀ ਮੁੰਨੀ ਨੂੰ ਆਵਾਜ਼ ਦਿੱਤੀ।

"ਅੰਮਾ ਜੀ ਮੈਂ ਕਵਿਤਾ ਯਾਦ ਕਰ ਰਹੀ ਆਂ।"

"ਕੀ ਕਵਿਤਾ ਏ ਕੁੜੇ ਪੁੱਤ ਮੈਨੂੰ ਵੀ ਸੁਣਾ। ਕਵਿਤਾ-ਪਾਠ ਤਾਂ ਮੈਨੂੰ ਵੀ ਬਹੁਤ ਚੰਗਾ ਲਗਦੈ।"

ਅੰਮਾ ਜੀ ਅੰਗਰੇਜ਼ੀ ਵਿਚ ਹੈ, ਤੁਹਾਨੂੰ ਨ੍ਹੀਂ ਸਮਝ ਪੈਣੀ।" ਤੱਤੇ ਪਾਣੀ ਦਾ ਪਿਆਲਾ ਅੰਮਾ ਮੂਹਰੇ ਕਰਦੀ ਮੁੰਨੀ ਬੋਲੀ ਸੀ। ਤੇ ਏਸ ਦੇ ਨਾਲ ਹੀ ਦੋ ਗੋਲੀਆਂ ਤੇ ਇਕ ਵੱਡਾ ਸਾਰਾ ਕੈਪਸੂਲ ਉਸ ਨੇ ਆਪਣੀ ਅੰਮਾ ਦੀ ਹਥੇਲੀ ਉਤੇ ਧਰ ਦਿੱਤਾ।

ਬਿਸ਼ਨੀ ਅੰਮਾ ਹੁਣ ਰਜਾਈ ਮੂੰਹ ਤੋਂ ਪਰ੍ਹਾਂ ਕਰਦੀ ਪਿਛਲੀ ਖਲੇਪੜ ਲੱਥੀ ਕੰਧ ਨੂੰ ਢਾਸਣਾ ਲਾ ਕੇ ਮੰਜੇ ਉਤੇ ਉਠ ਕੇ ਬੈਠ ਗਈ। ਉਸ ਦੇ ਬੁੱਲ੍ਹ ਸੁੱਕ ਕੇ ਪੇਪੜੀ ਬਣੇ ਪਏ ਸਨ। ਤੇ ਉਸ ਦੀਆਂ ਅੱਖਾਂ ਵਿਚੋਂ ਵਹਿੰਦਾ ਨੀਰ ਉਸ ਦੇ ਸਮੁੱਚੇ ਆਪੇ ਨੂੰ ਠਾਰਦਾ ਜਾ ਰਿਹਾ ਸੀ।

ਹਥੇਲੀ ਉਤੇ ਰੱਖੀਆਂ ਤਿੰਨੇ ਕੌੜੀਆਂ ਗੋਲੀਆਂ ਅੰਮਾ ਨੇ ਹੁਣ ਕੋਸੇ ਪਾਣੀ ਦੇ ਘੁੱਟ ਨਾਲ ਸੰਘੋਂ ਹੇਠ ਉਤਾਰ ਲਈਆਂ ਸਨ ਤੇ ਫੇਰ ਜਿਗਰਾ ਕੈੜਾ ਕਰਕੇ ਉਸ ਨੇ ਮੁੰਨੀ ਨੂੰ ਕਵਿਤਾ ਸੁਣਾਉਣ ਲਈ ਕਿਹਾ।

"ਅੰਮਾ ਜੀ ਤੁਸੀਂ ਤਾਂ ਖਹਿੜੇ ਹੀ ਪੈ ਜਾਂਦੇ ਹੋ। ਇਹ ਅੰਗਰੇਜ਼ੀ ਦੇ ਕਵੀ ਵੇਨ ਜੌਨਸਨ ਦੀ ਪੋਇਮ ਹੈ 'ਲਿੱਲੀ ਫਲਾਵਰ' ਥੋਨੂੰ ਨ੍ਹੀਂ ਸਮਝ ਆਉਣੀ।"

"ਲਿੱਲੀ ਫਲਾਵਰ! ਪੁੱਤ ਤੂੰ ਮੈਨੂੰ ਏਸ ਦਾ ਭਾਵ ਤਾਂ ਸਮਝਾ ਸਕਦੀ ਹੈਂ ਨਾ? ਬਚਪਨ ਵਿਚ ਮੈਨੂੰ ਵੀ ਪੜ੍ਹਨ ਦਾ ਬਹੁਤ ਸ਼ੌਕ ਸੀ ਪੁੱਤ ਪਰ।"

ਪਰ ਅੰਮਾ ਜੀ ਤੁਸੀਂ ਕੀ ਲੈਣਾ ਕਵਿਤਾ ਤੋਂ। ਸੌਂ ਜਾਓ ਦੋ ਘੜੀ ਆਰਾਮ ਨਾਲ। ਤੁਹਾਡੀ ਖਾਂਸੀ ਨੂੰ ਆਰਾਮ ਆ ਜਾਊ ਸੌਂ ਕੇ।"

"ਧੀਏ ਨੀਂਦ ਤਾਂ ਮੈਨੂੰ ਰਾਤਾਂ ਨੂੰ ਵੀ ਨ੍ਹੀਂ ਆਉਂਦੀ, ਦਿਨ 'ਚ ਭਲਾ ਕਿਵੇਂ ਆਊ। ਤੂੰ ਸੁਣਾ ਮੇਰੀ ਧੀ ਕੁਛ ਮੈਨੂੰ ਪੜ੍ਹ ਕੇ।" ਬਿਸ਼ਨੀ ਅੰਮਾ ਨੂੰ ਬਚਪਨ ਤੋਂ ਹੀ ਕਵਿਤਾ ਪਾਠ ਅਤੇ ਕਵਿਤਾ ਸੁਣਨ ਦਾ ਸ਼ੌਕ ਰਿਹਾ ਸੀ।

"ਅੱਛਾ ਸੁਣੋ, ਕਵਿਤਾ ਦਾ ਅਰਥ ਹੈ ਕਿ ਜ਼ਿੰਦਗੀ ਭਾਵੇਂ ਛੋਟੀ ਹੀ ਹੋਵੇ ਪਰ ਮੰਤਵ ਮਹਾਨ ਹੋਣੇ ਚਾਹੀਦੇ ਹਨ। ਜਿਵੇਂ ਇਕ ਫੁੱਲ, ਜਿਸ ਦਾ ਨਾਉਂ 'ਲਿੱਲੀ' ਹੈ ਸਵੇਰੇ ਖਿੜਦਾ ਹੈ ਤੇ ਸ਼ਾਮੀਂ ਮੁੱਕ ਜਾਂਦਾ ਹੈ। ਪਰ ਜਿੰਨਾ ਚਿਰ ਖਿੜਿਆ ਰਹਿੰਦਾ ਹੈ, ਸਭ ਨੂੰ ਖੁਸ਼ਬੂਆਂ ਵੰਡਦਾ ਹੈ।"

"ਇਹ ਤਾਂ ਬੜੀ ਚੰਗੀ ਕਵਿਤਾ ਹੈ ਪੁੱਤ।" ਆਪਣੀਆਂ ਬੁਝੀਆਂ-ਬੁਝੀਆਂ ਅੱਖਾਂ ਨੂੰ ਆਪਣੀ ਸੱਜੀ ਹਥੇਲੀ ਨਾਲ ਮਲ੍ਹਦਿਆਂ ਜਿਵੇਂ ਉਸ ਨੇ ਕੁਝ ਢੂੰਡਣਾ ਚਾਹਿਆ। ਅਚਾਨਕ ਸਾਹਮਣੀ ਪੱਕੀ ਕੰਧ ਉਤੇ ਆਈ ਸਿਲ ਕਾਰਨ ਬਣਿਆ ਇਕ ਚੱਟਾਕ ਪ੍ਰਸ਼ਨ ਚਿੰਨ੍ਹ ਬਣ ਕੇ ਉਸ ਦੇ ਸਾਹਮਣੇ ਉਘੜ ਆਇਆ ਸੀ।

ਪੂਰੇ ਇਕ ਘੱਟ ਅੱਸੀਆਂ ਵਰ੍ਹਿਆਂ ਦੀ ਉਮਰ ਹੋ ਚੁੱਕੀ ਸੀ। ਜ਼ਿੰਦਗੀ ਦੁਆਲੇ ਰੁੱਤਾਂ ਦੇ ਅਣ-ਗਿਣਤ ਗੇੜ ਉਸ ਨੂੰ ਛੂਹ-ਛੂਹ ਕੇ ਲੰਘ ਗਏ ਸਨ। ਬਿਸ਼ਨੀ ਅੰਮਾ ਅਜੇ ਵੀ ਅਣ-ਬੁਝੀ ਬੱਤੀ ਦੀ ਤਰ੍ਹਾਂ ਬਲ ਰਹੀ ਸੀ ਜਿਸ ਵਿਚੋਂ ਤੇਲ ਮੁੱਢ ਤੋਂ ਹੀ ਮੁੱਕ ਗਿਆ ਸੀ।

ਕੀ ਵੱਡਾ ਕਰਮ ਕਮਾਇਆ ਸੀ ਉਸ ਨੇ, ਬਿਨਾਂ ਤੇਲ ਦੀ ਬੱਤੀ ਵਾਂਗ ਜਲ੍ਹ ਕੇ? ਬਿਸ਼ਨੀ ਅੰਮਾ ਮਨ ਹੀ ਮਨ ਆਪਣੇ ਆਪੇ ਬਾਰੇ ਸੋਚਣ ਲੱਗੀ।

ਸਾਹਮਣੇ ਕੰਧ ਉਤਲਾ ਪ੍ਰਸ਼ਨ ਚਿੰਨ੍ਹ ਹੁਣ ਜਿਵੇਂ ਉਹਦੇ ਸਾਹਮਣੇ ਹੋਰ ਗੂੜਾ ਹੋ ਕੇ ਉਘੜ ਆਇਆ ਸੀ।

ਯਾਦਾਂ ਦੀਆਂ ਤੰਦਾਂ ਦੀ ਉਧੇੜ-ਬੁਣ ਵਿਚੋਂ ਉਸ ਨੇ ਜ਼ਿੰਦਗੀ ਦੇ ਸਾਰੇ ਪਤਰੇ ਫਰੋਲੇ, ਚੜ੍ਹਦੀ ਜਵਾਨੀ ਤੋਂ ਲੈ ਕੇ ਬਿਰਧ-ਅਵਸਥਾ ਤਕ। ਉਸ ਨੂੰ ਕੁਝ ਵੀ ਤਾਂ ਐਸਾ ਨਹੀਂ ਸੀ ਲੱਭਿਆ ਜਿਸ ਨੂੰ ਲੈ ਕੇ ਉਹ ਆਪਣੀ ਅੰਤਰ-ਆਤਮਾ ਨੂੰ ਧੀਰਜ ਦੇ ਸਕੇ। ਜਿਸ ਦਾ ਉਸ ਨੂੰ ਖੁਦ ਨੂੰ ਵੀ ਤੇ ਉਸ ਦੇ ਸਕੇ-ਸਬੰਧੀਆਂ ਨੂੰ ਵੀ ਮਾਣ ਹੋਇਆ ਹੋਵੇ।



ਰਜਾਈ ਦਾ ਪੱਲਾ ਪਰ੍ਹਾਂ ਹਟਾਉਂਦੀ ਬਿਸ਼ਨੀ ਅੰਮਾ, ਜਿਵੇਂ ਕਿਸੇ ਡਰਾਉਣੇ ਸੁਪਨੇ ਨੂੰ ਦੇਖਦੀ ਹੋਈ ਧੁਰ ਅੰਦਰੋਂ ਕੰਬ ਕੇ ਰਹਿ ਗਈ ਸੀ। ਫੇਰ ਉਸ ਦੀਆਂ ਯਾਦਾਂ ਦੀ ਤੰਦ ਪਿੱਛੇ, ਕਿਧਰੇ ਦੂਰ ਬੀਤੇ ਸਮਿਆਂ ਨਾਲ ਜਾ ਜੁੜੀ।

ਉਸ ਦਾ ਪਿਤਾ ਚੌਧਰੀ ਰਾਮ ਲਾਲ ਪਿੰਡ ਦਾ ਸਰਪੰਚ...ਲਾਗਲੇ ਦਸਾਂ ਹੋਰ ਪਿੰਡਾਂ ਦਾ ਮੰਨਿਆ-ਧਨਿਆ ਮੋਢੀ ਬੰਦਾ...ਤਿੰਨ ਸੌ ਤੋਂ ਵੱਧ ਵਿਘੇ ਜ਼ਮੀਨ ਦਾ ਮਾਲਕ...ਤੇ ਉਸ ਦੀ ਜ਼ਮੀਨ ਉਤੇ ਕੰਮ ਕਰਨ ਵਾਲੇ ਕਿੰਨੇ ਹੀ ਕਾਮੇ। ਤੇ ਇਨ੍ਹਾਂ ਕਾਮਿਆਂ ਵਿਚੋਂ ਹੀ ਇਕ ਖੁਸ਼ੀ ਰਾਮ ਦਾ ਪੁੱਤਰ ਨਸੀਬੂ...ਭਰ ਜੁਆਨ-ਬਾਂਕਾ ਗੱਭਰੂ...ਪੂਰੀਆਂ ਪੰਜ ਜਮਾਤਾਂ ਪਾਸ...ਖੇਤਾਂ ਤੋਂ ਲੈ ਕੇ ਹਵੇਲੀ ਤਕ, ਰਾਮ ਲਾਲ ਦਾ ਹਰ ਕੰਮ ਉਹ ਤਨ-ਮਨ ਨਾਲ ਕਰਦਾ ਸੀ।

ਦੋ ਮੰਜ਼ਲੀ ਹਵੇਲੀ ਦੇ ਕਿੰਨੇ ਹੀ ਨਿੱਕੇ ਮੋਟੇ ਕੰਮ ਸੁਆਰਦਾ ਉਹ ਦਿਨ-ਰਾਤ ਜਿਵੇਂ ਥੱਕਦਾ ਹੀ ਨਹੀਂ ਸੀ। ਬਿਸ਼ਨ ਕੌਰ ਦੀ ਮਾਂ ਦਾ ਤਾਂ ਜਿਵੇਂ ਪਲ ਭਰ ਵੀ ਨਸੀਬੂ ਬਿਨਾਂ ਨਹੀਂ ਸੀ ਸਰਦਾ। ਨਸੀਬੂ ਬਿਨਾਂ ਤਾਂ ਓਧਰ ਰਾਮ ਲਾਲ ਨੂੰ ਜ਼ਮੀਨਾਂ ਉਤੇ ਵੀ ਔਖ ਹੁੰਦੀ। ਪਰ ਇਨ੍ਹਾਂ ਦੋਵਾਂ ਤੋਂ ਇਲਾਵਾ ਭਰ ਜੁਆਨ, ਬਿਸ਼ਨ ਕੌਰ ਦੇ ਦਿਲ ਉਤੇ ਤਾਂ ਜਿਵੇਂ ਉਹ ਰਾਜ ਹੀ ਕਰਨ ਲਗ ਪਿਆ ਸੀ। ਬਿਸ਼ਨ ਕੌਰ ਮਨ ਹੀ ਮਨ ਸੋਚਦੀ, 'ਮੈਂ ਰਾਧਾ ਹਾਂ ਜਾਂ ਰੁਕਮਣੀ?'

ਸੁਬ੍ਹਾ-ਸਵੇਰੇ ਹਵੇਲੀ ਵਿਚ ਜਦ ਉਹ ਮੱਝਾਂ-ਗਾਈਆਂ ਨੂੰ ਪੱਠੇ ਪਾਉਣ ਆਉਂਦਾ ਤਾਂ ਦੂਰ ਖੜ੍ਹੀ ਬਿਸ਼ਨ ਕੌਰ ਉਸ ਨੂੰ ਓਹਲੇ ਹੋ ਹੋ ਨਿਹਾਰਦੀ ਨਾ ਥੱਕਦੀ। ਤੇ ਉਸ ਨੂੰ ਲਗਦਾ, ਉਹ ਤਾਂ ਨਸੀਬੂ ਦੀ ਰਾਧਾ ਵੀ ਹੈ ਤੇ ਰੁਕਮਣੀ ਵੀ।

ਜੋ ਵੀ ਸੀ, ਉਹ ਹੈ ਤਾਂ ਸਰਪੰਚ ਰਾਮ ਲਾਲ ਦਾ ਕਾਮਾ, ਖੁਸ਼ੀ ਰਾਮ ਦਾ ਪੁੱਤ ਨਸੀਬੂ ਹੀ ਨਾ। ਸਰਪੰਚ ਦੇ ਟੱਬਰ ਦਾ ਅੰਗ ਤਾਂ ਉਹ ਕਦੇ ਵੀ ਨਹੀਂ ਸੀ ਨਾ ਬਣ ਸਕਦਾ।

ਭਰ ਜੁਆਨ ਬਿਸ਼ਨ ਕੌਰ ਨੂੰ ਹੁਣ ਨਸੀਬੂ ਤੋਂ ਬਿਨਾਂ ਹੋਰ ਸਾਰੀ ਦੁਨੀਆਂ ਵਿਚ ਕੁਝ ਵੀ ਨਹੀਂ ਸੀ ਭਾਉਂਦਾ। ਦਿਨ ਰਾਤ, ਘੜੀ-ਪਲ ਉਸ ਦੀ ਆਤਮਾ ਨਸੀਬੂ ਦੇ ਅੰਗ-ਸੰਗ ਘੁੰਮਦੀ ਰਹਿੰਦੀ। ਉਹ ਨਸੀਬੂ ਨੂੰ ਆਪਣਾ ਤਨ-ਮਨ ਦੋਵੇਂ ਸੌਂਪਣ ਲਈ ਬਿਹਬਲ ਹੋ ਉਠੀ ਸੀ। ਤੇ ਇਉਂ ਉਸ ਨੇ ਆਪਣੇ-ਆਪ ਖੁਦ ਨੂੰ ਇਕੋ ਇਕ ਮਿਲੀ ਪ੍ਰੀਤ-ਘੜੀ ਵਿਚ ਨਸੀਬੂ ਹੱਥ ਸੌਂਪ ਦਿੱਤਾ ਸੀ।

ਨਸੀਬੂ ਨੇ ਵੀ ਚਿਰਾਂ ਤੋਂ ਬਿਸ਼ਨ ਕੌਰ ਨੂੰ ਰੁਕਮਣੀ ਦਾ ਸਥਾਨ ਦੇ ਰੱਖਿਆ ਸੀ। ਹੁਣ ਨਸੀਬੂ ਦੇ ਅੰਸ਼ ਦੀ ਖੁਸ਼ਬੂ ਨਾਲ ਬਿਸ਼ਨ ਕੌਰ ਦਾ ਲੂੰ-ਲੂੰ ਮਹਿਕ ਉਠਿਆ ਸੀ। ਪਰ ਇਹ ਤਾਂ ਸਰਪੰਚ ਦੀ ਚਿੱਟੀ ਪੱਗ ਉਤੇ ਕਾਲਾ ਸਿਆਹ ਦਾਗ ਸੀ। ਬਿਸ਼ਨ ਕੌਰ ਨੂੰ ਲੱਗਿਆ ਕਿ ਸਾਰਾ ਸ਼ਰੀਕਾ ਭਾਈਚਾਰਾ, ਗਲੀ ਮੁਹੱਲੇ ਵਾਲੇ ਸਰਪੰਚ ਤੇ ਬਿਸ਼ਨ ਕੌਰ ਬਾਰੇ ਸਾਰੇ ਪਿੰਡ ਵਿਚ ਗੱਲਾਂ ਕਰ ਰਹੇ ਸਨ। ਸਰਪੰਚ ਰਾਮ ਲਾਲ ਨੂੰ ਇਹ ਰਿਸ਼ਤਾ ਕਦਾਚਿਤ ਵੀ ਕਬੂਲ ਨਹੀਂ ਸੀ। ਹਵੇਲੀ ਦੀ ਹਰ ਕੰਧ ਜਿਵੇਂ ਉਸ ਦੇ ਵਿਰੁੱਧ ਸੀ। ਹਵਾ ਵਿਚ ਸਾਜ਼ਿਸ਼ਾਂ ਦੀ ਬੂਅ ਫੈਲਣ ਲੱਗੀ।

ਇਕ ਰਾਤ ਜੋਬਨਮੱਤੀ ਬਿਸ਼ਨ ਕੌਰ ਨੇ ਹਵੇਲੀ ਦੀਆਂ ਕੰਧਾਂ ਦੇ ਬੁੱਲ੍ਹ ਫਰਕਦੇ ਆਪਣੀ ਅੱਖੀਂ ਦੇਖੇ ਵੀ ਤੇ ਕੰਨੀ ਸੁਣੇ ਵੀ।

ਸਾਲ੍ਹੇ ਦੀਆਂ ਟੰਗਾਂ ਭੰਨ ਸੁੱਟੋ ਤੇ ਖੂਹ ਟੋਭਾ ਗੰਦਾ ਕਰੋ। ਹੋਰ ਕੋਈ ਚਾਰਾ ਨਹੀਂ ਰਿਹਾ ਹੁਣ। ਇਹ ਬਿਸ਼ਨੀ ਦੇ ਬਾਪੂ ਸਰਪੰਚ ਦੇ ਬੋਲ ਸਨ।

"ਤੇ ਕੁੜੀ ਦਾ ਕੀ ਕਰਨੈ? ਰਾਤ ਦੇ ਨ੍ਹੇਰੇ ਵਿਚ ਇਕ ਹੋਰ ਮਰਦਾਵੀਂ ਆਵਾਜ਼ ਉਭਰੀ-ਸਾਲ ਛੇ ਮਹੀਨੇ ਲਈ ਕੁੜੀ ਨੂੰ ਉਸ ਦੀ ਭੂਆ ਕੋਲ ਬੰਬਈ ਭੇਜ ਦੋ। ਓਹ ਓਥੇ ਹਸਪਤਾਲ ਵਿਚ ਨਰਸ ਲੱਗੀ ਹੋਈ ਹੈ।"

ਅਚਾਨਕ ਕੰਧ ਨਾਲ ਲੱਗੀ ਬੈਠੀ ਬਿਸ਼ਨੀ ਅੰਮਾ ਦੀ ਇਕ ਭਿਆਨਕ ਚੀਕ ਅੰਦਰ ਬੈਠੀ ਮੁੰਨੀ ਨੂੰ ਸੁਣਾਈ ਦਿੱਤੀ! ਉਹ ਭੱਜੀ-ਭੱਜੀ ਬਾਹਰ ਵਰਾਂਡੇ ਵਿਚ ਆਪਣੀ ਅੰਮਾ ਕੋਲ ਆਈ।

"ਕੀ ਹੋਇਆ ਅੰਮਾ?"

"ਕੁਝ ਨੀ ਪੁੱਤ ਐਵੇਂ ਸਿਰ ਘੁੰਮ ਗਿਆ ਸੀ ਮੇਰਾ। ਤੂੰ ਜਾ ਪੜ੍ਹ ਜਾ ਕੇ ਅੰਦਰ।"

ਮੁੰਨੀ ਨੂੰ ਦੇਖ ਬਿਸ਼ਨੀ ਅੰਮਾ ਦੀਆਂ ਅੱਖਾਂ ਵਿਚੋਂ ਮੱਲੋਮੱਲੀ ਹੰਝੂਆਂ ਦੀ ਇਕ ਧਾਰ ਵਹਿ ਤੁਰੀ ਸੀ।

ਹੰਝੂਆਂ ਦੇ ਧੁੰਦਲੇਪਣ ਵਿਚੋਂ ਸਾਹਮਣੀ ਕੰਧ ਉਤਲਾ ਪ੍ਰਸ਼ਨ ਚਿੰਨ੍ਹ ਹੁਣ ਉਸ ਦੇ ਸਾਹਮਣੇ ਨਸੀਬੂ ਦਾ ਚੇਹਰਾ ਬਣ ਕੇ ਆ ਖੜ੍ਹਾ ਹੋਇਆ ਸੀ।

ਉਹ ਕਿੱਥੇ! ਉਸ ਦੀ ਤਾਂ ਪੂਰੇ ਪਰਿਵਾਰ ਸਮੇਤ ਪਿੰਡ ਵਿਚ ਕਿਸੇ ਨੂੰ ਕੋਈ ਉਘ-ਸੁੱਘ ਨਹੀਂ ਲੱਗੀ।

ਪਿੱਛੋਂ ਗਈ ਰਾਤ ਨੂੰ ਪਿੰਡ ਦੀ ਮਾਸਟਰਾਣੀ ਹੱਥ ਨਸੀਬੂ ਦਾ ਲਿਖਿਆ ਇਕ ਰੁੱਕਾ ਬਿਸ਼ਨ ਕੌਰ ਨੂੰ ਮਿਲਿਆ ਸੀ।

"ਬਿਸ਼ਨ ਕੁਰੇ ਤੇਰੇ ਕੋਲ ਮੇਰੀ ਗਰੀਬ ਦੀ ਪਿਆਰ ਨਿਸ਼ਾਨੀ ਹੈ। ਏਸ ਨੂੰ ਸਾਂਭ ਕੇ ਪਾਲੀ-ਪੋਸੀਂ। ਪਿਆਰ ਦੀ ਜੜ੍ਹ ਹਰੀ ਰੱਖੀਂ।" ਤੱਤੀ ਹਵਾ ਦਾ ਇਕ ਤੇਜ਼ ਬੁੱਲਾ ਹੁਣ ਬਿਸ਼ਨੀ ਅੰਮਾ ਦੇ ਲੂੰ-ਲੂੰ ਵਿਚੋਂ ਲੰਘ ਗਿਆ ਸੀ।

ਬਸ ਉਸੇ ਘੜੀ ਬਿਸ਼ਨ ਕੌਰ ਨੇ ਭੈਣ-ਭਾਈ, ਮਾਂ-ਪਿਓ, ਸਾਕ-ਸਬੰਧੀ, ਘਰ-ਬਾਰ ਤੇ ਪਿੰਡ, ਸਭ ਕੁਝ ਤਿਆਗ ਦਿੱਤਾ। ਅੱਧੀ ਰਾਤ ਨੂੰ ਹੀ ਸ਼ੇਰਨੀ ਬਣ ਇਕੱਲੀ ਨੇ ਹੀ ਪਿੰਡ ਦੀ ਜੂਹ ਪਾਰ ਕਰ ਲਈ। ਤੇ ਆਪਣੀ ਹਮਦਰਦ ਮਾਸਟਰਾਣੀ ਦੀ ਦੂਰ ਕਲਕੱਤੇ ਰਹਿੰਦੀ ਇਕ ਸਹੇਲੀ ਕੋਲ ਜਾ ਪਹੁੰਚੀ।

ਜੋ ਹੁਣ ਏਸ ਦੁਨੀਆਂ ਵਿਚ ਭਾਵੇਂ ਨਹੀਂ ਰਹੀ। ਪਰ ਬਿਸ਼ਨੀ ਅੰਮਾ ਦੇ ਮਨ ਵਿਚ ਉਹ ਅਜੇ ਵੀ ਜਿਉਂਦੀ ਹੈ।

ਤੱਤੀ ਹਵਾ ਦਾ ਇਕ ਹੋਰ ਬੁੱਲਾ ਨਾ ਜਾਣੀਏ ਕਿਧਰੋਂ ਆ ਕੇ ਹੁਣ ਫੇਰ ਬਿਸ਼ਨੀ ਅੰਮਾ ਦਾ ਅੰਗ-ਅੰਗ ਵਲੂੰਧਰ ਗਿਆ ਸੀ।

ਬਾਹਰ ਵਿਹੜੇ ਵਿਚ ਖੇਡਦੇ ਗੋਭਲੇ ਗੋਭਲੇ ਢਾਈ-ਤਿੰਨ ਵਰ੍ਹਿਆਂ ਦੇ ਬਿਸ਼ਨੀ ਅੰਮਾ ਦੇ ਪੋਤੇ, ਟੋਨੀ ਦਾ ਪਜਾਮੀ ਵਿਚ ਹੀ ਸ਼ੂਸ਼ੂ ਨਿਕਲ ਗਿਆ ਸੀ ਤੇ ਉਹ ਝੁੰਝਲਾਹਟ ਜਿਹੀ ਵਿਚ ਤੁਰਦਾ ਹੋਇਆ ਅੰਮਾ ਦੇ ਮੰਜੇ ਕੋਲ ਆ ਖੜ੍ਹਾ ਹੋਇਆ।

ਸਾਹਮਣੀ ਕੰਧ ਉਤੇ ਬਣੇ ਸਵਾਲੀਆ ਚਿੰਨ੍ਹ ਉਤੇ ਤਾਕੀ ਵਿਚੋਂ ਆਉਂਦਾ ਧੁੱਪ ਦਾ ਇਕ ਨਿੱਘਾ ਨਿੱਘਾ ਟੇਪਾ ਹੁਣ ਬਿਸ਼ਨੀ ਦੇ ਸੱਜੇ ਮੋਢੇ ਨੂੰ ਨਿੱਘ ਦੇਣ ਲੱਗਿਆ।

ਬਿਸ਼ਨੀ ਅੰਮਾ ਨੇ ਕੰਬਦੇ ਬੋਲਾਂ ਨਾਲ ਮੁੰਨੀ ਨੂੰ ਆਵਾਜ਼ ਦਿੱਤੀ। ਤੇ ਉਹ ਆ ਕੇ ਟੋਨੀ ਦੇ ਕੱਪੜੇ ਬਦਲਣ ਵਿਚ ਰੁਝ ਗਈ।

ਟੋਨੀ ਰਾਮ ਸਿਓ ਨਸੀਬੂ ਤੇ ਉਸ ਦਾ ਪਿਤਾ ਖੁਸ਼ੀ ਰਾਮ। ਅੱਜ ਇਹ ਹਰਿਆ-ਭਰਿਆ ਵਿਹੜਾ ਖੁਸ਼ੀ ਰਾਮ ਦਾ ਹੀ ਤਾਂ ਸੀ। ਪਿੰਡ ਦੀ ਮਾਸਟਰਾਣੀ ਤੇ ਉਸ ਦੀ ਕਲਕੱਤੇ ਰਹਿੰਦੀ ਸਹੇਲੀ ਰੂਪੋ ਤੇ ਮਾਸਟਰਾਣੀ ਹੱਥ ਭੇਜਿਆ ਨਸੀਬੂ ਦਾ ਆਖਰੀ ਰੁਕਾ।

ਸਾਹਮਣੀ ਕੰਧ ਉਤੇ ਟਿਕਿਆ ਧੁੱਪ ਦਾ ਟੇਪਾ ਜਿਵੇਂ ਥਾਉਂ ਦਾ ਥਾਉਂ ਆ ਅਟਕਿਆ ਸੀ। ਬਿਸ਼ਨੀ ਅੰਮਾ ਨੇ ਕੰਬਦੇ ਬੁੱਲ੍ਹਾਂ ਨਾਲ ਮੁੰਨੀ ਨੂੰ ਆਪਣੇ ਕੋਲ ਬੁਲਾਇਆ ਤੇ ਅੰਦਰੋਂ ਲੋਹੇ ਦੇ ਟਰੰਕ ਵਿਚੋਂ ਇਕ ਨਿੱਕੀ ਜਿਹੀ ਲਾਲ ਮਖਮਲੀ ਗੰਢ ਲਿਆਉਣ ਲਈ ਕਿਹਾ।

ਮੁੰਨੀ ਦਾ ਪਿਤਾ, ਰਾਮ ਸਿਉਂ ਅਣ-ਵਿਆਹੀ ਮਾਂ ਬਿਸ਼ਨ ਕੁਰ ਦਾ ਇਕੋ ਇਕ ਪੁੱਤ। ਇਹ ਨਸੀਬੂ ਦੀ ਪਾਕ ਮੁਹੱਬਤ ਦੀ ਨਿਸ਼ਾਨੀ ਸੀ। ਉਸ ਪਿਆਰ ਦੀ ਜੋ ਪੂਰ ਨਾ ਚੜ੍ਹ ਸਕਿਆ। ਜਿਸ ਪਿਆਰ ਦਾ ਗਲਾ ਬਿਸ਼ਨੀ ਅੰਮਾ ਦੇ ਮਾਪਿਆਂ ਨੇ ਆਪਣੇ ਹੱਥੀਂ ਘੁੱਟ ਦਿੱਤਾ ਸੀ। ਤੇ ਵਿਚਾਰਾ ਨਸੀਬੂ!

ਬਿਸ਼ਨੀ ਅੰਮਾ ਦਾ ਪਿਓ, ਮਾਮਾ ਤੇ ਚਾਚਾ ਸਾਰੇ ਹੀ ਉਸ ਦੇ ਵੈਰੀ ਨਿਕਲੇ ਸੀ। ਆਪਣੀ ਪਿਆਰ ਨਿਸ਼ਾਨੀ, ਰਾਮ ਸਿਉਂ ਨੂੰ ਬਿਸ਼ਨੀ ਅੰਮਾ ਨੇ ਕਿਨ੍ਹੀਂ ਹਾਲੀਂ ਪਾਲ-ਪੋਸ ਕੇ ਵੱਡਾ ਕੀਤਾ ਤੇ ਵਿਆਹਿਆ-ਵਰ੍ਹਿਆ ਸੀ। ਫਲਸਰੂਪ ਅੱਜ ਉਸ ਦੇ ਪੋਤੇ ਪੋਤੀਆਂ ਹੁਣ ਬਿਸ਼ਨੀ ਅੰਮਾ ਦੇ ਬੋਲ ਭੁੰਜੇ ਨਹੀਂ ਸੀ ਡਿੱਗਣ ਦਿੰਦੇ। ਪਰ ਜੇ ਕਿਤੇ ਅੱਜ ਰਾਮ ਸਿਉਂ ਦਾ ਪਿਤਾ ਹੁੰਦਾ ਤਾਂ ਆਪਣੇ ਖੁਸ਼ੀ ਵਸਦੇ ਟੱਬਰ ਨੂੰ ਦੇਖ ਜਿਵੇਂ ਫੁਲਿਆ ਨਾ ਸਮਾਉਂਦਾ। ਪਰ...। ਪਰ ਡੁੱਬੀ ਤਾਂ ਹੀ ਜੇ ਸਾਹ ਨਾ ਆਇਆ। ਚਾਣਚਕ, ਬਿਸ਼ਨੀ ਅੰਮਾ ਦੇ ਧੁਰ ਅੰਦਰੋਂ ਇਕ ਠੰਢਾ ਸੀਤ ਹਉਕਾ ਨਿਕਲਿਆ। ਪਿੰਡ ਦੇ ਸਰਪੰਚ ਦਾ ਇਕ ਹੋਣਹਾਰ ਕਾਮਾ। ਪੂਰੀਆਂ ਪੰਜ ਜਮਾਤਾਂ ਪਾਸ। ਪਰ ਸੀ ਤਾਂ ਜ਼ਿਮੀਂਦਾਰ ਦਾ ਕਾਮਾ ਹੀ ਨਾ।

ਸਰੀਕਾਂ ਦੇ ਬੋਲ। ਭਾਈਚਾਰੇ 'ਚ ਪੱਗ ਦੀ ਲਾਜ।

ਬਸ ਏਸੇ ਲਾਜ ਖਾਤਰ ਸਰਪੰਚ ਨੇ ਰਾਤੋ ਰਾਤ ਆਪਣੇ ਏਸ ਗੱਭਰੂ ਜੁਆਨ ਕਾਮੇ, ਨਸੀਬੂ ਦੇ ਟੋਟੇ ਟੋਟੇ ਕਰਵਾ ਕੇ ਪਿੰਡ ਦੀ ਜੂਹ ਤੋਂ ਬਾਹਰ ਅੰਨ੍ਹੇ ਖੂਹ ਵਿਚ ਸੁਟਵਾ ਦਿੱਤੇ ਸਨ। ਕਿਸੇ ਨੂੰ ਕੰਨੋ-ਕੰਨ ਖਬਰ ਨਹੀਂ ਸੀ ਹੋਈ। ਦੋ ਚਾਰ ਦਿਨ ਪਿੰਡ ਵਿਚ ਘੁਸਰ ਮੁਸਰ ਹੋਈ ਫੇਰ ਜਿਵੇਂ ਨਸੀਬੂ ਦੇ ਪੂਰੇ ਪਰਿਵਾਰ ਦਾ ਕਿਸੇ ਨੇ ਕਦੇ ਨਾਉਂ ਵੀ ਨਹੀਂ ਸੀ ਲਿਆ। ਤੇ ਸੁਖ ਰਾਮ ਨੂੰ ਉਸ ਦੇ ਪਰਿਵਾਰ ਸਮੇਤ, ਰਾਤੋ ਰਾਤ ਪਿੰਡ ਹੀ ਨਹੀਂ ਸਗੋਂ ਪੂਰੇ ਜ਼ਿਲੇ ਤੋਂ ਹੀ ਬਾਹਰ ਖਦੇੜ ਦਿੱਤਾ ਗਿਆ ਸੀ। ਤੇ ਉਤੋਂ ਡਾਂਗਾਂ ਮਾਰ ਮਾਰ ਉਸ ਦੇ ਗਰੀਬ ਮਾਂ ਪਿਓ ਦਾ ਬੁਰਾ ਹਾਲ ਕਰਾ ਛੱਡਿਆ ਸੀ।

ਬਿਸ਼ਨੀ ਅੰਮਾ ਨੇ ਮਖਮਲ ਦੇ ਰੁਮਾਲ ਦੀ ਨਿੱਕੀ ਜਿਹੀ ਗੰਢ ਨੂੰ ਨਮਸਕਾਰਿਆ ਤੇ ਫੇਰ ਸਿਰ 'ਤੇ ਚੁੰਨੀ ਕਰਦਿਆਂ ਉਸ ਨੂੰ ਦੋਵੇਂ ਹੱਥਾਂ ਨਾਲ ਇਉਂ ਖੋਲ੍ਹਿਆ ਜਿਵੇਂ ਕੋਈ ਧਾਰਮਿਕ ਗਰੰਥ ਦੇ ਪੱਤਰੇ ਖੋਲ੍ਹਣ ਲੱਗਿਆ ਹੋਵੇ। ਕਾਗਜ਼ ਦਾ ਪੁਰਾਣਾ ਪੀਲਾ ਹੋ ਚੁੱਕਿਆ ਖਸਤਾ ਟੋਟਾ, ਬਿਸ਼ਨੀ ਅੰਮਾ ਦੇ ਹੱਥਾਂ ਵਿਚ ਥਰ ਥਰ ਕੰਬਣ ਲੱਗਿਆ। ਪਰ ਉਸ ਨੇ ਓਸ ਕਾਗਜ਼ ਦੇ ਟੁਕੜੇ ਨੂੰ ਆਪਣੀਆਂ ਅੱਖਾਂ ਨੂੰ ਲਾ ਕੇ ਸ਼ਰਧਾ ਨਾਲ ਨਮਸਕਾਰਿਆ, ਜਿਵੇਂ ਉਸ ਦਾ ਇਹ ਮਖਮਲੀ ਰੁਮਾਲ, ਜਿਸ ਵਿਚ ਨਸੀਬੂ ਦੇ ਹੱਥੀਂ ਲਿਖਿਆ 'ਰੁੱਕਾ' ਸੀ, ਕਿਸੇ ਕਸਤੂਰੀ ਦੀ ਸੁਗੰਧ ਨਾਲ ਭਰਿਆ ਹੋਇਆ ਹੋਵੇ। ਅੰਮਾ ਕੀ ਹੈ ਇਹ? ਮੁੰਨੀ ਨੇ ਅੰਮਾ ਨੂੰ ਪੁੱਛਿਆ।

"ਇਹ ਮੇਰਾ ਬੀਤਿਆ ਕੱਲ੍ਹ ਹੈ ਮੁੰਨੀ। "ਮੇਰਾ ਲਿੱਲੀ ਫਲਾਵਰ" ਇਹੀ ਹੈ ਪੁੱਤ।

# ਕੌਨ ਜੀਤਾ ਹੈ ਤੇਰੀ ਜ਼ੁਲਫ ਕੇ ਸਰ ਹੋਨੇ ਤੱਕ...

(ਪਿਛਲੇ ਸਫੇ ਦੀ ਬਾਕੀ)

ਅਮਨਾਂ ਦੀ ਬੋਲੀ' ਗੀਤ ਨੂੰ ਉਸ ਦਾ ਮਾਸਟਰ-ਪੀਸ ਮੰਨਦੇ ਹਨ, ਪਰ ਮੈਨੂੰ ਉਸ ਦਾ ਸਭ ਤੋਂ ਵੱਧ ਮਨਮੋਹਕ 'ਭਲਾਂ ਮੈਨੂੰ ਤੇਰੀ ਸਹੁੰ' ਵਾਲਾ ਗੀਤ ਹੀ ਲੱਗਦਾ ਰਿਹਾ ਹੈ। ਇਸ ਗੀਤ ਦੇ ਸਮੇਂ ਦਾ ਜ਼ਿਕਰ ਵੀ ਉਹਨੇ ਕਈ ਥਾਈਂ ਕੀਤਾ ਹੈ ਅਤੇ ਇਹ ਜ਼ਿਕਰ ਮੈਂ ਆਪ 1964 ਵਾਲੇ ਜਲਵੇ ਤੋਂ 25-30 ਵਰ੍ਹੇ ਬਾਅਦ ਉਸ ਦੇ ਪਿੰਡ, ਉਸ ਦੇ ਘਰੇ ਗੁਜ਼ਾਰੀ ਰਾਤ ਦੌਰਾਨ ਗੱਲਬਾਤ ਸਮੇਂ ਖੁਦ ਉਸ ਦੇ ਮੂੰਹੋਂ ਵੀ ਸੁਣਿਆ ਸੀ।

ਗੁਰਦਾਸਪੁਰੀ ਦੇ ਦੱਸਣ ਅਨੁਸਾਰ, ਚੜ੍ਹਦੀ ਜਵਾਨੀ ਦੇ ਦਿਨੀਂ ਬੱਸ 'ਤੇ ਬਾਹਰੋਂ ਕਿਤਿਓਂ ਆਉਂਦਿਆਂ ਉਸ ਦਾ ਬਾਬਾ ਬਕਾਲਾ ਵਿਖੇ ਆਪਣੀ ਪਤਨੀ ਦੀ ਕਿਸੇ ਸਕੂਲ ਮਾਸਟਰ ਸਹੇਲੀ ਦੇ ਘਰੇ ਠਹਿਰਨ ਦਾ ਸਬੱਬ ਬਣ ਗਿਆ। ਸਹੇਲੀ ਦਾ ਚਾਅ ਮਿਉਂਦਾ ਨਹੀਂ ਸੀ। ਬੈਠਿਆਂ ਬੈਠਿਆਂ ਉਹਨੇ ਅਚਾਨਕ ਹੀ ਕਿਹਾ ਕਿ ਵੀਰ ਜੀ ਤੁਸੀਂ ਬੜਾ ਸੁਹਣਾ ਗਾਉਂਦੇ ਹੋ, ਅੱਜ ਜ਼ਰਾ ਮੇਰਾ ਗੀਤ ਵੀ ਸੁਣ ਕੇ ਵੇਖੋ...। ਤੇ ਸਹੇਲੀ ਨੇ ਇਹ ਗੀਤ ਸੁਣਾਇਆ ਸੀ।

ਗੁਰਦਾਸਪੁਰੀ ਦੇ ਮੂੰਹੋਂ ਇਹ ਸੁਣਦਿਆਂ ਮੇਰੇ ਮਨ ਅੰਦਰ ਉਸ 'ਕੁੜੀ' ਦਾ ਸਿਰਨਾਵਾਂ ਜਾਣਨ ਦੀ ਤੀਬਰ ਇੱਛਾ ਜਾਗੀ, ਪਰ ਝਿਜਕ ਹੀ ਬਣੀ ਰਹਿ ਗਈ। ਕੁਝ ਸਮਾਂ ਪਹਿਲਾਂ ਨੈਟ ਉਪਰ ਨਿੰਦਰ ਘੁੰਗਿਆਣਵੀ ਨਾਲ ਇੰਟਰਵਿਊ ਦੌਰਾਨ ਉਨ੍ਹਾਂ ਮੇਰੀ ਮੁਲਾਕਾਤ ਤੋਂ ਹੋਰ 20-25 ਵਰ੍ਹੇ ਬਾਅਦ ਉਹੋ ਕਹਾਣੀ ਮੁੜ ਸੁਣਾਈ, ਤੇ ਇਹ ਸੁਣਦਿਆਂ ਮੈਨੂੰ ਮੁੜ ਅਫਸੋਸ ਹੋ ਰਿਹਾ ਸੀ ਕਿ ਮੈਥੋਂ ਉਦੋਂ ਗੁਰਦਾਸਪੁਰੀ ਕੋਲੋਂ ਉਸ ਕੁੜੀ ਦਾ ਪਤਾ ਪੁੱਛਿਆ ਕਿਉਂ ਨਾ ਗਿਆ। ਤੇ ਅੱਜ ਵੀ ਮੈਨੂੰ ਉਨ੍ਹਾਂ ਪਲਾਂ ਨੂੰ ਤਸੱਵਰ ਵਿਚ ਲਿਆਉਂਦਿਆਂ ਉਨ੍ਹਾਂ ਬੋਲਾਂ ਵਿਚਲੀ ਮਸੂਮੀਅਤ ਹਾਂਟ ਕਰਦੀ ਹੈ ਤੇ ਉਸ ਕੁੜੀ ਨੂੰ ਵੇਖਣ ਦੀ ਤੀਬਰ ਲੋਚਾ ਉਤਪੰਨ ਹੁੰਦੀ ਹੈ। ਦਰਵੇਸ਼ ਗਾਇਕ ਨਾਲ ਮੁਲਾਕਾਤ ਕਰ ਕੇ 'ਪੰਜਾਬੀ ਟ੍ਰਿਬਿਊਨ' ਲਈ ਜੋ ਫੀਚਰ ਲਿਖਿਆ, ਉਸ ਵਿਚ ਮੈਂ ਉਦੋਂ ਵੀ ਇਸ ਚਾਹਤ ਦਾ ਸੰਕੇਤ ਦਿਤਾ ਸੀ, ਪਰ ਅਖਬਾਰ ਵਿਚ ਸਪੇਸ ਦੀ ਸਦੀਵੀ ਘਾਟ ਦੀਆਂ ਮਜਬੂਰੀਆਂ ਕਾਰਨ ਐਡਿਟਿੰਗ ਦੌਰਾਨ ਉਹ ਹਵਾਲਾ ਛਾਂਗਿਆ ਗਿਆ ਜੋ ਮੇਰੀ ਜਾਚੇ ਉਸ ਫੀਚਰ ਦੀ ਜਾਨ ਸੀ!

ਆਪਣੇ ਬਿਰਤਾਂਤ ਨੂੰ ਮੇਰਾ ਇਹ ਦੱਸੇ ਬਿਨਾ ਬੰਦ ਕਰਨ ਨੂੰ ਜੀਅ ਨਹੀਂ ਕਰਦਾ ਕਿ ਮੈਨੂੰ ਸੁਰਜੀਤ ਪਾਤਰ ਦੀ ਖੁਦ ਆਪਣੀ ਆਵਾਜ਼ ਅਤੇ ਉਪਕਾਰ ਸਿੰਘ ਦੀ ਆਵਾਜ਼ ਵਿਚ:

ਕੋਈ ਡਾਲੀਆਂ 'ਚੋਂ ਲੰਘਿਆ
ਹਵਾ ਬਣ ਕੇ...।

ਹਰਪ੍ਰੀਤ ਸਿੰਘ ਮੋਗਾ ਦੀ ਆਵਾਜ਼ ਵਿਚ ਸੁਖਮਿੰਦਰ ਅੰਮ੍ਰਿਤ ਦਾ:

ਤੇਰੇ ਪਰਾਂ 'ਚ ਰਹਿਣੀ
ਜਦ ਤੱਕ ਉਡਾਣ ਬਾਕੀ
ਰਹਿਣੇ ਨੇ ਉਦੋਂ ਤੀਕਰ
ਇਹ ਇਮਤਿਹਾਨ ਬਾਕੀ
ਦੇਖੀ ਤੂੰ ਕਿੱਥੇ ਹਾਲੇ
ਮੇਰੇ ਇਸ਼ਕ ਦੀ ਬੁਲੰਦੀ
ਆਕਾਸ਼ ਮੁੱਕ ਗਿਆ ਏ,
ਹਾਲੇ ਉਡਾਣ ਬਾਕੀ।

ਤੇ ਇਥੇ ਟੋਰਾਂਟੋ ਦੇ ਗਾਇਕ ਕੁਲਦੀਪ ਦੀਪਕ ਦੀ ਆਵਾਜ਼ ਵਿਚ:

ਇਕ ਸਾਹ ਸੱਜਣਾਂ ਦਾ
ਇਕ ਸਾਹ ਮੇਰਾ
ਕਿਹੜੀ ਰੁੱਤੇ ਅਸੀਂ ਬੀਜੀਏ ਨੀ ਮਾਂ
ਗਹਿਣੇ ਤਾਂ ਪਈ ਸਾਡੇ
ਦਿਲ ਵਾਲੀ ਧਰਤੀ
ਹੋਰ ਕੋਈ ਜਚਦੀ ਨਾ!
ਇਕ ਸਾਹ ਸੱਜਣਾਂ ਦਾ...।

ਬੋਲਾਂ ਵਾਲੇ ਗੀਤ ਬੇਹੱਦ ਚੰਗੇ ਲੱਗੇ ਸਨ।

ਆਬਿਦਾ ਪ੍ਰਵੀਨ ਸਾਡੇ ਸਮਿਆਂ 'ਚ ਗਾਇਨ ਜਗਤ ਦੀ ਇਕ ਹੋਰ ਸਿਖਰ ਹੈ। ਮੈਂ ਚਾਹਾਂਗਾ ਕਿ ਉਸ ਦਾ ਗੀਤ:

ਯਾਰ ਕੋ ਹਮ ਨੇ ਜਾ ਬਜਾ ਦੇਖਾ
ਕਹੀਂ ਜ਼ਾਹਿਰ ਕਹੀਂ ਛੁਪਾ ਦੇਖਾ।

ਕੋਈ ਸੱਜਣ ਸੁਣੇ ਤੇ ਜ਼ਰੂਰ ਦੱਸੇ ਕਿ ਇਸ ਨੂੰ ਸੁਣਦਿਆਂ ਉਸ ਨੂੰ ਸੰਗੀਤ ਦੇ ਪਿਤਾਮਾ ਆਰਫੀਅਸ ਦੇ ਮਿਥਕ ਦੀ ਸਦੀਆਂ ਤੋਂ ਚਲੀ ਆ ਰਹੀ ਮਕਬੂਲੀਅਤ ਦਾ ਕੁਝ ਰਾਜ਼ ਸਮਝ ਆਇਆ ਜਾਂ ਨਹੀਂ!

ਜਿੰਨੀ ਦੇਰ ਇਨਸਾਨ ਦੀ ਹੋਂਦ ਹੈ, ਉਸ ਅੰਦਰ ਸਵੈ ਦੀਆਂ ਸੀਮਾਵਾਂ ਤੋਂ ਪਾਰ ਜਾਣ ਲਈ ਰੱਬ ਸੱਚੇ ਨਾਲ ਜੁੜਨ ਜਾਂ ਕਿਸੇ ਮਹਿਬੂਬ ਤਸੱਵਰ ਪ੍ਰਤੀ ਨਿਰੰਤਰ ਸਿਜਦੇ ਦੀ ਤੜਫ ਬਣੀ ਰਹਿਣੀ ਹੈ। ਸੋ ਸਾਡੀ ਜਾਚੇ ਇਸੇ ਤੜਫ ਨੂੰ ਹੀ ਮੁਖਾਤਬ ਹੈ ਪੂਰਬ ਅਤੇ ਪੱਛਮ ਦਾ ਸਾਰਾ ਸ਼ਾਸਤਰੀ ਸੰਗੀਤ, ਵਡਾਲੀ ਭਰਾਵਾਂ ਜਾਂ ਸਾਬਰੀ ਭਰਾਵਾਂ ਦਾ ਸੂਫੀ ਗਾਇਨ ਅਤੇ ਮੈਨੂੰ ਤਾਂ ਸੁਰਿੰਦਰ ਕੌਰ, ਅਮਰਜੀਤ ਗੁਰਦਾਸਪੁਰੀ ਜਾਂ ਮੀਸ਼ਾ ਸ਼ਫੀ ਦੇ ਗੀਤਾਂ 'ਚੋਂ ਵੀ ਇਸੇ ਤਰ੍ਹਾਂ ਦੀ ਸੋ ਆਉਂਦੀ ਹੈ।

(ਸਮਾਪਤ)

# ਭਾਰਤ ਦੀ ਆਜ਼ਾਦੀ ਸੰਗਰਾਮ ਦਾ ਅਜ਼ੀਮ ਹੀਰੋ-ਸਰਦਾਰ ਭਗਤ ਸਿੰਘ

ਪ੍ਰੋ. ਅਰਚਨਾ*
Email: angel7media@gmail.com

23 ਮਾਰਚ 1931 ਨੂੰ ਮਹਾਨ ਇਨਕਲਾਬੀ ਨੌਜੁਆਨ ਸ਼ਹੀਦੇ-ਆਜ਼ਮ ਭਗਤ ਸਿੰਘ ਅਤੇ ਉਨ੍ਹਾਂ ਦੇ ਦੋ ਸਾਥੀਆਂ-ਰਾਜਗੁਰੂ (ਸ਼ਿਵਰਾਮ ਰਾਜਗੁਰੂ, ਉਮਰ 22 ਸਾਲ, ਰਾਜਪੂਤ ਨਗਰ, ਪੁਣੇ, ਮਹਾਰਾਸ਼ਟਰ, ਜਨਮ 24 ਅਗਸਤ 1908) ਤੇ ਸੁਖਦੇਵ (ਸੁਖਦੇਵ ਥਾਪਰ, ਜਨਮ 15 ਮਈ 1907, ਉਮਰ 23 ਸਾਲ, ਲੁਧਿਆਣਾ) ਨੂੰ ਇਕੱਠਿਆਂ ਫਾਂਸੀ ਦਿੱਤੀ ਗਈ। ਬਰਤਾਨਵੀ ਅਖ਼ਬਾਰਾਂ ਦੀਆਂ ਰਿਪੋਰਟਾਂ ਅਨੁਸਾਰ ਜਦੋਂ ਇਨ੍ਹਾਂ ਨੂੰ ਜੇਲ੍ਹ ਵਿਚੋਂ ਫਾਂਸੀ ਲਈ ਲਿਜਾਇਆ ਗਿਆ ਤਾਂ ਉਹ ਲੈਨਿਨ ਦੀ ਜੀਵਨੀ ਪੜ੍ਹ ਰਹੇ ਸਨ।

ਕਿਹਾ ਜਾਂਦਾ ਹੈ ਕਿ ਜਦੋਂ ਜੇਲ੍ਹ ਅਧਿਕਾਰੀਆਂ ਨੇ ਉਨ੍ਹਾਂ ਨੂੰ ਇਹ ਖ਼ਬਰ ਦਿੱਤੀ ਕਿ ਉਨ੍ਹਾਂ ਦੀ ਫਾਂਸੀ ਦਾ ਸਮਾਂ ਆ ਗਿਆ ਹੈ ਤਾਂ ਉਨ੍ਹਾਂ ਨੇ ਕਿਹਾ ਰੁਕੋ! ਇੱਕ ਕ੍ਰਾਂਤੀਕਾਰੀ ਦੂਜੇ ਨੂੰ ਮਿਲ ਰਿਹਾ ਹੈ, ਤੇ ਫਿਰ ਇੱਕ ਮਿੰਟ ਦੇ ਬਾਅਦ ਕਿਤਾਬ ਵਗਾਹ ਕੇ ਛੱਤ ਵੱਲ ਮਾਰੀ ਤੇ ਗੁਣਗੁਣਾਉਣ ਲੱਗੇ:

ਦਿਲੋਂ ਨਿਕਲੇਗੀ ਨਹੀਂ ਮਰ ਕੇ ਵੀ
ਵਤਨ ਕੀ ਉਲਫਤ,
ਮੇਰੀ ਮਿੱਟੀ ਤੋਂ ਵੀ
ਖੁਸ਼ਬੂ-ਏ-ਵਤਨ ਆਏਗੀ।

ਫਾਂਸੀ ਤੋਂ ਫੌਰੀ ਬਾਅਦ ਪੰਜਾਬ ਵਿਚ ਕਰਫਿਊ ਵਾਲਾ ਮਾਹੌਲ ਹੋ ਗਿਆ। ਇੱਕ ਬੜੀ ਘਿਨੌਣੀ ਹਰਕਤ ਕੀਤੀ ਗਈ ਕਿ ਇਨ੍ਹਾਂ ਸ਼ਹੀਦਾਂ ਦੀਆਂ ਲਾਸ਼ਾਂ ਨੂੰ ਟੁਕੜਿਆਂ ਵਿਚ ਕਰਕੇ ਬੋਰੀਆਂ ਵਿਚ ਭਰ ਕੇ ਲਾਹੌਰ ਤੋਂ ਫਿਰੋਜ਼ਪੁਰ ਵੱਲ ਲੈ ਗਏ, ਜਿੱਥੇ ਮਿੱਟੀ ਦਾ ਤੇਲ ਪਾ ਕੇ ਜਲਾਇਆ ਜਾਣ ਲੱਗਾ। ਪਿੰਡ ਵਾਲੇ ਕੋਲ ਆਏ, ਉਨ੍ਹਾਂ ਨੇ ਇਹ ਅੱਗ ਵੇਖੀ ਤਾਂ ਅੰਗਰੇਜ਼ ਉਨ੍ਹਾਂ ਦੀਆਂ ਲਾਸ਼ਾਂ ਤੇ ਅੱਧ ਜਲੇ ਟੁਕੜੇ ਸਤਲੁਜ ਨਦੀ ਵਿਚ ਸੁੱਟ ਕੇ ਭੱਜ ਗਏ। ਇਲਾਕੇ ਦੇ ਲੋਕਾਂ ਨੇ ਇਨ੍ਹਾਂ ਲਾਸ਼ਾਂ ਨੂੰ ਇਕੱਠਿਆਂ ਕੀਤਾ ਤੇ ਤਰੀਕੇ ਨਾਲ ਸਸਕਾਰ ਕੀਤਾ। ਭਗਤ ਸਿੰਘ ਤੇ ਉਸ ਦੇ ਸਾਥੀ ਹਮੇਸ਼ਾ ਲਈ ਅਮਰ ਹੋ ਗਏ।

ਪੰਜਾਬ ਦੇ ਲੋਕ ਅੰਗਰੇਜ਼ਾਂ ਦੇ ਨਾਲ ਮੋਹਨ ਦਾਸ ਕਰਮ ਚੰਦ ਗਾਂਧੀ ਨੂੰ ਵੀ ਉਨ੍ਹਾਂ ਦੀ ਮੌਤ ਦਾ ਜਿੰਮੇਵਾਰ ਸਮਝਣ ਲੱਗ ਪਏ। ਇਸੇ ਕਾਰਨ ਜਦੋਂ ਗਾਂਧੀ ਕਰਾਚੀ ਸੈਸ਼ਨ ਵਿਚ ਹਿੱਸਾ ਲੈਣ ਜਾ ਰਹੇ ਸਨ ਤਾਂ ਲੋਕਾਂ ਨੇ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ। ਇਹ ਬਰਤਾਨਵੀ ਅਖ਼ਬਾਰਾਂ ਦੀਆਂ ਰਿਪੋਰਟਾਂ ਹਨ।


ਪੰਜਾਬ ਵਿਚ ਚੱਲ ਰਹੀ ਅੰਗਰੇਜ਼ਾਂ ਖਿਲਾਫ ਲੜਾਈ ਨੂੰ ਇਸ ਘਟਨਾ ਨੇ ਬਹੁਤ ਵੱਡਾ ਮੋੜ ਦਿੱਤਾ। ਭਗਤ ਸਿੰਘ ਦੇ ਵੱਡੇ ਵਡੇਰੇ ਪਿੰਡ ਨਾਰਲੀ, ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ। ਮੁਗਲ ਕਾਲ ਦੌਰਾਨ ਇਨ੍ਹਾਂ ਵਿਚੋਂ ਕੁਝ ਜਲੰਧਰ ਜ਼ਿਲ੍ਹੇ ਦੇ ਪਿੰਡ ਖਟਕੜ ਕਲਾਂ ਆ ਗਏ। ਭਗਤ ਸਿੰਘ ਦੇ ਦਾਦਾ ਸ. ਅਰਜਨ ਸਿੰਘ ਨੇ 1898 ਵਿਚ ਨਵੀਂ ਨਹਿਰੀ ਆਬਾਦੀ ਲਾਇਲਪੁਰ ਦੇ ਪਿੰਡ ਚੱਕ ਬੰਗਾ ਵਿਚ ਅੰਗਰੇਜ਼ੀ ਹਕੂਮਤ ਦੀ 25 ਏਕੜ ਜ਼ਮੀਨ ਅਲਾਟ ਕਰਨ ਦੀ ਪੇਸ਼ਕਸ਼ ਸਵੀਕਾਰ ਕਰ ਲਈ, ਜਦਕਿ ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ ਨੇ 1917 ਵਿਚ ਲਾਹੌਰ ਦੇ ਬਾਹਰ-ਵਾਰ ਪਿੰਡ ਖਵਾਸਰੀਆਂ ਵਿਚ ਜ਼ਮੀਨ ਹਾਸਲ ਕਰ ਲਈ।

ਸ਼ਹੀਦ ਭਗਤ ਸਿੰਘ ਦੇ ਅਦਾਲਤੀ ਰਿਕਾਰਡ ਵਿਚ ਉਨ੍ਹਾਂ ਦੇ ਪਿੰਡ ਵਾਲੇ ਮਕਾਨ ਦੀ ਤਲਾਸ਼ੀ ਦਾ ਗਵਾਹ (ਸਰਕਾਰੀ ਗਵਾਹ ਨੰਬਰ 401) ਵੀ ਪਿੰਡ ਚਮਰੂਪੁਰ ਦਾ ਦਿਲ ਮੁਹੰਮਦ ਲੰਬੜਦਾਰ ਸੀ। ਸ਼ਹੀਦ ਦੇ ਮਾਤਾ ਸ੍ਰੀਮਤੀ ਵਿੱਦਿਆਵਤੀ ਨੇ ਉਨ੍ਹਾਂ ਦੀ ਇਹ ਗੱਲ ਇੱਕ ਇੰਟਰਵਿਊ ਵਿਚ ਕੀਤੀ ਹੈ, "ਬੇਬੇ ਜੀ ਮੇਰੀ ਫਾਂਸੀ ਪਿੱਛੋਂ ਤੁਸੀਂ ਬੰਬੇ ਚਲੇ ਜਾਇਓ, ਤੁਹਾਨੂੰ ਏਥੇ ਕਿਸੇ ਨੇ ਵਸਣ ਨਹੀਂ ਦੇਣਾ।" ਪਿੱਛੋਂ ਇਹ ਜ਼ਮੀਨ ਸ. ਕਿਸ਼ਨ ਸਿੰਘ ਨੇ 1947 ਵੇਲੇ ਦੇ ਬਦਲਦੇ ਹਾਲਾਤ ਵਿਚ ਕਿਸੇ ਮੁਸਲਮਾਨ ਨੂੰ ਵੇਚ ਦਿੱਤੀ। ਭਗਤ ਸਿੰਘ ਬਾਰੇ ਸਾਰੇ ਸਰਕਾਰੀ ਦਸਤਾਵੇਜ਼ਾਂ ਵਿਚ ਉਹਦਾ ਪਿੰਡ ਖੁਆਸਰੀਆਂ, ਲਾਹੌਰ ਹੀ ਦਰਜ ਹੈ।

ਦੇਸ਼ ਦੀ ਆਜ਼ਾਦੀ ਲਈ ਮੁਹਿੰਮ: ਭਗਤ ਸਿੰਘ ਹਿੰਦੁਸਤਾਨ ਸੋਸ਼ਲਿਸ਼ਟ ਰਿਪਬਲਿਕਨ ਐਸੋਸੀਏਸ਼ਨ ਦਾ ਮੈਂਬਰ ਬਣ ਗਿਆ ਤੇ ਇੱਕ ਸਾਲ ਬਾਅਦ ਪਰਿਵਾਰ ਵੱਲੋਂ ਵਿਆਹ ਲਈ ਜ਼ੋਰ ਪਾਏ ਜਾਣ ਕਾਰਨ ਲਾਹੌਰ ਵਿਚਲਾ ਘਰ ਛੱਡ ਦਿੱਤਾ। ਲਾਹੌਰ ਦੇ ਨੈਸ਼ਨਲ ਕਾਲਜ ਦੀ ਪੜ੍ਹਾਈ ਵੀ ਖਤਮ ਹੋ ਗਈ। ਉਹ ਕ੍ਰਾਂਤੀਕਾਰੀ ਸੰਗਠਨ ਨਾਲ ਜੁੜ ਗਿਆ। 1927 ਵਿਚ ਕਕੋਰੀ ਰੇਲ ਗੱਡੀ ਡਾਕੇ ਦੇ ਮਾਮਲੇ ਵਿਚ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਨੂੰ ਲਾਹੌਰ ਦੇ ਦੁਸ਼ਹਿਰਾ ਮੇਲੇ ਦੌਰਾਨ ਬੰਬ ਧਮਾਕਾ ਕਰਨ ਦੇ ਦੋਸ਼ ਵਿਚ ਵੀ ਗ੍ਰਿਫਤਾਰ ਕੀਤਾ ਪਰ ਬਾਅਦ ਵਿਚ ਸੱਠ ਹਜ਼ਾਰ ਰੁਪਏ ਦੀ ਭਾਰੀ ਜ਼ਮਾਨਤ ਲੈਣ ਉਪਰੰਤ ਰਿਹਾ ਕਰ ਦਿੱਤਾ। ਉਸ ਨੇ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ। ਇਸ ਦਾ ਉਦੇਸ਼ ਸੇਵਾ, ਤਿਆਗ ਤੇ ਪੀੜ ਸਹਿ ਸਕਣ ਵਾਲੇ ਨੌਜਵਾਨ ਤਿਆਰ ਕਰਨੇ ਸੀ।

ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਦੀ ਸਹੁੰ ਖਾਧੀ। ਰਾਜਗੁਰੂ ਨਾਲ ਮਿਲ ਕੇ ਲਾਹੌਰ ਵਿਚ ਸਹਾਇਕ ਪੁਲਿਸ ਮੁਖੀ ਅੰਗਰੇਜ਼ ਅਧਿਕਾਰੀ ਜੀ. ਪੀ. ਸਾਂਡਰਸ ਨੂੰ 17 ਦਸੰਬਰ 1928 ਨੂੰ ਲਾਹੌਰ ਪੁਲਿਸ ਦੇ ਮੁੱਖ ਦਫਤਰ ਵਿਚੋਂ ਬਾਹਰ ਨਿਕਲਣ ਸਮੇਂ ਕਤਲ ਕਰ ਦਿੱਤਾ। ਇਸ ਕਾਰਵਾਈ ਵਿਚ ਕ੍ਰਾਂਤੀਕਾਰੀ ਚੰਦਰ ਸ਼ੇਖਰ ਆਜ਼ਾਦ ਨੇ ਵੀ ਉਨ੍ਹਾਂ ਦੀ ਮਦਦ ਕੀਤੀ। ਕ੍ਰਾਂਤੀਕਾਰੀ ਸਾਥੀ ਬਟੁਕੇਸ਼ਵਰ ਦੱਤ ਨਾਲ ਮਿਲ ਕੇ ਭਗਤ ਸਿੰਘ ਨੇ ਨਵੀਂ ਦਿੱਲੀ ਦੀ ਸੈਂਟਰਲ ਅਸੈਂਬਲੀ ਹਾਲ ਵਿਚ 8 ਅਪਰੈਲ 1928 ਨੂੰ ਅੰਗਰੇਜ਼ ਸਰਕਾਰ ਨੂੰ ਜਗਾਉਣ ਲਈ ਬੰਬ ਤੇ ਪਰਚੇ ਸੁੱਟੇ। ਇੱਥੇ ਹੀ ਇਨ੍ਹਾਂ ਦੋਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

1907 ਵਿਚ ਲੋਕਾਂ ਵਿਚ ਸਿਆਸੀ ਜਾਗਰੂਕਤਾ ਆ ਰਹੀ ਸੀ ਤੇ ਇਸ ਦੇ ਨਾਲ ਹੀ ਨਹਿਰੀ ਕਾਲੋਨੀਆਂ ਬਾਰੇ ਕਾਨੂੰਨ ਪਾਸ ਹੋਣ ਕਰਕੇ ਅੰਗਰੇਜ਼ੀ ਸਰਕਾਰ ਖਿਲਾਫ ਆਮ ਲੋਕਾਂ ਦਾ ਗੁੱਸਾ ਵਧ ਰਿਹਾ ਸੀ। ਲਾਲਾ ਲਾਜਪਤ ਰਾਏ ਨੇ ਵੀ 22 ਮਾਰਚ ਤੇ 6 ਅਪਰੈਲ 1907 ਨੂੰ ਬੜੀਆਂ ਭੜਕਾਊ ਤਕਰੀਰਾਂ ਕੀਤੀਆਂ ਸਨ। ਲੋਕਾਂ ਨੂੰ ਪਾਣੀ ਦੇ ਬਿੱਲ ਨਾ ਦੇਣ ਵਾਸਤੇ ਕਿਹਾ ਸੀ। ਅਜੀਤ ਸਿੰਘ ਨੇ ਲਾਹੌਰ ਦੇ ਬਰੈਡਲਾ ਹਾਲ ਵਿਚ ਸਰਕਾਰ ਵਿਰੁਧ ਇੱਕ ਰੋਹ ਭਰੀ ਤਕਰੀਰ ਕੀਤੀ ਸੀ। ਇਹ ਸਾਰਾ ਕੁਝ ਪੰਜਾਬ ਦੇ ਗਵਰਨਰ ਨੇ ਅੰਗਰੇਜ਼ ਵਾਇਸਰਾਏ ਅਤੇ ਲੰਡਨ ਵਿਚ ਇੰਡੀਆ ਆਫਿਸ ਨੂੰ ਲਿਖ ਭੇਜਿਆ ਸੀ। ਸਰਕਾਰ ਇਸ ਰੋਸ ਪ੍ਰਦਰਸ਼ਨ ਤੋਂ ਬੜੀ ਫਿਕਰਮੰਦ ਸੀ। ਅੰਗਰੇਜ਼ਾਂ ਨੇ ਫੈਸਲਾ ਕੀਤਾ ਕਿ ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਨੂੰ ਗ੍ਰਿਫਤਾਰ ਕਰਕੇ ਨਜ਼ਰਬੰਦ ਕਰ ਦਿੱਤਾ ਜਾਵੇ। ਲਾਜਪਤ ਰਾਏ ਨੂੰ 9 ਮਈ ਤੇ ਅਜੀਤ ਸਿੰਘ ਨੂੰ 3 ਜੂਨ 1907 ਨੂੰ ਗ੍ਰਿਫਤਾਰ ਕਰਕੇ ਮਾਂਡਲੇ, ਬਰਮਾ ਭੇਜ ਦਿੱਤਾ ਗਿਆ।



*ਸ਼ਹੀਦ ਭਗਤ ਸਿੰਘ*

ਭਗਤ ਸਿੰਘ ਦਾ ਇਨਕਲਾਬ ਨਾਲ ਸਬੰਧ: ਪੰਜਾਬ ਵਿਚ ਜਦੋਂ ਜੱਲਿਆਂ ਵਾਲੇ ਬਾਗ ਦਾ ਵਾਕਿਆ ਹੋਇਆ ਤਾਂ ਭਗਤ ਸਿੰਘ ਸਿਰਫ ਬਾਰਾਂ ਸਾਲ ਦਾ ਸੀ। ਖਬਰ ਮਿਲਦੇ ਹੀ ਉਹ ਆਪਣੇ ਸਕੂਲ ਤੋਂ ਪੈਦਲ ਚੱਲ ਕੇ ਜੱਲਿਆਂ ਵਾਲੇ ਬਾਗ ਪਹੁੰਚ ਗਿਆ। ਬਰਤਾਨਵੀ ਅਖ਼ਬਾਰਾਂ ਲਿਖਦੀਆਂ ਹਨ ਕਿ ਭਗਤ ਸਿੰਘ ਕਿਤਾਬਾਂ ਪੜ੍ਹਦਿਆਂ ਇਹ ਸੋਚਦਾ ਸੀ ਕਿ ਇਹ ਰਸਤਾ ਠੀਕ ਹੈ ਜਾਂ ਨਹੀਂ! ਮਹਾਤਮਾ ਗਾਂਧੀ ਦਾ ਨਾਮਿਲਵਰਤਣ ਅੰਦੋਲਨ ਛਿੜਨ ਤੋਂ ਬਾਅਦ ਉਸ ਨੇ ਗਾਂਧੀ ਦੇ ਅਹਿੰਸਕ ਤਰੀਕਿਆਂ ਨੂੰ ਛੱਡ ਕੇ ਹਿੰਸਕ ਅੰਦੋਲਨ ਦਾ ਰਸਤਾ ਚੁਣ ਲਿਆ।

ਇਸ ਇਨਕਲਾਬ ਨੇ ਦੇਸ਼ ਦੀ ਆਜ਼ਾਦੀ ਲਈ ਹਿੰਸਾ ਨੂੰ ਅਪਨਾਉਣਾ ਅਣਉਚਿਤ ਨਹੀਂ ਸਮਝਿਆ। ਭਗਤ ਸਿੰਘ ਨੇ ਗਦਰ ਪਾਰਟੀ ਦੀ ਵਿਚਾਰਧਾਰਾ ਤੋਂ ਪ੍ਰਭਾਵ ਲੈ ਕੇ ਹਥਿਆਰਬੰਦ ਘੋਲ ਨਾਲ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅਤੇ ਬਰਾਬਰੀ ਵਾਲਾ ਸਮਾਜ ਸਿਰਜਣ ਦਾ ਸੰਕਲਪ ਲੈ ਲਿਆ। ਉਨ੍ਹਾਂ ਦੇ ਦਲ ਦੇ ਪ੍ਰਮੁੱਖ ਕ੍ਰਾਂਤੀਕਾਰੀਆਂ ਵਿਚ ਚੰਦਰ ਸ਼ੇਖਰ ਆਜ਼ਾਦ, ਸੁਖਦੇਵ, ਰਾਜਗੁਰੂ ਤੇ ਭਗਵਤੀ ਚਰਨ ਵੋਹਰਾ ਸਨ।

ਬ੍ਰਿਟਿਸ਼ ਲਾਇਬ੍ਰੇਰੀ ਲੰਡਨ ਵਿਚ ਕੁਝ ਅਜਿਹੇ ਦਸਤਾਵੇਜ਼ ਪਏ ਹਨ, ਜਿਨ੍ਹਾਂ ਵਿਚ ਭਗਤ ਸਿੰਘ ਦੇ ਕੁਝ ਅਜਿਹੇ ਅਖ਼ਬਾਰੀ ਬਿਆਨ ਹਨ, ਜੋ ਕਦੀ ਵੀ ਮੀਡੀਏ ਦਾ ਹਿੱਸਾ ਨਹੀਂ ਬਣੇ। ਇੱਕ ਯੂਰਪੀਅਨ ਅਖ਼ਬਾਰ ਦੀ ਰਾਏ ਹੈ, "ਕੀ ਭਗਤ ਸਿੰਘ ਨੇ ਫਾਂਸੀ ਤੋਂ ਪਹਿਲਾਂ ਆਪਣੇ ਸਾਥੀ ਸ਼ਿਵ ਵਰਮਾ ਨੂੰ ਇਹ ਸ਼ਬਦ ਕਹੇ ਸਨ: ਜਦੋਂ ਮੈਂ ਇਨਕਲਾਬ ਦੇ ਰਾਹ 'ਤੇ ਕਦਮ ਵਧਾਇਆ, ਮੈਂ ਸੋਚਿਆ ਜੇ ਮੈਂ ਆਪਣੀ ਜਾਨ ਵਾਰ ਕੇ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਦੇਸ਼ ਦੇ ਕੋਨੇ ਕੋਨੇ ਵਿਚ ਫੈਲਾ ਸਕਿਆ ਤਾਂ ਮੈਂ ਸਮਝਾਂਗਾ ਕਿ ਮੇਰੀ ਜ਼ਿੰਦਗੀ ਦੀ ਕੀਮਤ ਪੈ ਗਈ ਹੈ। ਅੱਜ ਜਦੋਂ ਮੈਂ ਫਾਂਸੀ ਦੀ ਸਜ਼ਾ ਲਈ ਜੇਲ੍ਹ ਕੋਠੀ ਦੀਆਂ ਸਲਾਖਾਂ ਪਿੱਛੇ ਹਾਂ, ਮੈਂ ਆਪਣੇ ਦੇਸ਼ ਦੇ ਕਰੋੜਾਂ ਲੋਕਾਂ ਦੀ ਗਰਜਵੀਂ ਆਵਾਜ਼ ਵਿਚ ਨਾਅਰੇ ਸੁਣ ਸਕਦਾ ਹਾਂ। ਇੱਕ ਨਿੱਕੀ ਜਿਹੀ ਜ਼ਿੰਦਗੀ ਦੀ ਇਸ ਤੋਂ ਵੱਧ ਕੀ ਕੀਮਤ ਪੈ ਸਕਦੀ ਹੈ?"

ਭਗਤ ਸਿੰਘ ਨੂੰ ਉਰਦੂ ਤੇ ਪੰਜਾਬੀ ਤੋਂ ਇਲਾਵਾ ਹਿੰਦੀ, ਅੰਗਰੇਜ਼ੀ, ਬੰਗਲਾ ਤੇ ਸਿੰਧੀ ਵੀ ਆਉਂਦੀ ਸੀ। ਉਸ ਦਾ ਵਿਸ਼ਵਾਸ ਸੀ ਕਿ ਉਹਦੀ ਅਤੇ ਉਹਦੇ ਸਾਥੀਆਂ ਦੀ ਸ਼ਹਾਦਤ ਨਾਲ ਇੰਡੀਆ ਦੀ ਜਨਤਾ ਹੋਰ ਬੇਚੈਨ ਹੋ ਜਾਵੇਗੀ ਅਤੇ ਅਜਿਹਾ ਉਨ੍ਹਾਂ ਦੇ ਜ਼ਿੰਦਾ ਰਹਿਣ ਨਾਲ ਸ਼ਾਇਦ ਹੀ ਹੋ ਸਕੇ। ਸਜ਼ਾ ਸੁਣਾਏ ਜਾਣ ਪਿੱਛੋਂ ਮੁਆਫੀਨਾਮਾ ਲਿਖਣ ਤੋਂ ਨਾਂਹ ਕਰਦਿਆਂ ਇਸ ਦੇ ਵਿਰੋਧ ਵਿਚ ਅੰਗਰੇਜ਼ੀ ਸਰਕਾਰ ਨੂੰ ਇੱਕ ਪੱਤਰ ਲਿਖਿਆ ਜਿਸ ਵਿਚ ਭਗਤ ਸਿੰਘ ਨੇ ਫਾਂਸੀ ਦੀ ਥਾਂ ਉਨ੍ਹਾਂ ਨੂੰ ਗੋਲੀ ਨਾਲ ਉਡਾਉਣ ਦੀ ਗੱਲ ਕਹੀ ਹੈ। ਫਾਂਸੀ ਤੋਂ ਵੀਹ ਦਿਨ ਪਹਿਲਾਂ 3 ਮਾਰਚ ਨੂੰ ਆਪਣੇ ਭਰਾ ਕੁਲਤਾਰ ਨੂੰ ਲਿਖੇ ਪੱਤਰ ਵਿਚ ਲਿਖਿਆ ਸੀ:

ਉਸੇ ਯੇਹ ਫਿਕਰ ਹੈ ਹਰਦਮ
ਤਰਜ਼ੇ ਜਫਾ ਕਿਆ ਹੈ
ਹਮੇਂ ਯੇਹ ਸ਼ੌਕ ਹੈ
ਦੇਖੇਂ ਸਿਤਮ ਕੀ ਇੰਤਹਾ ਕਿਆ ਹੈ।
ਦਹਿਰ (ਦੁਨੀਆਂ) ਸੇ ਕਿਉਂ ਖਫਾ ਰਹੇ
ਚਰਖ (ਅਸਮਾਨ) ਸੇ ਕਿਉਂ ਗਿਲਾ ਕਰੇਂ।
ਸਾਰਾ ਜਹਾਂ ਅਦੂ (ਦੁਸ਼ਮਣ) ਸਹੀ
ਆਓ ਮੁਕਾਬਲਾ ਕਰੇਂ।

ਭਗਤ ਸਿੰਘ ਦੀ ਸੂਰਮਗਤੀ ਦਾ ਅਨੁਮਾਨ ਇਨ੍ਹਾਂ ਲਾਈਨਾਂ ਤੋਂ ਲਾਇਆ ਜਾ ਸਕਦਾ ਹੈ। ਭਗਤ ਸਿੰਘ ਦੀ ਮੌਤ ਦੀ ਖਬਰ ਨਿਊ ਯਾਰਕ ਦੇ ਅਖ਼ਬਾਰ 'ਡੇਲੀ ਵਰਕਰ' ਅਤੇ ਲਾਹੌਰ ਤੋਂ ਛਪਦੇ ਅੰਗਰੇਜ਼ੀ ਅਖ਼ਬਾਰ 'ਟ੍ਰਿਬਿਊਨ' ਨੇ ਛਾਪੀ। ਮਾਰਕਸਵਾਦੀ ਪੱਤਰਾਂ ਵਿਚ ਭਗਤ ਸਿੰਘ ਬਾਰੇ ਬਹੁਤ ਲੇਖ ਛਪੇ ਪਰ ਉਨ੍ਹਾਂ ਨੂੰ ਵੀ ਬੈਨ ਕਰ ਦਿੱਤਾ ਗਿਆ।

ਮਹਾਤਮਾ ਗਾਂਧੀ ਤੇ ਭਗਤ ਸਿੰਘ ਦੀ ਫਾਂਸੀ: ਭਗਤ ਸਿੰਘ ਦੀ ਫਾਂਸੀ ਸਬੰਧੀ ਅੱਜ ਤੱਕ ਇਤਿਹਾਸਕਾਰ ਤੇ ਚਿੰਤਕ ਇਹ ਕਹਿ ਰਹੇ ਹਨ ਕਿ ਭਗਤ ਸਿੰਘ ਦੀ ਫਾਂਸੀ ਬਾਰੇ ਮਹਾਤਮਾ ਗਾਂਧੀ ਦੀ ਭੂਮਿਕਾ 'ਤੇ ਕਈ ਤਰ੍ਹਾਂ ਦੇ ਪ੍ਰਸ਼ਨ ਚਿੰਨ੍ਹ ਹਨ। ਇੱਕ ਸਿਧਾਂਤ ਜੋ 'ਲੰਡਨ ਟਾਈਮਜ਼' ਤੇ ਵਿਸ਼ਵ ਦੀਆਂ ਹੋਰ ਅਖ਼ਬਾਰਾਂ ਵਿਚ ਛਪਿਆ, ਉਹ ਸੀ, ਮਹਾਤਮਾ ਗਾਂਧੀ ਭਗਤ ਸਿੰਘ ਦੀ ਫਾਂਸੀ ਨੂੰ ਰੋਕ ਸਕਦਾ ਸੀ, ਲੇਕਿਨ ਅਜਿਹਾ ਕਰਨ ਤੋਂ ਪ੍ਰਹੇਜ਼ ਕੀਤਾ ਗਿਆ। ਗਾਂਧੀ ਦੇ ਸਮਰਥਕਾਂ ਦੀ ਦਲੀਲ ਹੈ ਕਿ ਮਹਾਤਮਾ ਗਾਂਧੀ ਇਸ ਪੁਜੀਸ਼ਨ ਵਿਚ ਨਹੀਂ ਸਨ ਕਿ ਬ੍ਰਿਟਿਸ਼ ਹਕੂਮਤ ਨੂੰ ਫਾਂਸੀ ਤੋਂ ਰੋਕ ਸਕਦੇ ਸਗੋਂ ਉਹ ਦਾਅਵਾ ਕਰਦੇ ਸਨ ਕਿ ਉਨ੍ਹਾਂ ਨੇ ਭਗਤ ਸਿੰਘ ਦੇ ਜੀਵਨ ਨੂੰ ਬਚਾਉਣ ਲਈ ਪੂਰੀ ਵਾਹ ਲਾਈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਆਜ਼ਾਦੀ ਅੰਦੋਲਨ ਵਿਚ ਭਗਤ ਸਿੰਘ ਦੀ ਭੂਮਿਕਾ ਨੇਤਾ ਵਜੋਂ ਗਾਂਧੀ ਜੀ ਦੀ ਭੂਮਿਕਾ ਲਈ ਕੋਈ ਖਤਰਾ ਨਹੀਂ ਸੀ। ਇਸ ਲਈ ਕੋਈ ਕਾਰਨ ਨਹੀਂ ਸੀ ਕਿ ਉਹ ਭਗਤ ਸਿੰਘ ਦੀ ਮੌਤ ਚਾਹੁੰਦੇ।

ਕੁਝ ਲੋਕਾਂ ਦਾ ਖਿਆਲ ਹੈ ਕਿ ਭਗਤ ਸਿੰਘ ਨੂੰ ਫਾਂਸੀ ਲਾਉਣਾ ਅੰਗਰੇਜ਼ ਨੀਤੀ ਦੀਆਂ ਸਭ ਤੋਂ ਪ੍ਰਭਾਵਸ਼ਾਲੀ ਚਾਲਾਂ ਵਿਚੋਂ ਇੱਕ ਸੀ, ਉਨ੍ਹਾਂ ਨੇ ਇੱਕ ਤੀਰ ਨਾਲ ਦੋ ਨਿਸ਼ਾਨੇ ਲਾ ਦਿੱਤੇ। ਭਗਤ ਸਿੰਘ ਵਰਗੇ ਜ਼ਹੀਨ ਆਗੂ ਨੂੰ ਖਤਮ ਕਰ ਦਿੱਤਾ ਤੇ ਨਾਲ ਹੀ ਮਹਾਤਮਾ ਗਾਂਧੀ ਨੂੰ ਸ਼ੱਕੀ ਬਣਾ ਦਿੱਤਾ। ਆਮ ਲੋਕਾਂ ਦਾ ਗੁੰਮਰਾਹ ਹੋਣਾ ਤਾਂ ਸੌਖਾ ਹੀ ਸੀ। ਆਗੂਆਂ ਦਾ ਇੱਕ ਵੱਡਾ ਹਿੱਸਾ ਅੱਜ ਤੱਕ ਗੁੰਮਰਾਹ ਹੁੰਦਾ ਆ ਰਿਹਾ ਹੈ। ਜਦੋਂ ਕੋਈ ਨੁਕਤਾ ਸੱਚਾ ਜਾਂ ਝੂਠਾ ਲੋਕ ਮਨਾਂ ਵਿਚ ਘਰ ਕਰ ਜਾਵੇ ਤਾਂ ਇਤਿਹਾਸ ਦੇ ਤੱਤਾਂ ਦਾ ਕੋਈ ਵਾਹ ਨਹੀਂ ਹੁੰਦਾ। ਭਾਰਤ ਤੇ ਪਾਕਿਸਤਾਨ ਦੀ ਜਨਤਾ ਉਨ੍ਹਾਂ ਨੂੰ ਆਜ਼ਾਦੀ ਦੇ ਪ੍ਰਵਾਨੇ ਦੇ ਰੂਪ ਵਿਚ ਵੇਖਦੀ ਹੈ, ਜਿਸ ਨੇ ਆਪਣੀ ਜੁਆਨੀ ਸਹਿਤ ਸਾਰੀ ਜ਼ਿੰਦਗਾਨੀ ਦੇਸ਼ ਲਈ ਅਰਪਣ ਕਰ ਦਿੱਤੀ।

ਹਿੰਦੁਸਤਾਨ ਦੇ ਰਾਸ਼ਟਰੀ ਪ੍ਰਾਜੈਕਟ ਦੇ ਲਾਗੂ ਹੋਣ ਵਿਚ ਵੱਡੇ ਖੱਪਿਆਂ ਨੇ ਭਗਤ ਸਿੰਘ ਦੇ ਬਿੰਬ ਨੂੰ ਉਤਰੇਵੇਂ ਦੀ ਪੁੱਠ ਨਾਲ ਮੁੜ ਸਾਜਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਪੰਜਾਬ ਵਿਚ ਲਾਮਿਸਾਲ ਉਤਸ਼ਾਹ ਨਾਲ ਉਹਦਾ ਸ਼ਹੀਦੀ ਦਿਨ ਮਨਾਇਆ ਜਾਂਦਾ ਹੈ ਤੇ ਉਹਦੀਆਂ ਲਿਖਤਾਂ ਅੱਜ ਵੀ ਨੌਜਵਾਨ ਬੜੀ ਸੰਜੀਦਗੀ ਨਾਲ ਪੜ੍ਹਦੇ ਹਨ। ਭਗਤ ਸਿੰਘ ਦੀ ਜੇਲ੍ਹ ਨੋਟ ਬੁੱਕ ਸਭ ਤੋਂ ਵੱਧ ਮਨਪਸੰਦ ਲੇਖਕਾਂ ਦੀ ਪਸੰਦ ਰਹੀ ਹੈ। ਇਸੇ ਕਿਤਾਬ ਵਿਚ ਜੈਕ ਲੰਦਨ ਤੋਂ ਲੈ ਕੇ ਉਮਰ ਖਿਆਮ ਤੱਕ-ਸਭ ਉਸ ਦੇ ਦਾਇਰੇ ਵਿਚ ਆਉਂਦੇ ਹਨ। ਭਗਤ ਸਿੰਘ ਨੇ ਅੰਗਰੇਜ਼ੀ ਹਕੂਮਤ ਸਮੇਂ ਦੋ ਸਾਲ ਜੇਲ੍ਹ ਵਿਚ ਗੁਜ਼ਾਰੇ ਤੇ ਆਪਣੀ ਰਿਹਾਈ ਲਈ ਭੋਰਾ ਵੀ ਜੋਰ ਨਾ ਲਾਇਆ। ਆਖਰੀ ਸਾਹ ਤੱਕ ਆਪਣੇ ਵਿਚਾਰਾਂ 'ਤੇ ਪਹਿਰਾ ਦਿੱਤਾ ਅਤੇ ਦੇਸ਼ ਦੀ ਆਜ਼ਾਦੀ ਲਈ ਆਪਣਾ ਖੂਨ ਵਹਾਉਣ ਦਾ ਪ੍ਰਣ ਲੈ ਲਿਆ। ਜੇਲ੍ਹ 'ਚ ਬੈਠ ਕੇ ਭਗਤ ਸਿੰਘ ਨੇ ਬੜੇ ਖਤ ਲਿਖੇ ਜੋ ਅੱਜ ਉਸ ਦੇ ਵਿਚਾਰਾਂ ਦਾ ਦਰਪਣ ਹਨ।

ਭਾਰਤੀ ਪੂੰਜੀਪਤੀਆਂ ਨੂੰ ਉਸ ਨੇ ਆਪਣਾ ਵੈਰੀ ਦੱਸਿਆ। ਮੈਂ ਨਾਸਤਿਕ ਕਿਉਂ ਹਾਂ, 64 ਦਿਨ ਜੇਲ੍ਹ ਵਿਚ ਭੁੱਖ ਹੜਤਾਲ ਕੀਤੀ। 5 ਜੁਲਾਈ 1929 ਨੂੰ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਾਂਗਰਸ ਸਕੱਤਰ ਦੀ ਹੈਸੀਅਤ ਨਾਲ ਪ੍ਰੈਸ ਨੂੰ ਇੱਕ ਬਿਆਨ ਦਿੱਤਾ, "ਮੈਂ ਬਹੁਤ ਦੁੱਖ ਨਾਲ ਭਗਤ ਸਿੰਘ ਤੇ ਦੱਤ ਦੀ ਭੁੱਖ ਹੜਤਾਲ ਦਾ ਸਮਾਚਾਰ ਸੁਣਿਆ ਹੈ। ਪਿਛਲੇ ਵੀਹ ਜਾਂ ਜਿਆਦਾ ਦਿਨਾਂ ਤੋਂ ਖਾਣੇ ਤੋਂ ਆਪਣੇ ਆਪ ਨੂੰ ਦੂਰ ਰੱਖਿਆ ਹੈ। ਕਿਸੇ ਸਵਾਰਥ ਲਈ ਨਹੀਂ ਸਗੋਂ ਸਿਆਸੀ ਕੈਦੀਆਂ ਦੀ ਹਾਲਤ ਸੁਧਾਰਨ ਲਈ ਇਹ ਕਦਮ ਉਨ੍ਹਾਂ ਨੇ ਚੁੱਕੇ ਹਨ।

ਆਖਰ ਉਹ ਵਕਤ ਆ ਗਿਆ, ਜਦੋਂ ਸਾਂਡਰਸ ਦੇ ਕਤਲ ਤੇ ਅਸੈਂਬਲੀ ਵਿਚ ਬੰਬ ਧਮਾਕੇ ਦੇ ਕੇਸ ਚੱਲੇ। 7 ਅਕਤੂਬਰ 1930 ਨੂੰ ਟ੍ਰਿਬਿਊਨਲ ਦਾ ਫੈਸਲਾ ਜੇਲ੍ਹ ਵਿਚ ਪਹੁੰਚਾਇਆ ਗਿਆ ਜਿਸ ਵਿਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਅਤੇ ਕਮਲ ਨਾਥ ਤਿਵਾੜੀ, ਵਿਜੇ ਕੁਮਾਰ ਸਿਨਹਾ, ਜੈ ਦੇਵ ਕਪੂਰ, ਸ਼ਿਵ ਵਰਮਾ, ਗੈਯਾ ਪ੍ਰਸ਼ਾਦ, ਕਿਸ਼ੋਰੀ ਲਾਲ ਤੇ ਮਹਾਂਵੀਰ ਨੂੰ ਉਮਰ ਕੈਦ, ਕੁੰਦਨ ਲਾਲ ਨੂੰ ਸੱਤ ਸਾਲ ਤੇ ਪ੍ਰੇਮ ਦੱਤ ਨੂੰ ਤਿੰਨ ਸਾਲ ਕੈਦ ਸੁਣਾਈ ਗਈ। ਬਟੁਕੇਸ਼ਵਰ ਦੱਤ ਤੇ ਭਗਤ ਸਿੰਘ ਨੂੰ ਅਸੈਂਬਲੀ ਬੰਬ ਕਾਂਡ ਲਈ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਭਗਤ ਸਿੰਘ ਦੀ ਲਾਸਾਨੀ ਸ਼ਹੀਦੀ ਨੂੰ ਦੇਸ਼ ਵਾਸੀ ਯਾਦ ਕਰਦੇ ਰਹਿਣਗੇ।

*ਐਸੋਸੀਏਟ ਪ੍ਰੋਫੈਸਰ (ਇਤਿਹਾਸ)
ਐਲ. ਬੀ. ਐਸ. ਕਾਲਜ, ਬਰਨਾਲਾ।

## ਭਗਤ ਸਿੰਘ ਦਾ ਸੰਦੇਸ਼

ਭਗਤ ਸਿੰਘ ਨੇ ਆਖਿਆ ਸੁਣੋ ਸਾਰੇ
ਅਸੀਂ ਆਪਣਾ ਫਰਜ਼ ਨਿਭਾ ਚੱਲੇ।
ਰੱਸਾ ਚੁੰਮ ਕੇ ਦੇਸ਼ ਲਈ ਫਾਂਸੀਆਂ ਦਾ
ਸਿਰ ਧੜ ਦੀ ਬਾਜ਼ੀ ਹਾਂ ਲਾ ਚੱਲੇ।
ਤੁਸੀਂ ਖੁਸ਼ ਤੇ ਦੇਸ਼ ਖੁਸ਼ਹਾਲ ਹੋਵੇ
ਅਸੀਂ ਗੀਤ ਆਜ਼ਾਦੀ ਦਾ ਗਾ ਚੱਲੇ।
ਪਾਣੀ ਦੀ ਥਾਂ ਆਜ਼ਾਦੀ ਦੇ ਬੂਟਿਆਂ ਨੂੰ
ਅਸੀਂ ਖੂਨ ਜਿਗਰ ਦਾ ਪਾ ਚੱਲੇ।

ਅਸੀਂ ਚੁੰਮਿਆ ਫਾਂਸੀ ਦੇ ਰੱਸਿਆਂ ਨੂੰ
ਮੁੱਲ ਕਦੇ ਜ਼ਮੀਰ ਦਾ ਵੱਟਿਆ ਨਹੀਂ।
ਛੱਡ ਦਿੱਤਾ ਪਰਿਵਾਰ ਨੂੰ ਦੇਸ਼ ਬਦਲੇ
ਮੋਹ ਰਿਸ਼ਤਿਆਂ ਨਾਲ ਵੀ ਰੱਖਿਆ ਨਹੀਂ।
ਬੜੇ ਦਿੱਤੇ ਸੀ ਲਾਲਚ ਹਕੂਮਤਾਂ ਨੇ
ਕੌੜਾ ਛੱਡ ਕੇ ਮਿੱਠੇ ਨੂੰ ਚੱਖਿਆ ਨਹੀਂ।
ਅਸਾਂ ਸਦਾ ਹੀ ਸੋਚ ਆਜ਼ਾਦ ਰੱਖੀ
ਇਹਨੂੰ ਵਿਚ ਗੁਲਾਮੀ ਦੇ ਧੱਕਿਆ ਨਹੀਂ।

ਤੁਸੀਂ ਸਦਾ ਸੱਚਾਈ 'ਤੇ ਚੱਲਣਾ ਹੈ
ਰਲ ਕੇ ਰਹਿਣਾ ਏ ਸਦਾ ਪਰਿਵਾਰ ਵਾਂਗ।
ਕਾਇਮ ਰੱਖਣਾ ਸਦਾ ਹੀ ਵਾਅਦਿਆਂ ਨੂੰ
ਰਹਿਣਾ ਬਦਲਦੇ ਨਾ ਸਰਕਾਰ ਵਾਂਗ।
ਜ਼ਿੰਦਗੀ ਵਿਚ ਢੇਰੀ ਨਾ ਕਦੇ ਢਾਹੁਣੀ
ਰਹਿਣਾ ਸਦਾ ਹੀ ਤਿੱਖੀ ਤਲਵਾਰ ਵਾਂਗ।
ਮਹਿਕਾਂ ਫੁੱਲਾਂ ਦੀ ਤਰ੍ਹਾਂ ਹੀ ਵੰਡਦੇ ਰਹੋ
ਰਹਿਣਾ ਖਿੜੇ ਹੀ ਖਿੜੀ ਬਹਾਰ ਵਾਂਗ।

ਅਸੀਂ ਅੱਗੇ ਤੇ ਤੁਸੀਂ ਹੈ ਮਗਰ ਤੁਰਨਾ
ਇਸੇ ਕੰਮ ਨੂੰ ਅੱਗੇ ਵਧਾਈ ਜਾਣਾ।
ਸੰਗਲ ਲਾਹ ਗੁਲਾਮੀ ਦੇ ਗਲਾਂ ਵਿਚੋਂ
ਹਾਰ ਸਦਾ ਆਜ਼ਾਦੀ ਦੇ ਪਾਈ ਜਾਣਾ।
ਗੀਤ ਗਾਇਆ ਆਜ਼ਾਦੀ ਦਾ ਅਸੀਂ ਜਿਹੜਾ
ਇਸ ਗੀਤ ਨੂੰ ਅੱਗੇ ਵਧਾਈ ਜਾਣਾ।
'ਗੁਲਾਮੀ ਵਾਲਾ' ਕਹੇ ਚੱਲਣਾ ਸੋਚ ਉਤੇ
ਐਵੇਂ ਬੁੱਤਾਂ 'ਤੇ ਹਾਰ ਨਾ ਪਾਈ ਜਾਣਾ।

-ਬੂਟਾ ਗੁਲਾਮੀ ਵਾਲਾ, ਮੋਗਾ
ਫੋਨ: 91-94171-97395

## ਸ਼ਹੀਦੀ

ਸ਼ਹੀਦੀ ਕੋਈ ਸਾਧਾਰਨ ਮੌਤ ਦਾ ਨਾਮ ਨਹੀਂ
ਸ਼ਹੀਦੀ ਪਾਉਣੀ ਕੋਈ ਸੌਖੀ ਗੱਲ ਨਹੀਂ ਹੁੰਦੀ।
ਸ਼ਹੀਦ ਦੀ ਪਦਵੀ ਬਹੁਤ ਉਚੀ ਹੁੰਦੀ ਏ
ਸ਼ਹੀਦੀ ਦਾ ਸਬੰਧ ਅਣਖ ਕੁਰਬਾਨੀ ਦੇ ਜਜ਼ਬੇ,
ਇੱਜ਼ਤ, ਇਨਸਾਫ, ਜਜ਼ਬਾਤ, ਅਹਿਸਾਸ,
ਸੱਚ ਤੇ ਜਿਉਂਦੀ ਜਾਗਦੀ ਜ਼ਮੀਰ ਨਾਲ ਹੁੰਦਾ ਹੈ।
ਸ਼ਹੀਦੀ ਦਾ ਕੋਈ ਉਦੇਸ਼ ਹੁੰਦਾ ਏ
ਸ਼ਹੀਦੀ ਕੋਈ ਸਾਧਾਰਨ ਬੰਦਾ ਨਹੀਂ ਪਾ ਸਕਦਾ।
ਸ਼ਹੀਦ ਹੱਕ, ਸੱਚ ਤੇ ਇਨਸਾਫ ਲਈ
ਸ਼ਹਾਦਤ ਦਾ ਜਾਮ ਤਾਂ ਪੀ ਸਕਦਾ ਏ
ਪਰ ਉਹ ਅਨਿਆਂ, ਅਤਿਆਚਾਰ
ਤੇ ਝੂਠ ਅੱਗੇ ਝੁਕ ਨਹੀਂ ਸਕਦਾ।
ਸ਼ਹੀਦ ਆਪਣੇ ਆਪ ਨੂੰ ਕੁਰਬਾਨ ਤਾਂ
ਕਰ ਸਕਦਾ ਏ ਪਰ ਆਪਣੇ ਆਦਰਸ਼
ਤੇ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟ ਸਕਦਾ।
ਸ਼ਹੀਦ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦਾ
ਦੁਨੀਆਂ 'ਚ ਨਾਂ ਰੌਸ਼ਨ ਤੇ ਅਮਰ ਕਰ ਜਾਂਦਾ
ਸ਼ਹੀਦ ਕੌਮ ਦਾ ਸਰਮਾਇਆ ਹੁੰਦੇ
ਕੌਮਾਂ ਸਦਾ ਜਿਉਂਦੀਆਂ ਉਹ ਰਹਿੰਦੀਆਂ
ਜੋ ਸ਼ਹੀਦਾਂ ਦਾ ਮਾਣ ਕਰਦੀਆਂ ਨੇ
ਕੌਮਾਂ ਸਦਾ ਜਿਉਂਦੀਆਂ
ਸ਼ਹੀਦਾਂ ਦੀਆਂ ਕੁਰਬਾਨੀਆਂ 'ਤੇ।
ਕੌਮਾਂ ਬਣਦੀਆਂ ਨਹੀਂ ਪੈਸੇ ਤੇ ਸੋਨੇ ਨਾਲ
ਕੌਮਾਂ ਬਣਦੀਆਂ ਸਦਾ ਮਹਾਨ ਬੰਦਿਆਂ ਦੇ
ਮਹਾਨ ਕੰਮਾਂ ਤੇ ਉਨ੍ਹਾਂ ਦੀ ਵਿਚਾਰਧਾਰਾ ਨਾਲ।
ਉਹ ਕੌਮਾਂ ਪਾ ਲੈਂਦੀਆਂ ਮੰਜ਼ਿਲਾਂ ਨੂੰ
ਜੋ ਖਹਿ ਜਾਂਦੀਆਂ ਨਾਲ ਮੁਸੀਬਤਾਂ ਦੇ।
ਕਾਨੀ ਸਦਾ ਹੀ ਰਹੀ ਲਿਖਦੀ ਖੂਨੀ ਪੱਤਰੇ
ਸਮਾਂ ਸੂਲ ਦੀਆਂ ਛੁਰੀਆਂ ਉਸਾਰਦਾ ਰਿਹਾ।

-ਮਾਸਟਰ ਨਿਰਮਲ ਸਿੰਘ ਲਾਲੀ
ਫੋਨ: 530-777-0955

---

## ਡੁੱਲ੍ਹੇ ਬੇਰ

ਕਈ ਸਦੀਆਂ ਤੋਂ ਕੁਝ ਵੀ ਬਦਲਿਆ ਨਾ
ਦੁਬਿਧਾ ਵਿਚ ਹੈ ਪਿਆ ਪੰਜਾਬ ਸਾਰਾ।
ਟੇਢੇ ਜਿਹੇ ਚੌਰਾਹੇ 'ਤੇ ਖੜ੍ਹਾ ਹੋ ਕੇ
ਮੰਗੀ ਜਾਂਦਾ ਹੈ ਹੱਕ ਪੰਜਾਬ ਸਾਰਾ।

ਨਾਲ ਮੰਜ਼ਿਲ ਦੇ ਰਾਹਾਂ ਗੁਆਚ ਗਈਆਂ
ਸੁੱਤਾ ਨੀਂਦ ਵਿਚ ਤੁਰੇ ਪੰਜਾਬ ਸਾਰਾ।
ਕਤਲ ਕਰਕੇ ਬਾਗ ਦੇ ਮਾਲੀਆਂ ਨੂੰ
ਰਿਹਾ ਤੋੜਦਾ ਹੱਥੀਂ ਗੁਲਾਬ ਸਾਰਾ।
ਬਣ ਕੇ 'ਯੋਧੇ' ਨਿਹੱਥੇ ਮਾਸੂਮ ਮਾਰੇ
ਅੱਗੇ ਪਿਆ ਹੈ ਅਜੇ ਹਿਸਾਬ ਸਾਰਾ।
ਵੱਖਰੀ ਸ਼ਾਨ ਹੈ ਜੇਕਰ ਪੰਜਾਬੀਆਂ ਦੀ
ਰੋ ਕੇ ਸਹਿੰਦੇ ਨੇ ਕਿਉਂ ਅਜਾਬ ਸਾਰਾ।

ਤੀਲੇ ਜੋੜ ਕੇ ਘਰ ਉਸਾਰਦੇ ਨੇ
ਲੁੱਟਿਆ ਜਾਂਦਾ ਹੈ ਮਾਲ ਅਸਬਾਬ ਸਾਰਾ।
ਡੁੱਲ੍ਹੇ ਬੇਰਾਂ ਦਾ ਕੁਝ ਵੀ ਵਿਗੜਿਆ ਨਾ
ਕਰ ਲਓ ਕੱਠਮਾ 'ਕੱਠਾ ਜਨਾਬ ਸਾਰਾ।

-ਹਰਜਿੰਦਰ ਗੁੱਲਪੁਰ
ਫੋਨ: 91-98722-38981

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਦਰਿਆ ਦੀ ਦਰਿਆ-ਦਿਲੀ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਵਰਤਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਇਸ ਲੇਖ ਲੜੀ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਹੈ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜ਼ਾਹਰ ਕੀਤਾ ਹੈ। ਪਿਛਲੇ ਲੇਖ ਵਿਚ ਉਨ੍ਹਾਂ ਬਾਰਸ਼ ਦੀਆਂ ਨਿਆਮਤਾਂ ਦੇ ਖਿਆਨਤਾਂ ਦੀ ਬਾਤ ਪਾਉਂਦਿਆਂ ਪਾਠਕਾਂ ਨੂੰ ਚੇਤੇ ਕਰਾਵਾਇਆ ਸੀ, "ਬਾਰਸ਼ ਵਿਚ ਭਿੱਜੋ ਤਾਂ ਕਿ ਤੁਹਾਡੇ ਗੁਨਾਹ ਧੋਤੇ ਜਾਣ, ਤੁਹਾਡੀਆਂ ਕੁਤਾਹੀਆਂ ਦੇ ਦਾਗ ਮਿੱਟ ਜਾਣ, ਅਣਜਾਣੇ ਹੀ ਦੁਖਾਏ ਦਿਲਾਂ ਦੀ ਚੀਸ ਕੁਝ ਘੱਟ ਜਾਵੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਦਰਿਆ ਦੀ ਮਨੁੱਖ ਨਾਲ ਅਜ਼ਲਾਂ ਤੋਂ ਸਾਂਝ ਦੀ ਬਾਤ ਪਾਉਂਦਿਆਂ ਕਿਹਾ ਹੈ, "ਇਸ ਨੇੜਤਾ ਨੇ ਮਨੁੱਖ ਨੂੰ ਵਸੀਲੇ, ਵਾਤਾਵਰਣ, ਸੁਯੋਗ ਹਾਲਾਤ ਅਤੇ ਵਰਤਮਾਨੀ ਸੁਵਿਧਾਵਾਂ ਨਾਲ ਲਬਰੇਜ਼ ਕੀਤਾ।" ਉਨ੍ਹਾਂ ਨੂੰ ਅਫਸੋਸ ਹੈ ਕਿ ਮਨੁੱਖ ਨੇ ਆਪਣੇ ਸਵਾਰਥ ਖਾਤਰ ਦਰਿਆਵਾਂ ਦੇ ਪਾਣੀ ਨੂੰ ਆਪਣੇ ਸਵਾਰਥ ਖਾਤਰ ਪਲੀਤ ਕਰ ਦਿੱਤਾ ਹੈ। ਉਹ ਸੁਚੇਤ ਕਰਦੇ ਹਨ, ਬਰੇਤਾ ਬਣ ਗਏ ਦਰਿਆਵਾਂ ਦੀ ਹੂਕ ਮਨੁੱਖ ਨੂੰ ਹਜ਼ਮ ਕਰਨ ਲੱਗਿਆਂ ਦੇਰ ਨਹੀਂ ਲਾਵੇਗੀ ਅਤੇ ਸਾਡੀਆਂ ਨਾਦਾਨੀਆਂ ਦੀ ਸਜ਼ਾ ਕਈ ਪੀੜ੍ਹੀਆਂ ਭੁਗਤਣਗੀਆਂ।...ਮਨੁੱਖੀ ਫਿਤਰਤ ਇਹ ਸਮਝਣ ਤੋਂ ਅਸਮਰਥ ਕਿ ਜੇ ਦਰਿਆ ਪਲੀਤ ਹੋ ਗਏ, ਬਿਰਖ ਨਾ ਰਹੇ, ਪਰਿੰਦੇ ਉਡਾਰੀ ਮਾਰ ਗਏ ਤਾਂ ਬਨਸਪਤੀ ਤੋਂ ਵਿਰਵੀ ਧਰਤ 'ਤੇ ਕੀ ਨੋਟ ਖਾ ਕੇ ਜੀਵਿਆ ਜਾ ਸਕਦਾ ਏ? -ਸੰਪਾਦਕ***

ਦਰਿਆ, ਜੀਵਨ-ਨੈਂਅ, ਆਬ-ਏ-ਹਯਾਤ, ਪਿਆਸ-ਪੂਰਨਤਾ, ਪਾਕੀਜ਼ਗੀ ਦਾ ਪੀਰ ਅਤੇ ਸ਼ਫਾਫਤ ਦਾ ਬਿੰਬ। ਦਰਿਆ, ਨਿੱਕੇ ਨਿੱਕੇ ਕਤਰਿਆਂ ਦਾ ਮਿਲ-ਬੈਠਣ ਦਾ ਸਬੱਬ, ਨਿੱਕੀਆਂ ਲਹਿਰਾਂ ਦਾ ਸੁਗਮ-ਸੰਗੀਤ, ਪੌਣਾਂ ਦਾ ਪਾਣੀ ਸੰਗ ਗੀਤ ਅਤੇ ਪਾਣੀ ਤੇ ਪੌਣ ਦੀ ਯੁਗਾਂ ਜੇਡੀ ਪ੍ਰੀਤ।

ਦਰਿਆ, ਟੀਸੀਆਂ 'ਤੇ ਖੁਰ ਰਹੀ ਬਰਫ ਦਾ ਤਰਲ ਆਕਾਰ, ਨਿੱਕੇ-ਨਿੱਕੇ ਵਹਿਣਾਂ ਦੀ ਇਕਜੁੱਟਤਾ ਅਤੇ ਜਲ ਧਾਰਾ ਦੀ ਹੌਲੀ ਹੌਲੀ ਵੱਧ ਰਹੀ ਰਫਤਾਰ।

ਦਰਿਆ, ਛੋਟੀਆਂ ਜਲ ਧਾਰਾਵਾਂ ਅਤੇ ਝਰਨਿਆਂ ਦਾ ਆਪਸ ਵਿਚ ਮਿਲ ਕੇ ਨਦੀਆਂ-ਨਾਲਿਆਂ ਦਾ ਵੱਡ-ਆਕਾਰ ਧਾਰਨਾ। ਅਖੀਰ ਨੂੰ ਦਰਿਆ ਰੂਪੀ ਆਕਾਰ ਨਾਲ ਯੁੱਗ ਜਿਉਣ ਦਾ ਵਰਦਾਨ, ਜੀਵ ਅਤੇ ਬਨਸਪਤੀ ਦੀ ਤਲੀ 'ਤੇ ਧਰਨਾ।

ਪਾਣੀ ਦਾ ਕੋਈ ਆਕਾਰ ਨਹੀਂ। ਨਿੱਕੀਆਂ ਨਿੱਕੀਆਂ ਨਦੀਆਂ ਮਿਲ ਕੇ ਇਸ ਨੂੰ ਦਰਿਆ ਦਾ ਆਕਾਰ ਦਿੰਦੇ ਜੋ ਮਨੁੱਖੀ ਸਭਿਅਤਾ ਦਾ ਸਭ ਤੋਂ ਮੁਢਲਾ ਅਤੇ ਕਦੀਮੀ ਸਤੰਭ।

ਦਰਿਆ, ਸ਼ਹਿਰਾਂ, ਸਭਿਅਤਾਵਾਂ, ਸਮਾਜ ਅਤੇ ਸਲਤਨਤਾਂ ਦਾ ਆਧਾਰ। ਜ਼ਿਆਦਾਤਰ ਸਭਿਅਤਾਵਾਂ ਦਰਿਆਵਾਂ ਦੇ ਕੰਢਿਆਂ 'ਤੇ ਮੌਲੀਆਂ ਅਤੇ ਮਨੁੱਖੀ ਵਿਕਾਸ ਦਾ ਗਵਾਹ ਬਣੀਆਂ।

ਦਰਿਆ, ਅਕੀਦਤ-ਯੋਗ, ਰਹਿਬਰਾਂ ਦੀ ਠਾਹਰ, ਧਾਰਮਕ ਅਸਥਾਨਾਂ ਦਾ ਸਭ ਤੋਂ ਉਚਤਮ ਟਿਕਾਣਾ। ਜ਼ਿਆਦਾਤਰ ਇਬਾਦਤਯੋਗ ਥਾਂਵਾਂ ਦਰਿਆਵਾਂ ਦੇ ਕੰਢਿਆਂ 'ਤੇ, ਬਾਹਰੀ ਅਤੇ ਅੰਤਰੀਵੀ ਪਾਕੀਜ਼ਗੀ ਦੀ ਇਕਮਿਕਤਾ ਦਾ ਸੰਗਮ।

ਦਰਿਆ ਦੀ ਮਨੁੱਖ ਨਾਲ ਅਜ਼ਲਾਂ ਤੋਂ ਸਾਂਝ। ਇਸ ਨੇੜਤਾ ਨੇ ਮਨੁੱਖ ਨੂੰ ਵਸੀਲੇ, ਵਾਤਾਵਰਣ, ਸੁਯੋਗ ਹਾਲਾਤ ਅਤੇ ਵਰਤਮਾਨੀ ਸੁਵਿਧਾਵਾਂ ਨਾਲ ਲਬਰੇਜ਼ ਕੀਤਾ। ਦਰਿਆ ਵਰਗਾ ਬਣਨਾ ਮਨੁੱਖ ਦੀ ਮੁਢਲੀ ਲੋਚਾ। ਪਿਆਸੇ ਦੀ ਤਲੀ 'ਤੇ ਅੰਮ੍ਰਿਤਮਈ ਪਾਣੀ-ਘੁੱਟਾਂ, ਕਿਨਾਰਿਆਂ ਵਰਗੇ ਪ੍ਰੇਮੀਆਂ ਨੂੰ ਜੋੜਨ ਵਾਲੀ ਤੰਦ ਅਤੇ ਜੀਵਨੀ ਸਮੁੱਚਤਾ ਦਾ ਸੰਧੂਰੀ ਰੰਗ।

ਕੌਣ ਪਾ ਸਕਦਾ ਏ ਦਰਿਆ ਵਰਗੀ ਦਰਿਆ-ਦਿਲੀ, ਜੀਵਨ-ਸਾਹ ਵੰਡਣ ਦੀ ਤੌਫੀਕ ਅਤੇ ਖੁਦ ਵਿਚੋਂ ਦੂਸਰੇ ਨੂੰ ਨਿਹਾਰਨ ਦੀ ਤਹਿਜ਼ੀਬ?

ਦਰਿਆ, ਖੁਦ ਦਾ ਖੁਦ ਨਾਲ ਸੰਵਾਦ, ਖੁਦ ਵਿਚੋਂ ਖੁਦ ਦਾ ਵਿਸਥਾਰ ਅਤੇ ਖੁਦ ਵਿਚੋਂ ਹੀ ਰੰਗਾਂ ਦੀ ਉਘੜਵੀਂ ਆਬਸ਼ਾਰ।

ਦਰਿਆ ਵਰਗੀ ਗੁਫਤਾਰ, ਰਫਤਾਰ ਅਤੇ ਵਿਹਾਰ ਹੋਵੇ ਤਾਂ ਜੀਵਨ-ਜੁਗਤਾਂ ਨੂੰ ਪਰ ਲੱਗਦੇ ਅਤੇ ਮਨੁੱਖ ਉਚੇ ਅੰਬਰੀਂ ਉਡਾਣਾਂ ਦੌਰਾਨ ਧਰਤ-ਮੋਹ ਨੂੰ ਕਦੇ ਵੀ ਮਨੋਂ ਨਾ ਵਿਸਾਰਦਾ।

ਦਰਿਆ ਵਰਗੀ ਤਾਸੀਰ ਨੂੰ ਸਿਰਜਣ ਲਈ ਧਰਤ 'ਤੇ ਫੈਲਣਾ ਪੈਂਦਾ। ਕੰਢਿਆਂ ਵਿਚ ਬੱਝ ਕੇ ਨਿਸਚਿਤ ਆਕਾਰ ਨਿਰਧਾਰਤ ਕਰਨਾ ਪੈਂਦਾ। ਸੇਧ ਵਿਚ ਰਹਿ ਕੇ ਸੁਪਨ-ਨਗਰੀ ਨੂੰ ਜਾਂਦੇ ਰਾਹਾਂ ਵਿਚ ਕਰਮ-ਸਾਧਨਾ ਕਰਨੀ ਪੈਂਦੀ। ਤਹਿਜ਼ੀਬਾਂ, ਤਹਿਰੀਕਾਂ ਅਤੇ ਤਹਿਕੀਕਾਤ ਸਿਰਫ ਦਰਿਆਂ ਦੇ ਹਿੱਸੇ ਆਏ।

ਦਰਿਆ, ਜਲ-ਜੀਵਾਂ ਲਈ ਸੁਖਨ-ਸੰਸਾਰ, ਪੰਖੇਰੂਆਂ ਲਈ ਆਹਾਰ ਅਤੇ ਬਨਸਪਤੀ ਦਾ ਮੂਲ-ਆਧਾਰ। ਦਰਿਆਵਾਂ ਤੋਂ ਬਗੈਰ ਤਾਂ ਧਰਤੀ ਦੀ ਹਿੱਕ 'ਤੇ ਸਿਰਫ ਰੇਗਿਸਤਾਨ ਹੀ ਉਗਦੇ।

ਦਰਿਆ ਹੀ ਹੁੰਦੇ ਜੋ ਪੰਜ ਆਬ ਬਣ ਕੇ ਕਿਸੇ ਰਹਿਤਲ ਨੂੰ ਪੰਜਾਬ ਦਾ ਨਾਮਕਰਣ ਦਿੰਦੇ, ਗੰਗਾ ਬਣ ਕੇ ਪਵਿੱਤਰ-ਧਾਰਾ ਦਾ ਲਕਬ ਮਿਲਦਾ, ਕਦੇ ਸੰਗਮ ਅਤੇ ਕਦੇ ਤ੍ਰਿਵੈਣੀਆਂ ਬਣ ਧਾਰਮਕ, ਸਮਾਜਕ ਅਤੇ ਆਰਥਕ ਸਰੋਕਾਰਾਂ ਨੂੰ ਨਵਾਂ ਆਧਾਰ ਪ੍ਰਦਾਨ ਕਰਦੇ।

ਵਗਦੇ ਪਾਣੀ ਦਾ ਕੰਢਾ, ਨਾਨਕ ਛੋਹ ਅਤੇ ਅਗੰਮੀ ਬੋਲਾਂ ਦੀ ਸੰਗਤ ਮਾਣਦਾ ਪਵਿੱਤਰ ਵੇਈਂ ਦਾ ਸੁੱਚਾ ਨਾਮ ਬਣ ਗਿਆ ਜਿਸ ਦੇ ਕੰਡਿਆਂ 'ਤੇ ਮਰਦਾਨੇ ਦੀ ਰਬਾਬ ਅਤੇ ਬਾਬੇ ਦੇ ਇਲਾਹੀ ਬੋਲ ਨਾਦ ਬਣ ਕੇ ਫਿਜ਼ਾ ਨੂੰ ਤਰੰਗਤ ਤੇ ਅਨੰਦਤ ਕਰਦੇ ਰਹੇ।

ਦਰਿਆਵਾਂ ਦੀ ਹਿੱਕ ਵਿਚ ਉਗੇ ਬਰੇਤੇ, ਮਨੁੱਖੀ ਨਾਦਾਨੀਆਂ ਦਾ ਬਿਰਤਾਂਤ। ਬਰੇਤਾ ਬਣ ਗਏ ਦਰਿਆਵਾਂ ਦੀ ਹੂਕ ਮਨੁੱਖ ਨੂੰ ਹਜ਼ਮ ਕਰਨ ਲੱਗਿਆਂ ਦੇਰ ਨਹੀਂ ਲਾਵੇਗੀ ਅਤੇ ਸਾਡੀਆਂ ਨਾਦਾਨੀਆਂ ਦੀ ਸਜ਼ਾ ਕਈ ਪੀੜ੍ਹੀਆਂ ਭੁਗਤਣਗੀਆਂ।

ਦਰਿਆਵਾਂ ਦੀ ਨਿਰਮਲਤਾ ਜਦ ਜ਼ਹਿਰ ਬਣ ਕੇ ਮੌਤ ਦਾ ਵਣਜ ਕਰਨ ਲੱਗੇ, ਕੰਢਿਆਂ ਦੇ ਸਾਹਾਂ ਦੀ ਵੰਝਲੀ ਵਿਚੋਂ ਮਰਸੀਏ ਦੀ ਲੰਮੇਰੀ ਹੂਕ ਚੌਗਿਰਦੇ ਦੇ ਨਾਮ ਹੋ ਜਾਵੇ ਤਾਂ ਕੁਦਰਤ ਦੇ ਕਹਿਰ ਤੋਂ ਕੋਈ ਨਹੀਂ ਬਚ ਸਕਦਾ। ਅਸੀਂ ਦਰਿਆਵਾਂ ਨੂੰ ਮੌਤ ਦੀਆਂ ਝਲਾਰਾਂ ਬਣਾ ਦਿੱਤਾ ਏ ਕਿਉਂਕਿ ਨਿਜੀ ਮੁਫਾਦ ਲਈ ਮਿਲਾਏ ਹੋਏ ਜ਼ਹਿਰੀਲੇ ਤੱਤਾਂ ਤੇ ਰਸਾਇਣਾਂ ਕਾਰਨ ਮਨੁੱਖੀ ਕਮੀਨਤਾ ਰਸਾਤਲ ਤੱਕ ਗਿਰ ਗਈ ਏ।

ਦਰਿਆਵਾਂ ਵਿਚ ਉਗੀਆਂ ਸਿਸਕੀਆਂ ਬੋਲੇ ਕੰਨ ਕਿੰਜ ਸੁਣਨ, ਲਿਲਕੜੀਆਂ ਦਾ ਹੁੰਗਾਰਾ ਕੌਣ ਭਰੇ ਅਤੇ ਕੌਣ ਇਸ ਦੀ ਪੀੜਾ ਹਰੇ, ਜਦ ਇਸ ਦੇ ਟੁੱਟਦੇ ਸਾਹਾਂ ਦੀ ਡੋਰ ਨਿਸ ਦਿਨ ਟੁੱਟਣ ਟੁੱਟਣ ਕਰੇ।

ਦਰਿਆ, ਕੰਢਿਆਂ ਦੇ ਅੰਦਰ ਵਹੇ ਤਾਂ ਜੀਵਨ ਦਾ ਸੂਤਰਧਾਰ ਅਤੇ ਜਦ ਕੰਢਿਆਂ ਤੋਂ ਬੇਪ੍ਰਵਾਹ ਹੋਵੇ ਤਾਂ ਬਰਬਾਦੀ ਦਾ ਵਹਿਸ਼ੀ-ਆਕਾਰ। ਸਮਤੋਲ ਚਲੇ ਤਾਂ ਰਵਾਨੀ ਦਾ ਨਾਂ, ਸੂਕਣ ਲੱਗ ਪਵੇ ਤਾਂ ਕਿਆਮਤ ਦਾ ਕੂਨਾਂ। ਪਾਕ ਹੋਵੇ ਤਾਂ ਸਾਹਾਂ ਦੀ ਸਾਰੰਗੀ, ਪਲੀਤ ਹੋਵੇ ਤਾਂ ਜ਼ਿੰਦਗੀ ਦੀ ਬੇਢੰਗੀ। ਪੈਰ ਪਲੋਸੇ ਤਾਂ ਮਮਤਾਈ ਲੋਰ, ਕੰਢਿਆਂ ਨੂੰ ਖੋਰੇ ਤਾਂ ਮੌਤ ਦਾ ਸ਼ੋਰ। ਸਹਿਜ 'ਚ ਹੋਵੇ ਤਾਂ ਬੇੜੀ ਲਈ ਤਲ, ਖਰੂਦੀ ਹੋਵੇ ਤਾਂ ਕਬਰ-ਸਥਲ। ਲੱਕ ਲੱਕ ਹੋਵੇ ਤਾਂ ਕੋਮਲ ਛੂਹ, ਡੂੰਘਾ ਹੋਵੇ ਤਾਂ ਕਾਲ ਦਾ ਖੂਹ। ਮਟਕੀਲਾ ਹੋਵੇ ਤਾਂ ਲਹਿਰਾਂ ਦਾ ਗੀਤ, ਛੋਹਲਾ ਹੋਵੇ ਤਾਂ ਮੱਛਰੀ ਨੀਤ।


ਦਰਿਆ ਹਰ ਰੰਗ ਨੂੰ ਜੀਂਦਾ, ਥੀਂਦਾ ਤੇ ਪੀਂਦਾ ਅਤੇ ਹਰ ਰੰਗ ਵਿਚੋਂ ਜੀਵਨੀ ਆਬਸ਼ਾਰ ਨੂੰ ਨਿਰੰਤਰ ਤਾਜਗੀ ਤੇ ਤੋਰ ਬਖਸ਼ਦਾ।

ਦਰਿਆ ਕਦੇ ਮਰਦੇ ਨਹੀਂ। ਵੱਡੇ ਵੱਡੇ ਡੈਮ, ਬੰਨ, ਮੁਹਾਣਾਂ ਨੂੰ ਮੋੜਨ ਦੀਆਂ ਬੇਕਾਰ ਕੋਸ਼ਿਸਾਂ, ਮੌਕਾ ਮਿਲਣ 'ਤੇ ਆਪਣਾ ਰਸਤਾ ਖੁਦ ਬਣਾਉਂਦੇ ਅਤੇ ਧਰਤੀ ਦੀ ਹਿੱਕ 'ਤੇ ਨਕਸ਼ ਸਿਰਜਦੇ।

ਦਰਿਆ, ਰਾਜਿਆਂ, ਮਹਾਰਾਜਿਆਂ ਅਤੇ ਸਲਤਨਤਾਂ ਲਈ ਧੌਂਸ ਜਮਾਉਣ ਲਈ ਜੰਗ-ਧਰਾਤਲ। ਪੋਰਸ-ਸਿਕੰਦਰ ਲਈ ਬਿਆਸ ਦਾ ਕੰਢਾ ਹੋਵੇ, ਮਹਾਰਾਜਾ ਰਣਜੀਤ ਸਿੰਘ ਦਾ ਅਟਕ ਦਰਿਆ ਨੂੰ ਠਹਿਰਨ ਦਾ ਹੁਕਮ ਹੋਵੇ ਜਾਂ ਗੁਰੂ ਸਮੇਤ ਸਿੱਖ ਯੋਧਿਆਂ ਦਾ ਸਰਸਾ ਨਦੀ ਦੀ ਉਛਲਦੀ ਹਿੱਕ ਨੂੰ ਚੀਰ ਕੇ ਪਾਰ ਕਰਨ ਦਾ ਜੇਰਾ।

ਮਨੁੱਖ ਨੇ ਮੁਲਕ ਵੰਡੇ, ਸਰਹੱਦਾਂ ਤੇ ਹੱਦਾਂ ਨਿਰਧਾਰਤ ਕੀਤੀਆਂ। ਪਰ ਕੌਣ ਵੰਡੇਗਾ ਕੁਦਰਤੀ ਨਿਆਮਤੀ-ਸਰੂਪ ਦਰਿਆਵਾਂ ਨੂੰ, ਇਨ੍ਹਾਂ ਦੀ ਕਰਮ-ਧਾਰਨਾ ਨੂੰ, ਧਰਮ-ਬੰਦਗੀ ਨੂੰ ਅਤੇ ਜੀਵਨੀ ਅਕੀਦਤ ਨੂੰ। ਦਰਿਆਵਾਂ ਦੀ ਸਬਰ-ਸਬੂਰੀ, ਸੰਜਮ ਅਤੇ ਸਹਿਜ ਦਾ ਮਨੁੱਖੀ ਸੋਚ ਕਿਵੇਂ ਮੁਕਾਬਲਾ ਕਰੇਗੀ?

ਦਰਿਆ ਵਿਚ ਇਕਮਿਕ ਹੋਏ ਬਾਣੀ ਦੇ ਬੋਲ, ਅੱਲ੍ਹਾ ਦੀ ਅਜ਼ਾਨ ਅਤੇ ਟੱਲੀਆਂ ਦੀਆਂ ਆਵਾਜ਼ਾਂ, ਇਸ ਨੂੰ ਸਦੀਵਤਾ ਅਤੇ ਜੀਵਨ ਬਖਸ਼ਦੇ। ਤਾਹੀਉਂ ਤਾਂ ਬਜ਼ੁਰਗ ਦਰਿਆਵਾਂ ਨੂੰ ਪੂਜਦੇ, ਸਦੀਵਤਾ ਦੀ ਦੁਆ ਮੰਗਦੇ ਸਨ। ਖਿਜ਼ਰ ਖਵਾਜ਼ੇ ਨੂੰ ਦਲੀਆ ਵਗੈਰਾ ਚੜ੍ਹਾਉਣਾ, ਬੀਤੇ ਸਮੇਂ ਵਿਚ ਆਮ ਹੁੰਦਾ ਸੀ। ਦਰਅਸਲ ਆਦਿ ਮਨੁੱਖ, ਅਜੋਕੇ ਮਨੁੱਖ ਨਾਲੋਂ ਵੱਧ ਸਿਆਣਾ ਤੇ ਕੁਦਰਤ ਦੇ ਵੱਧ ਨੇੜੇ ਸੀ, ਕੁਦਰਤੀ ਨਿਆਮਤਾਂ-ਹਵਾ, ਪਾਣੀ, ਧਰਤੀ, ਅਗਨੀ ਤੇ ਅਸਮਾਨ ਵਿਚੋਂ ਖੁਦ ਦੀ ਹੋਂਦ ਨੂੰ ਕਿਆਸਦਾ ਅਤੇ ਨਿਰਧਾਰਤ ਕਰਦਾ ਸੀ। ਖੁਦ ਵਿਚੋਂ ਕੁਦਰਤ ਨੂੰ ਮਨਫੀ ਕਰਕੇ ਅਸੀਂ ਬਹੁਤ ਕੁਝ ਗਵਾ ਚੁਕੇ ਹਾਂ।



***ਦਰਿਆਵਾਂ ਦੀ ਨਿਰਮਲਤਾ ਜਦ ਜ਼ਹਿਰ ਬਣ ਕੇ ਮੌਤ ਦਾ ਵਣਜ ਕਰਨ ਲੱਗੇ, ਕੰਢਿਆਂ ਦੇ ਸਾਹਾਂ ਦੀ ਵੰਝਲੀ ਵਿਚੋਂ ਮਰਸੀਏ ਦੀ ਲੰਮੇਰੀ ਹੂਕ ਚੌਗਿਰਦੇ ਦੇ ਨਾਮ ਹੋ ਜਾਵੇ ਤਾਂ ਕੁਦਰਤ ਦੇ ਕਹਿਰ ਤੋਂ ਕੋਈ ਨਹੀਂ ਬਚ ਸਕਦਾ। ਅਸੀਂ ਦਰਿਆਵਾਂ ਨੂੰ ਮੌਤ ਦੀਆਂ ਝਲਾਰਾਂ ਬਣਾ ਦਿੱਤਾ ਏ ਕਿਉਂਕਿ ਨਿਜੀ ਮੁਫਾਦ ਲਈ ਮਿਲਾਏ ਹੋਏ ਜ਼ਹਿਰੀਲੇ ਤੱਤਾਂ ਤੇ ਰਸਾਇਣਾਂ ਕਾਰਨ ਮਨੁੱਖੀ ਕਮੀਨਤਾ ਰਸਾਤਲ ਤੱਕ ਗਿਰ ਗਈ ਏ।***

ਦਰਿਆ, ਇਕ ਮੌਲਾ ਮਸਤ ਫਕੀਰ। ਇਸ ਦੀ ਨਿਭਦੀ ਕੰਢਿਆਂ ਸੰਗ ਸੀਰ। ਇਸ ਦੀਆਂ ਰਹਿਮਤਾਂ, ਜੀਵਨ-ਨਾਦ। ਇਸ ਦੀ ਬਰਕਤੀਂ ਜਿੰਦ ਦਾ ਸਾਜ਼। ਲਹਿਰੀਂ ਵੱਸਦਾ ਸੁਗਮ ਸੰਗੀਤ। ਕੰਢੀਂ ਉਗੇ ਪ੍ਰੇਮ ਦੀ ਰੀਤ। ਦਰਿਆ 'ਤੇ ਚੜ੍ਹੇ ਨਾ ਮਜਹਬਾਂ ਦਾ ਰੰਗ। ਪਾਣੀ ਵਸੇਂਦੀ ਜੀਵਨ-ਉਮੰਗ।

ਇਕ ਦਰਿਆ ਸੋਚ ਦਾ ਜੋ ਅੰਦਰ ਵਗਦਾ। ਕਤਰਾ ਕਤਰਾ ਬਣ ਕਰਮ-ਜੜ੍ਹਾਂ ਨੂੰ ਸਿੰਜਦਾ। ਇਕ ਦਰਿਆ ਬੋਲਾਂ ਵਿਚ ਜੋ ਸੂਰਜ ਬਾਲ ਰਿਹਾ, ਤੇ ਹਨੇਰੀਆਂ ਜੂਹਾਂ ਨੂੰ ਚਾਨਣ ਸੰਗ ਹੰਗਾਲ ਰਿਹਾ। ਇਕ ਦਰਿਆ ਜੋ ਸਾਡੇ ਹਰਫਾਂ ਰਾਹੀਂ ਵਰਕੀਂ ਫੈਲ ਰਿਹਾ। ਹੱਕ-ਸੱਚ ਦਾ ਹੋਕਾ ਬਣ ਜਿੰਦ-ਫਸੀਲ 'ਤੇ ਟਹਿਲ ਰਿਹਾ। ਇਕ ਦਰਿਆ ਜੋ ਕਰਮਾਂ ਰੱਤਾ ਲਿਬਾਸ ਹੰਢਾ ਰਿਹਾ। ਇਸੇ ਕਰਕੇ ਜੀਵਨੀ ਰੰਗਤ ਦਾ ਸੁੱਚਮ ਝੋਲੀ ਪਿਆ।

ਦਰਿਆ ਲੰਮੇ ਪੈਂਡਿਆਂ ਦੀ ਦਾਸਤਾਨ। ਜੀਵਨ-ਫਲਸਫਾ, ਆਦਿ ਤੋਂ ਅੰਤ ਦਾ ਸਫਰਨਾਮਾ। ਬੂੰਦ-ਸਿਰਜਣਾ ਤੋਂ ਸਮੁੰਦਰ ਵਿਚ ਸਮਾਉਣ ਤੀਕ ਦੀ ਗਾਥਾ। ਖੁਦ ਨੂੰ ਅਭੇਦ ਕਰਨ ਦਾ ਸੁੱਚਾ ਕਰਮ। ਅਭੇਦਤਾ ਵਿਚੋਂ ਹੀ ਪੁਨਰ ਸਿਰਜਣਾ ਤੇ ਪੂਰਨਤਾ ਕਮਾਉਣਾ ਅਤੇ ਖੁਦ ਦੀ ਸਿਰਜਣ ਪ੍ਰਕ੍ਰਿਆ ਦਾ ਧਰਮ ਨਿਭਾਉਣਾ।

ਦਰਿਆ ਵਗਦਾ ਰਹੇ ਤਾਂ ਜੀਵਨ-ਜੋਤ। ਸਿਸਕਣ ਲੱਗ ਪਵੇ ਤਾਂ ਟੁੱਟਦੇ ਸਾਹਾਂ ਦਾ ਸਾਜ਼। ਸਾਹਸੱਤ ਹੀਣ ਪਾਣੀਆਂ ਨੂੰ ਕਿਹੜੇ ਦਰਿਆ ਦਾ ਨਾਮ ਦੇਵੋਗੇ? ਇਸ ਦੀ ਹਿੱਕ ਵਿਚ ਉਗੇ ਬਰੇਤਿਆਂ ਵਿਚ ਪਾਣੀਆਂ ਦੇ ਸੋਗ ਨੂੰ ਕਿੰਜ ਪੁਣੋਗੇ? ਬਰੇਤੇ ਦਾ ਉਗਣਾ ਹੀ ਦਰਿਆ ਦੀ ਮੌਤ ਦਾ ਪੈਗਾਮ। ਸੰਵੇਦਨਸ਼ੀਲ ਲੋਕ ਹੀ ਇਸ ਦਰਦ ਨੂੰ ਸਮਝਣ ਅਤੇ ਦਰਿਆ ਦੀ ਸਲਾਮਤੀ ਲਈ ਸੁਯੋਗ ਯਤਨਾਂ ਜੁਟਾਉਣ ਦੇ ਸਮਰੱਥ।

ਦਰਿਆ ਰਹੇਗਾ ਤਾਂ ਮਨੁੱਖ ਰਹੇਗਾ, ਮਨੁੱਖੀ ਸਰੋਕਾਰ ਜ਼ਿੰਦਾ ਰਹਿਣਗੇ, ਮਨੁੱਖੀ ਸਹੂਲਤਾਂ, ਸਾਧਨ ਅਤੇ ਸਦੀਵਤਾ ਰਹੇਗੀ। ਦਰਿਆ ਵਗਦਾ ਰਹੇ ਤਾਂ ਪਾਣੀ-ਲਹਿਰਾਂ ਮਧੁਰ-ਸੰਗੀਤ ਉਪਜਾਉਂਦੀਆਂ ਰਹਿਣਗੀਆਂ। ਪੱਤਣਾਂ 'ਤੇ ਲੁੱਡਣ ਮਲਾਹ ਮੇਲੇ ਲਾਉਂਦੇ ਰਹਿਣਗੇ। ਕੁੜੀਆਂ-ਚਿੜੀਆਂ ਦਾ ਨਿਰੰਤਰ ਆਵਾਗਵਣ ਬਣਿਆ ਰਹੇਗਾ। ਕੰਢਿਆਂ 'ਤੇ ਉਗੇ ਬਿਰਖ ਮੌਲਦੇ ਰਹਿਣਗੇ। ਚੌਗਿਰਦੇ ਵਿਚ ਬਨਸਪਤੀ ਨੂੰ ਮੌਲਣ ਲਈ ਮੌਫੀਕ ਮੌਸਮ, ਆਬੋ-ਹਵਾ ਅਤੇ ਨਮੀ ਮਿਲਦੀ ਰਹੇਗੀ। ਰੱਕੜਾਂ ਦੇ ਮਾਤਮ ਨਾਲੋਂ ਪੀਰਾਂ ਵਰਗੇ ਦਰਿਆਵਾਂ ਦੀ ਪਾਕੀਜ਼ਗੀ, ਪਵਿੱਤਰਤਾ ਅਤੇ ਪਰਮ-ਅਰਾਧਨਾ ਕਈ ਦਰਜੇ ਉਚਤਮ।

'ਤੂ ਦਰੀਆਉ ਸਭ ਤੁਝ ਹੀ ਮਾਹਿ' ਦੀ ਸਮਝ ਜਦ ਮਨੁੱਖੀ ਸੋਚ ਦਾ ਹਿੱਸਾ ਬਣ ਜਾਵੇ ਤਾਂ ਮਨੁੱਖੀ ਹਉਮੈ ਖਤਮ ਹੋ ਜਾਵੇਗੀ ਅਤੇ ਮਨੁੱਖ ਆਪਣੀ ਔਕਾਤ ਦੇ ਰੂਬਰੂ ਹੋ ਸੁਖਦ ਅਹਿਸਾਸ ਨਾਲ ਭਰ ਜਾਵੇਗਾ।

ਦਰਿਆ, ਮਨੁੱਖ ਦਾ ਮੁੱਢ ਕਦੀਮ ਦਾ ਸਾਥੀ ਅਤੇ ਓੜਕ ਤੱਕ ਸਾਥ ਨਿਭਾਉਂਦਾ। ਮਨੁੱਖ ਦੇ ਫੁੱਲ ਵੀ ਵਗਦੇ ਪਾਣੀਆਂ ਦੇ ਸਪੁਰਦ ਕਰ ਪਰਿਵਾਰ ਅੰਤਿਮ ਰਸਮਾਂ ਦੀ ਪੂਰਤੀ ਕਰਦਾ। ਆਖਰ ਨੂੰ ਪਾਣੀ ਦਾ ਜੀਅ ਪਾਣੀ ਵਿਚ ਹੀ ਸਮਾ ਜਾਂਦਾ। ਮਨੁੱਖੀ ਫਿਤਰਤ ਇਹ ਸਮਝਣ ਤੋਂ ਅਸਮਰਥ ਕਿ ਜੇ ਦਰਿਆ ਪਲੀਤ ਹੋ ਗਏ, ਬਿਰਖ ਨਾ ਰਹੇ, ਪਰਿੰਦੇ ਉਡਾਰੀ ਮਾਰ ਗਏ ਤਾਂ ਬਨਸਪਤੀ ਤੋਂ ਵਿਰਵੀ ਧਰਤ 'ਤੇ ਕੀ ਨੋਟ ਖਾ ਕੇ ਜੀਵਿਆ ਜਾ ਸਕਦਾ ਏ?

ਦਰਿਆ ਉਨਾ ਚਿਰ ਹੀ ਵਗਦਾ ਜਦ ਤੱਕ ਉਹ ਆਪਣੇ ਮੂਲ ਨਾਲ ਜੁੜਿਆ ਰਹਿੰਦਾ ਅਤੇ ਮੂਲ ਪ੍ਰਤੀ ਸ਼ੁਕਰਗੁਜ਼ਾਰੀ ਨਾਲ ਭਰਪੂਰ ਰਹਿੰਦਾ। ਉਸ ਨੂੰ ਸਦਾ ਚੇਤੇ ਰਹਿੰਦਾ ਕਿ ਮੂਲ-ਸਰੋਤ ਤੋਂ ਬਗੈਰ ਖੁਦ ਦੀ ਹੋਂਦ ਨੂੰ ਕਿਆਸਣਾ ਅਕਾਰਥ ਏ। ਕੀ ਮਨੁੱਖ ਅਜਿਹਾ ਸੋਚਦਾ ਏ?

ਅੰਤਰੀਵ ਵਿਚ ਵਗਦੇ ਦਰਿਆ ਨੂੰ ਕਦੇ ਗੰਧਲਾ ਨਾ ਕਰੋ। ਇਸ ਨੂੰ ਸੁੱਕਣ ਨਾ ਦਿਓ। ਇਸ ਦੀ ਨਿਰੰਤਰਤਾ ਲਈ ਸੂਹਜ, ਸਿਆਣਪ, ਸੱਚ ਅਤੇ ਸਿਦਕ ਦਾ ਮੀਂਹ ਬਰਸਾਉਂਦੇ ਰਹੋ।

ਦਰਿਆ ਕਦੇ ਰੁਕਦਾ ਨਹੀਂ। ਵਹਿਣ ਵਿਚ ਰੁਕਾਵਟਾਂ ਆਉਣ 'ਤੇ ਰਸਤਾ ਬਦਲ ਨਵਾਂ ਰਸਤਾ ਬਣਾਉਂਦਾ, ਤੋਰ ਨੂੰ ਬਰਕਰਾਰ ਰੱਖਦਾ। ਦਰਿਆ ਨੂੰ ਕਦੇ ਵੀ ਕਾਹਲ ਨਹੀਂ ਹੁੰਦੀ ਸਮੁੰਦਰ 'ਚ ਸਮਾਉਣ ਦੀ, ਕਿਉਂਕਿ ਉਸ ਨੂੰ ਪਤਾ ਹੁੰਦਾ ਕਿ ਉਸ ਨੇ ਇਕ ਨਾ ਇਕ ਦਿਨ ਸਮੁੰਦਰ ਵਿਚ ਸਮਾਉਣਾ ਏ। ਕਦੇ ਕਦਾਈਂ ਜ਼ਿੰਦਗੀ ਨੂੰ ਦਰਿਆ ਦਾ ਨਾਮਕਰਨ ਜਰੂਰ ਦੇਣਾ।

***ਦਰਿਆ, ਰਾਜਿਆਂ, ਮਹਾਰਾਜਿਆਂ ਅਤੇ ਸਲਤਨਤਾਂ ਲਈ ਧੌਂਸ ਜਮਾਉਣ ਲਈ ਜੰਗ-ਧਰਾਤਲ। ਪੋਰਸ-ਸਿਕੰਦਰ ਲਈ ਬਿਆਸ ਦਾ ਕੰਢਾ ਹੋਵੇ, ਮਹਾਰਾਜਾ ਰਣਜੀਤ ਸਿੰਘ ਦਾ ਅਟਕ ਦਰਿਆ ਨੂੰ ਠਹਿਰਨ ਦਾ ਹੁਕਮ ਹੋਵੇ ਜਾਂ ਗੁਰੂ ਸਮੇਤ ਸਿੱਖ ਯੋਧਿਆਂ ਦਾ ਸਰਸਾ ਨਦੀ ਦੀ ਉਛਲਦੀ ਹਿੱਕ ਨੂੰ ਚੀਰ ਕੇ ਪਾਰ ਕਰਨ ਦਾ ਜੇਰਾ ਹੋਵੇ।***

ਵਗਦੇ ਦਰਿਆ ਦੇ ਪਾਣੀ, ਤਾਜ਼ਗੀ ਦਾ ਸੁੱਚਾ ਨਾਮ ਜਦ ਕਿ ਖੜ੍ਹੇ ਪਾਣੀ ਬੁੱਸ ਜਾਂਦੇ। ਵਗਦੇ ਪਾਣੀ ਪਿਆਸ ਬੁਝਾਉਂਦੇ, ਬੁੱਸੇ ਪਾਣੀ ਬਿਮਾਰੀਆਂ ਨੂੰ ਸੱਦਾ।

'ਤਿਨਾ ਦਰਿਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ' ਅਨੁਸਾਰ ਦਰਿਆਵਾਂ ਵਰਗੇ ਲੋਕ ਹੀ ਦਰਿਆਵਾਂ ਵਰਗੇ ਲੋਕਾਂ ਨਾਲ ਸਾਂਝ ਪਾ ਨਵੇਂ ਮੁਕਾਮ ਹਾਸਲ ਕਰਦੇ।

ਦਰਿਆ ਦੀ ਰਵਾਨੀ, ਸਮੇਂ ਦੀ ਨਿਰੰਤਰ ਗਤੀ। ਕੇਰਾਂ ਲੰਘ ਗਏ ਪਾਣੀ, ਸਮੇਂ ਵਾਂਗ ਕਦੇ ਵਾਪਸ ਨਹੀਂ ਪਰਤਦੇ।

ਠਹਿਰੇ ਹੋਏ ਦਰਿਆ ਹਮੇਸ਼ਾ ਗਹਿਰੇ ਹੁੰਦੇ ਹਨ ਜਦਕਿ ਅਸ਼ਾਂਤ ਦਰਿਆ ਕੰਢਿਆਂ ਨੂੰ ਤੋੜਦੇ, ਅਸ਼ਾਂਤ ਪਲਾਂ ਦੀ ਵਹਿੰਗੀ ਢੋਂਦਿਆਂ ਹੀ ਜੀਵਨ ਪੈਂਡਾ ਖੋਟਾ ਕਰ ਜਾਂਦੇ।

ਦਰਿਆ ਦੇ ਨਿੱਤਰੇ ਪਾਣੀ ਪਾਕੀਜ਼ਗੀ ਦਾ ਪ੍ਰਮਾਣ ਜਦਕਿ ਗੰਧਲੇ ਪਾਣੀ ਮਲੀਨਤਾ ਦੀ ਗਵਾਹੀ। ਨਿੱਤਰੇ ਪਾਣੀਆਂ ਵਰਗੀ ਫਿਤਰਤ, ਮਨੁੱਖ ਦੀ ਹਾਣੀ ਹੋ ਜਾਵੇ ਤਾਂ ਜੀਵਨ-ਅਰਥਾਂ ਦਾ ਦੀਵਾ ਹਮੇਸ਼ਾ ਜਗਦਾ ਰਹਿੰਦਾ।

ਦਰਿਆ ਵਰਗੀ ਦਰਿਆ-ਦਿਲੀ ਤੇ ਰਵਾਨੀ ਅਤੇ ਅਪਣੱਤ ਤੇ ਬੇਪ੍ਰਵਾਹੀ ਨੂੰ ਜੀਵਨ ਧਰਾਤਲ ਦਾ ਨਾਮਕਰਣ ਦੇਈਏ ਤਾਂ ਜੀਵਨ-ਜੋਤ ਨੂੰ ਯੁੱਗ ਜਿਉਣ ਦਾ ਵਰਦਾਨ ਮਿਲੇਗਾ। ਤੁਸੀਂ ਇਸ ਬਾਰੇ ਕਿੰਜ ਸੋਚਦੇ ਹੋ? ਦੱਸਣਾ ਜਰੂਰ।

## ਦਿਲ ਦਰਿਆ

ਦਾਲ-ਦਿਲ ਦਰਿਆ ਸਮੁੰਦਰੋਂ ਡੂੰਘੇ,
ਕੌਣ ਦਿਲਾਂ ਦੀਆਂ ਜਾਣੇ ਹੂ।
ਵਿਚੇ ਬੇੜੇ ਵਿਚੇ ਝੇੜੇ,
ਵਿਚੇ ਵੰਝ ਮੁਹਾਣੇ ਹੂ।
ਚੌਦਾਂ ਤਬਕ ਦਿਲੇ ਦੇ ਅੰਦਰ,
ਤੰਬੂ ਵਾਂਗੂੰ ਤਾਣੇ ਹੂ।
ਦਿਲ ਦਾ ਮਹਿਰਮ ਹੋਵੇ ਬਾਹੂ,
ਸੋਈ ਰੱਬ ਪਛਾਣੇ ਹੂ।

ਦਾਲ-ਦਿਲੇ ਵਿਚ ਦਿਲ ਜੋ ਆਖੇਂ,
ਸੋ ਦਿਲ ਦੂਰ ਦਲੀਲੋਂ ਹੂ।
ਦਿਲ ਦਾ ਦੂਰ ਅਗੋਹਾਂ ਕੀਚੇ,
ਕਸਰਤ ਕਰਨੋਂ ਕਲੀਲੋਂ ਹੂ।
ਕਲਬ ਕਮਾਲ ਜਮਾਲੋਂ ਜਿਸਮੋਂ,
ਜੌਹਰ ਜਾਹ ਜਲੀਲੋਂ ਹੂ।
ਕਿਬਲਾ ਕਲਬ ਮੁਨੱਵਰ ਬਾਹੂ,
ਖਲਵਤ ਖਾਸ ਖਲੀਲੋਂ ਹੂ।
***-ਸੁਲਤਾਨ ਬਾਹੂ***

# ਮੁਜਾਰਾ ਲਹਿਰ ਵਾਲੇ ਪਿੰਡ ਕਿਸ਼ਨਗੜ੍ਹ ਦੀ ਦਾਸਤਾਂ

ਬਰੇਟਾ ਲਾਗੇ ਉੱਤਰ ਦਿਸ਼ਾ ਵੱਲ ਪੈਂਦਾ ਪਿੰਡ ਕਿਸ਼ਨਗੜ੍ਹ ਜ਼ਿਲ੍ਹਾ ਮਾਨਸਾ ਦਾ ਉਹ ਪਿੰਡ ਹੈ ਜਿਸ ਨੂੰ ਮੁਜਾਰਾ ਲਹਿਰ ਦਾ ਮੋਢੀ ਪਿੰਡ ਹੋਣ ਦਾ ਮਾਣ ਪ੍ਰਾਪਤ ਹੈ। ਇਹ ਪਿੰਡ ਮੁਜਾਰਾ ਲਹਿਰ ਅਧੀਨ ਆਉਂਦੇ 784 ਵਿਚੋਂ ਪ੍ਰਸਿੱਧ ਹੋਇਆ। ਇਸ ਪਿੰਡ ਵਿਚੋਂ ਮੁਜਾਰਿਆਂ ਨੂੰ ਖਦੇੜਨ ਲਈ 19 ਮਾਰਚ 1949 ਨੂੰ ਆਜ਼ਾਦ ਭਾਰਤ ਦੀ ਫੌਜ ਨੇ ਪਿੰਡ ਉੱਤੇ ਧਾਵਾ ਬੋਲ ਦਿੱਤਾ ਸੀ।

ਉਸ ਸਮੇਂ ਮੁਜਾਰਾ ਲਹਿਰ ਲਾਲ ਪਾਰਟੀ ਦੀ ਅਗਵਾਈ ਵਿਚ ਚੱਲ ਰਹੀ ਸੀ। ਲਾਲ ਪਾਰਟੀ 8 ਜਨਵਰੀ 1948 ਨੂੰ ਨਕੋਦਰ (ਜ਼ਿਲ੍ਹਾ ਜਲੰਧਰ) ਵਿਚ ਕਾਇਮ ਕੀਤੀ ਗਈ ਸੀ। ਲਾਲ ਪਾਰਟੀ ਦੇ ਸੱਕਤਰ ਕਾਮਰੇਡ ਤੇਜਾ ਸਿੰਘ ਸੁਤੰਤਰ ਸਨ ਅਤੇ ਪੰਜਾਬ ਇਕਾਈ ਦੇ ਸੱਕਤਰ ਕਾਮਰੇਡ ਚੈਨ

**ਸੱਤ ਪ੍ਰਕਾਸ਼ ਸਿੰਗਲਾ**

ਸਿੰਘ ਚੈਨ ਸਨ। ਮੁਜਾਰਾ ਘੋਲ ਨੂੰ ਹੋਰ ਤੇਜ਼ ਕਰਨ ਲਈ ਮੁਜਾਰਾ ਵਾਰ ਕੌਂਸਲ ਕਾਇਮ ਕੀਤੀ ਗਈ ਅਤੇ ਪੈਪਸੂ ਕਿਸਾਨ ਸਭਾ ਵੀ ਬਣਾਈ ਗਈ। ਵਿਸਵੇਦਾਰਾਂ ਦੀਆਂ ਵਧੀਕੀਆਂ ਦਾ ਜਵਾਬ ਦੇਣ ਲਈ ਹਥਿਆਰਬੰਦ ਰਸਤਾ ਵੀ ਬਣਾਇਆ ਗਿਆ।

ਮੁਜਾਰੇ ਕਿਸਾਨ ਜ਼ਮੀਨ ਉੱਤੇਆਪਣਾ ਹੱਕ ਜਤਾਉਂਦੇ ਸਨ ਪਰ ਵਿਸਵੇਦਾਰ ਜ਼ਮੀਨ ਨੂੰ ਆਪਣੀ ਮਾਲਕੀ ਸਮਝਦੇ ਸਨ ਕਿਉਂਕਿ ਰਿਆਸਤਾਂ ਦੇ ਰਾਜੇ ਉਨ੍ਹਾਂ ਦੀ ਹੀ ਗੱਲ ਸੁਣਦੇ ਸਨ, ਮੁਜਾਰਿਆਂ ਨੂੰ ਹਰ ਤਰ੍ਹਾਂ ਦਬਾ ਕੇ ਰੱਖਿਆ ਜਾਂਦਾ ਸੀ। ਮੁਜਾਰਾ ਘੋਲ ਦੀ ਬਦੌਲਤ ਕਈ ਕਮੇਟੀਆ ਬਣਾਈਆਂ ਅਤੇ ਕਈ ਕਮਿਸ਼ਨ ਬਣੇ ਪਰ ਮੁਜਾਰਿਆਂ ਨੂੰ ਸੰਤੁਸ਼ਟ ਨਾ ਕੀਤਾ ਜਾ ਸਕਿਆ। ਫਿਰ 11 ਮਾਰਚ 1947 ਨੂੰ ਪਟਿਆਲਾ ਗਜ਼ਟ ਵਿਚ ਫਰਮਾਨ ਛਾਪਿਆ ਗਿਆ ਜਿਸ ਅਨੁਸਾਰ ਦਫਾ 5 ਦੇ ਮਰੂਸ ਮੁਜਾਰੇ ਚੌਥੇ ਹਿੱਸੇ ਦੀ ਜ਼ਮੀਨ ਵਿਸਵੇਦਾਰ ਨੂੰ ਦੇ ਕੇ ਬਾਕੀ ਜ਼ਮੀਨ ਦੇ ਮਾਲਕ ਬਣ ਸਕਦੇ ਸਨ ਅਤੇ ਦੂਜੇ ਮੁਜਾਰੇ ਪੰਜ ਹਿੱਸਿਆ ਵਿਚ ਦੋ ਹਿੱਸੇ ਵਿਸਵੇਦਾਰ ਨੂੰ ਦੇ ਕੇ ਬਾਕੀ ਜ਼ਮੀਨ ਦੇ ਮਾਲਕ ਬਣ ਸਕਦੇ ਸੀ। ਬਟਾਈ ਦੇ ਬਕਾਏ ਦੇਣ ਦੀ ਵੀ ਸ਼ਰਤ ਰੱਖੀ ਸੀ। ਇਸ ਫਰਮਾਨ 'ਤੇ ਵਿਚਾਰ ਕਰਨ ਲਈ ਮੁਜਾਰਾ ਵਾਰ ਕੌਂਸਲ ਅਤੇ ਪੈਪਸੂ ਕਿਸਾਨ ਸਭਾ ਦੀ ਗੁਪਤ ਮੀਟਿੰਗ ਰਾਤ ਨੂੰ ਪਿੰਡ ਖੜਕ ਸਿੰਘ ਵਾਲਾ ਦੇ ਖੇਤਾਂ ਵਿਚ ਹੋਈ। ਵਿਚਾਰ ਕਰਨ ਤੋਂ ਬਾਅਦ ਇਹ ਫਰਮਾਨ ਮੁੱਢੋਂ ਹੀ ਰੱਦ ਕਰ ਦਿੱਤਾ ਗਿਆ। ਵਿਸਵੇਦਾਰ ਇਸ ਨੂੰ ਲਾਗੂ ਕਰਵਾਉਣਾ ਚਾਹੁੰਦੇ ਸਨ। ਮੁਜਾਰੇ ਇਸ ਦੇ ਵਿਰੋਧ ਵਿਚ ਨਿਤਰ ਰਹੇ ਸਨ। ਵਿਸਵੇਦਾਰ ਮਹਿਕਮਾ ਮਾਲ ਅਤੇ ਪੁਲੀਸ ਦੀ ਮਦਦ ਨਾਲ ਮੁਜਾਰਿਆਂ ਦੀ ਜ਼ਮੀਨ 'ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਉਸ ਵਕਤ ਮੁਲਕ ਆਜ਼ਾਦ ਹੋ ਗਿਆ ਅਤੇ ਭਾਰਤ ਦੇ ਗ੍ਰਹਿ ਮੰਤਰੀ ਬੱਲਭ ਭਾਈ ਪਟੇਲ ਨੇ ਅੱਠ ਰਿਆਸਤਾਂ ਨੂੰ ਮਿਲਾ ਕੇ 15 ਜੁਲਾਈ 1948 ਨੂੰ ਪੈਪਸੂ ਕਾਇਮ ਕਰ ਦਿੱਤਾ। ਗਿਆਨ ਸਿੰਘ ਰਾੜੇਵਾਲ ਨੂੰ ਮੁੱਖ ਮੰਤਰੀ ਨਾਮਜ਼ਦ ਕੀਤਾ ਗਿਆ ਜੋ ਮਹਾਰਾਜਾ ਯਾਦਵਿੰਦਰ ਸਿੰਘ ਦਾ ਮਾਮਾ ਸੀ। ਯਾਦਵਿੰਦਰ ਸਿੰਘ ਪੈਪਸੂ ਦਾ ਰਾਜ ਪ੍ਰਮੁੱਖ ਬਣਾ ਦਿੱਤਾ ਗਿਆ। ਇਸੇ ਲਈ ਇਸ ਸਰਕਾਰ ਨੂੰ ਮਾਮੇ ਭਾਣਜੇ ਦੀ ਸਰਕਾਰ ਕਿਹਾ ਜਾਂਦਾ ਸੀ। ਮੁਲਕ ਭਾਵੇਂ ਆਜ਼ਾਦ ਹੋ ਗਿਆ ਪਰ ਪੈਪਸੂ ਦੇ ਮੁਜਾਰੇ ਅਜੇ ਵੀ ਗੁਲਾਮ ਸਨ। ਇਹ ਸਰਕਾਰ ਵੀ ਪੁਰਾਣਾ ਕਾਨੂੰਨ ਲਾਗੂ ਕਰਵਾਉਣਾ ਚਾਹੁੰਦੀ ਸੀ। ਵਿਸਵੇਦਾਰਾਂ ਨੂੰ ਸਰਕਾਰ ਦੀ ਸਰਪ੍ਰਸਤੀ ਸੀ। ਇਸੇ ਕਰ ਕੇ ਵਿਸਵੇਦਾਰ ਫਰਮਾਨ ਲਾਗੂ ਕਰਵਾਉਣ ਲਈ ਅੜੇ ਹੋਏ ਸਨ। ਮੁਜਾਰੇ ਤੇਜਾ ਸਿੰਘ ਸੁਤੰਤਰ ਦੀ ਅਗਵਾਈ ਵਿਚ ਫਰਮਾਨ ਪੂਰੀ ਤਰ੍ਹਾਂ ਰੱਦ ਕਰ ਚੁੱਕੇ ਸਨ। ਇਸ ਲਈ ਟਕਰਾਓ ਦਾ ਮਾਹੌਲ ਬਣਿਆ ਹੋਇਆ ਸੀ। ਕਈ ਪਿੰਡਾਂ ਵਿਚ ਘਟਨਾਵਾਂ ਵਾਪਰੀਆਂ। ਜਿਵੇਂ 11 ਅਪਰੈਲ 1947 ਕਾਲਵੰਜਾਰਾ (ਸੰਗਰੂਰ) ਵਿਚ ਵਿਸਵੇਦਾਰ ਅਤੇ ਮੁਜਾਰਿਆਂ ਦੀ ਲੜਾਈ ਹੋਈ ਜਿਸ ਵਿਚ 5 ਮੁਜਾਰੇ ਮਾਰੇ ਗਏ ਅਤੇ 7 ਮੁਜਾਰੇ ਕਿਸਾਨ ਜ਼ਖ਼ਮੀ ਹੋ ਗਏ। 3 ਜੂਨ 1947 ਨੂੰ ਪਿੰਡ ਕਸਾਈਵਾੜੇ ਵਿਚ 2 ਮੁਜਾਰੇ ਗੋਲੀਆਂ ਨਾਲ ਜ਼ਖ਼ਮੀ ਕਰ ਦਿੱਤੇ ਗਏ।

26 ਅਕਤੂਬਰ 1947 ਨੂੰ ਪਿੰਡ ਬਖੋਰਾ ਕਲਾਂ ਵਿਚ ਪੁਲੀਸ ਫੋਰਸ ਅਤੇ ਗੁੰਡਿਆਂ ਨੇ ਹਮਲਾ ਕਰ ਕੇ ਖੇਤਾਂ 'ਤੇ ਕਬਜ਼ਾ ਕਰ ਲਿਆ। ਕਪਾਹ ਦੀ ਚੁਗਾਈ ਸ਼ੁਰੂ ਕਰ ਦਿੱਤੀ ਪਰ ਆਲੇ-ਦੁਆਲੇ ਦੇ ਪਿੰਡਾਂ ਦੇ ਮੁਜਾਰੇ ਪਿੰਡ ਵਿਚ ਇਕੱਠੇ ਹੋ ਗਏ ਅਤੇ ਇਨ੍ਹਾਂ ਨੇ ਬਚਨ ਸਿੰਘ ਬਖਸ਼ੀਵਾਲਾ ਦੀ ਅਗਵਾਈ ਹੇਠ ਪੁਲੀਸ ਅਤੇ ਗੁੰਡਿਆਂ ਨੂੰ ਭਜਾ ਦਿੱਤਾ। ਕਿਸ਼ਨਗੜ੍ਹ ਦਾ ਵਿਸਵੇਦਾਰ ਸਿਆਸਤ ਸਿੰਘ (ਬਠਿੰਡਾ) ਐੱਸਪੀ ਸੀ। ਉਸ ਦੇ ਭਰਾ ਭਗਵਾਨ ਸਿੰਘ ਨੇ ਮਾਲ ਮਹਿਕਮੇ ਦੇ ਅਫਸਰਾ ਅਤੇ ਪੁਲੀਸ ਦੀ ਸਹਾਇਤਾ ਨਾਲ ਸ਼ਾਹੀ ਫਰਮਾਨ ਲਾਗੂ ਕਰਵਾਉਣ ਲਈ ਦਬਾਅ ਬਣਾਉਣਾ ਚਾਹਿਆ ਅਤੇ ਮੁਜਾਰਿਆਂ ਦੀਆਂ ਖੜ੍ਹੀਆਂ ਫਸਲਾਂ 'ਤੇ ਕਬਜ਼ਾ ਕਰ ਲਿਆ। ਹੋਰ ਪਿੰਡਾਂ ਅਤੇ ਕਿਸ਼ਨਗੜ੍ਹ ਦੇ ਮੁਜਾਰਿਆਂ ਇੱਕਠੇ ਹੋ ਕੇ ਬਚਨ ਸਿੰਘ ਬਖਸ਼ੀਵਾਲਾ ਅਤੇ ਧਰਮ ਸਿੰਘ ਫੱਕਰ ਦੀ ਅਗਵਾਈ ਵਿਚ ਘੋਲ ਲੜਿਆ। 16 ਮਾਰਚ 1949 ਨੂੰ ਉਸ ਵਕਤ ਟਕਰਾ ਹੋ ਗਿਆ ਜਦੋਂ ਬਰੇਟਾ ਸਟੇਸ਼ਨ 'ਤੇ ਉੱਤਰ ਕੇ ਪੁਲੀਸ ਪਾਰਟੀ ਘੋੜਿਆਂ 'ਤੇ ਸਵਾਰ ਹੋ ਕੇ ਕਿਸ਼ਨਗੜ੍ਹ ਵੱਲ ਆ ਰਹੀ ਸੀ। ਮੁਜਾਰਿਆਂ ਨੂੰ ਪੁਲੀਸ ਆਉਣ ਦੀ ਖ਼ਬਰ ਪਹਿਲਾਂ ਹੀ ਪਹੁੰਚ ਚੁੱਕੀ ਸੀ। ਆਗੂ ਪਹਿਲਾਂ ਹੀ ਤਿਆਰ ਸਨ। ਕਾਫਲੇ ਦੇ ਕਿਸ਼ਨਗੜ੍ਹ ਪਹੁੰਚਣ 'ਤੇ ਮੁਜਾਰਿਆਂ ਨਾਲ ਸਾਹਮਣਾ ਹੋਇਆ। ਇਸ ਝੜਪ ਵਿਚ ਥਾਣੇਦਾਰ ਪ੍ਰਦੁਮਣ ਸਿੰਘ ਅਤੇ ਮਾਲ ਪਟਵਾਰੀ ਸੁਖਦੇਵ ਸਿੰਘ ਮਾਰੇ ਗਏ, ਬਾਕੀ



ਸਭ ਭੱਜ ਗਏ। ਕਤਲ ਅਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ। ਇਹ ਪਹਿਲੀ ਘਟਨਾ ਸੀ ਜਿਸ ਵਿਚ ਮੁਜਾਰਿਆਂ ਅਤੇ ਸਰਕਾਰੀ ਮਾਮਲੇ ਸਮੇਤ ਵਿਸਵੇਦਾਰਾਂ ਨਾਲ ਸਿੱਧੀ ਟੱਕਰ ਹੋਈ ਅਤੇ ਸਰਕਾਰੀ ਕਰਮਚਾਰੀ ਮਾਰੇ ਗਏ ਸਨ। ਇਸ ਲਈ ਇਸ ਘਟਨਾ ਨੂੰ ਬਗਾਵਤ ਕਿਹਾ ਗਿਆ। ਇਸ ਬਗਾਵਤ ਦੀ ਖ਼ਬਰ ਡਿਪਟੀ ਕਮਿਸ਼ਨਰ ਬਠਿੰਡਾ ਰਾਹੀਂ ਗ੍ਰਹਿ ਸਕੱਤਰ ਪੈਪਸੂ ਪਟਿਆਲਾ ਨੂੰ ਭੇਜੀ ਗਈ। ਮਹਾਰਾਜਾ ਪਟਿਆਲਾ ਨੇ ਮਾਰਸ਼ਲ ਲਾਅ ਲਾ ਕੇ ਪਿੰਡ ਨੂੰ ਤੋਪਾਂ ਨਾਲ ਉਡਾਉਣ ਦਾ ਹੁਕਮ ਦੇ ਦਿੱਤਾ। 19 ਮਾਰਚ 1949 ਦੀ ਸਵੇਰ ਹੋਣ ਤੋਂ ਪਹਿਲਾਂ 400 ਫੌਜੀਆਂ ਅਤੇ ਪੁਲੀਸ ਦੇ ਤਕਰੀਬਨ 100 ਸਿਪਾਹੀਆਂ ਨੇ ਪਿੰਡ ਨੂੰ ਘੇਰਾ ਪਾ ਲਿਆ। ਟੈਂਕਾਂ ਅਤੇ ਹਥਿਆਰਾਂ ਨਾਲ ਭਰੀਆਂ ਗੱਡੀਆਂ ਅਤੇ ਹੋਰ ਸਾਜ਼ੋ-ਸਾਮਾਨ ਨਾਲ ਲੈਸ ਫੌਜ ਦੀ ਅਗਵਾਈ ਮੇਜਰ ਗੁਰਦਿਆਲ ਸਿੰਘ ਬਰਾੜ ਕਰ ਰਹੇ ਸਨ। ਫੌਜ ਨੇ ਪਿੰਡ ਵਾਸੀਆਂ ਨੂੰ ਬਾਹਰ ਆ ਕੇ ਵਿਸਵੇਦਾਰਾਂ ਦੀ ਹਵੇਲੀ ਵਿਚ ਇਕੱਠੇ ਹੋਣ ਲਈ ਕਿਹਾ ਗਿਆ। ਨਾਲੇ ਐਲਾਨ ਕੀਤਾ ਕਿ ਨਹੀਂ ਤਾਂ ਪਿੰਡ ਨੂੰ ਤੋਪਾਂ ਨਾਲ ਉਡਾ ਦਿੱਤਾ ਜਾਵੇਗਾ ਪਰ ਸਾਰੇ ਲੋਕ ਘਰਾਂ ਦੀਆਂ ਛੱਤਾਂ ਉਪਰ ਚੜ੍ਹ ਗਏ ਅਤੇ ਉਨ੍ਹਾਂ ਵਿਸਵੇਦਾਰਾਂ ਤੇ ਸਰਕਾਰ ਵਿਰੁਧ ਨਾਅਰੇਬਾਜ਼ੀ ਕੀਤੀ।

ਪਿੰਡ ਦਾ ਮਾਹੌਲ ਤਣਾਅ ਵਾਲਾ ਬਣ ਗਿਆ। ਫੌਜ ਵੱਲੋਂ ਕੁਝ ਤੋਪ ਗੋਲੇ ਫਾਇਰ ਕੀਤੇ ਗਏ। ਇੱਕ ਗੋਲਾ ਧਰਮਸਾਲਾ ਵਿਚ ਜਾ ਡਿੱਗਿਆ ਜਿੱਥੇ ਬਰਾਤ ਠਹਿਰੀ ਹੋਈ ਸੀ। ਇਸ ਨਾਲ ਇੱਕ ਬਰਾਤੀ ਮਾਰਿਆ ਗਿਆ। ਇਸ ਤੋਂ ਬਾਅਦ ਸਾਰੇ ਪਿੰਡ ਵਾਸੀਆਂ ਨੂੰ ਵਿਸਵੇਦਾਰਾਂ ਦੀ ਹਵੇਲੀ ਵਿਚ ਇਕੱਠਾ ਕਰ ਲਿਆ ਗਿਆ। ਫੌਜ ਅਤੇ ਪੁਲੀਸ ਨੇ ਪਿੰਡ ਵਿਚ ਗਸ਼ਤ ਸ਼ੁਰੂ ਕਰ ਦਿੱਤੀ ਅਤੇ ਘਰ ਘਰ ਦੀ ਤਲਾਸ਼ੀ ਲਈ। ਗਸ਼ਤ ਦੌਰਾਨ ਇੱਕ ਘਰ ਵਿਚ ਰਾਮ ਸਿੰਘ ਬਾਗੀ ਅਤੇ ਉਸ ਦੇ 2 ਸਾਥੀ ਲੁਕੇ ਹੋਏ ਸਨ। ਫੌਜ ਨੇ ਉਨ੍ਹਾਂ ਨੂੰ ਗੋਲੀਆਂ ਮਾਰ ਦਿੱਤੀਆਂ ਪਰ ਤਲਾਸ਼ੀ ਦੌਰਾਨ ਕੁਝ ਵੀ ਇਤਰਾਜ਼ਯੋਗ ਨਾ ਮਿਲਿਆ। ਸੌ ਦੇ ਕਰੀਬ ਪਿੰਡ ਵਾਸੀਆਂ ਅਤੇ ਹੋਰਾਂ ਨੂੰ ਰੋਕ ਕੇ ਬਾਕੀਆਂ ਨੂੰ ਘਰਾਂ ਨੂੰ ਜਾਣ ਦਿੱਤਾ ਗਿਆ। ਉਨ੍ਹਾਂ ਦੀ ਛਾਣਬੀਣ ਕਰ ਕੇ ਸੂਚੀ ਤਿਆਰ ਕੀਤੀ ਜਾਣ ਲੱਗੀ। ਮਗਰੋਂ 24 ਜਣਿਆਂ ਖ਼ਿਲਾਫ ਕੇਸ ਦਰਜ ਕੀਤਾ ਗਿਆ ਜਿਨ੍ਹਾਂ ਵਿਚ 19 ਕਿਸ਼ਨਗੜ੍ਹ ਵਾਸੀ ਸਨ।

ਇਸ ਘਟਨਾ ਨੇ ਮੁਲਕ ਨੂੰ ਹਲੂਣ ਕੇ ਰੱਖ ਦਿੱਤਾ। ਇਸ ਘਟਨਾ ਬਾਰੇ ਵੇਰਵਾ ਅੰਬਾਲੇ ਤੋਂ ਛਪਦੇ ਅਗਰੇਜ਼ੀ ਅਖ਼ਬਾਰ 'ਦਿ ਟ੍ਰਿਬਿਊਨ' ਦੇ ਸੰਪਾਦਕੀ ਵਿਚ ਛਾਪਿਆ ਗਿਆ। ਸਾਰੀਆਂ ਸਿਆਸੀ ਪਾਰਟੀਆ ਨੇ ਬੜੇ ਤਿੱਖੇ ਪ੍ਰਤੀਕਰਮ ਦਿੱਤੇ। ਕਾਂਗਰਸ ਆਗੂ ਬਾਬੂ ਬ੍ਰਿਛਭਾਨ ਅਤੇ ਅਕਾਲੀ ਜਥੇਦਾਰ ਕਰਤਾਰ ਸਿੰਘ ਦੀ ਅਗਵਾਈ ਵਿਚ ਪੜਤਾਲੀਆ ਕਮੇਟੀ ਬਣਾਈ। ਗ੍ਰਿਫਤਾਰ ਹੋਏ ਮੁਜਾਰਾ ਆਗੂਆਂ ਅਤੇ ਹੋਰਾਂ ਦਾ ਕੇਸ ਲੜਨ ਲਈ ਕਾਮਰੇਡ ਜੰਗੀਰ ਸਿੰਘ ਜੋਗਾ ਦੀ ਪ੍ਰਧਾਨਗੀ ਹੇਠ ਡਿਫੈਂਸ ਕਮੇਟੀ ਬਣਾਈ ਗਈ। ਇਸ ਘਟਨਾ ਨੇ ਮੁਜਾਰਾ ਵਾਰ ਕੌਂਸਲ ਨੂੰ ਆਪਣੀ ਪ੍ਰਜ਼ੀਸ਼ਨ ਹੋਰ ਮਜ਼ਬੂਤ ਕਰਨ ਲਈ ਪ੍ਰੇਰਿਆ। ਇੱਕ ਹੋਰ ਹਥਿਆਰਬੰਦ ਵਾਲੰਟੀਅਰ ਜਥੇ ਨੂੰ ਸਿਖਲਾਈ ਦੇ ਕੇ ਤਿਆਰ ਕਰਨ ਲਈ ਪ੍ਰੋਗਰਾਮ ਬਣਾਇਆ ਗਿਆ। ਵਿਸਵੇਦਾਰਾਂ ਦੇ ਗੁੰਡਿਆਂ ਨੂੰ ਸਿੱਧੀ ਟੱਕਰ ਦੇਣ ਦੀ ਨੀਤੀ ਘੜੀ ਗਈ।

ਸਾਰੀਆਂ ਲੋਕ ਪੱਖੀ ਧਿਰਾਂ ਸਰਕਾਰ ਦੇ ਖ਼ਿਲਾਫ ਹੋ ਗਈਆਂ। ਉਨ੍ਹੀਂ ਦਿਨੀਂ ਪਰਜਾ ਮੰਡਲ, ਲਾਲ ਪਾਰਟੀ, ਮੁਜਾਰਾ ਵਾਰ ਕੌਂਸਲ ਅਤੇ ਪੈਪਸੂ ਕਿਸਾਨ ਸਭਾ ਦਾ ਪ੍ਰਤੀਨਿਧ ਮੰਡਲ, ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਮਿਲਿਆ ਅਤੇ ਮੁਜਾਰਿਆਂ 'ਤੇ ਹੋ ਰਹੇ ਜ਼ੁਲਮ ਸਬੰਧੀ ਯਾਦ ਪੱਤਰ ਦਿੱਤਾ ਜਿਸ ਨਾਲ ਗਿਆਨ ਸਿੰਘ ਰਾੜੇਵਾਲਾ ਦੀ ਸਰਕਾਰ ਭੰਗ ਹੋ ਗਈ ਅਤੇ ਕੇਂਦਰ ਵੱਲੋਂ ਪੈਪਸੂ ਦਾ ਰਾਜ ਪ੍ਰਬੰਧ ਚਲਾਉਣ ਲਈ ਪੀਐੱਸ ਰਾਓ ਸੁਰੱਖਿਆ ਸਲਾਹਕਾਰ ਨਿਯੁਕਤ ਕਰ ਦਿੱਤਾ। ਹੁਣ ਸਾਰੀ ਤਾਕਤ ਰਾਓ ਅਤੇ ਰਾਜ ਪ੍ਰਮੁੱਖ ਯਾਦਵਿੰਦਰ ਸਿੰਘ ਦੇ ਹੱਥ ਆ ਗਈ। ਮੁਲਕ ਦੇ ਗ੍ਰਹਿ ਮੰਤਰੀ ਕੈਲਾਸ਼ ਨਾਥ ਕਟਾਜੂ ਨੇ ਕਿਸ਼ਨਗੜ੍ਹ ਦਾ ਦੌਰਾ ਕੀਤਾ ਅਤੇ ਹਾਲਾਤ ਦਾ ਜਾਇਜ਼ਾ ਲਿਆ। ਪੀਐੱਸ ਰਾਓ ਨੇ ਕਿਸ਼ਨਗੜ੍ਹ ਘਟਨਾ ਦੀ ਪੜਤਾਲ ਕੀਤੀ। ਅੰਤ ਮਸਲਾ ਮੁਜਾਰਿਆਂ ਦੇ ਰੁਜ਼ਗਾਰ ਦਾ ਨਿਕਲਿਆ। ਇਸ ਤੋਂ ਬਾਅਦ 1953 ਵਿਚ ਤਿੰਨ ਕਾਨੂੰਨ ਬਣਾਏ ਗਏ:

ਆਲ੍ਹਾ ਮਾਲਕੀ ਹੱਕਾਂ ਦੇ ਖਾਤਮੇ ਸਬੰਧੀ ਕਾਨੂੰਨ।

ਮਰੂਸੀ ਮੁਜਾਰਿਆਂ ਨੂੰ ਮਾਲਕੀ ਹੱਕ ਦੇਣ ਲਈ ਕਾਨੂੰਨ।


ਮੁਜਾਰਾ ਅਤੇ ਖੇਤੀਬਾੜੀ ਕਮਿਸ਼ਨ ਕਾਨੂੰਨ।

ਇਨ੍ਹਾਂ ਕਾਨੂੰਨਾਂ ਨਾਲ ਮੁਜਾਰਿਆਂ ਦੀਆਂ ਬਹੁਤੀਆਂ ਸਮੱਸਿਆਵਾਂ ਹੱਲ ਹੋ ਗਈਆਂ। ਮੁਜਾਰਿਆਂ ਤੋਂ ਮਾਲੀ ਹਾਲੇ ਦਾ 12 ਗੁਣਾ ਲੈ ਕੇ ਮਾਲਕੀ ਹੱਕ ਦਿੱਤੇ ਗਏ ਅਤੇ ਦੂਜੇ ਮੁਜਾਰਿਆਂ ਨੂੰ ਨਹਿਰੀ ਜ਼ਮੀਨ ਦਾ 32 ਅਤੇ ਬਾਕੀ 14 ਬਿੱਘਾ ਮੁਆਵਜ਼ਾ ਲੈ ਕੇ ਮਾਲਕੀ ਹੱਕ ਦਿੱਤੇ ਗਏ। ਇਹ ਲਾਲ ਪਾਰਟੀ ਦੀ ਇਤਿਹਾਸਕ ਜਿੱਤ ਸੀ। ਆਖ਼ਰਕਾਰ ਸਤੰਬਰ 1956 ਨੂੰ ਸਾਰੇ ਆਗੂ ਬਰੀ ਹੋ ਗਏ। ਤੇਜਾ ਸਿੰਘ ਸੁਤੰਤਰ, ਧਰਮ ਸਿੰਘ ਫੱਕਰ, ਬਚਨ ਸਿੰਘ ਬਖਸ਼ੀਵਾਲਾ, ਜੋਗਾ ਸਿੰਘ ਅਤੇ ਹੋਰ ਸਾਥੀਆਂ ਦੀ ਮੁਜਾਰਾ ਕਿਸਾਨ ਲਹਿਰ ਨੂੰ ਵਡਮੁੱਲੀ ਦੇਣ ਹੈ। ਇਨ੍ਹਾਂ ਸਦਕਾ ਕਾਰਨ ਮੁਜਾਰੇ ਜ਼ਮੀਨਾਂ ਦੇ ਮਾਲਕ ਬਣੇ।

###

# ਮ੍ਰਿਤੂ ਇੱਛਾ ਰਾਹੀਂ ਸਨਮਾਨ ਨਾਲ ਮਰਨਾ

**ਨਿੱਕ ਸੁੱਕ**




**ਗੁਲਜ਼ਾਰ ਸਿੰਘ ਸੰਧੂ**

Sandhugulzar@yahoo.com

ਹਾਲ ਹੀ ਵਿਚ ਭਾਰਤ ਦੀ ਸੁਪਰੀਮ ਕੋਰਟ ਵਲੋਂ ਇੱਛਾ ਮ੍ਰਿਤੂ ਦੇ ਇਤਿਹਾਸਕ ਫੈਸਲੇ ਨੂੰ ਲੈ ਕੇ ਸਾਡੇ ਪਰਿਵਾਰ ਵਿਚ ਇਸ ਫੈਸਲੇ ਦੇ ਹਾਂ ਪੱਖੀ ਤੇ ਨਾਂਹ ਪੱਖੀ ਗੁਣਾਂ ਉੱਤੇ ਚਰਚਾ ਹੋਣੀ ਨਿਸ਼ਚਿਤ ਸੀ। ਕਾਰਨ ਇਹ ਕਿ ਮੇਰੀ ਪਤਨੀ ਸੁਰਜੀਤ ਮੈਡੀਕਲ ਡਾਕਟਰ ਹੈ ਤੇ ਇਸ ਵੇਲੇ ਉਸ ਦੇ ਭਤੀਜੇ-ਭਤੀਜੀਆਂ ਤੇ ਉਨ੍ਹਾਂ ਦੇ ਧੀਆਂ ਪੁੱਤਰਾਂ ਵਿਚ ਕੁਲ 13 ਡਾਕਟਰ ਹਨ। ਚੰਡੀਗੜ੍ਹ, ਅੰਮ੍ਰਿਤਸਰ, ਬਿਆਸ, ਫਰੀਦਕੋਟ ਤੇ ਰਾਂਚੀ ਵਿਚ ਹੀ ਨਹੀਂ, ਨਿਊ ਔਰਲੀਅਨਜ਼, ਕੈਲੀਫੋਰਨੀਆ ਤੇ ਸਾਊਦੀ ਅਰਬ ਸਣੇ ਹੋਰ ਦੇਸ਼ਾਂ ਵਿਚ ਵੀ। ਸੁਰਜੀਤ ਸਭ ਤੋਂ ਵਡੇਰੀ ਉਮਰ ਦੀ ਹੋਣ ਕਾਰਨ ਉਹਦੇ ਕੋਲ ਹਰ ਤਰ੍ਹਾਂ ਦੀ ਟਿੱਪਣੀ ਪਹੁੰਚਦੀ ਰਹਿੰਦੀ ਹੈ। ਸਰਬਉੱਚ ਅਦਾਲਤ ਨੇ ਇੱਛਾ ਮੌਤ 'ਤੇ ਆਪਣਾ ਅਹਿਮ ਫੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਸਨਮਾਨ ਨਾਲ ਮਰਨਾ ਹਰ ਇਨਸਾਨ ਦਾ ਹੱਕ ਹੈ। ਮਰ ਰਹੇ ਵਿਅਕਤੀ ਵੱਲੋਂ ਇੱਛਾ ਮੌਤ ਲਈ ਲਿਖੀ ਗਈ ਵਸੀਅਤ (ਲਿਵਿੰਗ ਵਿਲ) ਨੂੰ ਮਾਨਤਾ ਦੇਣ ਦੀ ਮੰਗ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਦੇ 5 ਜੱਜਾਂ ਦੇ ਬੈਂਚ ਨੇ ਫੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਕੁਝ ਦਿਸ਼ਾ-ਨਿਰਦੇਸ਼ਾਂ ਨਾਲ ਇਸ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

ਇਸ ਇੱਛਾ ਜ਼ਰੀਏ ਵਿਅਕਤੀ ਇਹ ਕਹਿ ਸਕਦਾ ਹੈ ਕਿ ਜਦੋਂ ਉਹ ਅਜਿਹੀ ਹਾਲਤ ਵਿਚ ਪਹੁੰਚ ਜਾਂਦਾ ਹੈ, ਜਿਸ ਵਿਚ ਉਸ ਨੂੰ ਠੀਕ ਹੋਣ ਦੀ ਆਸ ਨਹੀਂ ਹੁੰਦੀ, ਤਾਂ ਉਸ ਨੂੰ ਜ਼ਬਰਦਸਤੀ ਲਾਈਫ ਸੁਪੋਰਟ 'ਤੇ ਨਾ ਰੱਖਿਆ ਜਾਵੇ। ਇਥੇ ਐਕਟਿਵ ਯੂਥਨੇਸ਼ੀਆ, ਜਿਸ ਵਿਚ ਲਾਇਲਾਜ ਮਰੀਜ਼ ਨੂੰ ਟੀਕੇ ਨਾਲ ਮਾਰਿਆ ਜਾਂਦਾ ਹੈ, ਦੀ ਥਾਂ ਪੈਸਿਵ ਯੂਥਨੇਸ਼ੀਆ ਦੀ ਗੱਲ ਕੀਤੀ ਗਈ ਹੈ, ਜਿਸ ਵਿਚ ਕੌਮਾ (ਬੇਹੋਸ਼ੀ) ਦੀ ਹਾਲਤ ਵਿਚ ਲਾਇਲਾਜ ਮਰੀਜ਼ ਨੂੰ ਵੈਂਟੀਲੇਟਰ ਸਿਸਟਮ ਤੋਂ ਕੱਢ ਕੇ ਮਰਨ ਦਿੱਤਾ ਜਾਂਦਾ ਹੈ। ਅਜਿਹਾ ਡਾਕਟਰ ਕਰ ਸਕਦਾ ਹੈ। ਇਸ ਵੇਲੇ ਕਿਸੇ ਵੀ ਕਾਨੂੰਨ ਦੇ ਨਾ ਹੋਣ ਕਰਕੇ ਮਰੀਜ਼ ਨੂੰ ਜ਼ਬਰਦਸਤੀ ਲਾਈਫ ਸੁਪੋਰਟ ਸਿਸਟਮ 'ਤੇ ਰੱਖਿਆ ਜਾਂਦਾ ਹੈ। ਵਿਚਾਰ-ਵਟਾਂਦਰੇ ਵਿਚ ਇਹ ਗੱਲ ਵੀ ਹੋਈ ਕਿ ਜੋ ਲੋਕ ਵਡੇਰੀ, ਭਾਵ 75 ਸਾਲ ਤੋਂ ਉਤੇ ਦੀ




ਉਮਰ 'ਚ ਇੱਛਾ ਮੌਤ ਚਾਹੁੰਦੇ ਹਨ ਅਤੇ ਇਸ ਦੀ ਲਿਸਟ ਡਾਕਟਰਾਂ ਅਤੇ ਪੁਲਿਸ ਕੋਲ ਮੌਜੂਦ ਹੈ, ਉਨ੍ਹਾਂ ਨੂੰ ਵੀ ਆਪਣੀ ਮੌਤ ਆਪ ਚੁਣਨ ਦਾ ਹੱਕ ਹੋਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਇਹ ਫੈਸਲਾ ਇਕ ਐਨ. ਜੀ. ਓ. 'ਕਾਮਨ ਕਾਜ਼' ਵਲੋਂ ਦਾਇਰ ਕੀਤੀ ਇਕ ਪਟੀਸ਼ਨ 'ਤੇ ਦਿਤਾ ਹੈ। ਜਿਸ ਤਰ੍ਹਾਂ ਸੰਵਿਧਾਨ ਦੀ ਧਾਰਾ 21 ਤਹਿਤ ਨਾਗਰਿਕਾਂ ਨੂੰ ਜਿਉਣ ਦਾ ਹੱਕ ਦਿੱਤਾ ਗਿਆ ਹੈ, ਉਸੇ ਤਰ੍ਹਾਂ ਉਨ੍ਹਾਂ ਨੂੰ ਮਰਨ ਦਾ ਹੱਕ ਦਿੱਤੇ ਜਾਣ ਵਿਚ ਸਨਮਾਨ ਨਾਲ ਬਿਨਾ ਦਰਦ ਦੇ ਮਰਨ ਦਾ ਹੱਕ ਵੀ ਜੋੜ ਦਿੱਤਾ ਗਿਆ ਹੈ। ਹੁਣ ਕੋਈ ਵੀ ਮਰੀਜ਼ ਇੱਛਾ ਮੌਤ ਵਸੀਅਤ ਅਧੀਨ ਅਗਾਊਂ ਬਿਆਨ ਰਾਹੀਂ ਇਹ ਹਦਾਇਤ ਦੇ ਸਕਦਾ ਹੈ ਕਿ ਉਸ ਦੀ ਜ਼ਿੰਦਗੀ ਨੂੰ ਵੈਂਟੀਲੇਟਰ ਜਾਂ ਲਾਈਫ ਸੁਪੋਰਟ ਸਿਸਟਮ ਰਾਹੀਂ ਲੰਮਾ ਨਾ ਖਿੱਚਿਆ ਜਾਵੇ। ਸੁਪਰੀਮ ਕੋਰਟ ਦਾ ਇਹ ਫੈਸਲਾ 42 ਸਾਲ ਤੱਕ ਕੌਮਾ 'ਚ ਰਹੀ ਅਰੁਣਾ ਸ਼ਾਨਬਾਗ ਦੀ ਮੌਤ ਤੋਂ ਕਰੀਬ 3 ਸਾਲ ਪਿਛੋਂ ਆਇਆ ਹੈ। ਨਵੰਬਰ 1973 ਵਿਚ ਅਰੁਣਾ ਨਾਲ ਮੁੰਬਈ ਦੇ ਕੇ. ਈ. ਐਮ. ਹਸਪਤਾਲ 'ਚ ਇਕ ਵਾਰਡ ਬੁਆਏ ਨੇ ਕਥਿਤ ਤੌਰ 'ਤੇ ਬਲਾਤਕਾਰ ਕੀਤਾ ਸੀ। ਉਸ ਵਲੋਂ ਅਰੁਣਾ ਦੇ ਗਲੇ 'ਚ ਜ਼ੰਜੀਰ ਪਾਉਣ ਕਾਰਨ ਉਹ ਕੌਮਾ 'ਚ ਚਲੀ ਗਈ ਸੀ। ਕੌਮਾ 'ਚ ਮਰੀਜ ਇਸ ਹਾਲਤ 'ਚ ਨਹੀਂ ਹੁੰਦਾ ਕਿ ਆਪਣੀ ਇੱਛਾ ਪ੍ਰਗਟਾ ਸਕੇ।

ਬਹੁਤ ਘਟ ਲੋਕਾਂ ਨੂੰ ਪਤਾ ਹੋਵੇਗਾ ਕਿ ਡਾ. ਐਮ. ਐਸ. ਰੰਧਾਵਾ ਦੀ ਜਰਮਨ ਨੂੰਹ ਇਕ ਮੋਟਰ ਸਾਈਕਲ ਦੀ ਫੇਟ ਲੱਗਣ ਨਾਲ ਏਨੀ ਬੁਰੀ ਤਰ੍ਹਾਂ ਜ਼ਖਮੀ ਹੋ ਗਈ ਸੀ ਕਿ ਡੇਢ ਸਾਲ ਕੌਮਾ ਵਿਚ ਰਹੀ। ਉਸ ਦਾ ਦੁਖਦਾਈ ਅੰਤ ਚੰਡੀਗੜ੍ਹ ਦੇ ਸਰਕਾਰੀ ਹਸਪਤਾਲ ਵਿਚ ਹੋਇਆ ਕਿਉਂਕਿ ਉਸ ਦੇ ਬੱਚੇ ਤੇ ਡਾਕਟਰ ਫੈਸਲਾ ਨਹੀਂ ਸਨ ਲੈ ਸਕਦੇ। ਹੁਣ ਸੁਪਰੀਮ ਕੋਰਟ ਦੇ ਇਤਿਹਾਸਕ ਫੈਸਲੇ ਨਾਲ ਅਜਿਹੀ ਮੁਸ਼ਕਿਲ ਨਹੀਂ ਆਉਣ ਲੱਗੀ।

**ਸੁਖਬੀਰ ਬਾਦਲ ਦੀ ਮਾਇਆ:**

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਗੱਦੀ ਛੱਡੇ ਤਾਂ ਉਹ ਪੰਜਾਬ ਦਾ ਖਜ਼ਾਨਾ ਦੋ ਮਹੀਨੇ ਵਿਚ ਭਰਾ ਦੇਣਗੇ ਜਾਂ ਭਰ ਦੇਣਗੇ। ਪੁੱਛਣ ਵਾਲੇ ਪੁਛਦੇ ਹਨ ਕਿ ਬਾਦਲ ਨੂੰ ਕਿਵੇਂ ਪਤਾ ਕਿ ਉਹ ਮਾਇਆ ਕਿੱਥੇ ਪਈ ਹੈ ਜਾਂ ਦੋ ਮਹੀਨੇ ਵਿਚ ਕਿੰਨੀ ਦੂਰ ਤੋਂ ਆਉਣੀ ਹੈ? ਪੁਛਣ ਵਾਲੇ ਇਹ ਨਹੀਂ ਜਾਣਦੇ ਕਿ ਪੱਤਰਕਾਰਾਂ ਕੋਲ ਸਭ ਗੱਲਾਂ ਦੇ ਉਤਰ ਨਹੀਂ ਹੁੰਦੇ।

**ਖੁਦਕੁਸ਼ੀ ਪੀੜਤ ਪਰਿਵਾਰਾਂ ਦੇ ਦੁੱਖ:**

ਬੀਤੇ ਹਫਤੇ ਕਿਸਾਨ ਭਵਨ, ਚੰਡੀਗੜ੍ਹ ਵਿਚ 'ਪਿੰਡ ਬਚਾਓ, ਪੰਜਾਬ ਬਚਾਓ' ਨਾਂ ਦੀ ਸੰਸਥਾ ਨੇ ਕਿਸਾਨ ਮਜ਼ਦੂਰ ਖੁਦਕੁਸ਼ੀਆਂ ਦੇ ਮਸਲੇ 'ਤੇ ਚਰਚਾ ਕੀਤੀ। ਇਸ ਵਿਚ ਉਨ੍ਹਾਂ ਪਰਿਵਾਰਾਂ ਦੇ ਦੁਖੜੇ ਸੁਣੇ ਗਏ ਜਿਨ੍ਹਾਂ ਦੇ ਮੈਂਬਰਾਂ ਨੇ ਆਤਮ ਹੱਤਿਆ ਕੀਤੀ ਸੀ। ਇੱਕ ਮਾਈ ਨੇ ਆਪਣੇ ਪੁੱਤਰ ਦੇ ਦੁੱਖ ਭੁਲਾ ਕੇ ਆਪਣੇ ਪੋਤਰੇ ਦਾ ਵਾਸਤਾ ਪਾ ਕੇ ਕਿਹਾ, ਜੇ ਉਨ੍ਹਾਂ ਦਾ ਰਹਿੰਦਾ ਕਰਜ਼ਾ ਮੁਆਫ ਹੋ ਜਾਵੇ ਤਾਂ ਪੋਤਰਾ ਆਪਣੀ ਪੜ੍ਹਾਈ ਜਾਰੀ ਰੱਖ ਸਕਦਾ ਹੈ। ਪੋਤਰਾ ਇਸ ਵੇਲੇ ਫੀਸ ਖੁਣੋਂ ਸਕੂਲ ਜਾਣ ਤੋਂ ਅਸਮਰੱਥ ਹੈ। ਉਸ ਨੇ ਪੋਤਰੇ ਵਲੋਂ ਪ੍ਰਾਪਤ ਚੰਗੇ ਨੰਬਰਾਂ ਦੇ ਵੇਰਵੇ ਵੀ ਦਿੱਤੇ ਜੋ ਉਹ ਆਪਣੇ ਪਿਤਾ ਦੇ ਜਿਉਂਦੇ ਜੀਅ ਲੈਂਦਾ ਰਿਹਾ ਸੀ।

ਕੁਝ ਮੈਂਬਰਾਂ ਨੇ ਮ੍ਰਿਤਕਾਂ ਦੇ ਪੋਸਟ ਮਾਰਟਮ ਨਾ ਕਰਾਉਣ ਜਾਂ ਆਤਮ ਹੱਤਿਆ ਦੀ ਪੁਲਿਸ ਰਿਪੋਰਟ ਨਾ ਕਰਾਉਣ ਕਾਰਨ ਹੋ ਰਹੀ ਖਜਲ ਖੁਆਰੀ ਦਾ ਜ਼ਿਕਰ ਵੀ ਕੀਤਾ ਜਿਸ ਉਤੇ ਲੋੜੀਂਦੀ ਨਜ਼ਰਸਾਨੀ ਕਰਨ ਦਾ ਵਚਨ ਦਿੱਤਾ ਗਿਆ। ਭਾਵੇਂ ਪੀੜਤ ਪਰਿਵਾਰਾਂ ਦੇ ਦੁੱਖ ਦਾ ਪੂਰਾ ਹੱਲ ਤਾਂ ਨਹੀਂ ਲੱਭਿਆ ਪਰ ਇਸ ਚਰਚਾ ਨੇ ਹਾਜ਼ਰ ਲੋਕਾਂ ਨੂੰ ਥੋੜ੍ਹਾ ਬਹੁਤ ਧਰਵਾਸ ਜ਼ਰੂਰ ਦਿੱਤਾ ਹੈ। ਪੀੜਤ ਪਰਿਵਾਰਾਂ ਨਾਲ ਮੇਰੀ ਡੂੰਘੀ ਹਮਦਰਦੀ ਹੈ, ਪਰ ਕਿਸਾਨ-ਮਜ਼ਦੂਰਾਂ ਨੂੰ ਕਰਜਾ ਲੈਣ ਤੋਂ ਪਹਿਲਾਂ ਸੌ ਵਾਰ ਸੋਚਣਾ ਚਾਹੀਦਾ ਹੈ ਅਤੇ ਕਰਜੇ ਦੀ ਰਕਮ ਉਸ ਕੰਮ ਲਈ ਹੀ ਵਰਤਣੀ ਚਾਹੀਦੀ ਹੈ ਜਿਸ ਵਾਸਤੇ ਲਈ ਜਾਂਦੀ ਹੈ। ਮਸਲਾ ਗੰਭੀਰ ਹੈ ਤੇ ਗੌਰ ਮੰਗਦਾ ਹੈ।

**ਅੰਤਿਕਾ:**

*(ਜ਼ਿੰਦਗੀ ਤੇ ਮੌਤ ਦੀਆਂ ਗੱਲਾਂ)*

ਦੋ ਪੈਰ ਘਟ ਤੁਰਨਾ,
ਤੁਰਨਾ ਮੜਕ ਦੇ ਨਾਲ।
ਦੋ ਦਿਨ ਘਟ ਜੀਣਾ,
ਜੀਣਾ ਮੜਕ ਦੇ ਨਾਲ। *(ਲੋਕ ਟੱਪੇ)*

ਮਰ ਕੇ ਵੀ ਉਹ ਫੇਰ ਜ਼ਿੰਦਾ ਹੋ ਗਿਆ
ਮੌਤ ਕੋਲੋਂ ਜੋ ਕਦੇ ਡਰਿਆ ਨਹੀਂ।
*(ਪ੍ਰੀਤਮ ਸਿੰਘ ਰਾਹੀ)*

ਅਹਿਦ-ਏ-ਜਵਾਨੀ ਰੋ ਰੋ
ਕਾਟਾ ਪੀਰੀ ਮੇਂ ਲੀ ਆਂਖੇਂ ਮੂੰਦ,
ਯਾਨਿ ਰਾਤ ਬਹੁਤ ਥੇ ਜਾਗੇ
ਸੁਬ੍ਹਾ ਹੂਈ ਆਰਾਮ ਕੀਆ।
*(ਮੀਰ ਤਕੀ ਮੀਰ)*

# ਪੁਰਾਣਿਆਂ ਨਾਲੋਂ ਘੱਟ ਨਹੀਂ ਨਵੇਂ ਗੀਤਕਾਰ

ਉਘੇ ਸ਼ਾਇਰ ਜਾਵੇਦ ਅਖ਼ਤਰ ਨੇ ਇਕ ਸਮਾਗਮ ਦੌਰਾਨ ਕਿਹਾ ਸੀ ਕਿ "ਮੈਂ ਇਸ ਤਰਕ ਨਾਲ ਸਹਿਮਤ ਨਹੀਂ ਹਾਂ ਕਿ ਇਸ ਵੇਲੇ ਦੀਆਂ ਫਿਲਮਾਂ ਦੀ ਗੀਤਕਾਰੀ ਦਾ ਮਿਆਰ ਘੱਟ ਹੈ ਜਾਂ ਕਿ ਇਹ ਸਸਤੀ ਕਿਸਮ ਦੀ ਹੋ ਗਈ ਹੈ। ਸੱਚਾਈ ਤਾਂ ਇਹ ਹੈ ਕਿ ਜਿਸ ਤਰ੍ਹਾਂ ਦੇ ਵਿਸ਼ੇ ਹੁਣ ਫਿਲਮਸਾਜ਼ ਚੁਣ ਰਹੇ ਹਨ, ਉਨ੍ਹਾਂ ਨੂੰ ਮੁੱਖ ਰੱਖ ਕੇ ਗੀਤ ਲਿਖਣਾ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਨਵੇਂ ਗੀਤਕਾਰਾਂ ਨੂੰ ਦਾਦ ਦੇਣੀ ਚਾਹੀਦੀ ਹੈ ਕਿ ਉਨ੍ਹਾਂ ਨੇ ਕਠਿਨ ਪਰੰਪਰਾਵਾਂ ਨੂੰ ਸੰਗੀਤਕ ਰੰਗ ਪ੍ਰਦਾਨ ਕੀਤਾ ਹੈ।" ਜਾਵੇਦ ਅਖ਼ਤਰ ਨੇ ਇਸ ਅਵਸਰ 'ਤੇ ਕੁਝ ਗਿਣੇ-ਚੁਣੇ ਗੀਤਕਾਰਾਂ ਦੀਆਂ ਉਪਲਬਧੀਆਂ ਦੇ ਹਵਾਲੇ ਦਿੱਤੇ। ਇਨ੍ਹਾਂ ਵਿਚੋਂ ਪ੍ਰਸੂਨ ਜੋਸ਼ੀ ਦਾ ਨਾਂ ਸਭ ਤੋਂ ਪਹਿਲਾਂ ਲਿਆ ਗਿਆ। ਪ੍ਰਸੂਨ ਜੋਸ਼ੀ ਦਾ ਪਿਛੋਕੜ ਉਤਰਾਖੰਡ ਨਾਲ ਹੈ। ਫਿਲਮਾਂ 'ਚ ਉਹ ਇਸ਼ਤਿਹਾਰ ਫਿਲਮਾਂ ਬਣਾਉਣ ਲਈ ਆਇਆ ਸੀ। ਇਸ਼ਤਿਹਾਰ ਫਿਲਮਾਂ ਦੇ ਖੇਤਰ ਵਿਚ ਵੀ ਜੋਸ਼ੀ ਨੇ ਕਈ ਨਵੇਂ ਤਜਰਬੇ ਕੀਤੇ ਸਨ ਪਰ ਉਸ ਵਿਚਲੇ ਗੀਤਕਾਰ ਨੂੰ ਮੁੱਖ ਤੌਰ 'ਤੇ ਤਾਂ ਆਮਿਰ ਖ਼ਾਨ ਨੇ ਹੀ ਪਛਾਣਿਆ ਸੀ। ਲਿਹਾਜ਼ਾ, ਆਮਿਰ ਨੇ ਜਦੋਂ 'ਤਾਰੇ ਜ਼ਮੀਂ ਪਰ' ਦਾ ਟਾਈਟਲ ਗੀਤ ਲਿਖਣ ਲਈ ਉਸ ਨੂੰ ਪ੍ਰਸਤਾਵ ਦਿੱਤਾ ਤਾਂ ਇੱਕ ਵਾਰ ਫਿਰ ਇਸ ਗੀਤਕਾਰ ਨੇ ਆਪਣੀ ਵਿਲੱਖਣ ਪ੍ਰਤਿਭਾ ਦਾ ਪ੍ਰਗਟਾਵਾ ਕੀਤਾ ਸੀ। ਜਾਵੇਦ ਅਖ਼ਤਰ ਦੇ ਅਨੁਸਾਰ, "ਹਿੰਦੀ ਸਿਨੇਮਾ ਦੇ ਪ੍ਰਸੰਗ 'ਚ ਸ਼ੈਲੇਂਦਰ ਤੋਂ ਬਾਅਦ ਪ੍ਰਸੂਨ ਜੋਸ਼ੀ ਹੀ ਅਜਿਹਾ ਗੀਤਕਾਰ ਹੈ, ਜਿਹੜਾ ਕਠਿਨ ਹਾਲਾਤ ਨੂੰ ਵੀ ਆਸਾਨ ਸ਼ਬਦਾਂ 'ਚ ਗੀਤ ਦੇ ਮਾਧਿਅਮ ਰਾਹੀਂ ਪੇਸ਼ ਕਰਨ ਦੀ ਯੋਗਤਾ ਰੱਖਦਾ ਹੈ।"

ਮਾਲੇਰਕੋਟਲੇ ਨਾਲ ਸਬੰਧਿਤ ਸ਼ਾਇਰ ਇਰਸ਼ਾਦ ਕਾਮਿਲ ਦਾ ਵੀ ਜਾਵੇਦ ਅਖ਼ਤਰ ਨੇ ਦਿਲ ਖੋਲ੍ਹ ਕੇ ਸੁਆਗਤ ਕੀਤਾ। ਇਰਸ਼ਾਦ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਦੋ-ਤਿੰਨ ਭਾਸ਼ਾਵਾਂ 'ਤੇ ਪੂਰੀ ਪਕੜ ਰੱਖਦਾ ਹੈ। ਮਾਤ ਭਾਸ਼ਾ ਤਾਂ ਉਸ ਦੀ ਪੰਜਾਬੀ ਹੈ, ਪਰ ਹਿੰਦੀ 'ਚ ਉਸ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ ਹੋਈ ਹੈ। ਉਰਦੂ ਭਾਸ਼ਾ ਉਸ ਨੂੰ ਆਪਣੇ ਮੁਸਲਿਮ ਵਿਰਸੇ ਤੋਂ ਮਿਲੀ ਹੋਈ ਹੈ। ਫਲਸਰੂਪ ਇਨ੍ਹਾਂ ਭਾਸ਼ਾਵਾਂ ਦਾ ਉਸ ਦੀਆਂ ਰਚਨਾਵਾਂ 'ਤੇ ਵੀ ਭਰਪੂਰ ਅਸਰ ਦੇਖਿਆ ਜਾ ਸਕਦਾ ਹੈ। ਮਿਸਾਲ ਦੇ ਤੌਰ ਉਤੇ 'ਲਵ ਆਜ ਕਲ' ਵਿਚਲਾ ਗੀਤ 'ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ' ਉਸ ਨੇ ਸ਼ਿਵ ਕੁਮਾਰ ਬਟਾਲਵੀ ਦੀ ਰਚਨਾ ਤੋਂ ਪ੍ਰੇਰਿਤ ਹੋ ਕੇ ਲਿਖਿਆ ਸੀ। 'ਸੁਲਤਾਨ' ਦਾ ਗੀਤ 'ਜਗ ਘੁੰਮਿਆ, ਥਾਰੇ ਜੈਸਾ ਨਾ ਕੋਈ' ਵੀ ਉਸ ਦੀ ਬਹੁ-ਸੰਸਕ੍ਰਿਤੀ ਪ੍ਰਤੀ ਪਕੜ ਦਾ ਨਮੂਨਾ ਸੀ। ਵੈਸੇ ਇਥੇ ਦੱਸਣਾ ਵੀ ਸ਼ਾਇਦ ਉਚਿਤ ਹੋਵੇਗਾ ਕਿ ਇਰਸ਼ਾਦ ਨੂੰ ਇਹ ਬਹੁ-ਰੰਗੀ ਭਾਸ਼ਾ ਦਾ ਖ਼ਜ਼ਾਨਾ ਆਪਣੀ ਪੱਤਰਕਾਰੀ ਦੇ ਦੌਰਾਨ ਹੀ ਮਿਲਿਆ ਸੀ। ਉਸ ਨੇ ਕੁਝ ਸਮਾਂ 'ਦੈਨਿਕ ਟ੍ਰਿਬਿਊਨ' ਵਿਚ ਬਤੌਰ ਅਨੁਵਾਦਕ ਕੰਮ ਕੀਤਾ ਸੀ। ਇਸ ਲਈ ਪੰਜਾਬੀ, ਹਿੰਦੀ, ਹਰਿਆਣਵੀ ਅਤੇ ਅੰਗਰੇਜ਼ੀ ਭਾਸ਼ਾਵਾਂ ਨੂੰ ਸਮਝਣ 'ਚ ਉਸ ਨੂੰ ਕੋਈ ਮੁਸ਼ਕਿਲ ਨਹੀਂ ਆਈ ਸੀ ਸਗੋਂ ਇਨ੍ਹਾਂ ਭਾਸ਼ਾਵਾਂ ਨੇ ਉਸ ਵਿਚਲੇ ਕਵੀ ਨੂੰ ਨਿਖਾਰਿਆ ਸੀ। ਉਹ ਕਹਿੰਦਾ ਹੈ- "ਜਿਹੜਾ ਸਮਾਂ ਮੈਂ ਚੰਡੀਗੜ੍ਹ ਰਹਿ ਕੇ ਅਖ਼ਬਾਰਾਂ ਲਈ ਕੰਮ ਕਰਨ 'ਚ ਬਤੀਤ ਕੀਤਾ ਸੀ, ਉਸ ਨੇ ਮੇਰੇ ਅਚੇਤਨ ਮਨ 'ਤੇ ਬੜਾ ਅਸਰ ਕੀਤਾ ਸੀ।"

'ਸੁਲਤਾਨ' ਤੋਂ ਵੱਧ ਕਮਾਈ ਕਰਨ ਵਾਲੀ 'ਦੰਗਲ' ਫਿਲਮ ਦਾ ਗੀਤਕਾਰ ਅਮਿਤਾਭ ਭੱਟਾਚਾਰੀਆ ਵੀ ਆਪਣੀ ਪ੍ਰਯੋਗਾਤਮਿਕ ਸ਼ੈਲੀ ਕਰ ਕੇ ਜਾਣਿਆ ਜਾਂਦਾ ਹੈ। 'ਦੰਗਲ' ਦੇ ਹੀ ਕੁਝ ਗੀਤਾਂ ਦੇ ਬੋਲ ('ਹਾਨੀਕਾਰਕ ਬਾਪੂ', 'ਐਸੀ ਧਾਕੜ ਹੈ') ਪੜ੍ਹਨ ਜਾਂ ਸੁਣਨ ਨੂੰ ਕਾਵਿ-ਰਸ ਦਾ ਵਧੀਆ ਨਮੂਨਾ ਤਾਂ ਨਹੀਂ ਲੱਗਦੇ, ਪਰ ਫਿਲਮ ਦੀ ਆਤਮਾ ਨੂੰ ਇਹ ਪੂਰੀ ਤਰ੍ਹਾਂ ਸੰਜੀਵ ਕਰ ਦਿੰਦੇ ਹਨ। ਇਸੇ ਤਰ੍ਹਾਂ ਅਮਿਤਾਭ ਦੇ ਕੁਝ ਹੋਰ ਗੀਤ ('ਬਦਤਮੀਜ਼ ਦਿਲ', 'ਮੈਂ ਕਰੂੰ ਤੋਂ ਸਾਲਾ ਕਰੈਕਟਰ ਢੀਲਾ ਹੈ') ਸਰੋਤਿਆਂ/ਦਰਸ਼ਕਾਂ ਨੂੰ ਨੱਚਣ ਲਈ ਮਜਬੂਰ ਕਰ ਦਿੰਦੇ ਹਨ।

ਨਵੇਂ ਗੀਤਕਾਰਾਂ ਵਿਚ ਮਿਥੁਨ ਦਾ ਨਾਂ ਤੇਜ਼ੀ ਨਾਲ ਉੱਭਰ ਰਿਹਾ ਹੈ। ਮਿਥੁਨ ਦੇ ਲਿਖੇ ਹੋਏ ਕੁਝ ਗੀਤ (ਤੇਰੀ ਗਲੀਆਂ, ਬੰਜਾਰਾ, ਸਨਮ ਰੇ) ਦਰਸ਼ਕਾਂ ਲਈ ਸੰਗੀਤਕ ਵਰਦਾਨ ਸਿੱਧ ਹੋਏ ਹਨ। ਫਿਲਮ 'ਆਸ਼ਿਕੀ 2' ਦਾ ਉਸ ਦਾ ਲਿਖਿਆ ਹੋਇਆ ਗੀਤ 'ਕਿਉਂਕਿ ਤੁਮ ਹੀ ਹੋ' ਅੱਜ ਵੀ ਸਦਾਬਹਾਰ ਗੀਤਾਂ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਆਪਣੇ ਗੀਤਾਂ ਦੀ ਨੁਹਾਰ ਨੂੰ ਮਿਥੁਨ ਇੰਜ ਦੱਸਦਾ ਹੈ: "ਮੈਂ ਮੁੱਖ ਤੌਰ 'ਤੇ ਯੁਵਾ ਧੜਕਣਾਂ ਦਾ ਗੀਤਕਾਰ ਹਾਂ। ਮੈਂ ਰੁਮਾਂਸ ਦੇ ਕੋਮਲ ਪਲਾਂ ਨੂੰ ਕਲਮਬੰਦ ਕਰਨ ਵਿਚ ਆਪਣੇ-ਆਪ ਨੂੰ ਬਹੁਤ ਹੀ ਸਹਿਜ ਸਮਝਦਾ ਹਾਂ।" ਦਿੱਲੀ ਦੇ ਕਰੋੜੀਮਲ ਕਾਲਜ 'ਚੋਂ ਪੜ੍ਹਾਈ ਮੁਕੰਮਲ ਕਰਨ ਵਾਲੇ ਰਾਜਸ਼ੇਖਰ ਨੇ ਵੀ ਗੀਤਕਾਰੀ ਨੂੰ ਚੁਣੌਤੀਪੂਰਨ ਧੰਦੇ ਵਜੋਂ ਲਿਆ ਹੈ। 'ਪੀਆ ਮੂਵ ਆਨ' ਅਤੇ 'ਰੰਗਰੇਜ ਮੇਰੇ' ਵਰਗੇ ਗੀਤ ਰਚਣ ਵਾਲੇ ਇਸ ਗੀਤਕਾਰ ਦਾ ਦ੍ਰਿਸ਼ਟੀਕੋਣ ਵੀ ਬੜਾ ਅਲੱਗ ਹੈ। ਰਾਜਸ਼ੇਖਰ ਦੇ ਅਨੁਸਾਰ, "ਫਿਲਮਾਂ 'ਚ ਗੀਤ ਕਿਤਾਬਾਂ ਲਈ ਨਹੀਂ ਬਲਕਿ ਉਨ੍ਹਾਂ ਦਰਸ਼ਕਾਂ ਲਈ ਲਿਖੇ ਜਾਂਦੇ ਹਨ ਜਿਹੜੇ ਪੈਸੇ ਖਰਚ ਕੇ ਕੁਝ ਚਿਰ ਲਈ ਮਨੋਰੰਜਨ ਦੀ ਭਾਲ ਕਰਦੇ ਹਨ।"

ਸਾਲ 2015 ਵਿਚ 'ਮੋਹ ਮੋਹ ਕੇ ਧਾਗੇ' ਬਹੁਤ ਹੀ ਲੋਕਪ੍ਰਿਆ ਗੀਤ ਸਿੱਧ ਹੋਇਆ ਸੀ। 'ਦਮ ਲਗਾ ਕੇ ਹਈਸ਼ਾ' ਵਰਗੀ ਛੋਟੇ ਬਜਟ ਦੀ ਫਿਲਮ ਨੂੰ ਹੈਰਾਨੀਜਨਕ ਸਫਲਤਾ ਪ੍ਰਦਾਨ ਕਰਨ ਵਿਚ ਇਸ ਗੀਤ ਦੇ ਰਚਨਹਾਰੇ ਵਰੁਣ ਦਾ ਵਿਸ਼ੇਸ਼ ਯੋਗਦਾਨ ਸੀ। ਇਸ ਪਿਛੋਂ 'ਫੇਨ' ਵਿਚ ਲਿਖਿਆ ਹੋਇਆ ਉਸ ਦਾ ਗੀਤ 'ਮੈਂ ਤੇਰਾ ਫੈਨ ਹੋ ਗਿਆ' ਵੀ ਕਾਫੀ ਚਰਚਿਤ ਹੋਇਆ ਸੀ। 'ਮਸਾਨ' ਫਿਲਮ ਲਈ ਗੀਤਾਂ ਤੋਂ ਇਲਾਵਾ ਉਸ ਨੇ ਪਟਕਥਾ ਦੇ ਖੇਤਰ 'ਚ ਵੀ ਆਪਣੀ ਕਲਮ ਦੇ ਜੌਹਰ ਦਿਖਾਏ ਸਨ। ਇਸੇ ਤਰ੍ਹਾਂ ਹੀ ਉਸ ਨੇ 'ਉੜਤਾ ਪੰਜਾਬ', 'ਬਾਂਬੇ ਵੈਲਵੇਟ' ਅਤੇ 'ਰਮਨ ਰਾਘਵ' ਲਈ ਵੀ ਗ਼ੈਰ-ਪਰੰਪਰਾਵਾਦੀ ਰਚਨਾਵਾਂ ਲਿਖੀਆਂ ਹਨ।

ਸਿਰਫ ਪੁਰਸ਼ ਗੀਤਕਾਰ ਹੀ ਨਹੀਂ ਬਲਕਿ ਕੁਝ ਮਹਿਲਾ ਗੀਤਕਾਰ ਵੀ ਹੁਣ ਇਸ ਖੇਤਰ 'ਚ ਨਵੇਂ ਕੀਰਤੀਮਾਨ ਸਥਾਪਿਤ ਕਰ ਰਹੀਆਂ ਹਨ। ਇਸ ਦ੍ਰਿਸ਼ਟੀਕੋਣ ਤੋਂ ਅਵਿੰਤਾ ਦੱਤਾ ਦਾ ਨਾਂ ਵੀ ਬਾਲੀਵੁੱਡ ਵਿਚ ਕਾਫੀ ਤੇਜ਼ੀ ਨਾਲ ਉਭਰ ਕੇ ਸਾਹਮਣੇ ਆ ਰਿਹਾ ਹੈ। ਉਸ ਦੁਆਰਾ ਲਿਖੇ ਹੋਏ ਗੀਤਾਂ ਨੇ ਕਈਆਂ ਫਿਲਮਾਂ ਦੀ ਬਾਕਸ-ਆਫਿਸ 'ਤੇ ਕਿਸਮਤ ਚਮਕਾਉਣ ਵਿਚ ਮਦਦ ਕੀਤੀ ਹੈ। 'ਸ਼ਾਨਦਾਰ', 'ਕੁਈਨ', 'ਬੈਂਗ ਬੈਂਗ', 'ਨੀਲ ਐਂਡ ਨਿੱਕੀ', 'ਦੋਸਤਾਨਾ', 'ਬਦਮਾਸ਼ ਕੰਪਨੀ', 'ਸਟੂਡੈਂਟ ਆਫ ਦਿ ਯੀਅਰ' ਅਤੇ 'ਅਨਜਾਨਾ ਅਨਜਾਨੀ' ਆਦਿ ਅਜਿਹੀਆਂ ਫਿਲਮਾਂ ਸਨ ਜਿਹੜੀਆਂ ਅਵਿੰਤਾ ਦੱਤਾ ਦੇ ਗ਼ੈਰ-ਪਰੰਪਰਾਵਾਦੀ ਗੀਤਾਂ ਕਰ ਕੇ ਹੀ ਚਰਚਿਤ ਹੋਈਆਂ ਸਨ।

-ਸੁਰਿੰਦਰ ਮੱਲ੍ਹੀ



ਅਮਿਤਾਭ ਭੱਟਾਚਾਰੀਆ



ਪ੍ਰਸੂਨ ਜੋਸ਼ੀ



ਇਰਸ਼ਾਦ ਕਾਮਿਲ

# ਮਾਡਲਿੰਗ ਤੋਂ ਫਿਲਮਾਂ
# ਦਿਸ਼ਾ ਪਟਾਨੀ

ਫਿਲਮ 'ਐਮ.ਐਸ. ਧੋਨੀ: ਅਨਟੋਲਡ ਸਟੋਰੀ' ਦੇ ਜ਼ਰੀਏ ਸ਼ੁਰੂਆਤ ਕਰਨ ਵਾਲੀ ਅਭਿਨੇਤਰੀ ਦਿਸ਼ਾ ਪਟਾਨੀ ਉਸ ਤੋਂ ਬਾਅਦ 'ਕੁੰਗ ਫੂ ਯੋਗਾ' ਵਰਗੀ ਫਿਲਮ ਵਿਚ ਵੀ ਦਿਖੀ। ਫਿਰ 'ਲਖਨਊ ਸੈਂਟਰਲ ਵੀ ਆਈ ਪਰ ਫਿਲਮਾਂ ਵਿਚ ਉਸ ਦੇ ਨਾਂ ਦਾ ਸਿੱਕਾ ਅਜੇ ਨਹੀਂ ਚੱਲਿਆ। ਹੁਣ 30 ਮਾਰਚ ਨੂੰ ਉਸ ਦੀ ਫਿਲਮ 'ਬਾਗੀ-2' ਰਿਲੀਜ਼ ਹੋਈ ਹੈ ਜਿਸ ਵਿਚ ਉਸ ਦਾ ਹੀਰੋ ਟਾਈਗਰ ਸ਼ਰਾਫ ਹੈ। ਦਿਸ਼ਾ ਬਾਰੇ ਕਿਹਾ ਜਾ ਰਿਹਾ ਹੈ ਕਿ ਉਸ ਦਾ ਲੋੜੋਂ ਵੱਧ ਸ਼ਰਮੀਲਾ ਸੁਭਾਅ ਉਸ ਦੇ ਕਰੀਅਰ ਵਿਚ ਰੁਕਾਵਟ ਬਣ ਰਿਹਾ ਹੈ। ਉਂਜ ਉਸ ਦਾ ਦਾਅਵਾ ਹੈ ਕਿ ਅਜਿਹਾ ਕਹਿਣਾ ਸਹੀ ਨਹੀਂ ਹੈ, ਬਲਕਿ ਸ਼ਰਮੀਲੀ ਹੋਣ ਕਾਰਨ ਉਸ ਨੂੰ ਚਕਾਚੌਂਧ ਵਾਲੀ ਜ਼ਿੰਦਗੀ ਦਾ ਆਦੀ ਹੋਣ ਵਿਚ ਸਮਾਂ ਲੱਗਿਆ ਹੈ।

ਦਿਸ਼ਾ ਪਟਾਨੀ ਇਕੋ ਸਮੇਂ ਮਾਡਲਿੰਗ ਅਤੇ ਫੈਸ਼ਨ ਇੰਡਸਟਰੀ ਵਿਚ ਵੀ ਸਰਗਰਮ ਹੈ। ਫਿਲਮ 'ਐਮ.ਐਸ. ਧੋਨੀ' ਵਿਚ ਉਹ ਸਾਦੇ ਰੂਪ ਵਿਚ ਨਜ਼ਰ ਆਈ। ਉਸ ਦਾ ਕਹਿਣਾ ਹੈ ਕਿ ਉਸ ਨੂੰ ਅਜਿਹੇ ਕਿਰਦਾਰ ਨਿਭਾਉਣ ਵਿਚ ਕੋਈ ਪਰਹੇਜ਼ ਨਹੀਂ ਹੈ ਕਿਉਂਕਿ ਫਿਲਮ ਵਿਚ ਆਖ਼ਿਰਕਾਰ ਉਸ ਦਾ ਕਿਰਦਾਰ ਹੀ ਉਸ ਲਈ ਮਾਅਨੇ ਰੱਖਦਾ ਹੈ। ਹੁਣ ਤਕ ਉਸ ਨੇ ਜੋ ਵੀ ਫਿਲਮਾਂ ਕੀਤੀਆਂ ਹਨ, ਉਨ੍ਹਾਂ ਵਿਚ ਉਹ ਸਾਦੇ ਅਵਤਾਰ ਵਿਚ ਹੀ ਆਈ ਹੈ। ਉਹ ਆਪਣੇ ਕਿਰਦਾਰਾਂ ਨੂੰ ਸ਼ਿੱਦਤ ਨਾਲ ਨਿਭਾਉਣ ਲਈ ਵਚਨਬੱਧ ਹੈ। ਉਸ ਦਾ ਕਹਿਣਾ ਹੈ ਕਿ ਜੇ ਉਸ ਨੂੰ ਕਿਸੇ ਕਿਰਦਾਰ ਲਈ ਗੰਜਾ ਵੀ ਹੋਣਾ ਪਿਆ ਤਾਂ ਉਹ ਅਜਿਹਾ ਕਰਨ ਲਈ ਤਿਆਰ ਹੈ।



ਹਿੰਦੀ ਫਿਲਮਾਂ ਵਿਚ ਡਾਂਸ ਦਾ ਆਪਣਾ ਮਹੱਤਵ ਹੈ ਅਤੇ ਉਹ ਵੀ ਡਾਂਸ ਦੀ ਬੇਹੱਦ ਸ਼ੌਕੀਨ ਹੈ। ਹਾਲਾਂਕਿ ਇਕ ਵਾਰ ਉਸ ਦੇ ਪੈਰ 'ਤੇ ਸੱਟ ਲੱਗਣ ਕਾਰਨ ਉਸ ਨੂੰ ਵਾਹਵਾ ਦਿੱਕਤਾਂ ਵਿਚੋਂ ਵੀ ਲੰਘਣਾ ਪਿਆ ਸੀ। ਡਾਂਸ ਤੋਂ ਇਲਾਵਾ ਉਸ ਨੂੰ ਕਿੱਕ ਬੌਕਸਿੰਗ, ਜਿਮ ਜਾਣਾ ਅਤੇ ਫਿਲਮਾਂ ਵੇਖਣਾ ਪਸੰਦ ਹੈ।

ਦਿਸ਼ਾ ਦੀ ਫਿਲਮਾਂ ਵਿਚ ਆਉਣ ਦੀ ਕਹਾਣੀ ਵੀ ਬਹੁਤ ਦਿਲਚਸਪ ਹੈ। ਉਹ ਨੋਇਡਾ ਤੋਂ ਬੀ. ਟੈਕ ਦੀ ਪੜ੍ਹਾਈ ਕਰ ਰਹੀ ਸੀ ਤਾਂ ਇਸ ਦੌਰਾਨ ਦੂਜੇ ਸਾਲ ਹੀ ਉਸ ਨੂੰ ਮਾਡਲਿੰਗ ਦੀਆਂ ਪੇਸ਼ਕਸ਼ਾਂ ਆਉਣ ਲੱਗੀਆਂ। ਇਸ ਕਾਰਨ ਉਸ ਦਾ ਮੁੰਬਈ ਆਉਣਾ ਜਾਣਾ ਸ਼ੁਰੂ ਹੋ ਗਿਆ। ਫਿਰ ਕਾਲਜ ਤੋਂ ਨੋਟਿਸ ਆ ਗਿਆ ਕਿ ਜਾਂ ਤਾਂ ਉਹ ਮਾਡਲਿੰਗ ਕਰੇ ਜਾਂ ਫਿਰ ਇੰਜਨੀਅਰਿੰਗ ਦੀ ਪੜ੍ਹਾਈ ਪਰ ਉਸ ਨੇ ਮਾਡਲਿੰਗ ਨੂੰ ਹੀ ਚੁਣਿਆ ਅਤੇ ਮੁੰਬਈ ਆ ਗਈ। ਉਸ ਤੋਂ ਬਾਅਦ ਇਸ਼ਤਿਹਾਰ ਕਰਨ ਲੱਗੀ ਅਤੇ ਬਾਅਦ ਵਿਚ ਅਦਾਕਾਰੀ ਵਿਚ ਹੱਥ ਅਜ਼ਮਾਇਆ। ਇੰਜਨੀਅਰਿੰਗ ਦੀ ਪੜ੍ਹਾਈ ਛੱਡ ਕੇ ਮਾਡਲਿੰਗ ਅਤੇ ਅਦਾਕਾਰੀ ਵਿਚ ਆਉਣ 'ਤੇ ਉਸ ਦੇ ਮਾਪਿਆਂ ਨੂੰ ਕਾਫੀ ਬੁਰਾ ਲੱਗਿਆ, ਪਰ ਬਾਅਦ ਵਿਚ ਉਹ ਉਸ ਦਾ ਸਮਰਥਨ ਕਰਨ ਲੱਗੇ।

ਛੋਟੇ ਸ਼ਹਿਰ ਬਰੇਲੀ ਤੋਂ ਮੁੰਬਈ ਆ ਕੇ ਉਸ ਨੂੰ ਕਾਫੀ ਸੰਘਰਸ਼ ਕਰਨਾ ਪਿਆ। ਉਸ ਨੂੰ ਵੀ ਪਲੇਟ ਵਿਚ ਸਜਾ ਕੇ ਫਿਲਮਾਂ ਨਹੀਂ ਮਿਲੀਆਂ ਸਗੋਂ ਮਾਡਲਿੰਗ ਅਤੇ ਫੈਸ਼ਨ ਦੀ ਦੁਨੀਆਂ ਵਿਚ ਨਾਮ ਕਮਾਉਣ ਤੋਂ ਬਾਅਦ ਹੀ ਫਿਲਮਾਂ ਵਿਚ ਕੰਮ ਮਿਲਿਆ। ਧੋਨੀ ਦੀ ਬਾਇਓਪਿਕ ਵਿਚ ਕੰਮ ਕਰਨ ਨਾਲ ਉਸ ਨੂੰ ਕਾਫੀ ਫਾਇਦਾ ਮਿਲਿਆ। ਆਪਣੇ ਹੁਣ ਤਕ ਦੇ ਫਿਲਮੀ ਸਫਰ ਦਾ ਉਹ ਖੂਬ ਆਨੰਦ ਲੈ ਰਹੀ ਹੈ ਅਤੇ ਖੁਦ ਨੂੰ ਕਿਸਮਤ ਵਾਲੀ ਸਮਝਦੀ ਹੈ ਕਿ ਉਸ ਨੂੰ 'ਕੁੰਗ ਫੂ ਯੋਗਾ' ਵਿਚ ਜੈਕੀ ਚੇਨ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਦਰਅਸਲ, ਉਹ ਬਚਪਨ ਤੋਂ ਹੀ ਜੈਕੀ ਚੇਨ ਨੂੰ ਦੇਖਦੀ ਆਈ ਹੈ ਜਿਸ ਤੋਂ ਉਹ ਬਹੁਤ ਪ੍ਰੇਰਿਤ ਹੁੰਦੀ ਸੀ। ਜਦੋਂ ਉਸ ਨਾਲ ਕੰਮ ਕੀਤਾ ਤਾਂ ਉਸ ਦਾ ਸੁਫਨਾ ਪੂਰਾ ਹੋ ਗਿਆ। 'ਬਾਗੀ 2' ਤੋਂ ਬਾਅਦ ਉਹ ਆਸ਼ੂਤੋਸ਼ ਗੋਵਾਰੀਕਰ ਦੀ ਫਿਲਮ 'ਹਨੀਮੂਨ' ਵਿਚ ਫਰਹਾਨ ਅਖ਼ਤਰ ਦੇ ਨਾਲ ਨਜ਼ਰ ਆਵੇਗੀ। 'ਜੋਧਾ ਅਕਬਰ' ਅਤੇ 'ਮੋਹਨ ਜੋਦੜੋ' ਵਰਗੀਆਂ ਇਤਿਹਾਸਕ ਫਿਲਮਾਂ ਬਣਾਉਣ ਵਾਲੇ ਆਸ਼ੂਤੋਸ਼ ਹੁਣ ਐਕਸ਼ਨ ਭਰਪੂਰ ਰੋਮਾਂਟਿਕ ਕਾਮੇਡੀ ਫਿਲਮ ਬਣਾ ਰਹੇ ਹਨ। ਜਲਦੀ ਹੀ ਉਸ ਦੀ 'ਸਟੂਡੈਂਟ ਆਫ ਦਿ ਈਯਰ-2' ਫਿਲਮ ਰਿਲੀਜ਼ ਹੋਣ ਵਾਲੀ ਹੈ। ਇਹ ਫਿਲਮ ਇਸ ਸਾਲ ਦੇ ਅਖੀਰ ਵਿਚ ਆਉਣੀ ਹੈ।

# ਖ਼ੂਬਸੂਰਤ ਅਦਾਕਾਰਾ ਮਧੂਬਾਲਾ

ਭਾਰਤੀ ਸਿਨੇਮਾ 'ਚ ਉਚਾ ਸਥਾਨ ਰੱਖਦੀ ਮਧੂਬਾਲਾ ਨੂੰ ਲੋਕ ਦੇਖਣ ਲਈ ਪਾਗਲ ਹੋ ਜਾਂਦੇ ਸਨ। ਉਸ ਦਾ ਜਨਮ 14 ਫਰਵਰੀ 1933 ਨੂੰ ਨਵੀਂ ਦਿੱਲੀ ਵਿਖੇ ਅਤਾਉਲਾ ਖ਼ਾਨ ਦੇ ਘਰ ਹੋਇਆ। ਬਚਪਨ 'ਚ ਹੀ ਮੁਮਤਾਜ ਜਹਾਂ ਬੇਗਮ ਦੇਹਲਵੀ ਉਰਫ ਮਧੂਬਾਲਾ ਨੂੰ ਆਪਣੇ ਪੰਜ ਭੈਣ ਭਰਾਵਾਂ ਦੀ ਮੌਤ ਦਾ ਦੁੱਖ ਝੱਲਣਾ ਪਿਆ। ਅਦਾਕਾਰੀ ਦਾ ਸ਼ੌਕ, ਘਰ ਦੀ ਗ਼ਰੀਬੀ ਤੇ ਇੰਨੇ ਵੱਡੇ ਪਰਿਵਾਰ ਦਾ ਪਾਲਣ ਪੋਸ਼ਣ ਕਰਨ ਲਈ 9 ਸਾਲ ਦੀ ਛੋਟੀ ਉਮਰ ਵਿਚ ਉਸ ਨੇ ਬਤੌਰ ਬਾਲ ਕਲਾਕਾਰ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਕੀਤੀ। 1942 ਵਿਚ ਬਣੀ 'ਬਸੰਤ' ਫਿਲਮ ਮਧੂਬਾਲਾ ਦੀ ਪਹਿਲੀ ਫਿਲਮ ਸੀ। ਅਦਾਕਾਰ ਰਾਜ ਕਪੂਰ ਤੇ ਨਿਰਮਾਤਾ ਨਿਰਦੇਸ਼ਕ ਕੇਦਾਰ ਸ਼ਰਮਾ ਨੇ 1947 ਵਿਚ ਬਣਾਈ ਫਿਲਮ 'ਨੀਲ ਕਮਲ' ਰਾਹੀਂ ਮਧੂਬਾਲਾ ਨੂੰ ਬਤੌਰ ਨਾਇਕਾ ਪੇਸ਼ ਕੀਤਾ। ਬੰਬੇ ਟਾਕੀਜ਼ ਦੀ ਮਾਲਕਣ ਤੇ ਅਦਾਕਾਰਾ ਦੇਵਿਕਾ ਰਾਣੀ ਨੇ ਉਹਦਾ ਨਾਂ ਬੇਬੀ ਮੁਮਤਾਜ ਤੋਂ ਬਦਲ ਕੇ ਮਧੂਬਾਲਾ ਰੱਖ ਦਿੱਤਾ।

1948 ਵਿਚ ਕਮਲ ਅਮਰੋਹੀ ਵੱਲੋਂ ਬਣਾਈ ਗਈ ਫਿਲਮ 'ਮਹਿਲ' ਜੋ ਸਸਪੈਂਸ ਤੇ ਰਹੱਸ 'ਤੇ ਆਧਾਰਿਤ ਸੀ, ਵਿਚ ਮਧੂਬਾਲਾ ਨੇ ਰਹੱਸਮਈ ਨਾਇਕਾ ਦੀ ਭੂਮਿਕਾ ਨਿਭਾ ਕੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਫਿਲਮ ਵਿਚ ਉਸ ਦੀ ਅਦਾਕਾਰੀ ਇੰਨੀ ਪਸੰਦ ਕੀਤੀ ਗਈ ਸੀ ਕਿ ਲੋਕ ਇਸ ਫਿਲਮ ਦੇ ਨਾਇਕ ਅਸ਼ੋਕ ਕੁਮਾਰ ਦੀ ਭੂਮਿਕਾ ਨੂੰ ਵੀ ਭੁੱਲ ਗਏ ਸਨ। ਇਸ ਤੋਂ ਬਾਅਦ ਹਲਕੀ ਫੁਲਕੀ ਕਾਮੇਡੀ ਅਤੇ ਨਾਇਕ ਗੁਰੂ ਦੱਤ ਦੀ ਫਿਲਮ 'ਮਿਸਟਰ ਐਂਡ ਮਿਸਿਜ਼ 55' ਵਿਚ ਉਸ ਦੀਆਂ ਅਦਾਵਾਂ ਨੇ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਦਿੱਤਾ।

ਫਿਲਮ ਤਰਾਨਾ ਦੇ ਸੈਟ ਤੋਂ ਸ਼ੁਰੂ ਹੋਈ ਮਧੂਬਾਲਾ ਤੇ ਦਿਲੀਪ ਕੁਮਾਰ ਦੇ ਪਿਆਰ ਦੀ ਕਹਾਣੀ ਮਧੂਬਾਲਾ ਦੇ ਸਖ਼ਤ ਮਿਜਾਜ ਵਾਲੇ ਪਿਤਾ ਦੇ ਨਾਂਹ ਕਰਨ ਕਰ ਕੇ ਵਿਆਹ ਵਿਚ ਨਹੀਂ ਬਦਲ ਸਕੀ। ਬਾਅਦ ਵਿਚ ਕਿਸ਼ੋਰ ਕੁਮਾਰ ਨਾਲ ਫਿਲਮ ਕਰਦੇ ਸਮੇਂ ਇੱਕ ਚੰਗਾ ਹਮਸਫਰ ਲੱਭਦਿਆਂ ਮਧੂਬਾਲਾ ਨੇ 16 ਨਵੰਬਰ 1960 ਨੂੰ ਗਾਇਕ ਕਲਾਕਾਰ ਕਿਸ਼ੋਰ ਕੁਮਾਰ ਨਾਲ ਵਿਆਹ ਕਰਵਾ ਲਿਆ, ਪਰ ਉਸ ਨਾਲ ਦਿਲੀਪ ਕੁਮਾਰ ਜਿੰਨਾ ਪਿਆਰ ਨਹੀਂ ਕਰ ਸਕੀ। ਬਾਲੀਵੁੱਡ ਦੇ ਨਾਲ ਨਾਲ ਹਾਲੀਵੁੱਡ ਵਿਚ ਵੀ ਮਧੂਬਾਲਾ ਇੰਨੀ ਮਸ਼ਹੂਰ ਸੀ ਕਿ ਅਮਰੀਕੀ ਮੈਗਜ਼ੀਨ 'ਥਿਏਟਰ ਆਰਟ' ਵਿਚ 'ਦਿ ਬਿਗੈਸਟ ਸਟਾਰ ਇਨ ਦਿ ਵਰਲਡ' ਸਿਰਲੇਖ ਹੇਠ ਉਸ ਦੀ ਪੂਰੇ ਪੰਨੇ ਦੀ ਤਸਵੀਰ ਛਾਪੀ ਗਈ ਸੀ। ਪ੍ਰਸਿਧ ਅਮਰੀਕੀ ਫਿਲਮ ਨਿਰਦੇਸ਼ਕ ਫਰੈਂਕ ਕਾਪਰਾ ਤਾਂ ਮਧੂਬਾਲਾ ਨੂੰ ਸਾਈਨ ਕਰਨ ਲਈ ਮੁੰਬਈ ਵੀ ਆਇਆ ਸੀ, ਪਰ ਮਧੂਬਾਲਾ ਦੇ ਪਿਤਾ ਨੇ ਇਸ ਫਿਲਮ ਨੂੰ ਸਾਈਨ ਕਰਨ ਤੋਂ ਨਾਂਹ ਕਰ ਕੇ ਮਧੂਬਾਲਾ ਨੂੰ ਸਿਰਫ ਬਾਲੀਵੁੱਡ ਤਕ ਹੀ ਸੀਮਤ ਕਰ ਦਿੱਤਾ।

5 ਅਗਸਤ 1960 ਨੂੰ ਰਿਲੀਜ਼ ਹੋਈ ਸੁਪਰ ਹਿੱਟ ਫਿਲਮ 'ਮੁਗ਼ਲ-ਏ-ਆਜ਼ਮ' ਜੋ ਕਰੀਮੁਦੀਨ ਆਸਿਫ ਵੱਲੋਂ ਸ਼ਹਿਜ਼ਾਦਾ ਸਲੀਮ ਅਤੇ ਅਨਾਰਕਲੀ ਦੀ ਮੁਹੱਬਤ ਬਾਰੇ ਬਣਾਈ ਗਈ ਸੀ,



ਵਿਚ ਮਧੂਬਾਲਾ ਨੇ ਅਨਾਰਕਲੀ ਦੇ ਕਿਰਦਾਰ ਨੂੰ ਸਿਹਤ ਖਰਾਬ ਹੋਣ ਦੇ ਬਾਵਜੂਦ ਸਖ਼ਤ ਮਿਹਨਤ ਨਾਲ ਫਿਲਮੀ ਪਰਦੇ 'ਤੇ ਜ਼ਿੰਦਾ ਕਰ ਦਿੱਤਾ। 'ਮੁਗ਼ਲ-ਏ-ਆਜ਼ਮ' ਨੂੰ ਦੁਬਾਰਾ ਰੰਗੀਨ ਬਣਾ ਕੇ ਰਿਲੀਜ਼ ਕੀਤਾ ਗਿਆ ਸੀ। ਇਸ ਫਿਲਮ ਵਿਚਲੇ ਮਸ਼ਹੂਰ ਗੀਤ 'ਪਿਆਰ ਕੀਆ ਤੋ ਡਰਨਾ ਕਿਆ' ਉਤੇ ਨੱਚਣ ਲਈ ਮਧੂਬਾਲਾ ਨੂੰ ਬਹੁਤ ਮਿਹਨਤ ਕਰਨੀ ਪਈ ਸੀ। ਦਿਲੀਪ ਕੁਮਾਰ ਦਾ ਮਧੂਬਾਲਾ ਨਾਲ ਵਿਆਹ ਨਹੀਂ ਹੋ ਸਕਿਆ, ਪਰ ਉਨ੍ਹਾਂ ਵਿਚਾਲੇ ਪਿਆਰ ਹੀ ਸੀ ਕਿ ਖ਼ਰਾਬ ਸਿਹਤ ਦੇ ਬਾਵਜੂਦ ਮਧੂਬਾਲਾ ਦੀ ਇੱਛਾ ਸੀ ਕਿ ਉਹ ਦਿਲੀਪ ਕੁਮਾਰ ਨਾਲ ਕੋਈ ਫਿਲਮ ਵਿਚ ਕੰਮ ਕਰੇ।

ਸੁੰਦਰਤਾ ਦੀ ਇਸ ਦੇਵੀ ਨੇ ਫਿਲਮ ਵਿਚ ਹਰ ਪ੍ਰਕਾਰ ਦੇ ਰੋਲ ਕਰ ਕੇ ਉਨ੍ਹਾਂ ਅਲੋਚਕਾਂ ਦਾ ਮੂੰਹ ਵੀ ਬੰਦ ਕੀਤਾ ਜੋ ਕਹਿੰਦੇ ਸਨ ਕਿ ਮਧੂਬਾਲਾ ਤਾਂ ਸਿਰਫ ਆਪਣੀ ਖ਼ੂਬਸੂਰਤੀ ਕਰ ਕੇ ਹੀ ਪ੍ਰਸਿਧੀ ਹਾਸਲ ਕਰ ਰਹੀ ਹੈ। ਫਾਗੁਨ, ਲਾਲ ਦੁਪੱਟਾ, ਕੱਲ੍ਹ ਹਮਾਰਾ, ਮਹਿਲ, ਅਪਰਾਧੀ, ਦੌਲਤ, ਨਾਦਾਨ, ਸਾਕੀ, ਤੀਰ ਅੰਦਾਜ਼, ਜਾਅਲੀ ਨੋਟ, ਮਿਸਟਰ ਐਂਡ ਮਿਸਿਜ਼ 55, ਬਾਦਲ, ਤਰਾਨਾ, ਸ਼ੀਰੀਂ ਫਰਹਾਦ, ਬਰਸਾਤ ਕੀ ਰਾਤ, ਚਲਤੀ ਕਾ ਨਾਮ ਗਾੜੀ, ਪਾਸਪੋਰਟ, ਝੁਮਰੂ, ਕਾਲਾ ਪਾਨੀ, ਹਾਵੜਾ ਬ੍ਰਿਜ, ਅਮਰ ਤੇ ਦੋ ਉਸਤਾਦ ਜਿਹੀਆਂ ਹਿੱਟ ਫਿਲਮਾਂ ਦੇਣ ਵਾਲੀ ਮਧੂਬਾਲਾ ਨੇ ਬਤੌਰ ਨਿਰਮਾਤਾ ਕਈ ਫਿਲਮਾਂ ਬਣਾਈਆਂ ਤੇ ਬਿਮਾਰੀ ਨਾਲ ਲੜਦਿਆਂ ਬਤੌਰ ਨਿਰਦੇਸ਼ਕ ਵੀ ਫਿਲਮ ਸ਼ੁਰੂ ਕੀਤੀ ਜੋ ਪੂਰੀ ਨਹੀਂ ਹੋ ਸਕੀ।

ਫਿਲਮੀ ਸਫਰ ਦੌਰਾਨ ਦਿਲ ਵਿਚ ਸੁਰਾਖ ਹੋਣ ਕਰ ਕੇ ਮਧੂਬਾਲਾ ਦੀ ਸਿਹਤ ਸਦਾ ਹੀ ਵਿਗੜੀ ਰਹੀ। ਮਦਰਾਸ ਵਿਖੇ ਫਿਲਮ 'ਬਹੁਤ ਦਿਨ ਹੁਏ' ਦੇ ਸੈਟ 'ਤੇ ਆਈ ਖ਼ੂਨ ਦੀ ਉਲਟੀ ਨੇ ਉਸ ਦੀ ਵਿਗੜਦੀ ਜਾ ਰਹੀ ਹਾਲਤ ਦਾ ਖ਼ੁਲਾਸਾ ਫਿਲਮੀ ਜਗਤ 'ਚ ਕਰ ਦਿੱਤਾ। ਇਸ ਪਿਛੋਂ ਉਸ ਦੀ ਸਿਹਤ ਵੱਧ ਖਰਾਬ ਰਹਿਣ ਲੱਗੀ ਅਤੇ ਲੰਡਨ ਵਿਖੇ ਇਲਾਜ ਦੌਰਾਨ ਉਸਨੂੰ ਪਤਾ ਲੱਗਾ ਕਿ ਉਹ ਕਦੇ ਠੀਕ ਨਹੀਂ ਹੋਵੇਗੀ। ਸਮਾਂ ਗੁਜ਼ਰਨ ਨਾਲ ਉਸ ਦੀ ਬਿਮਾਰੀ ਹੋਰ ਵਧਣ ਲੱਗੀ ਤੇ ਉਸ ਨੂੰ ਕਿਸੇ ਦੇ ਸਹਾਰੇ ਦੀ ਸਖ਼ਤ ਜ਼ਰੂਰਤ ਸੀ, ਪਰ ਕਿਸ਼ੋਰ ਕੁਮਾਰ ਨੇ ਇਸ ਸਮੇਂ ਮਧੂਬਾਲਾ ਦਾ ਸਾਥ ਨਹੀਂ ਦਿੱਤਾ।

ਕਿਹਾ ਜਾਂਦਾ ਹੈ ਕਿ ਕਿਸ਼ੋਰ ਕੁਮਾਰ ਉਸ ਦਾ ਇਲਾਜ ਕਰਵਾਉਣਾ ਚਾਹੁੰਦਾ ਸੀ, ਪਰ ਡਾਕਟਰਾਂ ਦੇ ਨਾਂਹ ਕਰਨ 'ਤੇ ਉਹ ਉਸ ਦੇ ਠੀਕ ਨਾ ਹੋਣ ਤੋਂ ਪ੍ਰੇਸ਼ਾਨ ਰਹਿਣ ਲੱਗਾ। ਉਹ ਉਸਤੋਂ ਦੂਰੀ ਰੱਖਣ ਲੱਗ ਪਿਆ ਅਤੇ ਉਸ ਨੂੰ ਉਸ ਦੀ ਮਾਂ ਦੇ ਘਰ ਛੱਡ ਆਇਆ। ਆਪਣੀ ਜ਼ਿੰਦਗੀ ਦੇ ਅੰਤਿਮ 9 ਸਾਲ ਮਧੂਬਾਲਾ ਨੇ ਬੇਬਸੀ, ਲਾਚਾਰੀ ਤੇ ਇਕੱਲਤਾ ਵਿਚ ਹੀ ਗੁਜ਼ਾਰੇ। 23 ਫਰਵਰੀ 1969 ਦੀ ਰਾਤ ਹਿੰਦੀ ਸਿਨਮਾ ਦੀ ਇਹ ਖ਼ੂਬਸੂਰਤ ਅਦਾਕਾਰਾ ਲੰਬੀ ਬਿਮਾਰੀ ਕਾਰਨ 36 ਵਰ੍ਹਿਆਂ ਦੀ ਉਮਰ ਭੋਗ ਕੇ ਇਸ ਜਹਾਨ ਤੋਂ ਰੁਖ਼ਸਤ ਹੋ ਗਈ।

ਮਧੂਬਾਲਾ ਨੂੰ ਅੱਜ ਵੀ ਹਿੰਦੀ ਕਲਾਸੀਕਲ ਸਿਨਮਾ ਦੀ ਸਭ ਤੋਂ ਖ਼ੂਬਸੂਰਤ ਅਦਾਕਾਰਾ ਮੰਨਿਆ ਜਾਂਦਾ ਹੈ। ਉਹ ਆਪਣੇ ਚਿਹਰੇ ਦੇ ਹਾਵ ਭਾਵ, ਖ਼ੂਬਸੂਰਤ ਅੱਖਾਂ ਤੇ ਕੁਦਰਤ ਵੱਲੋਂ ਬਖ਼ਸ਼ੀ ਖ਼ੂਬਸੂਰਤੀ ਕਰ ਕੇ ਫਿਲਮ ਨਗਰੀ ਦੇ ਕਈ ਨਾਇਕਾਂ ਤੇ ਦਰਸ਼ਕਾਂ ਦੇ ਦਿਲ ਵਿਚ ਵਸ ਗਈ ਸੀ। ਮਧੂਬਾਲਾ ਦਾ ਮੇਕਅੱਪ ਨਾ ਕਰਨਾ ਤੇ ਬਿਊਟੀ ਪਾਰਲਰ ਤੋਂ ਦੂਰ ਰਹਿਣਾ ਹੀ ਉਸ ਨੂੰ ਖ਼ੂਬਸੂਰਤ ਬਣਾਉਂਦਾ ਸੀ।

-ਸ਼ਮਸ਼ੇਰ ਸਿੰਘ ਸੋਹੀ


PUNJABI STARLIVE EVENT MANAGEMENT PVT LTD.
PRESENTS
VISA APPROVED
Nirmal Sidhu
Resham Anmol
Sara Gurpal
USA TOUR 2018
MEDIA PARTNER
BOSTON DESI CONNECTION
BDC tv
Bunty Bains
GUEST APPEARANCE
CONTACT FOR LIVE SHOW BOOKINGS ACROSS USA
+1 - 847-907-1074 | +1 - 224-410-8380
www.punjabistarlive.com